31-AUG-PAGE-1.qxd 8/30/2025 9:16 PM Page 1

ਐਤਵਾਰ, 31 ਅਗਸਤ, 2025
16 ਭਾਦੋਂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 90

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 31 AUGUST, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10+6=16

## ਸੱਤ ਸਾਲ ਬਾਅਦ ਮੋਦੀ ਚੀਨ 'ਚ




**ਬੀਜਿੰਗ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੱਤ ਸਾਲ ਬਾਅਦ ਚੀਨ ਦੀ ਯਾਤਰਾ 'ਤੇ ਸਨਿੱਚਰਵਾਰ ਤਿਆਨਜਿਨ ਪੁੱਜੇ। ਉਹ ਸ਼ੰਘਾਈ ਸਹਿਯੋਗ ਸੰਗਠਨ ਦੇ ਸਿਖਰ ਸੰਮੇਲਨ ਵਿੱਚ ਹਿੱਸਾ ਲੈਣ ਦੇ ਇਲਾਵਾ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਦੁਵੱਲੀ ਗੱਲਬਾਤ ਵੀ ਕਰਨਗੇ। ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਲਾਏ ਗਏ ਵੱਡੇ ਟੈਰਿਫ ਦਰਮਿਆਨ ਚੀਨ ਨਾਲ ਵਪਾਰਕ ਸੰਬੰਧ ਵਧਾਉਣ ਦੇ ਸੰਦਰਭ ਵਿੱਚ ਇਹ ਮੀਟਿੰਗ ਅਹਿਮ ਹੋਵੇਗੀ। ਉਹ ਪਹਿਲੀ ਸਤੰਬਰ ਤੱਕ ਚੀਨ ਵਿੱਚ ਰਹਿਣਗੇ। ਚੀਨ ਪੁੱਜਣ ਤੋਂ ਪਹਿਲਾਂ ਮੋਦੀ ਨੇ ਟੋਕੀਓ ਵਿੱਚ 16 ਜਾਪਾਨੀ ਪ੍ਰੀਫੈਕਚਰ ਦੇ ਗਵਰਨਰਾਂ ਨਾਲ ਮੁਲਾਕਾਤ ਕੀਤੀ ਅਤੇ ਭਾਰਤ-ਜਾਪਾਨ ਵਿਸ਼ੇਸ਼ ਰਣਨੀਤਕ ਅਤੇ ਆਲਮੀ ਭਾਈਵਾਲੀ ਤਹਿਤ ਸਹਿਯੋਗ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐੱਕਸ 'ਤੇ ਇੱਕ ਪੋਸਟ ਵਿੱਚ ਕਿਹਾ, 'ਅੱਜ ਸਵੇਰੇ ਟੋਕੀਓ ਵਿੱਚ ਜਾਪਾਨ ਦੇ 16 ਪ੍ਰੀਫੈਕਚਰ ਦੇ ਗਵਰਨਰਾਂ ਨਾਲ ਗੱਲਬਾਤ ਕੀਤੀ। ਸਹਿਯੋਗ ਭਾਰਤ-ਜਾਪਾਨ ਦੋਸਤੀ ਦਾ ਇੱਕ ਮਹੱਤਵਪੂਰਨ ਥੰਮ੍ਹ ਹੈ। ਇਹੀ ਕਾਰਨ ਹੈ ਕਿ ਬੀਤੇ ਦਿਨ 15ਵੇਂ ਸਾਲਾਨਾ ਭਾਰਤ-ਜਾਪਾਨ ਸੰਮੇਲਨ ਦੌਰਾਨ ਇਸ 'ਤੇ ਇੱਕ ਵੱਖਰੀ ਪਹਿਲਕਦਮੀ ਸ਼ੁਰੂ ਕੀਤੀ ਗਈ ਸੀ।' ਉਨ੍ਹਾ ਕਿਹਾ, 'ਵਪਾਰ, ਨਵੀਨਤਾ, ਉੱਦਮਤਾ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਸਹਿਯੋਗ ਕਰਨ ਦੀ ਬਹੁਤ ਸੰਭਾਵਨਾ ਹੈ। ਪ੍ਰਧਾਨ ਮੰਤਰੀ ਨੇ ਜਾਪਾਨੀ ਰਾਜਪਾਲਾਂ ਅਤੇ ਭਾਰਤੀ ਰਾਜ ਸਰਕਾਰਾਂ ਨੂੰ ਨਿਰਮਾਣ, ਗਤੀਸ਼ੀਲਤਾ, ਅਗਲੀ ਪੀੜ੍ਹੀ ਦੇ ਬੁਨਿਆਦੀ ਢਾਂਚੇ, ਨਵੀਨਤਾ, ਸਟਾਰਟ-ਅੱਪ ਅਤੇ ਛੋਟੇ ਕਾਰੋਬਾਰਾਂ ਵਿੱਚ ਮਜ਼ਬੂਤ ਸਹਿਯੋਗ ਬਣਾਉਣ ਦੀ ਅਪੀਲ ਕੀਤੀ। ਉਨ੍ਹਾ ਨੌਜਵਾਨਾਂ ਅਤੇ ਹੁਨਰ ਦੇ ਆਦਾਨ-ਪ੍ਰਦਾਨ ਵਿੱਚ ਸਾਂਝੇ ਯਤਨਾਂ ਅਤੇ ਭਾਰਤੀ ਪ੍ਰਤਿਭਾ ਨਾਲ ਜਾਪਾਨੀ ਤਕਨਾਲੋਜੀ ਨੂੰ ਅਨੁਕੂਲ ਢੰਗ ਨਾਲ ਜੋੜਨ ਦਾ ਸੱਦਾ ਵੀ ਦਿੱਤਾ।

## ਰੁਪਈਆ ਆਈ ਸੀ ਯੂ ਤੋਂ ਵੈਂਟੀਲੇਟਰ 'ਤੇ !

**ਨਵੀਂ ਦਿੱਲੀ** : ਸ਼ੁੱਕਰਵਾਰ ਡਾਲਰ 88 ਰੁਪਏ ਤੋਂ ਟੱਪ ਜਾਣ ਤੋਂ ਬਾਅਦ ਲੋਕਾਂ ਨੇ ਉਹ ਦਿਨ ਚੇਤੇ ਕਰਾਉਣੇ ਸ਼ੁਰੂ ਕਰ ਦਿੱਤੇ ਹਨ, ਜਦ ਭਾਜਪਾ ਆਗੂ ਯੂ ਪੀ ਏ ਸਰਕਾਰ ਵੇਲੇ 2013 ਵਿੱਚ ਡਾਲਰ 62 ਰੁਪਏ ਦਾ ਹੋਣ 'ਤੇ ਟਾਂਚਾਂ ਕਰਦੇ ਸਨ। ਸ਼ੁੱਕਰਵਾਰ 89.02 ਰੁਪਏ ਦਾ ਹੋ ਗਿਆ ਸੀ। ਵਰਤਮਾਨ ਵਿੱਤ ਮੰਤਰੀ ਤੇ ਉਦੋਂ ਦੀ ਆਪੋਜ਼ੀਸ਼ਨ ਆਗੂ ਨਿਰਮਲਾ ਸੀਤਾਰਮਨ ਨੇ 2013 ਵਿੱਚ ਡਾਲਰ 62 ਰੁਪਏ ਦਾ ਹੋਣ 'ਤੇ ਕਿਹਾ ਸੀ ਕਿ ਰੁੱਪਈਏ ਦਾ ਕਮਜ਼ੋਰ ਹੋਣਾ ਚਿੰਤਾ ਜਾ ਵਿਸ਼ਾ ਹੈ। ਇੱਕ ਯੂਜ਼ਰ ਨੇ ਪੋਸਟ ਪਾਈ ਹੈ ਕਿ ਹੁਣ ਡਾਲਰ 88.22 ਰੁਪਏ ਦਾ ਹੋ ਗਿਆ, ਪਰ ਕੋਈ ਪ੍ਰੈੱਸ ਕਾਨਫਰੰਸ ਨਹੀਂ, ਚਿੰਤਾ ਨਹੀਂ, ਪ੍ਰੋਟੈੱਸਟ ਨਹੀਂ। ਇੱਕ ਹੋਰ ਸੱਜਣ ਨੇ ਨਰਿੰਦਰ ਮੋਦੀ ਦਾ 2013 ਦਾ ਟਵੀਟ ਕੱਢ ਲਿਆਂਦਾ ਹੈ, ਜਿਸ ਵਿੱਚ ਮੋਦੀ ਨੇ ਕਿਹਾ ਸੀ ਕਿ ਰੁੱਪਈਆ ਆਈ ਸੀ ਯੂ ਵਿੱਚ ਪਹੁੰਚ ਗਿਆ ਹੈ। ਉਸ ਨੇ ਕਿਹਾ ਹੈ ਕਿ ਮੋਦੀ ਸਰਕਾਰ ਦੇ ਅੱਛੇ ਦਿਨਾਂ ਦੇ 11 ਸਾਲਾਂ ਬਾਅਦ ਰੁੱਪਈਆ ਵੈਂਟੀਲੇਟਰ 'ਤੇ ਪਹੁੰਚ ਗਿਆ ਹੈ। ਮੋਦੀ ਨੇ ਉਦੋਂ ਵੀ ਮਨਮੋਹਨ ਸਿੰਘ ਸਰਕਾਰ ਦੀ ਖਿੱਲੀ ਉਡਾਈ ਸੀ, ਜਦੋਂ ਡਾਲਰ ਕਰੀਬ 50 ਰੁਪਏ ਦੇ ਲਾਗੇ-ਛਾਗੇ ਸੀ। ਇੱਕ ਯੂਜ਼ਰ ਨੇ ਕਿਹਾ ਕਿ ਜਦੋਂ ਰੁੱਪਈਆ 50 ਰੁਪਏ ਦਾ ਸੀ ਤਾਂ ਇਹ ਸੱਜਣ ਪਿੱਟ-ਸਿਆਪਾ ਕਰਦੇ ਸਨ, ਹੁਣ ਕਿੱਥੇ ਚਲੇ ਗਏ ਹਨ। ਲੋਕਾਂ ਨੇ ਫਿਲਮੀ ਅਦਾਕਾਰਾ ਜੂਹੀ ਚਾਵਲਾ ਨੂੰ ਵੀ ਲਪੇਟਿਆ ਹੈ, ਜਿਸ ਨੇ ਟਵੀਟ ਕੀਤਾ ਸੀ, "ਥੈਂਕ ਗੌਡ, ਅਪੁਨ ਕੇ ਅੰਡਰਵੀਅਰ ਕਾ ਨਾਮ 'ਡਾਲਰ' ਹੈ, 'ਰੁਪੀ' ਹੋਤਾ ਤੋ ਬਾਰ-ਬਾਰ ਗਿਰਤਾ ਰਹਤਾ। ਰੁਪਏ ਕੋ ਬਚਾਨਾ ਕਾ ਸਿਰਫ ਏਕ ਹੀ ਤਰੀਕਾ ਹੈ। ਵਹ ਡਾਲਰ ਕੋ ਰਾਖੀ ਬਾਂਧ ਦੇ ਔਰ ਕਹੇ ਕਿ ਮੇਰੀ ਰਕਸ਼ਾ ਕਰਨਾ। ਹੈਪੀ ਰਕਸ਼ਾ ਬੰਧਨ।" ਇੱਕ ਸੱਜਣ ਨੇ ਪੁੱਛਿਆ ਹੈ ਕਿ ਕੀ ਜੂਹੀ ਚਾਵਲਾ ਨੇ ਹੁਣ ਡਾਲਰ ਨੂੰ ਰੱਖੜੀ ਬੰਨ੍ਹਣੀ ਛੱਡ ਦਿੱਤੀ ਹੈ। ਯੋਗ ਗੁਰੂ ਰਾਮਦੇਵ ਨੇ 2013 ਵਿੱਚ ਰੁੱਪਈਏ ਦੇ ਕਮਜ਼ੋਰ ਹੋਣ 'ਤੇ ਕਾਂਗਰਸ ਨੂੰ ਭੰਡਿਆ ਸੀ। ਹੁਣ ਇੱਕ ਸੱਜਣ ਨੇ ਲਿਖਿਆ ਹੈ, '2013 ਵਿੱਚ ਪੌਣੀ ਅੱਖ ਵਾਲਾ ਕਾਂਗਰਸ ਨੂੰ ਭੰਡਦਾ ਸੀ। ਹੁਣ ਉਹ ਸਵਦੇਸ਼ੀ ਦੇ ਨਾਂਅ 'ਤੇ ਭਗਤਾਂ ਨੂੰ ਬੇਵਕੂਫ ਬਣਾ ਰਿਹਾ ਹੈ।'



ਹੜ੍ਹ ਦੇ ਪਾਣੀ ਵਿੱਚ ਡੁੱਬੇ ਸੁਲਤਾਨਪੁਰ ਲੋਧੀ ਨੇੜਲੇ ਪਿੰਡ।

## ਹੜ੍ਹਾਂ ਕਾਰਨ ਤਬਾਹੀ ਦੀ ਭਰਪਾਈ ਵਾਸਤੇ ਸਰਕਾਰ ਢੁਕਵਾਂ ਮੁਆਵਜ਼ਾ ਦੇਵੇ : ਸੀ ਪੀ ਆਈ

**ਚੰਡੀਗੜ੍ਹ** : ਭਾਰੀ ਬਾਰਸ਼ਾਂ ਕਾਰਨ ਦਰਿਆਵਾਂ ਦੇ ਪਾਣੀਆਂ ਨਾਲ ਪੰਜਾਬ ਦੇ ਅਨੇਕਾਂ ਜ਼ਿਲ੍ਹਿਆਂ ਵਿਚ ਹੋਈ ਵੱਡੀ ਤਬਾਹੀ 'ਤੇ ਪੰਜਾਬ ਸੀ ਪੀ ਆਈ ਨੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਪਾਰਟੀ ਨੇ ਪੰਜਾਬ ਤੇ ਕੇਂਦਰ ਸਰਕਾਰਾਂ ਤੋਂ ਜਾਨ-ਮਾਲ ਅਤੇ ਫਸਲਾਂ ਅਤੇ ਘਰਾਂ ਦੀ ਹੋਈ ਤਬਾਹੀ ਦਾ ਢੁਕਵਾਂ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਪਾਰਟੀ ਨੇ ਫਸਲਾਂ ਦੀ ਪੂਰੀ ਤਬਾਹੀ ਕਾਰਨ ਪ੍ਰਤੀ ਏਕੜ ਇਕ ਲੱਖ ਰੁਪਏ ਅਤੇ ਖੇਤ ਮਜ਼ਦੂਰਾਂ ਦੇ ਪਰਵਾਰਾਂ ਲਈ 30 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਅਨੁਪਾਤ ਨਾਲ ਮੁਆਵਜ਼ੇ ਦੀ ਮੰਗ ਕੀਤੀ ਹੈ ਅਤੇ ਘਰਾਂ ਦੀ ਤਬਾਹੀ ਲਈ ਵੀ ਮੁੜ ਵਸੇਬੇ ਵਾਸਤੇ ਢੁਕਵੇਂ ਮੁਆਵਜ਼ੇ ਦੀ ਵੀ ਮੰਗ ਕੀਤੀ ਹੈ।

ਪਾਰਟੀ ਨੇ ਕਿਹਾ ਕਿ ਇਹ ਬਰਬਾਦੀਆਂ ਏਨੀਆਂ ਨਾ ਹੁੰਦੀਆਂ ਜੇਕਰ ਸਮੇਂ ਦੀਆਂ ਸਰਕਾਰਾਂ ਬਰਸਾਤੀ ਨਾਲਿਆਂ, ਨਹਿਰਾਂ ਅਤੇ ਦਰਿਆਵਾਂ ਦੀਆਂ ਸਮੇਂ ਸਿਰ ਸਫਾਈਆਂ ਕਰਵਾਉਂਦੀਆਂ ਰਹਿੰਦੀਆਂ, ਪਰ ਅਜੋਕੇ ਸਮੇਂ ਵਿਚ ਜਦੋਂ ਕਾਫੀ ਗਿਣਤੀ ਵਿਚ ਲੋਕਾਂ ਦਾ ਨੁਕਸਾਨ ਹੋਇਆ ਹੈ ਤਾਂ ਸਰਕਾਰ ਅਤੇ ਸਮਾਜਿਕ ਸ਼ਕਤੀਆਂ ਨੂੰ ਮਿਲ ਕੇ ਮੁਸੀਬਤ ਦੇ ਮਾਰੇ ਲੋਕਾਂ ਦੀ ਭਰਪੂਰ ਸਹਾਇਤਾ ਕਰਨੀ ਚਾਹੀਦੀ ਹੈ।

## ਮਾਦਾ ਤੇਂਦੂਆ ਸੜਕ 'ਤੇ ਮਰੀ ਮਿਲੀ

**ਗੁਰੂਗ੍ਰਾਮ** : ਅਰਾਵਲੀ ਨਦੀ ਕੋਲੋਂ ਲੰਘਦੇ ਗੁਰੂਗ੍ਰਾਮ-ਫਰੀਦਾਬਾਦ ਮਾਰਗ 'ਤੇ ਸ਼ੁੱਕਰਵਾਰ ਸ਼ਾਮ ਇੱਕ ਮਾਦਾ ਤੇਂਦੂਆ ਮ੍ਰਿਤਕ ਹਾਲਤ 'ਚ ਮਿਲੀ, ਜਿਸ ਦੀ ਉਮਰ ਲਗਭਗ 2 ਤੋਂ 2.5 ਸਾਲ ਦੱਸੀ ਜਾ ਰਹੀ ਹੈ।

ਜੰਗਲੀ ਜੀਵ ਅਧਿਕਾਰੀ ਆਰ ਕੇ ਜਾਂਗੜਾ ਨੇ ਦੱਸਿਆ, 'ਇਹ ਹਿੱਟ-ਐਂਡ-ਰਨ ਦਾ ਮਾਮਲਾ ਜਾਪਦਾ ਹੈ ਅਤੇ ਇਹ ਸਾਡੇ ਲਈ ਯਕੀਨੀ ਤੌਰ 'ਤੇ ਇੱਕ ਵੱਡਾ ਨੁਕਸਾਨ ਹੈ। ਪੋਸਟਮਾਰਟਮ ਚੱਲ ਰਿਹਾ ਹੈ। ਇਸ ਮਾਰਗ 'ਤੇ ਰਾਤ ਨੂੰ ਤੇਜ਼ ਰਫ਼ਤਾਰ ਵਾਹਨਾਂ ਦਾ ਹੋਣਾ ਯਕੀਨੀ ਤੌਰ 'ਤੇ ਚਿੰਤਾ ਦਾ ਵਿਸ਼ਾ ਹੈ।' ਗੁਰੂਗ੍ਰਾਮ-ਫਰੀਦਾਬਾਦ ਸੜਕ ਉੱਤਰ ਵੱਲ ਅਸੋਲਾ ਭੱਟੀ ਵਾਈਲਡ ਲਾਈਫ ਸੈਂਚੁਰੀ ਅਤੇ ਦੱਖਣ ਵੱਲ ਅਰਾਵਲੀ ਨਦੀ ਦੇ ਨਾਲ-ਨਾਲ ਚੱਲਦੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਖੇਤਰਾਂ ਵਿਚਕਾਰ ਜਾਂਦੇ ਸਮੇਂ ਤੇਂਦੂਏ ਅਕਸਰ ਇਸ ਸੜਕ ਨੂੰ ਪਾਰ ਕਰਦੇ ਹਨ, ਜਿਸ ਨਾਲ ਹਾਦਸਿਆਂ ਦਾ ਖਤਰਾ ਵਧ ਜਾਂਦਾ ਹੈ।

ਅੰਦਾਜ਼ੇ ਅਨੁਸਾਰ ਗੁਰੂਗ੍ਰਾਮ ਦੇ ਅਰਾਵਲੀ ਖੇਤਰ ਵਿੱਚ ਲਗਭਗ 50 ਤੇਂਦੂਏ ਰਹਿੰਦੇ ਹਨ ਅਤੇ ਹਾਲ ਹੀ ਦੇ ਸਾਲਾਂ ਵਿੱਚ ਇਨ੍ਹਾਂ ਦੇ ਦੇਖੇ ਜਾਣ ਦੀ ਗਿਣਤੀ ਵਧ ਗਈ ਹੈ। 2019 ਵਿੱਚ ਇਸੇ ਖੇਤਰ ਵਿੱਚ ਇੱਕ ਸੜਕ ਹਾਦਸੇ ਵਿੱਚ ਇੱਕ ਤੇਂਦੂਏ ਦੀ ਮੌਤ ਹੋ ਗਈ ਸੀ।

## ਭਾਸ਼ਾ ਵਿਭਾਗ ਦੇ ਡਾਇਰੈਕਟਰ ਭਲਕੇ ਅਕਾਲ ਤਖਤ 'ਤੇ ਤਲਬ

**ਅੰਮ੍ਰਿਤਸਰ** : ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਨੂੰ ਅਕਾਲ ਤਖਤ ਵਿਖੇ ਆਪਣਾ ਪੱਖ ਰੱਖਣ ਵਾਸਤੇ ਇੱਕ ਸਤੰਬਰ ਨੂੰ ਨਿੱਜੀ ਰੂਪ 'ਚ ਪੇਸ਼ ਹੋਣ ਦੇ ਆਦੇਸ਼ ਦਿੱਤੇ ਗਏ ਹਨ। ਭਾਸ਼ਾ ਵਿਭਾਗ ਦੇ ਡਾਇਰੈਕਟਰ ਵੱਲੋਂ 24 ਜੁਲਾਈ ਨੂੰ ਜੰਮੂ-ਕਸ਼ਮੀਰ ਦੇ ਸ੍ਰੀਨਗਰ ਸਥਿਤ ਟੈਗੋਰ ਹਾਲ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਤ ਇੱਕ ਪ੍ਰੋਗਰਾਮ ਕਰਵਾਇਆ ਗਿਆ ਸੀ। ਇਸ ਦੌਰਾਨ ਗੁਰੂ ਸਾਹਿਬ ਦੀ ਸ਼ਹਾਦਤ ਅਤੇ ਗੁਰੂ ਸਾਹਿਬ ਦੀ ਵਿਚਾਰਧਾਰਾ ਤੇ ਫਲਸਫੇ ਖਿਲਾਫ ਪ੍ਰੋਗਰਾਮ ਵਿੱਚ ਨਾਚ ਗਾਣਾ ਅਤੇ ਮਨੋਰੰਜਨ ਕੀਤਾ ਗਿਆ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਵੱਡੀ ਸੱਟ ਵੱਜੀ ਸੀ। ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਕੋਲੋਂ ਸਪੱਸ਼ਟੀਕਰਨ ਮੰਗਿਆ ਗਿਆ ਸੀ। ਇਸ ਦੌਰਾਨ ਉਹ ਵਿਦੇਸ਼ ਚਲੇ ਗਏ ਸਨ ਅਤੇ ਹੁਣ ਪਰਤੇ ਹਨ। ਇਸ ਮਾਮਲੇ ਵਿੱਚ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਸ੍ਰੀ ਅਕਾਲ ਤਖਤ ਤੋਂ ਤਨਖਾਹ ਲਾਈ ਜਾ ਚੁੱਕੀ ਹੈ ਅਤੇ ਉਹ ਆਪਣੀ ਤਨਖਾਹ ਪੂਰੀ ਕਰਨ ਮਗਰੋਂ ਖਿਮਾ ਯਾਚਨਾ ਦੀ ਅਰਦਾਸ ਕਰਵਾ ਚੁੱਕੇ ਹਨ। ਇਸ ਮਾਮਲੇ ਵਿੱਚ ਗਾਇਕ ਬੀਰ ਸਿੰਘ ਵੀ ਖਿਮਾ ਯਾਚਨਾ ਦੀ ਅਪੀਲ ਕਰ ਚੁੱਕੇ ਹਨ।

## ਪਾਕਿਸਤਾਨੀ ਜੂਨੀਅਰ ਹਾਕੀ ਟੀਮ ਭਾਰਤ ਆਏਗੀ

**ਰਾਜਗੀਰ (ਬਿਹਾਰ)** : ਪਾਕਿਸਤਾਨ ਦੀ ਹਾਕੀ ਟੀਮ ਇਸ ਸਾਲ ਦੇ ਅਖੀਰ ਵਿੱਚ ਇੱਥੇ ਜੂਨੀਅਰ ਵਿਸ਼ਵ ਕੱਪ ਵਿੱਚ ਹਿੱਸਾ ਲਵੇਗੀ। ਇਸ ਦੀ ਪੁਸ਼ਟੀ ਹਾਕੀ ਇੰਡੀਆ ਦੇ ਸਕੱਤਰ ਜਨਰਲ ਭੋਲਾ ਨਾਥ ਨੇ ਕੀਤੀ ਹੈ।

ਇਸ ਤੋਂ ਪਹਿਲਾਂ ਪਾਕਿਸਤਾਨ ਨੇ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਦੇ ਚੱਲਦਿਆਂ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਬਿਹਾਰ 'ਚ ਚੱਲ ਰਹੇ ਏਸ਼ੀਆ ਕੱਪ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਸੀ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਨੇ ਹਾਲ ਹੀ ਵਿੱਚ ਇੱਕ ਨੀਤੀ ਬਣਾਈ ਹੈ ਕਿ ਉਹ ਪਾਕਿਸਤਾਨ ਨਾਲ ਕੋਈ ਦੁਵੱਲੇ ਖੇਡ ਸੰਬੰਧ ਨਹੀਂ ਰੱਖੇਗੀ, ਪਰ ਭਾਰਤੀ ਟੀਮਾਂ ਨੂੰ ਕੌਮਾਂਤਰੀ ਮੁਕਾਬਲਿਆਂ ਵਿੱਚ ਪਾਕਿਸਤਾਨ ਖਿਲਾਫ ਖੇਡਣ ਤੋਂ ਨਹੀਂ ਰੋਕੇਗੀ।

## ਬੱਦਲ ਫਟਣ ਤੇ ਪਹਾੜ ਖਿਸਕਣ ਨਾਲ 11 ਮੌਤਾਂ



**ਸ੍ਰੀਨਗਰ** : ਜੰਮੂ ਅਤੇ ਕਸ਼ਮੀਰ ਦੇ ਰਾਮਬਨ ਜ਼ਿਲ੍ਹੇ ਦੇ ਇੱਕ ਦੂਰ-ਦੁਰਾਡੇ ਪਿੰਡ ਵਿੱਚ ਬੱਦਲ ਫਟਣ ਕਾਰਨ ਦੋ ਭਰਾਵਾਂ ਸਮੇਤ 4 ਲੋਕਾਂ ਦੀ ਮੌਤ ਹੋ ਗਈ। ਇੱਕ ਹੋਰ ਲਾਪਤਾ ਵਿਅਕਤੀ ਦੀ ਭਾਲ ਜਾਰੀ ਸੀ। ਸ਼ੁੱਕਰਵਾਰ ਰਾਤ ਲਗਭਗ 11.30 ਵਜੇ ਜ਼ਿਲ੍ਹਾ ਹੈੱਡਕੁਆਰਟਰ ਤੋਂ ਲਗਭਗ 25 ਕਿਲੋਮੀਟਰ ਦੂਰ ਸਥਿਤ ਪਿੰਡ ਰਾਜਗੜ੍ਹ ਵਿੱਚ ਬੱਦਲ ਫਟਣ ਨਾਲ ਅਚਾਨਕ ਹੜ੍ਹ ਆ ਗਿਆ। ਮ੍ਰਿਤਕਾਂ ਦੀ ਪਛਾਣ ਅਸ਼ਵਨੀ ਸ਼ਰਮਾ (24), ਉਸ ਦੇ ਭਰਾ ਦਵਾਰਕਾ ਨਾਥ (55), ਭਤੀਜੀ ਵੀਰਤਾ ਦੇਵੀ (26) ਅਤੇ ਉਨ੍ਹਾਂ ਦੇ ਮਹਿਮਾਨ ਓਮ ਰਾਜ (38), ਜੋ ਰਾਜਗੜ੍ਹ ਦੇ ਬਾਂਸਰਾ ਦਾ ਰਹਿਣ ਵਾਲਾ ਸੀ, ਵਜੋਂ ਹੋਈ ਹੈ। ਬਚਾਅਕਰਮੀ ਸ਼ਰਮਾ ਦੀ ਭਰਜਾਈ ਬਿਦਿਆ ਦੇਵੀ (55) ਦੀ ਭਾਲ ਕਰ ਰਹੇ ਸਨ।

ਉੱਧਰ ਰਿਆਸੀ ਜ਼ਿਲ੍ਹੇ ਦੇ ਇੱਕ ਦੂਰ-ਦੁਰਾਡੇ ਪਿੰਡ ਵਿੱਚ ਜ਼ਮੀਨ ਖਿਸਕਣ ਕਾਰਨ ਇੱਕ ਘਰ ਦੀ ਲਪੇਟ ਵਿੱਚ ਆਉਣ ਨਾਲ ਇੱਕੋ ਪਰਵਾਰ ਦੇ ਸੱਤ ਮੈਂਬਰਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਜ਼ਮੀਨ ਖਿਸਕਣ ਦੀ ਘਟਨਾ ਮਾਹੌਰ ਦੇ ਬਦਦਰ ਪਿੰਡ ਵਿੱਚ ਭਾਰੀ ਬਾਰਿਸ਼ ਕਾਰਨ ਹੋਈ। ਮ੍ਰਿਤਕਾਂ ਦੀ ਪਛਾਣ ਨਜ਼ੀਰ ਅਹਿਮਦ (38), ਉਸ ਦੀ ਪਤਨੀ ਵਜ਼ੀਰਾ ਬੇਗਮ (35) ਅਤੇ ਉਨ੍ਹਾਂ ਦੇ ਪੁੱਤਰਾਂ ਬਿਲਾਲ ਅਹਿਮਦ (13), ਮੁਹੰਮਦ ਮੁਸਤਫਾ (11), ਮੁਹੰਮਦ ਆਦਿਲ (8), ਮੁਹੰਮਦ ਮੁਬਾਰਕ (6) ਅਤੇ ਮੁਹੰਮਦ ਵਸੀਮ (5) ਵਜੋਂ ਹੋਈ ਹੈ। ਨਜ਼ੀਰ ਅਤੇ ਉਸ ਦਾ ਪਰਵਾਰ ਸੁੱਤਾ ਹੋਇਆ ਸੀ।

## ਧਨਖੜ ਦੀ ਇੱਕ ਹੋਰ ਪੈਨਸ਼ਨ ਪੱਕੀ

**ਨਵੀਂ ਦਿੱਲੀ** : ਅਸਤੀਫੇ ਦੇ ਕਰੀਬ ਇਕ ਮਹੀਨੇ ਤੋਂ ਵੱਧ ਸਮੇਂ ਬਾਅਦ ਸਾਬਕਾ ਉਪ ਰਾਸ਼ਟਰਪਤੀ ਜਗਦੀਪ ਧਨਖੜ ਮੁੜ ਚਰਚਾ 'ਚ ਆ ਗਏ ਹਨ। ਉਨ੍ਹਾ ਰਾਜਸਥਾਨ ਵਿਧਾਨ ਸਭਾ 'ਚ ਪੈਨਸ਼ਨ ਲਈ ਅਰਜ਼ੀ ਦਿੱਤੀ ਹੈ, ਜਿਹੜੀ ਵਿਧਾਨ ਸਭਾ ਸਕੱਤਰੇਤ ਨੇ ਸਵੀਕਾਰ ਕਰ ਲਈ ਹੈ। ਧਨਖੜ 1993 'ਚ ਕਾਂਗਰਸ ਦੀ ਟਿਕਟ 'ਤੇ ਅਜਮੇਰ ਜ਼ਿਲ੍ਹੇ ਦੀ ਕਿਸ਼ਨਗੜ੍ਹ ਸੀਟ ਤੋਂ ਵਿਧਾਇਕ ਰਹਿ ਚੁੱਕੇ ਹਨ। ਉਹ ਪੂਰੇ ਪੰਜ ਸਾਲ 1998 ਤੱਕ ਵਿਧਾਇਕ ਰਹੇ ਤੇ ਪੈਨਸ਼ਨ ਦੇ ਹੱਕਦਾਰ ਹਨ।

ਰਾਜਸਥਾਨ 'ਚ ਸਾਬਕਾ ਵਿਧਾਇਕ ਨੂੰ 35,000 ਰੁਪਏ ਮਹੀਨਾ ਪੈਨਸ਼ਨ ਮਿਲਦੀ ਹੈ। ਹਾਲਾਂਕਿ ਇਸ ਤੋਂ ਇਲਾਵਾ ਉਮਰ ਆਧਾਰਤ ਵਾਧੇ ਦੀ ਵੀ ਵਿਵਸਥਾ ਹੈ। ਜੋ ਸਾਬਕਾ ਵਿਧਾਇਕ 70 ਸਾਲ ਦੀ ਉਮਰ ਨੂੰ ਪਾਰ ਕਰ ਲੈਂਦਾ ਹੈ, ਉਸ ਨੂੰ 20 ਪ੍ਰਤੀਸ਼ਤ ਤੇ 80 ਸਾਲ ਦੀ ਉਮਰ ਪੂਰੀ ਕਰਨ 'ਤੇ 30 ਪ੍ਰਤੀਸ਼ਤ ਵੱਧ ਪੈਨਸ਼ਨ ਮਿਲਦੀ ਹੈ। ਧਨਖੜ 74 ਸਾਲ ਦੇ ਹਨ, ਇਸ ਤਰ੍ਹਾਂ ਉਨ੍ਹਾ ਨੂੰ ਲਗਭਗ 42,000 ਰੁਪਏ ਪੈਨਸ਼ਨ ਮਿਲੇਗੀ। ਧਨਖੜ ਵਿਧਾਇਕ ਤੋਂ ਇਲਾਵਾ ਲੋਕ ਸਭਾ ਮੈਂਬਰ ਤੇ ਕੇਂਦਰੀ ਮੰਤਰੀ ਰਹੇ ਹਨ। ਉਹ 2022 'ਚ ਉਪ ਰਾਸ਼ਟਰਪਤੀ ਬਣੇ। ਧਨਖੜ ਨੂੰ ਵਿਧਾਨ ਸਭਾ ਤੇ ਲੋਕ ਸਭਾ ਦੀ ਪੈਨਸ਼ਨ ਤੋਂ ਇਲਾਵਾ ਸਾਬਕਾ ਉਪ ਰਾਸ਼ਟਰਪਤੀ ਵਜੋਂ ਦਿੱਲੀ ਦੇ ਲੁਟੀਅਨਜ਼ ਜ਼ੋਨ ਵਿੱਚ ਵੱਡਾ ਸਰਕਾਰੀ ਬੰਗਲਾ ਮਿਲੇਗਾ। ਬਿਜਲੀ ਤੇ ਪਾਣੀ ਦਾ ਬਿੱਲ ਸਰਕਾਰ ਦੇਵੇਗੀ। ਫਰਨੀਚਰ, ਜ਼ਰੂਰੀ ਉਪਕਰਣ ਤੇ ਦੋ ਮੋਬਾਇਲ ਫੋਨ ਵੀ ਮਿਲਣਗੇ। ਸਰਕਾਰੀ ਕਾਰ ਤੇ ਡਰਾਈਵਰ ਮਿਲੇਗਾ। ਕੁਝ ਸਟਾਫ ਵੀ ਮਿਲੇਗਾ।

## ਟਰੰਪ ਨੂੰ ਵਿਆਪਕ ਟੈਕਸ ਲਾਉਣ ਦਾ ਕਾਨੂੰਨੀ ਅਧਿਕਾਰ ਨਹੀਂ : ਅਦਾਲਤ

**ਨਿਊ ਯਾਰਕ** : ਅਮਰੀਕਾ ਦੀ ਸੰਘੀ ਅਦਾਲਤ ਨੇ ਸ਼ੁੱਕਰਵਾਰ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਕੋਲ ਲਗਭਗ ਹਰ ਦੇਸ਼ 'ਤੇ ਵਿਆਪਕ ਟੈਕਸ ਲਗਾਉਣ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਸੀ। ਹਾਲਾਂਕਿ ਅਦਾਲਤ ਨੇ ਫਿਲਹਾਲ ਉਸ ਦੇ ਅਮਰੀਕੀ ਅਰਥਚਾਰੇ ਦੁਆਲੇ ਇੱਕ ਸੁਰੱਖਿਆਵਾਦੀ ਕੰਧ ਬਣਾਉਣ ਦੇ ਯਤਨ ਨੂੰ ਬਰਕਰਾਰ ਰੱਖਿਆ ਹੈ। ਯੂ ਐੱਸ ਕੋਰਟ ਆਫ ਅਪੀਲਜ਼ ਫਾਰ 'ਦ ਫੈਡਰਲ ਸਰਕਟ ਨੇ ਫੈਸਲਾ ਦਿੱਤਾ ਕਿ ਟਰੰਪ ਨੂੰ ਕੌਮੀ ਐਮਰਜੈਂਸੀ ਦਾ ਐਲਾਨ ਕਰਨ ਅਤੇ ਲਗਭਗ ਹਰ ਦੇਸ਼ 'ਤੇ ਦਰਾਮਦ ਟੈਕਸ ਲਗਾਉਣ ਦੀ ਕਾਨੂੰਨੀ ਇਜਾਜ਼ਤ ਨਹੀਂ ਸੀ। ਇਹ ਫੈਸਲਾ ਨਿਊ ਯਾਰਕ ਦੀ ਇੱਕ ਵਿਸ਼ੇਸ਼ ਫੈਡਰਲ ਵਪਾਰ ਅਦਾਲਤ ਦੇ ਮਈ ਦੇ ਫੈਸਲੇ ਨੂੰ ਬਰਕਰਾਰ ਰੱਖਦਾ ਹੈ। ਜੱਜਾਂ ਨੇ 7-4 ਦੇ ਫੈਸਲੇ ਵਿੱਚ ਲਿਖਿਆ, 'ਇਹ ਅਸੰਭਵ ਜਾਪਦਾ ਹੈ ਕਿ ਕਾਂਗਰਸ ਦਾ ਇਰਾਦਾ... ਰਾਸ਼ਟਰਪਤੀ ਨੂੰ ਟੈਕਸ ਲਗਾਉਣ ਦਾ ਅਸੀਮਤ ਅਧਿਕਾਰ ਦੇਣਾ ਸੀ।' ਉਨ੍ਹਾਂ ਤੁਰੰਤ ਟੈਰਿਫਾਂ ਨੂੰ ਖਤਮ ਨਹੀਂ ਕੀਤਾ, ਜਿਸ ਨਾਲ ਟਰੰਪ ਪ੍ਰਸ਼ਾਸਨ ਨੂੰ ਸੁਪਰੀਮ ਕੋਰਟ ਵਿੱਚ ਅਪੀਲ ਕਰਨ ਦਾ ਸਮਾਂ ਮਿਲ ਗਿਆ। ਵ੍ਹਾਈਟ ਹਾਊਸ ਦੇ ਬੁਲਾਰੇ ਕੁਸ਼ ਦੇਸਾਈ ਨੇ ਕਿਹਾ, 'ਟਰੰਪ ਨੇ ਕਾਨੂੰਨੀ ਤੌਰ 'ਤੇ ਕੰਮ ਕੀਤਾ ਸੀ ਅਤੇ ਅਸੀਂ ਇਸ ਮਾਮਲੇ 'ਤੇ ਅੰਤਮ ਜਿੱਤ ਦੀ ਉਡੀਕ ਕਰ ਰਹੇ ਹਾਂ।' ਇਹ ਫੈਸਲਾ ਟਰੰਪ ਦੀਆਂ ਦਹਾਕਿਆਂ ਤੋਂ ਚੱਲ ਰਹੀਆਂ ਅਮਰੀਕੀ ਵਪਾਰ ਨੀਤੀਆਂ ਨੂੰ ਆਪਣੇ ਤੌਰ 'ਤੇ ਪੂਰੀ ਤਰ੍ਹਾਂ ਬਦਲਣ ਦੀਆਂ ਇੱਛਾਵਾਂ ਨੂੰ ਗੁੰਝਲਦਾਰ ਬਣਾਉਂਦਾ ਹੈ। ਟਰੰਪ ਕੋਲ ਦਰਾਮਦ ਟੈਕਸ ਲਗਾਉਣ ਲਈ ਬਦਲਵੇਂ ਕਾਨੂੰਨ ਹਨ, ਪਰ ਉਹ ਉਸ ਦੀ ਕਾਰਵਾਈ ਦੀ ਗਤੀ ਅਤੇ ਗੰਭੀਰਤਾ ਨੂੰ ਸੀਮਤ ਕਰਨਗੇ। ਟਰੰਪ ਵੱਲੋਂ ਲਾਏ ਟੈਕਸ ਅਤੇ ਇਸ ਨੂੰ ਲਾਗੂ ਕਰਨ ਦੇ ਤਰੀਕੇ ਨੇ ਵਿਸ਼ਵ ਬਾਜ਼ਾਰਾਂ ਨੂੰ ਹਿਲਾ ਦਿੱਤਾ ਹੈ, ਅਮਰੀਕਾ ਦੇ ਵਪਾਰਕ ਭਾਈਵਾਲਾਂ ਅਤੇ ਸਹਿਯੋਗੀਆਂ ਨੂੰ ਦੂਰ ਕਰ ਦਿੱਤਾ ਹੈ ਅਤੇ ਉੱਚੀਆਂ ਕੀਮਤਾਂ ਅਤੇ ਹੌਲੀ ਆਰਥਕ ਵਿਕਾਸ ਦਾ ਡਰ ਪੈਦਾ ਕੀਤਾ ਹੈ, ਪਰ ਉਸ ਨੇ ਯੂਰਪੀਅਨ ਯੂਨੀਅਨ, ਜਾਪਾਨ ਅਤੇ ਹੋਰ ਦੇਸ਼ਾਂ 'ਤੇ ਇੱਕਪਾਸੜ ਵਪਾਰਕ ਸੌਦੇ ਸਵੀਕਾਰ ਕਰਨ ਲਈ ਦਬਾਅ ਪਾਉਣ ਅਤੇ ਸੰਘੀ ਖਜ਼ਾਨੇ ਵਿੱਚ ਅਰਬਾਂ ਡਾਲਰ ਲਿਆਉਣ ਲਈ ਵੀ ਇਨ੍ਹਾਂ ਟੈਕਸਾਂ ਦੀ ਵਰਤੋਂ ਕੀਤੀ ਹੈ।

## ਕਲਾਕਾਰ ਮਦਦ ਲਈ ਬਹੁੜੇ



**ਅੰਮ੍ਰਿਤਸਰ** : ਪੰਜਾਬੀ ਗਾਇਕ ਸਤਿੰਦਰ ਸਰਤਾਜ ਨੇ ਹੜ੍ਹ ਪ੍ਰਭਾਵਤ ਸਰਹੱਦੀ ਸਬ-ਡਵੀਜ਼ਨ ਅਜਨਾਲਾ ਦੇ 500 ਪਰਵਾਰਾਂ ਲਈ ਇੱਕ ਮਹੀਨੇ ਦਾ ਰਾਸ਼ਨ ਭੇਜਿਆ ਹੈ। ਅਧਿਕਾਰੀਆਂ ਨੇ ਰਾਸ਼ਨ ਵੰਡਣਾ ਸ਼ੁਰੂ ਕਰ ਦਿੱਤਾ ਹੈ। ਇਸੇ ਦੌਰਾਨ ਪੰਜਾਬੀ ਗਾਇਕ ਜਸਬੀਰ ਜੱਸੀ ਅਤੇ ਬਾਲੀਵੁੱਡ ਅਦਾਕਾਰਾ ਸ਼ਿਲਪਾ ਸ਼ੈਟੀ ਦੇ ਪਤੀ ਰਾਜ ਕੁੰਦਰਾ ਨੇ ਵੀ ਹੜ੍ਹ ਪ੍ਰਭਾਵਤ ਖੇਤਰ ਲਈ ਰਾਹਤ ਦਾ ਐਲਾਨ ਕੀਤਾ ਹੈ।

## ਮੇਹਰ ਚੰਦ ਪੋਲੀਟੈਕਨਿਕ ਨੂੰ ਮਿਲੇਗਾ ਨੈਸ਼ਨਲ ਐਵਾਰਡ



**ਜਲੰਧਰ (ਸ਼ੈਲੀ ਐਲਬਰਟ)**

ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਨੂੰ ਓਵਰਆਲ ਐਕੇਡਮਿਕ, ਖੇਡਾਂ, ਸੱਭਿਆਚਾਰਕ ਗਤੀਵਿਧੀਆਂ, ਰਿਸਰਚ, ਪਲੇਸਮੈਂਟ ਅਤੇ ਹੋਰ ਖੇਤਰਾਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਲਈ ਕੇਂਦਰੀ ਖੁਦਮੁਖਤਿਆਰ ਸੰਸਥਾ 'ਨੈਸ਼ਨਲ ਇੰਸਟੀਚਿਊਟ ਆਫ ਟੈਕਨੀਕਲ ਟੀਚਰ ਟਰੇਨਿੰਗ ਐਂਡ ਰਿਸਰਚ' ਚੰਡੀਗੜ੍ਹ, ਜਿਸ ਨੂੰ 'ਨਿੱਟਰ' ਵੀ ਕਿਹਾ ਜਾਂਦਾ ਹੈ, ਵੱਲੋਂ 2024-25 ਲਈ ਨੈਸ਼ਨਲ ਐਵਾਰਡ ਨਾਲ ਸਨਮਾਨਤ ਕੀਤਾ ਜਾ ਰਿਹਾ ਹੈ। ਕਾਲਜ ਪ੍ਰਿੰਸੀਪਲ ਡਾ: ਜਗਰੂਪ ਸਿੰਘ ਨੇ ਦੱਸਿਆ ਕਿ ਨਿੱਟਰ ਚੰਡੀਗੜ੍ਹ ਵੱਲੋਂ ਪਹਿਲਾਂ ਕੇਵਲ ਉੱਤਰ ਭਾਰਤ ਖੇਤਰ ਵਿੱਚ ਸਥਾਪਤ ਬਹੁ-ਤਕਨੀਕੀ ਕਾਲਜਾਂ ਵਿੱਚੋਂ ਹੀ ਬੈੱਸਟ ਪੋਲੀਟੈਕਨਿਕ ਦੀ ਚੋਣ ਕੀਤੀ ਜਾਂਦੀ ਸੀ, ਪਰ 2023-24 ਤੋਂ ਇਸ ਸੰਸਥਾ ਵੱਲੋਂ ਨੈਸ਼ਨਲ ਪੱਧਰ 'ਤੇ ਐਵਾਰਡ ਦੇਣ ਦਾ ਫੈਸਲਾ ਕੀਤਾ ਗਿਆ ਹੈ। 2024-25 ਲਈ ਭਾਰਤ ਦੇ ਸਮੂਹ ਬਹੁ-ਤਕਨੀਕੀ ਕਾਲਜਾਂ ਵਿੱਚੋਂ ਨੈਸ਼ਨਲ ਪੱਧਰ ਉੱਤੇ 'ਬੈਸਟ ਪੋਲੀਟੈਕਨਿਕ' ਦਾ ਖਿਤਾਬ ਹਾਸਲ ਕਰਨਾ ਇੱਕ ਬਹੁਤ ਵੱਡੀ ਪ੍ਰਾਪਤੀ ਹੈ। ਉਹਨਾ ਦੱਸਿਆ ਕਿ ਇਹ ਐਵਾਰਡ 7 ਸਤੰਬਰ ਨੂੰ ਚੰਡੀਗੜ੍ਹ ਵਿਖੇ ਨਿੱਟਰ ਦੇ ਆਡੀਟੋਰੀਅਮ ਹਾਲ ਵਿੱਚ ਉਹਨਾ ਦੇ ਸਥਾਪਨਾ ਦਿਵਸ ਮੌਕੇ ਦਿੱਤਾ ਜਾਵੇਗਾ। ਇਸ ਪ੍ਰਾਪਤੀ ਲਈ ਤਕਨੀਕੀ ਸਿਖਿਆ ਪੰਜਾਬ ਦੇ ਡਾਇਰੈਕਟਰ ਸ੍ਰੀ ਮੋਨਿਸ਼ ਕੁਮਾਰ ਆਈ ਏ ਐੱਸ ਨੇ ਡਾ: ਜਗਰੂਪ ਸਿੰਘ ਨੂੰ ਵਧਾਈ ਦਿੱਤੀ। ਉਹਨਾ ਕਿਹਾ ਕਿ ਇਹ ਪੰਜਾਬ ਤੇ ਕਾਲਜ ਲਈ ਬਹੁਤ ਮਾਣ ਵਾਲੀ ਗੱਲ ਹੈ।

ਡੀ ਏ ਵੀ ਕਾਲਜ ਮੈਨੇਜਿੰਗ ਕਮੇਟੀ ਦੇ ਉਪ ਪ੍ਰਧਾਨ ਜਸਟਿਸ ਐੱਨ ਕੇ ਸੂਦ, ਉਪ ਪ੍ਰਧਾਨ ਜਸਟਿਸ ਪ੍ਰੀਤਮ ਪਾਲ, ਸੈਕਟਰੀ ਅਰਵਿੰਦ ਘਈ, ਸੈਕਟਰੀ ਅਜੇ ਗੋਸਵਾਮੀ ਅਤੇ ਡਾਇਰੈਕਟਰ ਹਾਇਰ ਐਜੂਕੇਸ਼ਨ, ਡੀ ਏ ਵੀ ਮੈਨੇਜਮੈਂਟ ਸ਼ਿਵਰਮਨ ਗੌੜ ਸਾਬਕਾ ਆਈ ਏ ਐੱਸ ਨੇ ਵੀ ਪ੍ਰਿੰਸੀਪਲ ਡਾ. ਜਗਰੂਪ ਸਿੰਘ ਤੇ ਸਟਾਫ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਮੇਹਰ ਚੰਦ ਪੋਲੀਟੈਕਨਿਕ ਕਾਲਜ ਨੂੰ ਪੰਜ ਵਾਰ ਉਤਰ ਭਾਰਤ ਖੇਤਰ ਵਿੱਚੋਂ ਨਿੱਟਰ ਵੱਲੋਂ ਐਵਾਰਡ ਮਿਲ ਚੁੱਕਿਆ ਹੈ।

## ਹੜ੍ਹ ਨਾਲ ਝੰਭੇ ਲੋਕਾਂ ਦੀਆਂ ਮੁਸ਼ਕਲਾਂ ਜਾਣਨ ਲਈ ਸੰਯੁਕਤ ਕਿਸਾਨ ਮੋਰਚਾ ਪੰਜਾਬ ਚੈਪਟਰ ਵੱਲੋਂ ਮੀਟਿੰਗ ਭਲਕੇ

**ਸੁਲਤਾਨਪੁਰ ਲੋਧੀ** : ਸੰਯੁਕਤ ਕਿਸਾਨ ਮੋਰਚਾ ਪੰਜਾਬ ਚੈਪਟਰ ਦੇ ਆਗੂਆਂ ਵੱਲੋਂ ਦੁਆਬਾ ਖੇਤਰ ਦੇ ਹੜ੍ਹ ਨਾਲ ਝੰਭੇ ਲੋਕਾਂ ਦੀਆਂ ਮੁਸ਼ਕਲਾਂ ਜਾਣਨ ਲਈ ਉਹਨਾਂ ਨੂੰ ਮਿਲਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਸੰਬੰਧ 'ਚ 1 ਸਤੰਬਰ ਨੂੰ ਐੱਸ ਕੇ ਐੱਮ ਪੰਜਾਬ ਚੈਪਟਰ ਦੀ ਮੀਟਿੰਗ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ ਵਿਖੇ ਬੁਲਾਈ ਗਈ ਹੈ। ਇਸ ਦੀ ਜਾਣਕਾਰੀ ਐੱਸ ਕੇ ਐੱਮ ਪੰਜਾਬ ਚੈਪਟਰ ਦੇ ਪ੍ਰਧਾਨਗੀ ਮੰਡਲ ਵੱਲੋਂ ਦਿੱਤੀ ਗਈ। ਪ੍ਰਧਾਨਗੀ ਮੰਡਲ ਵਿੱਚ ਰੁਲਦੂ ਸਿੰਘ ਮਾਨਸਾ, ਬਲਜੀਤ ਸਿੰਘ ਗਰੇਵਾਲ ਤੇ ਬੂਟਾ ਸਿੰਘ ਸ਼ਾਦੀਪੁਰ ਵੱਲੋਂ ਸਾਂਝੇ ਬਿਆਨ 'ਚ ਕਿਹਾ ਗਿਆ ਕਿ ਸਾਰੀਆਂ ਸੰਬੰਧਤ ਜਥੇਬੰਦੀਆਂ ਵੱਲੋਂ 2-2 ਸੀਨੀਅਰ ਸਾਥੀ ਮੀਟਿੰਗ ਵਿੱਚ ਪਹੁੰਚਣ। ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਗੰਭੀਰ ਬਣੀ ਹੋਈ ਹੈ, ਸਿਆਸੀ ਆਗੂ ਅਖ਼ਬਾਰੀ ਬਿਆਨਾਂ ਤੱਕ ਸੀਮਿਤ ਹਨ, 1995 ਤੋਂ ਬਾਅਦ ਪੰਜਾਬ ਵਿੱਚ ਰਾਜ ਕਰਦੀ ਕਿਸੇ ਵੀ ਪਾਰਟੀ • ਬਾਕੀ ਸਫਾ 2 'ਤੇ

## ਲੁਧਿਆਣਾ 'ਚ ਬਣੇਗੀ ਸ਼ਹੀਦ ਊਧਮ ਸਿੰਘ ਸਕਿੱਲ ਡਿਵੈੱਲਪਮੈਂਟ ਐਂਡ ਇੰਟਰਪ੍ਰੀਨਿਓਰਸ਼ਿਪ 'ਵਰਸਿਟੀ



**ਚੰਡੀਗੜ੍ਹ/ਪਟਿਆਲਾ/ਮਮਦੋਟ (ਗੁਰਜੀਤ ਬਿੱਲਾ/ਕ੍ਰਿਸ਼ਨ ਗਰਗ/ਰਜਿੰਦਰ ਸਿੰਘ ਥਿੰਦ/ਜਸਬੀਰ ਸਿੰਘ ਕੰਬੋਜ)**

ਸਿੱਖਿਆ ਤੇ ਉਦਯੋਗ ਦੀਆਂ ਲੋੜਾਂ ਦਰਮਿਆਨ ਪਾੜੇ ਨੂੰ ਪੂਰਨ ਲਈ ਸੂਬੇ ਦੇ ਨੌਜਵਾਨਾਂ ਨੂੰ ਅਤਿ-ਆਧੁਨਿਕ ਹੁਨਰ ਅਤੇ ਉਦਮੀ ਮੁਹਾਰਤ ਨਾਲ ਸਸ਼ਕਤ ਬਣਾਉਣ ਦੇ ਉਦੇਸ਼ ਨਾਲ ਲੁਧਿਆਣਾ ਵਿੱਚ ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ, ਜਿਸ ਦਾ ਨਾਂਅ ਮਹਾਨ ਆਜ਼ਾਦੀ ਘੁਲਾਟੀਏ ਸ਼ਹੀਦ ਊਧਮ ਸਿੰਘ ਦੇ ਨਾਂਅ 'ਤੇ ਰੱਖਿਆ ਗਿਆ ਹੈ। ਇਹ ਮਾਣਮੱਤੀ ਸੰਸਥਾ ਨੌਜਵਾਨਾਂ ਵਿੱਚ ਨਵੀਨਤਾ, ਰਚਨਾਤਮਕਤਾ ਅਤੇ ਸਵੈ-ਨਿਰਭਰਤਾ ਨੂੰ ਉਤਸ਼ਾਹਤ ਕਰੇਗੀ ਅਤੇ ਉਦਯੋਗ ਦੀਆਂ ਲੋੜਾਂ ਮੁਤਾਬਕ ਨੌਜਾਵਾਨਾਂ ਨੂੰ ਸਿੱਖਿਆ ਪ੍ਰਦਾਨ ਕਰੇਗੀ, ਜਿਸ ਨਾਲ ਪੰਜਾਬ ਵਿੱਚ ਆਰਥਿਕ ਵਿਕਾਸ ਦਾ ਰਾਹ ਪੱਧਰਾ ਹੋਵੇਗਾ।ਸ਼ਹੀਦ ਊਧਮ ਸਿੰਘ ਸਕਿੱਲ ਡਿਵੈੱਲਪਮੈਂਟ ਐਂਡ ਇੰਟਰਪ੍ਰੀਨਿਓਰਸ਼ਿਪ ਯੂਨੀਵਰਸਿਟੀ ਦੀ ਸਥਾਪਨਾ ਬਾਰੇ ਅਧਿਕਾਰਤ ਐਲਾਨ ਸੰਬੰਧੀ ਸਮਾਰੋਹ ਵਿੱਚ ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਤੇ 'ਆਪ' ਦ • ਬਾਕੀ ਸਫਾ 2 'ਤੇ

## ਕਾਮਰੇਡ ਅੱਤਰੇ ਦੀ ਬੇਟੀ ਵੱਲੋਂ 50 ਹਜ਼ਾਰ ਦਾ ਯੋਗਦਾਨ



**ਜਗਰਾਓਂ** : ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਲਈ ਲੁਧਿਆਣਾ ਜ਼ਿਲ੍ਹੇ ਵਿੱਚ ਫੰਡ ਦੀ ਉਗਰਾਈ ਚੱਲ ਰਹੀ ਹੈ। ਜਗਰਾਓਂ ਵਿਖੇ ਇੱਕ ਸਮਾਗਮ ਦੌਰਾਨ ਭਾਰਤੀ ਕਮਿਊਨਿਸਟ ਪਾਰਟੀ ਦੇ ਜਗਰਾਓਂ ਤੋਂ ਸਿਰਕੱਢ ਆਗੂ ਮਰਹੂਮ ਕਾਮਰੇਡ ਐਡਵੋਕੇਟ ਓਮ ਪ੍ਰਕਾਸ਼ ਅੱਤਰੇ, ਜੋ ਉਥੋਂ ਦੀ ਟਰੇਡ ਯੂਨੀਅਨ ਕੌਂਸਲ ਦੇ ਪ੍ਰਧਾਨ ਵੀ ਰਹੇ, ਦੀ ਬੇਟੀ ਸ੍ਰੀਮਤੀ ਕੁਸਮ, ਜੋ ਸ਼ਹੀਦ ਵਰਿਆਮ ਸਿੰਘ ਉਬਰਾਏ ਦੀ ਨੂੰਹ ਹਨ, ਨੇ ਸੀ ਪੀ ਆਈ ਜਗਰਾਓਂ ਬਰਾਂਚ ਰਾਹੀਂ ਪਾਰਟੀ ਲਈ 50,000 ਰੁਪਏ ਦੀ ਰਾਸ਼ੀ ਲੋਕ ਚੇਤਨਾ ਜੱਥਾ ਮਾਰਚ ਦੇ ਜਗਰਾਓਂ ਪਹੁੰਚਣ 'ਤੇ ਲੁਧਿਆਣਾ ਦੇ ਜ਼ਿਲ੍ਹਾ ਸਕੱਤਰ ਡੀ ਪੀ ਮੌੜ ਨੂੰ ਭੇਟ ਕੀਤੀ।

ਇਸ ਮੌਕੇ ਚਮਕੌਰ ਸਿੰਘ ਬਰਮੀ, ਡਾਕਟਰ ਰਜਿੰਦਰ ਪਾਲ ਸਿੰਘ ਔਲਖ, ਕੇਵਲ ਸਿੰਘ ਬਨਵੈਤ, ਨਰੇਸ਼ ਗੌੜ, ਅਵਤਾਰ ਸਿੰਘ ਗਗੜਾ, ਸਵਰਨ ਸਿੰਘ ਹਠੂਰ, ਚਮਕੌਰ ਸਿੰਘ ਦੌਧਰ ਤੇ ਭਰਪੂਰ ਸਿੰਘ ਵੀ ਮੌਜੂਦ ਸਨ।


## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ 'ਤੇ ਮੇਲਾ ਜੱਗ ਮੌਕੇ **ਗੋਇੰਦਵਾਲ ਸਾਹਿਬ** ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਕਾਬਲ ਸਿੰਘ ਮੱਲ੍ਹੀ** ਨਾਲ ਮੋਬਾਇਲ ਨੰਬਰ 99142-36641 'ਤੇ ਸੰਪਰਕ ਕੀਤਾ ਜਾ ਸਕਦਾ ਹੈ। *-ਜਨਰਲ ਮੈਨੇਜਰ*


## ਅੱਜ-ਨਾਮਾ

ਆਗੂ ਭਾਰਤ ਦਾ ਗਿਆ ਜਾਪਾਨ ਦੇ ਵੱਲ,
ਹੋਈ ਸੀ ਟਰੰਪ ਦੀ ਟੀਮ ਨਾਰਾਜ਼ ਮੀਆਂ।
ਸਮਝਦੇ ਸੀਗੇ ਕਿ ਅਸੀਂ ਹਾਂ ਧਿਰ ਭਾਰੀ,
ਗੂੰਜਦੀ ਸਾਡੀ ਹੈ ਸਿਰਫ ਆਵਾਜ਼ ਮੀਆਂ।
ਆਇਆ ਟਰੰਪ ਜਦ ਐਤਕੀਂ ਵਾਰ ਦੂਜੀ,
ਕੀਤਾ ਏ ਨੀਤੀ ਦਾ ਨਵਾਂ ਆਗਾਜ਼ ਮੀਆਂ।
ਫੋਕੇ ਬਹਿਸਣ ਦੇ ਰਾਹ ਨਾ ਪਿਆ ਭਾਰਤ,
ਦੂਸਰੀ ਤਰਫ ਲਿਆ ਮੋੜ ਜਹਾਜ਼ ਮੀਆਂ।
ਬੈਠਕ ਪੂਤਿਨ ਦੇ ਨਾਲ ਸੀ ਕਰੀ ਪਹਿਲੀ,
ਫੜਿਆ ਮਗਰੋਂ ਜਾਪਾਨ ਦਾ ਰਾਹ ਮੀਆਂ।
ਅਮਰੀਕਾ ਤੱਕ ਤੇ ਸੀਮਤ ਸੰਸਾਰ ਨਾਹੀਂ,
ਮਿਲਦੇ ਰਾਹ ਨੇ ਜਿੱਧਰ ਦੀ ਚਾਹ ਮੀਆਂ।

-ਤੀਸ ਮਾਰ ਖਾਂ

## .ਗ਼ਦਰੀ ਬਾਬਿਆਂ ਦੇ ਮੇਲੇ 'ਚ ਖਿੜਨਗੇ ਢੁਕਵੇਂ ਵਿਸ਼ਿਆਂ ਤੇ ਕਲਾਵਾਂ ਦੇ ਰੰਗ



**ਜਲੰਧਰ** : ਗ਼ਦਰ ਲਹਿਰ ਦੀ ਵੀਰਾਂਗਣਾ ਗ਼ਦਰੀ ਗੁਲਾਬ ਕੌਰ ਨੂੰ ਸਮਰਪਤ 34ਵੇਂ ਤਿੰਨ ਰੋਜ਼ਾ ਮੇਲੇ ਦੀਆਂ ਹਰ ਪੱਖੋਂ ਤਿਆਰੀਆਂ ਜ਼ੋਰ ਫੜ ਰਹੀਆਂ ਹਨ। 30, 31 ਅਕਤੂਬਰ ਅਤੇ ਪਹਿਲੀ ਨਵੰਬਰ ਨੂੰ ਹੋਣ ਵਾਲਾ 'ਮੇਲਾ ਗ਼ਦਰੀ ਬਾਬਿਆਂ ਦਾ' ਬਹੁਤ ਹੀ ਸਚਿਆਰੇ ਅੰਦਾਜ਼ 'ਚ ਨੇਪਰੇ ਚਾੜ੍ਹਨ ਲਈ ਸ਼ਨੀਵਾਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਦੀ ਮੀਟਿੰਗ ਹੋਈ। ਉਸ ਉਪਰੰਤ ਬੋਰਡ ਆਫ਼ ਟਰੱਸਟ ਦੀ ਮੀਟਿੰਗ ਕੀਤੀ ਗਈ। ਇਹਨਾਂ ਮੀਟਿੰਗਾਂ 'ਚ ਮੇਲੇ ਦੀਆਂ ਕਲਾ ਵੰਨਗੀਆਂ ਉਪਰ ਗੰਭੀਰ ਵਿਚਾਰਾਂ ਹੋਈਆਂ।30 ਅਕਤੂਬਰ ਪੁਸਤਕ ਸੱਭਿਆਚਾਰ ਦੀ ਸ਼ਾਮ: ਪਾਬੰਦੀਸ਼ੁਦਾ ਕਿਤਾਬਾਂ ਦੇ ਨਾਂਅ ਹੋਵੇਗੀ। ਇਸ ਸੈਸ਼ਨ ਵਿੱਚ ਵਿਛੜੇ ਸਾਹਿਤਕਾਰਾਂ, ਲੇਖਕਾਂ, ਵਿਦਵਾਨਾਂ ਨੂੰ 'ਯਾਰੋ ਸਾਨੂੰ ਨਹੀਓਂ ਭੁੱਲਣੀ, ਉਹਨਾਂ ਮਿੱਤਰਾਂ ਦੀ ਯਾਦ ਪਿਆਰੀ' ਸੈਸ਼ਨ 'ਚ ਸਿਜਦਾ ਕੀਤਾ ਜਾਏਗਾ। ਇਸ ਰੋਜ਼ ਹੀ 2 ਵਜੇ ਫੋਟੋ ਅਤੇ ਚਿੱਤਰਕਲਾ ਪ੍ਰਦਰਸ਼ਨੀ ਦਾ ਉਦਘਾਟਨ ਹੋਏਗਾ।31 ਅਕਤੂਬਰ ਨੂੰ ਕੁਇਜ਼, ਭਾਸ਼ਣ, ਗਾਇਨ ਅਤੇ ਪੇਂਟਿੰਗ ਮੁਕਾਬਲੇ ਹੋਣਗੇ । ਕੁਇਜ਼ ਮੁਕਾਬਲਾ ਹਰਵਿੰਦਰ ਭੰਡਾਲ ਦੀ ਪੁਸਤਕ 'ਫਾਸ਼ੀਵਾਦ ਦਾ ਚਿਹਰਾ ਮੋਹਰਾ' ਉਪਰ ਹੋਏਗਾ। ਭਾਸ਼ਣ ਮੁਕਾਬਲੇ ਦਾ ਵਿਸ਼ਾ ਹੋਏਗਾ 'ਸੋਸ਼ਲ ਮੀਡੀਆ ਅਤੇ ਨੌਜਵਾਨ ਵਰਗ' ਹੈ। ਚਿੱਤਰਕਲਾ ਮੁਕਾਬਲੇ ਦੇ ਏ ਵਰਗ ਲਈ 'ਫ਼ਲਸਤੀਨ ਦੀ ਨਸਲਕੁਸ਼ੀ ਅਤੇ ਸੰਘਰਸ਼', ਵਰਗ ਬੀ ਅੱਗੇ ਗ਼ਦਰੀ ਦੇਸ਼ ਭਗਤਾਂ ਅਤੇ ਵਿਸ਼ੇਸ਼ ਕਰਕੇ ਗ਼ਦਰੀ ਗੁਲਾਬ ਕੌਰ ਦੀਆਂ ਤਸਵੀਰਾਂ ਰੱਖੀਆਂ ਜਾਣਗੀਆਂ ਅਤੇ ਸੀ ਗਰੁੱਪ ਬਾਲ ਕਲਾਕਾਰ ਮਨੋਇਛਤ ਕਲਾ-ਕ੍ਰਿਤਾਂ ਬਣਾਉਣਗੇ।

31 ਅਕਤੂਬਰ ਸ਼ਾਮ ਕਵੀ ਦਰਬਾਰ ਅਤੇ ਉਸ ਉਪਰੰਤ ਆਦਿਵਾਸੀਆਂ ਅਤੇ ਫ਼ਲਸਤੀਨੀ ਲੋਕਾਂ ਦੇ ਸੰਗਰਾਮ ਬਾਰੇ ਪੀਪਲਜ਼ ਵਾਇਸ ਵੱਲੋਂ ਫਿਲਮ ਸ਼ੋਅ ਹੋਏਗਾ।ਜ਼ਿਕਰਯੋਗ ਹੈ ਕਿ 31 ਅਕਤੂਬਰ ਅਤੇ ਪਹਿਲੀ ਨਵੰਬਰ ਵਿਚਾਰ-ਚਰਚਾਵਾਂ ਵੀ ਹੋਣਗੀਆਂ, ਜਿਸ ਵਿੱਚ ਕਮੇਟੀ ਮੈਂਬਰਾਂ ਤੋਂ ਇਲਾਵਾ ਪ੍ਰਭਾਤ ਪਟਨਾਇਕ ਅਤੇ ਡਾ. ਸਵਰਾਜਬੀਰ ਪੁੱਜ ਰਹੇ ਹਨ। ਕਮੇਟੀ ਮੈਂਬਰ ਪਹਿਲੀ ਨਵੰਬਰ 'ਗ਼ਦਰ ਲਹਿਰ ਦੀ ਵਿਰਾਸਤ ਨੂੰ ਚੁਣੌਤੀਆਂ' ਵਿਸ਼ੇ ਉਪਰ ਵਿਚਾਰ-ਚਰਚਾ ਕਰਨਗੇ।ਪਹਿਲੀ ਨਵੰਬਰ ਦਿਨ ਵੇਲੇ ਮੁੱਖ ਬੁਲਾਰੇ ਮੁਹੰਮਦ ਯੂਸਫ਼ ਤਾਰੀਗਾਮੀ ਅਤੇ ਡਾ. ਨਵਸ਼ਰਨ ਹੋਣਗੇ।ਝੰਡਾ ਲਹਿਰਾਉਣ ਦੀ ਰਸਮ ਕਮੇਟੀ ਮੈਂਬਰ ਦਰਸ਼ਨ ਸਿੰਘ ਖਟਕੜ ਕਰਨਗੇ ਅਤੇ ਇਸ ਮੌਕੇ ਉਹ ਸੁਨੇਹਾ ਵੀ ਦੇਣਗੇ। ਉਸ ਉਪਰੰਤ ਅਮੋਲਕ ਸਿੰਘ ਦੇ ਲਿਖੇ ਅਤੇ ਸੱਤਪਾਲ ਬੰਗਾ ਪਟਿਆਲਾ ਦੀ ਨਿਰਦੇਸ਼ਨਾ ਹੇਠ ਹੋਏਗਾ ਝੰਡੇ ਦਾ ਗੀਤ।ਜ਼ਿਕਰਯੋਗ ਹੈ ਕਿ ਝੰਡੇ ਦੇ ਗੀਤ ਦੀ ਤਿਆਰੀ ਵਰਕਸ਼ਾਪ ਦੇਸ਼ ਭਗਤ ਯਾਦਗਾਰ ਹਾਲ 'ਚ ਲੱਗੇਗੀ। ਪਹਿਲੀ ਨਵੰਬਰ ਸਾਰੀ ਰਾਤ ਨਾਟਕਾਂ ਅਤੇ ਗੀਤਾਂ ਭਰੀ ਰਾਤ ਹੋਏਗੀ। ਢੁਕਵੇਂ ਵਿਸ਼ਿਆਂ 'ਤੇ ਨਾਟਕਾਂ ਦੀ ਚੋਣ ਕਮੇਟੀ ਵੱਲੋਂ ਕੀਤੀ ਜਾਏਗੀ। ਇਸ ਮੀਟਿੰਗ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਮੈਂਬਰ ਹਾਜ਼ਰ ਸਨ।


## ਪਾਠ ਦਾ ਭੋਗ ਅਤੇ ਅੰਤਿਮ ਅਰਦਾਸ



ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ

**ਕਾਮਰੇਡ ਗੁਰਸੇਵਕ ਦਾਸ ਧੀਮਾਨ**

ਮਿਤੀ 20 ਅਗਸਤ 2025 ਦਿਨ ਬੁੱਧਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਨਿਵਾਸ ਕਰ ਗਏ ਹਨ। ਉਹਨਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

**ਸ੍ਰੀ ਗਰੁੜ ਪੁਰਾਣ ਜੀ ਦਾ ਭੋਗ**

ਮਿਤੀ 31 ਅਗਸਤ 2025 ਦਿਨ ਐਤਵਾਰ ਨੂੰ ਦੁਪਹਿਰ 1:00 ਤੋਂ 2:00 ਵਜੇ ਤੱਕ ਰਾਮ ਮੁਹੰਮਦ ਸਿੰਘ ਆਜ਼ਾਦ ਕੰਪਲੈਕਸ (ਗੁਰਦੁਆਰਾ ਨਿਆਈ ਸਾਹਿਬ ਧਰਮਸ਼ਾਲਾ) ਸੁਨਾਮ ਵਿਖੇ ਪਵੇਗਾ। ਅਸੀਂ ਤੁਹਾਨੂੰ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਕਰਦੇ ਹਾਂ।

**ਦੁਖੀ ਹਿਰਦੇ**

ਪ੍ਰੇਮ ਲਤਾ (ਪਤਨੀ)
ਬ੍ਰਿਜ ਲਾਲ (ਭਰਾ)
ਅਮਰਜੀਤ ਸਿੰਘ ਲੌਟੇ, ਕਰਤਾਰ ਕੰਬਾਈਨ (ਜੀਜਾ)
ਅਮਰਦੀਪ ਸਿੰਘ (ਜਵਾਈ)
ਅਮਨ ਧੀਮਾਨ (ਪੁੱਤਰ)
ਪੂਨਮ ਅਤੇ ਰਾਣੀ (ਧੀਆਂ)
ਦੁਪਿੰਦਰ ਸਿੰਘ (ਦੋਹਤਾ)


CMYK

31-AUG-PAGE-1.qxd 8/30/2025 9:18 PM Page 2



## ਜਸਵਿੰਦਰ ਢਿੱਲੋਂ ਵੈੱਲਫ਼ੇਅਰ ਸੁਸਾਇਟੀ ਦੀ ਵਿਸ਼ੇਸ਼ ਮੀਟਿੰਗ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਤ 21, 22 ਤੇ 23 ਸਤੰਬਰ ਨੂੰ ਸ੍ਰ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫ਼ੇਅਰ ਸੁਸਾਇਟੀ (ਰਜਿ.) ਪੰਜਾਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ। ਇਸ ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਸ਼ੇਖ ਫ਼ਰੀਦ ਵੋਕੇਸ਼ਨਲ ਸੈਂਟਰ, ਜੁਬਲੀ ਚੌਂਕ ਫ਼ਰੀਦਕੋਟ ਵਿਖੇ ਸੁਸਾਇਟੀ ਦੇ ਸੰਸਥਾਪਕ ਤੇ ਪ੍ਰਧਾਨ ਗੁਰਜੀਤ ਸਿੰਘ ਹੈਰੀ ਢਿੱਲੋਂ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਇਸ ਵਿਸ਼ਾਲ ਖ਼ੂਨਦਾਨ ਕੈਂਪ ਪੰਜਾਬ ਸੋਸ਼ਲ ਸੁਸਾਇਟੀ, ਆਲ ਇੰਡੀਆ ਕਿਸਾਨ ਯੂਨੀਅਨ (ਏਕਤਾ) ਫ਼ਤਿਹ, ਇੰਕਿਲ ਆਰਟਸ ਵੈੱਲਫ਼ੇਅਰ ਕੌਂਸਲ, ਰੈੱਡ ਕਰਾਸ ਸੁਸਾਇਟੀ, ਸ਼ੇਖ ਫ਼ਰੀਦ ਵੈੱਲਫ਼ੇਅਰ ਕਲੱਬ ਫ਼ਰੀਦਕੋਟ, ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ.) ਫ਼ਰੀਦਕੋਟ ਤੇ ਪੱਤਰਕਾਰ ਵੀਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਸ ਮੀਟਿੰਗ ਦੌਰਾਨ ਸੁਸਾਇਟੀ ਦੇ ਅਹੁਦੇਦਾਰ ਪ੍ਰੋ. ਬੀਰ ਇੰਦਰ ਸਰਾਂ, ਗੁਰਬਿੰਦਰ ਸਿੰਘ ਸਿੱਖਾਂਵਾਲਾ, ਕੁਲਦੀਪ ਅਟਵਾਲ, ਜਸਵੀਰ ਸਿੰਘ ਵਰਿੰਗ, ਕੇ. ਪੀ. ਸਿੰਘ ਸਰਾਂ, ਸੰਨੀ, ਰਾਜ ਗਿੱਲ ਭਾਣਾ, ਜਗਜੀਤ ਸਿੰਘ, ਸੁਖਦੇਵ ਸਿੰਘ ਮੁੱਦਕੀ ਬੀਕਾਨੇਰ ਸਵੀਟ ਸ਼ਾਮਲ ਹੋਏ।

## ਐੱਸ ਡੀ ਐੱਮ ਕਾਹਲੋਂ ਨੇ ਮਹਿਲ ਕਲਾਂ ਸਬ ਡਵੀਜ਼ਨ ਦਾ ਵਾਧੂ ਚਾਰਜ ਸੰਭਾਲਿਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਐੱਸ.ਡੀ.ਐੱਮ. ਜੁਗਰਾਜ ਸਿੰਘ ਕਾਹਲੋਂ ਨੇ ਸਬ ਡਵੀਜ਼ਨ ਮਹਿਲ ਕਲਾਂ ਦੇ ਨਵੇਂ ਐੱਸ.ਡੀ.ਐੱਮ. ਵਜੋਂ ਆਪਣਾ ਵਾਧੂ ਚਾਰਜ ਸੰਭਾਲ ਲਿਆ ਹੈ। ਇਸ ਉਪਰੰਤ ਐੱਸ.ਡੀ.ਐੱਮ. ਕਾਹਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਹੁਕਮਾਂ ਤੇ ਡਿਪਟੀ ਕਮਿਸ਼ਨਰ ਬਰਨਾਲਾ ਟੀ. ਬੈਨਿਥ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਉਹ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਸਬ ਡਵੀਜ਼ਨ ਮਹਿਲ ਕਲਾਂ ਅਧੀਨ ਪੈਂਦੇ ਪਿੰਡਾਂ ਦੇ ਮੁਹਤਬਰਾਂ ਤੇ ਆਮ ਲੋਕਾਂ ਨੂੰ ਦਫ਼ਤਰ ਅੰਦਰ ਪੂਰਾ ਸਤਿਕਾਰ ਦਿੱਤਾ ਜਾਵੇਗਾ। ਕੰਮ ਲਈ ਆਉਣ ਵਾਲੇ ਲੋਕਾਂ ਦੇ ਕਾਰਜ ਪਹਿਲ ਦੇ ਅਧਾਰ 'ਤੇ ਨਿਪਟਾਏ ਜਾਣਗੇ। ਇਸ ਮੌਕੇ ਹਰਵਿੰਦਰ ਰਾਏ, ਮੈਡਮ ਗੁਰਮੀਤ ਕੌਰ, ਮਨਜੀਤ ਸਿੰਘ, ਬੇਨੂੰ ਗੋਪਾਲ, ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਸਮੂਹ ਸਟਾਫ ਵੱਲੋਂ ਐੱਸ ਡੀ ਐੱਮ ਜਗਰਾਜ ਸਿੰਘ ਕਾਹਲੋਂ ਨੂੰ ਜੀ ਆਇਆਂ ਨੂੰ ਆਖਦਿਆਂ ਗੁਲਦਸਤੇ ਭੇਟ ਕਰਕੇ ਸ਼ਾਨਦਾਰ ਨਿੱਘਾ ਸੁਆਗਤ ਕੀਤਾ ਗਿਆ।

## ਜਲਵੇੜਾ ਡਰੇਨ ਦਾ ਬੰਨ੍ਹ ਟੁੱਟਣ ਕਾਰਨ 500 ਏਕੜ ਫਸਲ ਪ੍ਰਭਾਵਿਤ



**ਬਰੇਟਾ (ਰੀਤਵਾਲ)**-ਪੰਜਾਬ ਅੰਦਰ ਜਿੱਥੇ ਮੀਂਹ ਨੇ ਦਹਿਸ਼ਤ ਮਚਾਈ ਹੋਈ ਹੈ, ਉਸੇ ਤਰ੍ਹਾਂ ਨੇੜੇ ਦੇ ਪਿੰਡ ਜਲਵੇੜਾ ਵਿਖੇ ਡਰੇਨ ਨੰਬਰ 84 ਦਾ ਬੰਨ੍ਹ ਟੁੱਟਣ ਕਾਰਨ 500 ਏਕੜ ਦੇ ਲਗਭਗ ਫਸਲੀ ਜ਼ਮੀਨ ਪ੍ਰਭਾਵਿਤ ਹੋਈ ਹੈ। ਇਸ ਦੌਰਾਨ ਜਿੱਥੇ ਪਿੰਡ ਅੰਦਰ ਪਾਣੀ ਨੇ ਦਸਤਕ ਦਿੱਤੀ ਹੈ, ਉੱਥੇ ਅੰਤਰਰਾਸ਼ਟਰੀ ਕੁਲਵਿੰਦਰ ਸਿੰਘ ਜਲਵੇੜਾ ਕਬੱਡੀ ਖਿਡਾਰੀ ਦੀ ਕੋਠੀ ਨੂੰ ਵੀ ਪਾਣੀ ਨੇ ਚਾਰੇ ਪਾਸਿਓਂ ਘੇਰ ਲਿਆ ਹੈ। ਇਸ ਸਬੰਧੀ ਜਦ ਜਾਣਕਾਰੀ ਪ੍ਰਾਪਤ ਕੀਤੀ ਗਈ ਤਾਂ ਪਿੰਡ ਅੰਦਰ ਦੇ ਦਰਜਨ ਦੇ ਲਗਭਗ ਕੋਠੀਆਂ ਵੀ ਨੁਕਸਾਨੀਆਂ ਗਈਆਂ। ਜਾਣਕਾਰੀ ਅਨੁਸਾਰ ਪਿੰਡ ਅੰਦਰ ਪਾਣੀ ਦਾ ਵਹਾਅ ਐਨਾ ਤੇਜ਼ ਸੀ ਕਿ ਫਸਲਾਂ ਨੂੰ ਜਿੱਥੇ ਨੁਕਸਾਨ ਪੁੱਜਾ ਹੈ, ਉੱਥੇ ਜਨ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਇਸ ਤੋਂ ਇਲਾਵਾ ਪਿੰਡ ਵਾਲੇ ਪਾਸੇ ਡਰੇਨ ਦੇ ਪੁਲ ਦੇ ਕੋਲ 'ਤੇ ਵੀ ਖੱਡਾ ਬਣ ਗਿਆ ਹੈ, ਜੋ ਕਿ ਪਿੰਡ ਲਈ ਹੋਰ ਵੀ ਮੁਸ਼ਕਲ ਖੜ੍ਹੀ ਕਰ ਸਕਦਾ ਹੈ।

## ਵਰਲਡ ਯੂਨੀਵਰਸਿਟੀ ਵਿਖੇ 'ਸੰਗੀਤ ਦੇ ਰਾਗਾਂ ਤੇ ਤੰਤੀ ਸਾਜ਼ਾਂ ਦੇ ਮਹੱਤਵ' 'ਤੇ ਸੈਮੀਨਾਰ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਿਹਗੜ੍ਹ ਸਾਹਿਬ ਵਿਖੇ ਵਾਇਸ-ਚਾਂਸਲਰ ਪ੍ਰੋਫੈਸਰ ਪਰਿਤ ਪਾਲ ਸਿੰਘ ਦੀ ਯੋਗ ਅਗਵਾਈ ਵਿੱਚ ਸੰਗੀਤ ਵਿਭਾਗ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਗੁਰਪੁਰਬ ਨੂੰ ਸਮਰਪਤ ਇੱਕ ਸੈਮੀਨਾਰ ਕਰਵਾਇਆ ਗਿਆ। ਬੀਬਾ ਲੀਨਾ ਸਿੰਘ, ਡਾਇਰੈਕਟਰ ਸਿੱਖ ਹੈਰੀਟੇਜ ਸਿੰਫਨੀ ਯੂ.ਐੱਸ.ਏ. ਨੇ ਗੁਰਮਤਿ ਸੰਗੀਤ ਦੇ ਰਾਗਾਂ ਤੇ ਤੰਤੀ ਸਾਜ਼ਾਂ ਦੇ ਮਹੱਤਵ ਉੱਤੇ ਵਿਸ਼ੇਸ਼ ਲੈਕਚਰ ਦਿੰਦਿਆਂ ਤੰਤੀ ਸਾਜ਼ਾਂ ਨਾਲ ਨਿਰਧਾਰਤ ਰਾਗਾਂ ਵਿੱਚ ਦਰਜ ਵਿਭਿੰਨ ਸ਼ਬਦਾਂ ਦਾ ਗਾਇਨ ਕੀਤਾ। ਬੀਬਾ ਲੀਨਾ ਸਿੰਘ ਤੇ ਇਨ੍ਹਾਂ ਦੇ ਵਿਦਿਆਰਥੀਆਂ ਨੇ ਰਬਾਬ, ਤਾਉਸ, ਸਰੰਦਾ, ਸਿਤਾਰ ਤੇ ਦਿਲਰੁਬਾ ਨਾਲ ਕੀਰਤਨ ਕਰਦਿਆਂ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ। ਸੈਮੀਨਾਰ ਵਿੱਚ ਡੀਨ ਅਕਾਦਮਿਕ ਮਾਮਲੇ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸੰਗੀਤ ਵਿਭਾਗ ਦੇ ਮੁਖੀ ਪ੍ਰੋ. ਹਰਪ੍ਰੀਤ ਸਿੰਘ ਤੇ ਕੋਆਰਡੀਨੇਟਰ ਡਾ. ਸਵਰਲੀਨ ਕੌਰ, ਪ੍ਰੋ. ਰਵਿੰਦਰ ਕੌਰ ਤੇ ਪ੍ਰੋ. ਸ਼ਬਨਮ ਨੇ ਸੈਮੀਨਾਰ ਨੂੰ ਸਫ਼ਲ ਬਣਾਉਣ 'ਚ ਅਹਿਮ ਭੂਮਿਕਾ ਨਿਭਾਈ। ਸੈਮੀਨਾਰ ਦੌਰਾਨ ਡਾ. ਅੰਕਦੀਪ ਕੌਰ ਅਟਵਾਲ ਕੋਆਰਡੀਨੇਟਰ ਅੰਦਰੂਨੀ ਗੁਣਵੱਤਾ ਨਿਰਧਾਰਨ ਸੈੱਲ, ਡਾ. ਹਰਦੇਵ ਸਿੰਘ ਕਨਵੀਨਰ ਭਾਰਤੀ ਗਿਆਨ ਪ੍ਰਣਾਲੀ ਸੈੱਲ ਤੇ ਡਾ. ਕਿਰਨਦੀਪ ਕੌਰ ਐਸੋਸੀਏਟ ਪ੍ਰੋਫੈਸਰ ਧਰਮ ਅਧਿਐਨ ਵਿਭਾਗ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਮੁਖੀ, ਸਟਾਫ਼ ਤੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

## ਧੂਰਕੋਟ ਰਣਸੀਂਹ 'ਚ ਕਿਸਾਨਾਂ ਨੇ ਚਿੱਪ ਵਾਲੇ ਮੀਟਰ ਮੋੜੇ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਪਿੰਡ ਧੂਰਕੋਟ ਰਣਸੀਂਹ ਵਿੱਚ ਲੱਗੇ ਚਿੱਪ ਵਾਲੇ ਮੀਟਰਾਂ ਨੂੰ ਵੱਡੀ ਲਾਮਬੰਦੀ ਨਾਲ ਵਾਪਸ ਕੀਤਾ ਗਿਆ। ਮੀਟਰਾਂ ਨੂੰ ਐੱਸ.ਡੀ.ਓ. ਪੱਤੋ ਹੀਰਾ ਸਿੰਘ ਦੇ ਹਵਾਲੇ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਟੀਮ, ਬਲਾਕ ਟੀਮ ਤੇ ਨਗਰ ਟੀਮ ਨੇ ਵੱਡਾ ਸਹਿਯੋਗ ਦਿੱਤਾ। ਸੈਂਕੜਿਆਂ ਕਿਸਾਨਾਂ ਦੀ ਹਾਜ਼ਰੀ ਨਾਲ ਕਾਰਵਾਈ ਦੌਰਾਨ ਵੱਡਾ ਜੋਸ਼ ਤੇ ਏਕਤਾ ਦੇਖਣ ਨੂੰ ਮਿਲੀ। ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਜ਼ਿਲ੍ਹਾ ਤੇ ਬਲਾਕ ਆਗੂਆਂ ਵਿੱਚ ਇੰਦਰ ਮੋਹਨ ਸਿੰਘ ਪੱਤੋ, ਹਰਜੀਵਨ ਸਿੰਘ ਖਹਿਰਾ, ਗੁਰਬਾਲ ਸਿੰਘ ਵਧਣੀ, ਗੁਰਪਾਲ ਸਿੰਘ ਬੀੜ ਬੱਧਨੀ, ਲਖਬੀਰ ਸਿੰਘ ਸਲਾਤਪੁਰਾ, ਅਵਤਾਰ ਸਿੰਘ ਧੂਰਕੋਟ, ਜਗਰੂਪ ਸਿੰਘ ਬੱਧਨੀ, ਗੁਰਮੇਲ ਸਿੰਘ ਧੂਰਕੋਟ, ਹਰਦੇਵ ਸਿੰਘ ਧੂਰਕੋਟ, ਸੇਵਕ ਸਿੰਘ ਧੂਰਕੋਟ, ਸੁਖਦੇਵ ਸਿੰਘ ਸਲਾਬਤਪੁਰਾ, ਰਾਜੂ ਸਿੰਘ ਰਣਸੀਂਹ ਖੁਰਦ ਆਦਿ ਹਾਜ਼ਰ ਸਨ। ਸੰਗਠਨ ਵੱਲੋਂ ਹਾਜ਼ਰ ਹੋਏ ਸਾਰੇ ਕਿਸਾਨਾਂ ਦਾ ਧੰਨਵਾਦ ਕੀਤਾ ਗਿਆ।

## ਟੀ ਐੱਸ ਯੂ ਤੇ ਇੰਪਲਾਈਜ਼ ਫੈਡਰੇਸ਼ਨ ਏਟਕ ਵੱਲੋਂ ਚੀਫ ਇੰਜੀਨੀਅਰ ਨਾਲ ਮੀਟਿੰਗ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਟੈਕਨੀਕਲ ਸਰਵਿਸ ਯੂਨੀਅਨ ਗੁਰੂ ਹਰਗੋਬਿੰਦ ਸਾਹਿਬ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਪ੍ਰਧਾਨ ਅਮਰਜੀਤ ਸਿੰਘ ਮੰਗਲੀ ਤੇ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਸਕੱਤਰ ਕਮਲਜੀਤ ਸਿੰਘ ਸਾਂਝੇ ਤੌਰ 'ਤੇ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ ਰੋਪੜ ਦੇ ਚੀਫ ਇੰਜੀਨੀਅਰ ਹਰੀਸ਼ ਕੁਮਾਰ ਸ਼ਰਮਾ ਨੂੰ ਇੰਜੀਨੀਅਰ ਕਰਮਜੀਤ ਸਿੰਘ ਐੱਸ ਈ ਹੈੱਡ ਕੁਆਟਰ, ਇੰਜੀਨੀਅਰ ਰਣਜੀਤ ਸਿੰਘ ਸੁਪਰਡੈਂਟ ਇੰਜੀਨੀਅਰ ਤੇ ਉਪ ਲੇਖਾ ਅਫਸਰ ਇੰਦਰਜੀਤ ਸਿੰਘ ਦੀ ਮੌਜੂਦਗੀ ਵਿੱਚ ਮਿਲੇ। ਮੀਟਿੰਗ ਦਕੌਰਾਨ ਦੋਵੇਂ ਥਰਮਲ ਪਲਾਂਟਾਂ ਲਹਿਰ ਮੁਹੱਬਤ ਤੇ ਰੋਪੜ ਵਿੱਚ ਕੰਮ ਕਰਦੇ ਸਕਿਲਡ ਵਰਕਰ ਤੋਂ ਜੇ ਪੀ ਏ ਦੀ ਪ੍ਰਮੋਸ਼ਨ, ਜੇ ਪੀ ਏ ਤੋਂ ਏ ਪੀ ਏ, ਏ ਪੀ ਏ ਤੋਂ ਡੈਸਕ ਕੰਟਰੋਲਰ, ਮਕੈਨੀਕਲ ਦੀ ਪ੍ਰਮੋਸ਼ਨ, ਅਨ ਸਕਿਲਡ ਵਰਕਰ ਤੋਂ ਸਕਿਲਡ ਵਰਕਰ, ਸਕਿਲਡ ਵਰਕਰ ਤੋਂ ਟੀ ਜੀ 2 ਦੀ ਪ੍ਰਮੋਸ਼ਨ ਕਰਨ ਸੰਬੰਧੀ ਚੀਫ ਇੰਜੀਨੀਅਰ ਨੇ ਭਰੋਸਾ ਦਿਵਾਇਆ ਕਿ ਜਲਦੀ ਡੀ ਪੀ ਸੀ ਕਰਵਾਕੇ ਪ੍ਰਮੋਸ਼ਨਾਂ ਕਰ ਦਿੱਤੀਆਂ ਜਾਣਗੀਆਂ। ਲਹਿਰਾ ਮੁਹੱਬਤ ਤੇ ਰੋਪੜ ਥਰਮਲ ਪਲਾਂਟਾਂ ਵਿੱਚ ਤਾਇਨਾਤ ਸਹਾਇਕ ਲਾਈਨਮੈਨ ਤੋਂ ਲਾਈਨਮੈਨ ਦੀ ਤਰੱਕੀ ਹੋਣ 'ਤੇ ਥਰਮਲਾਂ ਵਿੱਚ ਹੀ ਐਡਜਸਟ ਕਰਨ ਸੰਬੰਧੀ ਵੀ ਚੀਫ ਇੰਜੀਨੀਅਰ ਨੇ ਸਹਾਇਕ ਲਾਈਨਮੈਨ ਤੋਂ ਲਾਈਨਮੈਨ ਬਣਨ 'ਤੇ ਥਰਮਲ ਪਲਾਂਟਾ ਵਿੱਚ ਹੀ ਐਡਜਸਟ ਕਰਵਾਏ ਜਾਣ ਦਾ ਭਰੋਸਾ ਦਿਵਾਇਆ।

# ਕਾਮਰੇਡ ਗੁਰਸੇਵਕ ਦਾਸ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਅੱਜ



ਕਾਮਰੇਡ ਗੁਰਸੇਵਕ ਦਾਸ ਭਾਰਤੀ ਕਮਿਊਨਿਸਟ ਪਾਰਟੀ ਦਾ ਤਹਿਸੀਲ ਸੁਨਾਮ ਦਾ ਇੱਕ ਉੱਘਾ ਤੇ ਮੂਹਰਲੀਆਂ ਸਫ਼ਾਂ ਦਾ ਆਗੂ ਸੀ, ਜੋ ਪੰਜਾਬ ਪੱਧਰ ਦੇ ਉੱਘੇ ਤੇ ਵੱਡੇ ਆਗੂਆਂ ਵਿੱਚ ਆਪਣੀ ਪਹਿਚਾਣ ਰੱਖਦਾ ਸੀ। ਕਾਮਰੇਡ ਗੁਰਸੇਵਕ ਦਾਸ ਪਾਰਟੀ ਦੀ ਸੁਨਾਮ ਤਹਿਸੀਲ ਦਾ ਥੰਮ੍ਹ ਸੀ ਤੇ ਜ਼ਿਲ੍ਹਾ ਪੱਧਰ 'ਤੇ ਪਾਰਟੀ ਨੂੰ ਮਜ਼ਬੂਤ ਕਰਨ ਵਿੱਚ ਉਸ ਨੇ ਉੱਘਾ ਯੋਗਦਾਨ ਪਾਇਆ। ਪਾਰਟੀ ਦੀਆਂ ਸਭ ਮੀਟਿੰਗਾਂ ਕਾਮਰੇਡ ਗੁਰਸੇਵਕ ਦਾਸ ਦੀ ਵਰਕਸ਼ਾਪ ਵਿੱਚ ਹੀ ਹੁੰਦੀਆਂ ਸਨ। ਉਸ ਦੀ ਸੂਬਾ ਪੱਧਰ 'ਤੇ ਪਛਾਣ ਸੀ। ਜਦੋਂ ਵੀ ਕੋਈ ਸੂਬਾ ਪੱਧਰ ਦਾ ਆਗੂ ਪਾਰਟੀ ਸਰਗਰਮੀਆਂ ਲਈ ਸੁਨਾਮ ਦੇ ਇਲਾਕੇ ਵਿੱਚ ਆਉਂਦਾ ਤਾਂ ਸਭ ਤੋਂ ਪਹਿਲਾਂ ਕਾਮਰੇਡ ਗੁਰਸੇਵਕ ਦਾਸ ਦੀ ਵਰਕਸ਼ਾਪ 'ਤੇ ਹੀ ਪਹੁੰਚਦਾ ਸੀ। ਕਾਮਰੇਡ ਉਸ ਦੀ ਆਓ ਭਗਤ ਤੇ ਟਹਿਲ ਸੇਵਾ ਕਰਦਾ ਸੀ। ਫਿਰ ਉਸ ਆਗੂ ਨੇ ਜਿੱਥੇ ਕਿਤੇ ਜਾਣਾ ਹੁੰਦਾ ਸੀ, ਉਸ ਨੂੰ ਆਪਣੀ ਜੀਪ ਵਿੱਚ ਲੈ ਕੇ ਜਾਂਦਾ ਸੀ। ਪੰਜਾਬ ਪੱਧਰ ਦੇ ਸਭ ਆਗੂ ਕਾਮਰੇਡ ਨੂੰ ਜਾਣਦੇ ਸਨ ਤੇ ਕਦੇ ਨਾ ਕਦੇ ਉਸ ਦੀ ਵਰਕਸ਼ਾਪ 'ਤੇ ਜ਼ਰੂਰ ਆਏ ਸਨ। ਕਾਮਰੇਡ ਗੁਰਸੇਵਕ ਦਾਸ ਦਾ ਜਨਮ ਪਿਤਾ ਸ੍ਰੀ ਨੱਥੂ ਰਾਮ ਤੇ ਮਾਤਾ ਸ੍ਰੀਮਤੀ ਬਦਾਮੀ ਦੇਵੀ ਦੇ ਘਰ 1945 ਈਸਵੀ ਵਿੱਚ ਸੁਨਾਮ ਦੇ ਤਰਖਾਣਾ ਮੁਹੱਲੇ ਦੇ ਤਰਖਾਣ ਪਰਵਾਰ ਵਿੱਚ ਹੋਇਆ। ਇਨ੍ਹਾਂ ਦੇ ਪਿਤਾ ਜੀ ਬਹੁਤ ਮਿਹਨਤੀ ਸਨ, ਜਿਨ੍ਹਾਂ ਨੇ ਕਿਸਾਨਾਂ ਦੇ ਕਾਫੀ ਹੱਲ ਸਾਂਭੇ ਹੋਏ ਸਨ, ਜਿਸ ਕਰਕੇ ਪਰਵਾਰ ਦਾ ਗੁਜ਼ਾਰਾ ਬਹੁਤ ਵਧੀਆ ਚੱਲਦਾ ਸੀ। ਕਾਮਰੇਡ ਗੁਰਸੇਵਕ ਦਾਸ ਨੇ ਅੱਠਵੀਂ ਤੱਕ ਦੀ ਵਿੱਦਿਆ ਸਰਕਾਰੀ ਹਾਈ ਸਕੂਲ ਸੁਨਾਮ ਤੋਂ ਪ੍ਰਾਪਤ ਕੀਤੀ। ਉਪਰੰਤ ਲੋਹੇ ਦਾ ਕੰਮ ਸਿੱਖਿਆ ਤੇ 1969 ਪਟਿਆਲਾ ਰੋਡ ਤੇ ਸੁਨਾਮ ਰੇਲਵੇ ਫਾਟਕ ਕੋਲ ਬੱਸ ਸਟੈਂਡ ਨਾਲ ਲੱਗਦੀ ਥਾਂ 'ਤੇ ਆਪਣੀ ਵਰਕਸ਼ਾਪ ਸ਼ੁਰੂ ਕੀਤੀ ਅਤੇ ਖੇਤੀ ਦੇ ਟਰੈਕਟਰ ਨਾਲ ਖਿੱਚੇ ਜਾਣ ਵਾਲੇ ਸੰਦ ਹਲ, ਤਵੀਆਂ ਤੇ ਟਰਾਲੀਆਂ ਬਣਾਉਣੀਆਂ ਸ਼ੁਰੂ ਕੀਤੀਆਂ। ਉਸ ਦੀ ਇਮਾਨਦਾਰੀ, ਸੰਦਾਂ ਦੀ ਕੁਆਲਿਟੀ ਤੇ ਮਜ਼ਬੂਤੀ ਕਾਰਨ ਉਸ ਦਾ ਸਾਮਾਨ 20-30 ਮੀਲ ਦੂਰ ਪਿੰਡਾਂ ਦੇ ਲੋਕ ਲੈ ਕੇ ਜਾਂਦੇ ਸਨ।

ਕਾਮਰੇਡ ਗੁਰਸੇਵਕ ਦੀ ਸ਼ਾਦੀ ਸ੍ਰੀਮਤੀ ਸ਼ੀਲਾ ਦੇਵੀ ਨਾਲ 1964 ਵਿੱਚ ਹੋਈ। ਵਿਆਹ ਤੋਂ ਕੁਝ ਸਾਲਾਂ ਬਾਅਦ ਪਤਨੀ ਦੀ ਅਚਾਨਕ ਮੌਤ ਹੋ ਗਈ। ਦੂਜੀ ਸ਼ਾਦੀ ਸ੍ਰੀਮਤੀ ਨਰੰਜਨ ਕੌਰ ਨਾਲ 1968 ਵਿੱਚ ਹੋਈ। ਉਸ ਦੇ ਇੱਕ ਲੜਕੀ ਕਮਲੇਸ਼ ਰਾਣੀ ਪੈਦਾ ਹੋਈ, ਪਰ ਦੂਜੀ ਪਤਨੀ ਵੀ ਅਕਾਲ ਚਲਾਣਾ ਕਰ ਗਈ। ਫਿਰ ਤੀਜੀ ਸ਼ਾਦੀ ਸ਼੍ਰੀਮਤੀ ਪ੍ਰੇਮ ਲਤਾ ਨਾਲ 1978 ਵਿੱਚ ਹੋਈ। ਉਸ ਦੇ ਵੀ ਇੱਕ ਲੜਕੀ ਪੂਨਮ ਰਾਣੀ ਹੋਈ। ਉਸ ਨੇ ਦੋਵਾਂ ਲੜਕੀਆਂ ਨੂੰ ਇੱਕੋ ਜਿਹਾ ਪਿਆਰ ਦੇ ਕੇ ਪਾਲਿਆ। ਦੋਵਾਂ ਨੂੰ ਚੰਗੀ ਵਿੱਦਿਆ ਪੜ੍ਹਾ ਕੇ ਚੰਗੇ ਘਰਾਂ ਵਿੱਚ ਵਿਆਹਿਆ, ਜੋ ਆਪਣੇ ਘਰ ਸੁਖੀ ਵਸ ਰਹੀਆਂ ਹਨ। ਕਾਮਰੇਡ ਗੁਰਸੇਵਕ ਦਾਸ ਦੇ ਛੋਟੇ ਭਰਾ ਬਿਰਜ ਲਾਲ ਐੱਮ.ਏ. ਬੀ.ਐੱਡ ਹਨ। ਉਹ ਕਾਮਰੇਡ ਤੋਂ ਛੇ ਸਾਲ ਛੋਟੇ ਹਨ ਅਤੇ ਲੈਕਚਰਾਰ ਵਜੋਂ ਸੇਵਾ ਮੁਕਤ ਹੋ ਕੇ ਪਾਰਟੀ ਵਿੱਚ ਸਰਗਰਮ ਹਨ।

ਕਾਮਰੇਡ ਗੁਰਸੇਵਕ 1964 ਤੋਂ ਲਗਾਤਾਰ 'ਨਵਾਂ ਜ਼ਮਾਨਾ' ਅਖਬਾਰ ਦਾ ਪਾਠਕ ਸੀ। ਅਖਬਾਰ ਹਰ ਰੋਜ਼ ਉਨ੍ਹਾਂ ਦੇ ਘਰ ਆ ਰਿਹਾ ਹੈ। ਉਹ ਸਮਾਂ ਕੱਢ ਕੇ ਅਖਬਾਰ ਜ਼ਰੂਰ ਪੜ੍ਹਦਾ ਸੀ। ਜਦੋਂ ਕਦੇ ਅਖਬਾਰ ਨੇ ਘਾਟਾ ਪੂਰਾ ਕਰਨ ਲਈ ਫੰਡ ਦੀ ਅਪੀਲ ਕੀਤੀ ਤਾਂ ਵੱਧ ਚੜ੍ਹ ਕੇ ਆਪ ਤੇ ਆਪਣੇ ਸਾਥੀਆਂ ਤੋਂ ਫੰਡ ਇਕੱਠਾ ਕਰਕੇ ਅਖਬਾਰ ਨੂੰ ਭੇਜਦਾ ਸੀ। ਅਖਬਾਰ ਪੜ੍ਹ ਕੇ ਹੀ ਉਹ ਪਾਰਟੀ ਦੀਆਂ ਨੀਤੀਆਂ ਨੂੰ ਸਮਝਣ ਲੱਗਿਆ ਸੀ। ਕਾਮਰੇਡ ਹਰੀ ਸਿੰਘ ਬਖਸ਼ੀਵਾਲਾ ਨੇ 1974 ਵਿੱਚ ਉਸ ਨੂੰ ਪਾਰਟੀ ਮੈਂਬਰ ਬਣਾਇਆ ਤੇ ਉਹ ਆਖਰੀ ਦਮ ਤੱਕ ਪਾਰਟੀ ਨਾਲ ਨਿਭਿਆ। ਉਸ ਦੀ ਕਾਮਰੇਡ ਹਰੀ ਸਿੰਘ ਬਖਸ਼ੀਵਾਲਾ, ਕਾਮਰੇਡ ਕਿਹਰ ਸਿੰਘ ਬਖਸ਼ੀਵਾਲਾ, ਕਾਮਰੇਡ ਪ੍ਰੇਮ ਸਿੰਘ ਲਗਨ, ਕਾਮਰੇਡ ਸੰਪੂਰਨ ਸਿੰਘ ਛਾਜਲੀ ਐਡਵੋਕੇਟ ਤੇ ਕਾਮਰੇਡ ਦਲੀਪ ਸਿੰਘ ਨਾਲ ਪਾਰਟੀ ਤੋਂ ਬਿਨਾਂ ਪਰਿਵਾਰਕ ਸਾਂਝ ਵੀ ਸੀ। ਉਸ ਨੇ ਬੰਤ ਰਾਮ, ਪਾਲੀ ਰਾਮ, ਰਮੇਸ਼ਵਰ ਸਿੰਘ ਆਦਿ ਕਈ ਵਿਅਕਤੀਆਂ ਨੂੰ ਪਾਰਟੀ ਮੈਂਬਰ ਬਣਾਇਆ। ਐਡਵੋਕੇਟ ਸੰਪੂਰਨ ਸਿੰਘ ਨਾਲ ਉਨਾਂ ਦੀ ਸਾਂਝ 1969 ਤੋਂ ਚੱਲ ਰਹੀ ਸੀ। ਪਿਛਲੇ ਕੁੱਝ ਕੁ ਸਾਲਾਂ ਤੋਂ ਕਾਮਰੇਡ ਗੁਰਸੇਵਕ ਦਾਸ ਦੀ ਸਿਹਤ ਢਿੱਲੀ ਚੱਲ ਰਹੀ ਸੀ। ਬਹੁਤ ਇਲਾਜ ਕਰਵਾਏ, ਪਰ ਕਿਸੇ ਨੂੰ ਕੋਈ ਸਮਝ ਨਾ ਲੱਗੀ। ਅੰਤ 20 ਅਗਸਤ 2025 ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪਰਵਾਰ ਨੂੰ ਤਾਂ ਵੱਡਾ ਘਾਟਾ ਪਿਆ ਹੀ ਹੈ, ਪਾਰਟੀ ਤੇ ਸਮਾਜ ਨੂੰ ਵੀ ਵੱਡਾ ਘਾਟਾ ਪਿਆ ਹੈ। ਅੱਜ 31 ਅਗਸਤ ਨੂੰ ਦੁਪਹਿਰੇ 1 ਤੋਂ 2 ਵਜੇ ਤੱਕ ਨਿਆਈਂ ਵਾਲੀ ਧਰਮਸ਼ਾਲਾ ਵਿੱਚ ਉਨ੍ਹਾਂ ਦੇ ਸਾਕ ਸੰਬੰਧੀ, ਪਾਰਟੀ ਮੈਂਬਰ ਤੇ ਦੋਸਤ ਮਿੱਤਰ ਸ਼ਰਧਾ ਦੇ ਫੁੱਲ ਭੇਟ ਕਰਨਗੇ।

**-ਹਾਕਮ ਸਿੰਘ ਭੱਟੀ**

## ਮਹਿਤਾ ਭਰਾਵਾਂ ਵੱਲੋਂ ਪਨਸਪ ਦੇ 2 ਕਰੋੜ ਮੁੱਲ ਦੇ ਝੋਨੇ ਦਾ ਗਬਨ

**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**

ਗੰਡਾ ਖੇੜੀ ਪੁਲਸ ਨੇ ਪਨਸਪ ਦੇ ਜ਼ਿਲ੍ਹਾ ਮੈਨੇਜਰ ਦੀ ਸ਼ਿਕਾਇਤ ਦੇ ਆਧਾਰ 'ਤੇ ਮੈਸਰਜ਼ ਮਹਿਤਾ ਐਗਰੋਟੈਕ ਇੰਡਸਟਰੀ ਦੇ ਲਵਨੀਸ਼ ਮਹਿਤਾ ਤੇ ਭਵਨੀਸ਼ ਮਹਿਤਾ ਪੁਤਰਾਨ ਸਤੀਸ਼ ਕੁਮਾਰ ਵਾਸੀ ਮਕਾਨ ਫੁਲਕੀਆ ਇਨਕਲੇਵ ਪਟਿਆਲਾ ਖਿਲਾਫ਼ ਪਨਸਪ ਪਟਿਆਲਾ ਦੇ 2 ਕਰੋੜ ਮੁੱਲ ਦੇ ਝੋਨੇ ਦਾ ਗਬਨ ਕਰਨ ਦੇ ਮਾਮਲੇ 'ਚ ਮੁਕੱਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪਨਸਪ ਦੇ ਜ਼ਿਲ੍ਹਾ ਮੈਨੇਜ਼ਰ ਨੇ ਗੰਡਾ ਖੇੜੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਮੈਸਰਜ਼ ਮਹਿਤਾ ਐਗਰੋਟੈਕ ਇੰਡਸਟਰੀ ਦਾ ਸ਼ੈਲਰ ਲੋਹਾਖੇੜੀ ਵਿਖੇ ਸਥਿਤ ਹੈ। ਪਨਸਪ ਵੱਲੋਂ ਪੈਡੀ ਸੀਜ਼ਨ 2023/24 ਦੌਰਾਨ ਇਸ ਸ਼ੈਲਰ ਵਿੱਚ ਹਜ਼ਾਰਾਂ ਕੱਟੇ ਜ਼ੀਰੀ ਰੱਖੀ ਸੀ, ਜਿਸ ਵਿੱਚੋਂ ਚੌਲ ਕੱਢ ਕੇ ਉਕਤ ਫਰਮ ਨੇ ਪਨਸਪ ਵਾਪਸ ਦੇਣਾ ਸੀ, ਪਰ ਉਕਤ ਵਰਮ ਨੇ ਸਮਾਂ ਸੀਮਾ ਲੰਘ ਜਾਣ ਤੋਂ ਬਾਅਦ ਵੀ ਪਨਸਪ ਕੋਲ ਚੌਲ ਜਮ੍ਹਾਂ ਨਾ ਕਰਵਾ ਕੇ ਅਮਾਨਤ ਵਿੱਚ ਖਿਆਨਤ ਕੀਤੀ ਹੈ ਅਤੇ ਸਰਕਾਰ ਨੂੰ ਕਰੋੜਾਂ ਦਾ ਚੂਨਾ ਲਾ ਦਿੱਤਾ ਹੈ। ਪੁਲਸ ਨੇ ਜ਼ਿਲ੍ਹਾ ਮੈਨੇਜਰ ਦੀ ਸ਼ਿਕਾਇਤ ਦੇ ਅਧਾਰ 'ਤੇ ਮਹਿਤਾ ਐਗਰੋਟੇਕ ਇੰਡਸਟਰੀ ਦੇ ਲਵਨੀਸ਼ ਮਹਿਤਾ ਤੇ ਭਵਨੀਸ਼ ਮਹਿਤਾ ਖਿਲਾਫ਼ ਬੀਐੱਨਐੱਸ ਦੀ ਧਾਰਾ 316 (2) ਦੇ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ। ਜਦੋਂ ਇਸ ਸਬੰਧੀ ਪਨਸਪ ਦੇ ਅਧਿਕਾਰੀ ਜਗਵਿੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਕਤ ਫਰਮ ਵੱਲੋਂ ਪਨਸਪ ਕੋਲ ਬਣਦਾ ਚਾਵਲ ਜਮਾਂ ਨਾ ਕਰਵਾਉਣ ਕਾਰਨ ਫਰਮ ਡਿਫਾਲਟਰ ਹੋ ਗਈ ਸੀ। ਇਸ ਲਈ ਫਰਮ ਦੇ ਖਿਲਾਫ ਮੁਕੱਦਮਾ ਦਰਜ ਕਰਵਾਇਆ ਗਿਆ ਹੈ। ਜਦੋਂ ਇਸ ਸਬੰਧੀ ਜਾਂਚ ਅਧਿਕਾਰੀ ਸੁਖਵੰਤ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਅਦਾਰੇ ਪਨਸਪ ਉਕਤ ਫਰਮ ਕੋਲ 20199 ਗੱਟੇ ਜ਼ੀਰੀ ਦੇ ਰੱਖੇ ਸੀ, ਜਿਨ੍ਹਾਂ ਵਿੱਚੋਂ 5074.998 ਕੁਇੰਟਲ ਚੌਲ ਉਕਤ ਫਰਮ ਨੇ ਪਨਸਪ ਨੂੰ ਵਾਪਸ ਕਰਨਾ ਸੀ, ਪਰ ਉਕਤ ਫਰਮ ਨੇ ਇਹ ਚੌਲ ਵਾਪਸ ਨਾ ਕਰਕੇ ਪਨਸਪ ਨੂੰ 2,03,57,237 ਦੇ ਕਰੋੜ ਦਾ ਚੂਨਾ ਲਗਾ ਕੇ ਅਮਾਨਤ ਵਿੱਚ ਖਿਆਨਤ ਕੀਤੀ ਹੈ। ਪੁਲਸ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਜਾਂਚ ਵਿੱਚ ਦੋਸ਼ੀ ਪਾਏ ਜਾਣ 'ਤੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਚੇਅਰਮੈਨ ਤੇ ਜ਼ਿਲ੍ਹਾ ਪ੍ਰਧਾਨ ਕੂਹਲੀ ਦਾ ਵਿਸ਼ੇਸ਼ ਸਨਮਾਨ



**ਦੋਰਾਹਾ (ਹਰਮਿੰਦਰ ਸੇਠ)**-ਮਾਰਕੀਟ ਕਮੇਟੀ ਦੋਰਾਹਾ ਦੇ ਨਵੇਂ ਨਿਯੁਕਤ ਚੇਅਰਮੈਨ ਐਡਵੋਕੇਟ ਗੁਰਦਰਸ਼ਨ ਸਿੰਘ ਕੂਹਲੀ ਦਾ ਦੋਰਾਹਾ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਪੁਰਾਣੇ ਸਾਰੇ ਆਗੂ ਤੇ ਵਲੰਟੀਅਰ ਸ਼ਾਮਲ ਹੋਏ, ਜਿਨ੍ਹਾਂ ਨੇ ਐਡਵੋਕੇਟ ਕੂਹਲੀ ਨੂੰ ਮਾਰਕੀਟ ਕਮੇਟੀ ਦੋਰਾਹਾ ਦਾ ਚੇਅਰਮੈਨ ਬਣਨ 'ਤੇ ਸਨਮਾਨਤ ਕਰਦਿਆਂ ਕਿਹਾ ਕਿ ਐਡਵੋਕੇਟ ਗੁਰਦਰਸ਼ਨ ਸਿੰਘ ਕੂਹਲੀ ਮਾਰਕੀਟ ਕਮੇਟੀ ਦੋਰਾਹਾ ਵਿੱਚ ਵਧੀਆ, ਇਮਾਨਦਾਰੀ ਤੇ ਤਨਦੇਹੀ ਨਾਲ ਕੰਮ ਕਰਨਗੇ ਅਤੇ ਆਮ ਆਦਮੀ ਪਾਰਟੀ ਦੇ ਵਰਕਰ ਨਵੇਂ ਚੇਅਰਮੈਨ ਰਾਹੀਂ ਵੱਧ ਤੋਂ ਵੱਧ ਸੇਵਾਵਾਂ ਲੈ ਸਕਣਗੇ। ਇਸ ਮੌਕੇ ਐਡਵੋਕੇਟ ਗੁਰਦਰਸ਼ਨ ਸਿੰਘ ਕੂਹਲੀ ਨੇ ਕਿਹਾ ਕਿ ਉਨ੍ਹਾਂ ਲਈ ਪਾਰਟੀ ਦਾ ਹਰ ਹੁਕਮ ਸਿਰ ਮੱਥੇ ਹੁੰਦਾ ਹੈ ਤੇ ਪਾਰਟੀ ਵੱਲੋਂ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਦਿੱਤੀ ਗਈ ਹੈ। ਇਸ ਜ਼ਿੰਮੇਵਾਰੀ ਦੇ ਚੱਲਦਿਆਂ ਉਹ ਮਾਰਕੀਟ ਕਮੇਟੀ ਦੋਰਾਹਾ ਦੇ ਚੇਅਰਮੈਨ ਵਜੋਂ ਆਪਣੀਆਂ ਸੇਵਾਵਾਂ ਨਿਭਾਉਣਗੇ ਤੇ ਇਸ ਅਦਾਰੇ ਨਾਲ ਜੁੜੇ ਪ੍ਰਸ਼ਾਸਨਕ ਕੰਮਾਂ ਨੂੰ ਪਹਿਲ ਦੇ ਅਧਾਰ 'ਤੇ ਪੂਰਾ ਕਰਨਗੇ। ਉਨ੍ਹਾਂ ਸਨਮਾਨ ਸਮਾਗਮ 'ਚ ਸ਼ਾਮਲ ਹੋਣ ਵਾਲੇ ਆਪ ਅਹੁਦੇਦਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੁਖਵਿੰਦਰ ਸਿੰਘ ਨੋਨਾ, ਇੰਦਰਜੀਤ ਸਿੰਘ ਫੌਜੀ, ਗੁਰਵਿੰਦਰ ਸਿੰਘ ਰਾਣਾ ਕੁੰਨਰ ਪ੍ਰਧਾਨ, ਸਿਰਾਜ ਖਾਨ, ਬਿਮਲ ਸਿੰਘ, ਸਰੂਪ ਸਿੰਘ, ਮਨਜੀਤ ਸਿੰਘ ਧਾਮੀ, ਸੁਖਮਿੰਦਰ ਸਿੰਘ ਮੀਡੀਆ ਇੰਚਾਰਜ, ਕੈਪਟਨ ਰਾਮਪਾਲ ਸਿੰਘ ਬੀਜਾ ਆਦਿ ਹਾਜ਼ਰ ਸਨ।

## ...ਸਫ਼ਾ 1 ਦੇ ਬਾਕੀ

### ਲੁਧਿਆਣਾ 'ਚ ਬਣੇਗੀ ਸ਼ਹੀਦ...

ਸੂਬਾ ਪ੍ਰਧਾਨ ਅਮਨ ਅਰੋੜਾ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਹਰਜੋਤ ਸਿੰਘ ਬੈਂਸ ਅਤੇ 'ਆਪ' ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਸ਼ਿਰਕਤ ਕੀਤੀ।

ਸ਼ਹੀਦ ਊਧਮ ਸਿੰਘ ਸਕਿੱਲ ਡਿਵੈੱਲਪਮੈਂਟ ਐਂਡ ਇੰਟਰਪ੍ਰੀਨਿਓਰਸ਼ਿਪ ਯੂਨੀਵਰਸਿਟੀ ਲੁਧਿਆਣਾ ਵਿਖੇ ਕੰਬੋਜ ਭਾਈਚਾਰੇ ਵੱਲੋਂ ਦਾਨ ਕੀਤੀ ਗਈ 50 ਏਕੜ ਜ਼ਮੀਨ 'ਤੇ ਸਥਾਪਤ ਕੀਤੀ ਜਾਵੇਗੀ ਅਤੇ ਇਸ ਉੱਤੇ 500 ਕਰੋੜ ਰੁਪਏ ਲਾਗਤ ਆਉਣ ਦਾ ਅਨੁਮਾਨ ਹੈ। ਇਹ ਯੂਨੀਵਰਸਿਟੀ ਕੈਂਪਸ ਅਤਿ-ਆਧੁਨਿਕ ਬੁਨਿਆਦੀ ਢਾਂਚੇ, ਡਿਜੀਟਲ ਕਲਾਸਰੂਮ, ਖੋਜ ਕੇਂਦਰ, ਨਵੀਨਤਾ ਕੇਂਦਰ ਅਤੇ ਇਨਕਿਊਬੇਸ਼ਨ ਸਹੂਲਤਾਂ ਨਾਲ ਲੈਸ ਹੋਵੇਗਾ। ਇਸ ਯੂਨੀਵਰਸਿਟੀ ਦਾ ਉਦੇਸ਼ ਵਿਦਿਆਰਥੀਆਂ ਨੂੰ ਅਜੋਕੇ ਯੁੱਗ, ਤਕਨਾਲੋਜੀ-ਸੰਚਾਲਿਤ ਅਰਥ ਵਿਵਸਥਾ, ਨਵੀਨਤਾ, ਉਦਮਤਾ ਅਤੇ ਉਦਯੋਗ ਅਧਾਰਿਤ ਉਦਮਾਂ ਨੂੰ ਉਤਸ਼ਾਹਤ ਕਰਨ ਲਈ ਲੋੜੀਂਦੇ ਹੁਨਰ ਅਤੇ ਸਰੋਤ ਪ੍ਰਦਾਨ ਕਰਨਾ ਹੈ। ਅਮਨ ਅਰੋੜਾ ਅਤੇ ਹਰਜੋਤ ਸਿੰਘ ਬੈਂਸ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਉਦਯੋਗ ਦੀਆਂ ਲੋੜਾਂ ਮੁਤਾਬਕ ਨੌਜਵਾਨਾਂ ਨੂੰ ਹੁਨਰਮੰਦ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ 'ਤੇ ਚਾਨਣਾ ਪਾਇਆ। ਉਨ੍ਹਾਂ ਭਰੋਸਾ ਦਿੱਤਾ ਕਿ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੂੰ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਦੇ ਨਾਲ-ਨਾਲ ਯੂਨੀਵਰਸਿਟੀ ਦੀ ਸਥਾਪਨਾ ਅਤੇ ਸੰਚਾਲਨ ਲਈ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਵਿੱਚ ਮਦਦ ਕੀਤੀ ਜਾਵੇਗੀ। ਇਸ ਮੌਕੇ ਮਨੀਸ਼ ਸਿਸੋਦੀਆ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਸਕਿੱਲ ਡਿਵੈੱਲਪਮੈਂਟ ਐਂਡ ਇੰਟਰਪ੍ਰੀਨਿਓਰਸ਼ਿਪ ਯੂਨੀਵਰਸਿਟੀ ਹੁਨਰ ਵਿਕਾਸ ਅਤੇ ਆਰਥਕ ਵਿਕਾਸ ਨੂੰ ਉਤਸ਼ਾਹਤ ਕਰਨ ਪ੍ਰਤੀ ਪੰਜਾਬ ਸਰਕਾਰ ਦੇ ਯਤਨਾਂ ਨੂੰ ਹੁਲਾਰਾ ਦੇਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਹੈ। ਵਿਹਾਰਕ ਹੁਨਰਾਂ ਅਤੇ ਉਦਯੋਗਿਕ ਭਾਈਵਾਲੀ 'ਤੇ ਧਿਆਨ ਕੇਂਦਰਤ ਕਰਕੇ ਇਹ ਯੂਨੀਵਰਸਿਟੀ ਅਜਿਹੇ ਗ੍ਰੈਜੂਏਟ ਪੈਦਾ ਕਰੇਗੀ, ਜੋ ਰੁਜ਼ਗਾਰ ਹਾਸਲ ਕਰਨ ਦੇ ਸਮਰੱਥ ਹੋਣਗੇ। ਸਿਸੋਦੀਆ ਨੇ ਯੂਨੀਵਰਸਿਟੀ ਲਈ ਜ਼ਮੀਨ ਦਾਨ ਕਰਨ ਅਤੇ ਸਿੱਖਿਆ ਵਿੱਚ ਯੋਗਦਾਨ ਲਈ ਕੰਬੋਜ ਭਾਈਚਾਰੇ ਦੀ ਪ੍ਰਸ਼ੰਸਾ ਕੀਤੀ।

ਜਲਾਲਾਬਾਦ ਤੋਂ ਵਿਧਾਇਕ ਜਗਦੀਪ ਗੋਲਡੀ ਕੰਬੋਜ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਸਕਿੱਲ ਡਿਵੈੱਲਪਮੈਂਟ ਐਂਡ ਇੰਟਰਪ੍ਰੀਨਿਓਰਸ਼ਿਪ ਯੂਨੀਵਰਸਿਟੀ ਲੁਧਿਆਣਾ ਨੂੰ ਹੁਨਰ ਵਿਕਾਸ ਅਤੇ ਉਦਮਤਾ ਦੇ ਕੇਂਦਰ ਵਿੱਚ ਬਦਲ ਦੇਵੇਗੀ, ਜੋ ਭਾਰਤ ਅਤੇ ਵਿਦੇਸ਼ਾਂ ਦੇ ਵਿਦਿਆਰਥੀਆਂ ਨੂੰ ਆਕਰਸ਼ਿਤ ਕਰੇਗੀ। ਕੰਬੋਜ ਭਾਈਚਾਰੇ ਲਈ ਇਹ ਪ੍ਰੋਜੈਕਟ ਇੱਕ ਇਤਿਹਾਸਕ ਮੀਲ ਪੱਥਰ ਹੈ, ਜੋ ਸਿੱਖਿਆ, ਨੌਜਵਾਨਾਂ ਦੇ ਸਸ਼ਕਤੀਕਰਨ ਅਤੇ ਸ਼ਹੀਦ ਊਧਮ ਸਿੰਘ ਦੀ ਵਿਰਾਸਤ ਦੇ ਸਨਮਾਨ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਮੌਕੇ ਸਿੱਖਿਆ, ਹੁਨਰ ਵਿਕਾਸ ਅਤੇ ਸਸ਼ਕਤੀਕਰਨ ਪ੍ਰਤੀ ਡਾ. ਸੰਦੀਪ ਸਿੰਘ ਕੌੜਾ ਦੇ ਯੋਗਦਾਨ ਨੂੰ ਮਾਨਤਾ ਦਿੰਦਿਆਂ ਕੰਬੋਜ ਭਾਈਚਾਰੇ ਨੇ ਉਨ੍ਹਾ ਨੂੰ ਇਸ ਯੂਨੀਵਰਸਿਟੀ ਦਾ 'ਬਾਨੀ ਚਾਂਸਲਰ' ਘੋਸ਼ਿਤ ਕੀਤਾ। ਡਾ. ਕੌੜਾ ਨੇ ਕਿਹਾ ਕਿ ਯੂਨੀਵਰਸਿਟੀ ਦਾ ਧਿਆਨ ਆਰਟੀਫੀਸ਼ੀਅਲ ਇੰਟੈਲੀਜੈਂਸ, ਡੇਟਾ ਸਾਇੰਸ, ਰੋਬੋਟਿਕਸ, ਸਾਈਬਰ ਸੁਰੱਖਿਆ ਅਤੇ ਉਨਤ ਉਦਮਤਾ ਪ੍ਰੋਗਰਾਮਾਂ ਵਰਗੀਆਂ ਅਤਿ-ਆਧੁਨਿਕ ਤਕਨਾਲੋਜੀਆਂ 'ਤੇ ਕੇਂਦਰਤ ਹੋਵੇਗਾ। ਇਹ ਸਮਾਰੋਹ ਬਾਬਾ ਬ੍ਰਹਮ ਦਾਸ (ਡੇਰਾ ਬਾਬਾ ਭੂਮਣ ਸ਼ਾਹ, ਸਿਰਸਾ) ਦੇ ਆਸ਼ੀਰਵਾਦ ਨਾਲ ਸ਼ੁਰੂ ਹੋਇਆ, ਜਿਨ੍ਹਾ ਦੇ ਭਾਰਤ ਅਤੇ ਵਿਦੇਸ਼ਾਂ ਵਿੱਚ ਲੱਖਾਂ ਸ਼ਰਧਾਲੂ ਹਨ। ਸਮਾਗਮ ਵਿੱਚ ਵਿਦੇਸ਼ਾਂ ਤੋਂ ਕੰਬੋਜ ਭਾਈਚਾਰੇ ਦੇ ਉੱਘੇ ਆਗੂਆਂ ਨੇ ਆਨਲਾਈਨ ਸ਼ਿਰਕਤ ਕੀਤੀ ਅਤੇ ਯੂਨੀਵਰਸਿਟੀ ਪ੍ਰੋਜੈਕਟ ਪ੍ਰਤੀ ਆਪਣੀ ਨਿਰਸਵਾਰਥ ਵਚਨਬੱਧਤਾ ਦੁਹਰਾਈ। ਇਸ ਤੋਂ ਇਲਾਵਾ ਸਮਾਗਮ ਵਿੱਚ ਵਿਧਾਇਕ ਡਾ. ਜਮੀਲ ਉਰ ਰਹਿਮਾਨ, ਮਲਕੀਤ ਥਿੰਦ (ਚੇਅਰਮੈਨ, ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ), ਬਲਵਿੰਦਰ ਸਿੰਘ ਜੰਮੂ ਪ੍ਰਧਾਨ ਇੰਡੀਅਨ ਜਰਨਲਿਸਟਸ ਯੂਨੀਅਨ, ਡਾ. ਅਵਤਾਰ ਸਿੰਘ ਚੇਅਰਮੈਨ ਅਮਨ ਗਰੁੱਪ ਆਫ਼ ਹਾਸਪੀਟਲਜ਼, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਪ੍ਰੋ. ਮਨਜੀਤ ਸਿੰਘ, ਜਸਬੀਰ ਸਿੰਘ ਥਿੰਦ ਅਤੇ ਦੇਸ਼ ਭਰ ਤੋਂ ਕੰਬੋਜ ਭਾਈਚਾਰੇ ਦੀਆਂ ਹੋਰ ਉਘੀਆਂ ਸ਼ਖਸੀਅਤਾਂ ਨੇ ਵੀ ਸ਼ਿਰਕਤ ਕੀਤੀ।

### ਹੜ੍ਹ ਨਾਲ ਝੰਭੇ ਲੋਕਾਂ ਦੀਆਂ...

ਦੀ ਸਰਕਾਰ ਨੇ ਦਰਿਆਵਾਂ ਦੇ ਬੰਨ੍ਹਾਂ ਦੀ ਮੁਰੰਮਤ ਨਹੀਂ ਕਰਵਾਈ। ਜਦੋਂ ਵੀ ਹੜ੍ਹ ਆਉਂਦੇ ਹਨ, ਲੋਕ ਆਪ ਹੀ ਬੰਨ੍ਹਾਂ 'ਤੇ ਮਿੱਟੀ ਪਾ ਕੇ ਉਨ੍ਹਾਂ ਨੂੰ ਟੁੱਟਣ ਤੋਂ ਬਚਾਉਂਦੇ ਹਨ। ਪਿੰਡਾਂ ਦੇ ਲੋਕ, ਗੁਰੂ ਘਰ ਤੇ ਸਮਾਜਿਕ ਸੰਸਥਾਵਾਂ ਲੋਕਾਂ ਨੂੰ ਲੰਗਰ ਪਾਣੀ ਤੇ ਪਸ਼ੂਆਂ ਲਈ ਪੱਠੇ ਆਦਿ ਪੁੱਜਦੇ ਕਰ ਰਹੇ ਹਨ। ਸਰਕਾਰ ਕੁਦਰਤੀ ਆਫ਼ਤਾਂ ਸਮੇਂ ਲੋਕਾਂ ਦੀ ਬਾਂਹ ਨਹੀਂ ਫੜਦੀ। ਇਸ ਮੌਕੇ ਰਾਜਿੰਦਰ ਸਿੰਘ ਰਾਣਾ ਐਡਵੋਕੇਟ ਐੱਸ ਕੇ ਐੱਮ ਕਪੂਰਥਲਾ, ਰਘਬੀਰ ਸਿੰਘ ਮਹਿਰਵਾਲਾ ਕਿਰਤੀ ਕਿਸਾਨ ਯੂਨੀਅਨ ਪੰਜਾਬ, ਤਰਸੇਮ ਸਿੰਘ ਬੰਨੇ ਮੱਲ ਕਿਰਤੀ ਕਿਸਾਨ ਯੂਨੀਅਨ, ਹਰਜਿੰਦਰ ਸਿੰਘ ਰਾਣਾ ਬੀ ਕੇ ਯੂ ਏਕਤਾ ਡਕੌਂਦਾ, ਧਨੇਰ, ਧਰਮਿੰਦਰ ਸਿੰਘ ਬੀ ਕੇ ਯੂ ਡਕੌਂਦਾ ਬੁਰਜ ਗਿੱਲ, ਪਰਮਜੀਤ ਸਿੰਘ ਬਾਊਪੁਰ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਅਮਰਜੀਤ ਸਿੰਘ ਟਿੱਬਾ ਆਲ ਇੰਡੀਆ ਕਿਸਾਨ ਸਭਾ ਤੇ ਬਲਦੇਵ ਸਿੰਘ ਪੰਜਾਬ ਕਿਸਾਨ ਸਭਾ ਮੌਜੂਦ ਸਨ।

## ਆਲ ਇੰਡੀਆ ਸਾਈਕਲ ਮੈਨੂਫੈਕਚਰਿੰਗ ਐਸੋਸੀਏਸ਼ਨ ਵੱਲੋਂ ਸਮਾਗਮ

### *ਗਵਰਨਰ ਨੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ*



**ਜਗਰਾਓਂ (ਅਮਿਤ ਖੰਨਾ)**-ਆਲ ਇੰਡੀਆ ਸਾਈਕਲ ਮੈਨੂਫੈਕਚਰਿੰਗ ਐਸੋਸੀਏਸ਼ਨ ਵੱਲੋਂ 4ਵਾਂ ਸਾਲਾਨਾ ਸਮਾਗਮ ਹੋਟਲ ਪਾਰਕ ਪਲਾਜ਼ਾ ਲੁਧਿਆਣਾ ਵਿੱਚ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਗਵਰਨਰ ਤੇ ਚੰਡੀਗੜ੍ਹ ਦੇ ਐਡਮਿਨਿਸਟਰੇਟਰ ਸ੍ਰੀ ਗੁਲਾਬ ਚੰਦ ਕਟਾਰੀਆ ਤੇ ਪੰਜਾਬ ਦੇ ਪਾਵਰ ਮੰਤਰੀ ਸ੍ਰੀ ਸੰਜੀਵ ਅਰੋੜਾ ਮੁੱਖ ਮਹਿਮਾਨ ਵਜੋਂ ਸ਼ਾਮਲ ਸਨ। ਸਮਾਗਮ ਵਿੱਚ ਜ਼ਿਲ੍ਹੇ ਦੇ 25 ਮੈਰੀਟੋਰੀਅਸ ਵਿਦਿਆਰਥੀਆਂ ਨੂੰ ਵਿੱਦਿਅਕ ਖੇਤਰ ਵਿੱਚ ਪ੍ਰਤੀਭਾ ਦਿਖਾਉਣ ਲਈ ਸਨਮਾਨਤ ਕੀਤਾ ਗਿਆ। ਇਨ੍ਹਾਂ ਵਿੱਚੋਂ ਤਿੰਨ ਵਿਦਿਆਰਥੀ ਸਰਕਾਰੀ ਸੀਨੀਅਰ ਸਕੂਲ ਆਫ ਐਮੀਨੈਂਸ (ਐੱਸਓਈ) ਜਗਰਾਓਂ ਦੇ ਸਨ, ਜਿਨ੍ਹਾਂ ਨੇ ਦਸਵੀਂ ਕਲਾਸ ਵਿੱਚ 90% ਤੋਂ ਵੱਧ ਅੰਕ ਹਾਸਲ ਕੀਤੇ। ਮੁੱਖ ਮਹਿਮਾਨਾਂ ਨੇ ਵਿਦਿਆਰਥੀਆਂ ਨੂੰ ਸਨਮਾਨਤ ਕਰਦਿਆਂ ਕਿਹਾ ਕਿ ਸਿੱਖਿਆ ਹੀ ਸਫ਼ਲਤਾ ਦੀ ਕੁੰਜੀ ਹੈ ਤੇ ਨੌਜਵਾਨ ਪੀੜ੍ਹੀ ਨੂੰ ਅੱਗੇ ਵਧਾਉਣ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਇਸ ਮੌਕੇ ਪ੍ਰਿੰਸੀਪਲ ਡਾ. ਗੁਰਵਿੰਦਰਜੀਤ ਸਿੰਘ ਨੇ ਦੱਸਿਆ ਕਿ ਗੁਰਸ਼ਰਨ ਸਿੰਘ ਨੇ 629/650(96.74%) ਅੰਕ ਲੈ ਕੇ ਪੰਜਾਬ ਵਿੱਚ 21ਵਾਂ (ਮੈਰਿਟ ਹੋਲਡਰ) ਅਸ਼ਵਨੀ ਸਿੰਘ ਨੇ ਅੰਕ ਲੈ ਕੇ 611/650(94.0%) ਤੇ ਅੰਤਰਪ੍ਰੀਤ ਕੌਰ ਨੇ 588/650(90.47%) ਅੰਕ ਲੈ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਤੇ ਗਵਰਨਰ ਸਾਹਿਬ ਤੇ ਏ ਆਈ ਸੀ ਐਮ ਏ ਤੋਂ ਇਨਾਮ ਵਜੋਂ ਸਾਈਕਲ ਪ੍ਰਾਪਤ ਕੀਤਾ। ਪ੍ਰਿੰਸੀਪਲ ਨੇ ਗਾਈਡ ਅਧਿਆਪਕਾ ਸ਼੍ਰੀਮਤੀ ਇੰਦੂ ਬਾਲਾ ਸਹਿਗਲ ਦਾ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਦਿੱਤੇ ਗਏ ਵੱਡਮੁੱਲੇ ਮਾਰਗ ਦਰਸ਼ਨ ਲਈ ਧੰਨਵਾਦ ਕੀਤਾ।

**OFFICE OF THE DISTRICT & SESSIONS JUDGE, JALANDHAR.**
**PUBLIC NOTICE**

To

Sh. Baldev Singh, Reader Gr.-III,
in the Court of Sh. Manik Kaura,
Civil Judge (Jr. Divn.)/JMIC, Jalandhar,
S/o Sh. Ajit Singh, Vill. Dogranwal,
PO- Bhaukni Pur, Distt. Kapurthala.

You applied for extension of Medical Leave from 02.03.2022 to 29.10.2022 without enclosing medical certificate/ prescription slip. You were directed to appear before Medical Board, but as per letter dated 27.10.2022 of Civil Surgeon, Jalandhar, you did not appear before the Medical Board for your medical examination on 12.10.2022 and 21.10.2022. Thereafter you also failed to join duty and remained unauthorizedly absent. Accordingly, Charge-sheet bearing No.13201-G/PF dated 14.08.2023 was issued, but you failed to furnish its reply. Thereafter, upon receipt of regular enquiry report, a show cause notice bearing No. 9829-G/PF dated 11.07.2025 for imposing one of major punishment was issued to you alongwith copy of regular enquiry report dated 02.07.2025, but same was received back with report that you have gone abroad.

I am satisfied that the service of notice is not possible through ordinary process. Now, through this publication, you are directed to collect your show cause notice alongwith copy of regular enquiry report with the directions to furnish reply within fifteen (15) days from the date of publication, failing which it shall be presumed that you have nothing to say and action as provided under rules would be taken.

**Sd/-**
**(Nirbhow Singh Gill)**
**District & Sessions Judge,**
**Jalandhar**

## ਨਦੀਆਂ ਦੇ ਬੰਨਿਆਂ 'ਤੇ ਨਜ਼ਰ ਰੱਖਣ ਲਈ ਬਚਾਓ ਟੀਮਾਂ ਮਸ਼ੀਨਰੀ ਸਮੇਤ ਤੈਨਾਤ



**ਦੇਵੀਗੜ੍ਹ (ਰਜਿੰਦਰ ਸਿੰਘ ਥਿੰਦ)**-ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਨੇ ਦੱਸਿਆ ਹੈ ਕਿ ਘੱਗਰ, ਟਾਂਗਰੀ, ਮਾਰਕੰਡਾ ਤੇ ਹੋਰ ਡਰੇਨਾਂ ਵਿੱਚ ਪਾਣੀ ਦੇ ਸੁਚਾਰੂ ਵਹਾਅ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਦੀਆਂ ਟੀਮਾਂ ਤੇ ਮਸ਼ੀਨਰੀ ਸਾਰੀਆਂ ਮਹੱਤਵਪੂਰਨ ਥਾਂਵਾਂ 'ਤੇ ਕੰਮ ਕਰ ਰਹੀਆਂ ਹਨ। ਨਦੀਆਂ ਦੇ ਸਾਰੇ ਬੰਨਿਆਂ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ ਅਤੇ ਕੋਈ ਖ਼ਤਰੇ ਵਾਲੀ ਸਥਿਤੀ ਨਹੀਂ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਾਣੀ ਦੇ ਵਧਦੇ ਪੱਧਰ ਕਾਰਨ ਚੌਕਸ ਰਹਿਣ ਤੇ ਜਲ ਸਰੋਤਾਂ ਤੋਂ ਦੂਰ ਰਹਿਣ। ਘਬਰਾਉਣ ਦੀ ਕੋਈ ਲੋੜ ਨਹੀਂ ਹੈ ਅਤੇ ਨਾਗਰਿਕਾਂ ਨੂੰ ਸਿਰਫ਼ ਅਧਿਕਾਰਤ ਚੇਤਾਵਨੀਆਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਕਿਸੇ ਵੀ ਜ਼ਰੂਰੀ ਸਥਿਤੀ ਵਿੱਚ ਲੋਕ ਜ਼ਿਲ੍ਹਾ ਕੰਟਰੋਲ ਰੂਮ ਨਾਲ 0175-2350550, 0175-2358550 'ਤੇ ਸੰਪਰਕ ਕਰ ਸਕਦੇ ਹਨ।

## ਸੂਬਾ ਸਰਕਾਰ ਬਿਨਾਂ ਕਿਸੇ ਦੇਰੀ ਤੋਂ ਹੜ੍ਹ ਪੀੜਤਾਂ ਦੀ ਸਾਰ ਲਵੇ : ਬੀਬੀ ਘਨੌਰੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਆਮ ਆਦਮੀ ਪਾਰਟੀ ਦੀ ਸਰਕਾਰ ਫੋਕੀ ਬਿਆਨਬਾਜ਼ੀ ਨੂੰ ਛੱਡ ਕੇ ਹੜ੍ਹ ਪੀੜਤ ਪਰਵਾਰਾਂ ਦੀ ਠੋਸ ਰੂਪ ਵਿੱਚ ਸਾਰ ਲਵੇ। ਇਹ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਬੀਬੀ ਹਰਚੰਦ ਕੌਰ ਘਨੌਰੀ ਸਾਬਕਾ ਵਿਧਾਇਕਾ ਨੇ ਮਹਿਲ ਕਲਾਂ, ਮਨਾਲ, ਕਲਾਲ ਮਾਜਰਾ 'ਚ ਤੇਜ਼ ਮੀਂਹ ਦੀ ਮਾਰ ਹੇਠ ਆਏ ਪੀੜਤ ਕਿਸਾਨ, ਮਜ਼ਦੂਰ ਪਰਵਾਰਾਂ ਦੀ ਸਾਰ ਲੈਣ ਉਪਰੰਤ ਕੀਤਾ। ਉਨ੍ਹਾਂ ਕਿਹਾ ਇਸ ਦੁੱਖ ਦੀ ਘੜੀ ਵਿੱਚ ਹਰ ਪਿੰਡ ਤੋਂ ਰਾਸ਼ਨ ਇਕੱਠਾ ਕਰਕੇ ਨੌਜਵਾਨਾਂ ਦੇ ਜਥੇ, ਸਮਾਜ ਸੇਵੀ ਸੰਸਥਾਵਾਂ ਹੜ੍ਹ ਪ੍ਰਭਾਵਿਤ ਹਲਕਿਆਂ ਵਿੱਚ ਜਾ ਕੇ ਪੀੜਤਾਂ ਲਈ ਲੋੜੀਂਦਾ ਸਾਮਾਨ, ਪਸ਼ੂਆਂ ਲਈ ਹਰਾ ਚਾਰਾ, ਤੂੜੀ ਆਦਿ ਪਹੁੰਚਦਾ ਕਰ ਰਹੇ ਹਨ, ਜੋ ਬਹੁਤ ਸ਼ਲਾਘਾਯੋਗ ਕਾਰਜ ਹੈ। ਬੀਬੀ ਘਨੌਰੀ ਨੇ ਹਲਕਾ ਮਹਿਲ ਕਲਾਂ ਦੇ ਪਿੰਡਾਂ ਅੰਦਰ ਤੇਜ਼ ਬਾਰਸ਼ ਨਾਲ ਪ੍ਰਭਾਵਿਤ ਹੋਈਆਂ ਫਸਲਾਂ, ਢਹਿ ਗਏ ਘਰਾਂ ਦੇ ਮੁਆਵਜ਼ੇ ਬਾਰੇ ਤੁਰੰਤ ਕਾਰਵਾਈ ਕਰਕੇ ਲੋੜਵੰਦਾਂ ਦੀ ਮਦਦ ਪਹਿਲ ਦੇ ਆਧਾਰ 'ਤੇ ਜਾਰੀ ਕਰਵਾਉਣ ਦੀ ਮੰਗ ਕੀਤੀ। ਇਸ ਸਮੇਂ ਮੰਡਲ ਪ੍ਰਧਾਨ ਸੁਰਿੰਦਰ ਕਾਲਾ, ਮਹਿੰਦਰ ਸਿੰਘ, ਪਾਲ ਸਿੰਘ, ਮਨਪ੍ਰੀਤ ਸਿੰਘ, ਮਹਿੰਦਰ ਸਿੰਘ ਖ਼ਾਲਸਾ ਆਦਿ ਹਾਜ਼ਰ ਸਨ।

## ਐੱਸ. ਸੀ. ਕਮਿਸ਼ਨ ਦੇ ਮੈਂਬਰ ਵੱਲੋਂ ਡਾਇਰੈਕਟਰ ਲੋਕਲ ਬਾਡੀ ਨਾਲ ਮੀਟਿੰਗ



**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**-ਅਨੁਸੂਚਿਤ ਜਾਤ (ਐੱਸ.ਸੀ.) ਕਮਿਸ਼ਨ ਪੰਜਾਬ ਦੇ ਮੈਂਬਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਵੱਲੋਂ ਕੁਲਵੰਤ ਸਿੰਘ ਧੂਰੀ (ਆਈ.ਏ.ਐੱਸ.) ਡਾਇਰੈਕਟਰ ਲੋਕਲ ਬਾਡੀ ਪੰਜਾਬ ਚੰਡੀਗੜ੍ਹ ਨਾਲ ਮੁਲਾਕਾਤ ਗਈ। ਇਸ ਦੌਰਾਨ ਦਫਤਰ ਵਿੱਚ ਪਹੁੰਚਣ ਤੇ ਡਾਇਰੈਕਟਰ ਕੁਲਵੰਤ ਸਿੰਘ ਵੱਲੋਂ ਮੈਂਬਰ ਐੱਸ.ਸੀ. ਕਮਿਸ਼ਨ ਦਾ ਸਵਾਗਤ ਕੀਤਾ ਤੇ ਇਸ ਮੁਲਾਕਾਤ ਦੌਰਾਨ ਐੱਸ.ਸੀ. ਕਮਿਸ਼ਨ ਦੇ ਮੈਂਬਰ ਸ. ਗੁਰਪ੍ਰੀਤ ਸਿੰਘ ਇੱਟਾਂਵਾਲੀ ਨੇ ਲੋਕਲ ਬਾਡੀ ਮਹਿਕਮੇ ਤੋਂ ਮਿਲਣ ਵਾਲੀਆਂ ਗਰੀਬਾਂ ਨੂੰ ਸਹੂਲਤਾਂ ਬਾਰੇ ਵਿਚਾਰ ਚਰਚਾ ਕੀਤੀ, ਜਿਸ 'ਤੇ ਸ਼੍ਰੀ ਕੁਲਵੰਤ ਸਿੰਘ ਧੂਰੀ ਡਾਇਰੈਕਟਰ ਲੋਕਲ ਬਾਡੀ ਪੰਜਾਬ ਚੰਡੀਗੜ੍ਹ ਨੇ ਕਿਹਾ ਕਿ ਮਹਿਕਮੇ ਵਿੱਚੋਂ ਵੀ ਸਹੂਲਤਾਂ ਐੱਸ.ਸੀ. ਪਰਿਵਾਰਾਂ ਲਈ ਬਣਦੀਆਂ ਹਨ, ਉਹ ਉਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਦੇਣ ਦਾ ਹੱਲ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਐੱਸ.ਸੀ. ਕਮਿਸ਼ਨ ਦੇ ਮੈਂਬਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਦੇ ਪੀ.ਏ. ਹਰਜਿੰਦਰ ਸਿੰਘ ਮੌਜੂਦ ਸਨ। ਪੀ.ਏ. ਹਰਜਿੰਦਰ ਸਿੰਘ ਨੇ ਦੱਸਿਆ ਕਿ ਡਾਇਰੈਕਟਰ ਨਾਲ ਐੱਸ.ਸੀ. ਕਮਿਸ਼ਨਰ ਦੇ ਮੈਂਬਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਵੱਲੋਂ ਨਗਰ ਨਿਗਮ ਵਿੱਚ ਸੇਵਾਵਾਂ ਦੇਣ ਵਾਲੇ ਸਫਾਈ ਸੇਵਕਾਂ ਤੇ ਉਨ੍ਹਾਂ ਦੇ ਬੱਚਿਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ।

## ਵਿਧਾਇਕ ਤੇ ਚੇਅਰਮੈਨ ਵੱਲੋਂ ਹੜ੍ਹ ਪੀੜਤਾਂ ਲਈ ਟਰੱਕ ਰਵਾਨਾ



**ਬਸੀ ਪਠਾਣਾ/ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਹੜ੍ਹ ਪੀੜਤ ਇਲਾਕਿਆਂ ਵਿੱਚ ਮਦਦ ਵਜੋਂ ਰਾਹਤ ਸਮੱਗਰੀ ਭੇਜਣ ਦਾ ਸਿਲਸਿਲਾ ਜਾਰੀ ਹੈ। ਇਸੇ ਲੜੀ ਤਹਿਤ ਬੀਤੇ ਦਿਨ ਵਿਧਾਇਕ ਰੁਪਿੰਦਰ ਸਿੰਘ ਹੈਪੀ ਤੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਜੈ ਸਿੰਘ ਲਿਬੜਾ ਵੱਲੋਂ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਤੇ ਵਿਧਾਇਕ ਅਮਲੋਹ ਗੁਰਿੰਦਰ ਸਿੰਘ ਗੈਰੀ ਬੜਿੰਗ ਦੇ ਸਹਿਯੋਗ ਸਦਕਾ ਜ਼ਿਲ੍ਹਾ ਵਾਸੀਆਂ ਤੇ ਪਾਰਟੀ ਵਰਕਰਾਂ ਵੱਲੋਂ ਇਕੱਤਰ ਰਾਸ਼ਨ ਸਮੱਗਰੀ ਦਾ ਟਰੱਕ ਹੜ੍ਹ ਪੀੜਤ ਪਰਵਾਰਾਂ ਦੀ ਮਦਦ ਵਜੋਂ ਰਵਾਨਾ ਕੀਤਾ ਗਿਆ। ਇਸ ਮੌਕੇ ਵਿਧਾਨ ਸਭਾ ਹਲਕਾ ਬਸੀ ਪਠਾਣਾ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਤੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਜੈ ਸਿੰਘ ਲਿਬੜਾ ਨੇ ਕਿਹਾ ਕਿ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਤੋਂ ਨਿਰੰਤਰ ਰਾਸ਼ਨ ਸਮੱਗਰੀ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਭੇਜੀ ਜਾ ਰਹੀ ਹੈ ਤੇ ਪਾਰਟੀ ਵਲੰਟੀਅਰ ਵੀ ਵਿਅਕਤੀਗਤ ਤੌਰ 'ਤੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪਹੁੰਚ ਕੇ ਰਾਹਤ ਕਾਰਜਾਂ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਦੇ ਰਹੇ ਹਨ।

**ANMOL INDIA LIMITED**
CIN: L51909PB1998PLC050300
Regd. Office: 2nd Floor, 2/43, Block B, Aggar Nagar, Ludhiana, Punjab- 141001. Website : www.anmolindialtd.com,
Email: anmol.india.limited@gmail.com

**INTIMATION ABOUT 27TH ANNUAL GENERAL MEETING AND BOOK CLOSURE**

Notice is hereby given that the 27th Annual General Meeting ('AGM') of the Company will be held on Friday, 26th September, 2025 at 10.00 A.M. (IST) at the Registered Office of the Company at 2/43, 2nd Floor, Block B, Aggar Nagar, Ludhiana, Punjab- 141001, in compliance with General Circular Numbers 17/2020 dated 13th April, 2020, 14/2020 dtd 8th April, 2020, 20/2020 dtd 05th May, 2020, 22/2020 dtd 15th June, 2020, 33/2020 dtd 28th September, 2020, 39/2020 dtd 31st December, 2020, 10/2021 dtd 21st June, 2021, 20/2021 dtd 08th December, 2021, 02/2022 dtd 03rd May, 2022, 11/2022 dtd 28th December, 2022, 09/2023 dtd 25th September, 2023, 09/2024 dtd 19th September, 2024 (the MCA Circulars) and Circular No. SEBI/HO/CFD/CMD1/CIR/P/2020/79 dtd 12th May,2020, Circular No. SEBI/HO/CFD/CMD2/CIR/P/2021/11 dtd 15th January, 2021, Circular No. SEBI/HO/CFD/CMD2/CIR/P2022/62 dtd 13th May, 2022, Circular No. SEBI/HO/CFD/PoD-2/P/CIR/2023/4 dtd 05th January, 2023, Circular No. SEBI/HO/CFD/CFD-PoD-2/P/CIR/2023/167 dtd 07th October, 2023 and Circular No. SEBI/HO/CFD/CFD-PoD-2/P/CIR/2024/133 dtd 03rd October, 2024 issued by the Securities and Exchange Board of India.

Kindly note that the electronic copies of the notice and annual report for the FY 2024-25 will be sent to all the members whose email addresses are registered with the company/Depository participant(s) within the prescribed timeline and also available on the website of company www.anmolindialtd.com, CDSL at www.evotingindia.com and stock exchanges i.e. BSE Limited at www.bseindia.com and NSE Limited at www.nseindia.com.

Members who have still not registered their email addresses can get their email addresses registered by contacting their respective Depository Participant. In terms of Regulation 36(1)(b) of the SEBI (Listing Obligations and Disclosure Requirements), Regulations, 2015 (as amended vide circular dated December 12,2024), the shareholders whose email id is not registered with the RTA/ Depository Participant, a letter including the web-link along with the path to access the Annual Report of Company will be sent to the shareholders.

The remote e-voting window will open at 10.00 A.M. on 23rd September, 2025 and closed at 05.00 P.M. on 25th September, 2025. Members holding shares in dematerialized form as on the cut off date i.e. 19th September, 2025, may cast their vote electronically through electronic voting system of the Central Depository Services (India) Ltd. (CDSL) as well as voting through ballot paper at the AGM on the business as set out in the Notice of AGM. The remote e-voting module will be disabled after the above time line by CDSL and E- voting shall not be allowed thereafter.The members attending the meeting who have not already cast their vote by remote e-voting shall be able to exercise the right at the meeting. The members who have cast their vote by remote e-voting prior to the meeting may also attend the meeting but shall not be entitled to cast the vote again.

Any person who acquires shares of the Company and becomes a shareholder of the Company after email of the Notice of AGM and holds shares as on the cut- off date i.e. 19th September, 2025, may obtain the login ID and password for remote e- voting by sending a request at info@bigshareonline.com.

Further, pursuant to the provisions of section 91 of the Companies Act, 2013, the Register of Members and the Share Transfer Books of the Company will remain closed from Friday, 19th September, 2025 to Friday, 26th September, 2025 (both days inclusive) for the purpose of 27th AGM.

Any query/grievance connecting with voting by electronic means, should be addressed to the Company Secretary at the above mentioned email id and /or address.

**By order of the board of Directors**
**For Anmol India Limited**
Sd/-
(Parabhjot Kaur)
Company Secretary & Compliance Officer

Dated: 31st August, 2025
Place: Ludhiana

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਕ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸੁਨੀਲ ਜਾਖੜ ਵੱਲੋਂ ਹੜ੍ਹ ਪ੍ਰਭਾਵਿਤ ਅਜਨਾਲਾ ਵਿਧਾਨ ਸਭਾ ਹਲਕੇ ਦੇ ਪਿੰਡਾਂ ਦਾ ਦੌਰਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਅਜਨਾਲਾ ਵਿਧਾਨ ਸਭਾ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ



ਕੀਤਾ ਅਤੇ ਹੜ੍ਹ ਪੀੜਤ ਲੋਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ।ਇਸ ਮੌਕੇ ਉਨ੍ਹਾਂ ਨਾਲ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਅਮਰਪਾਲ ਸਿੰਘ ਬੋਨੀ ਅਜਨਾਲਾ ਵੀ ਹਾਜ਼ਰ ਸਨ,ਭਾਜਪਾ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਦੀ ਅਗਵਾਈ ਹੇਠ ਉਲੀਕੀ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਨੇ ਪੰਜਾਬ ਸਰਕਾਰ 'ਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਅਤੇ ਸਹਾਇਤਾ ਨਾ ਪਹੁੰਚਾਉਣ ਦੇ ਦੋਸ਼ ਲਾਏ ਤੇ ਕਿਹਾ ਕਿ ਪੰਜਾਬ ਦੇ ਸਰਹੱਦੀ ਇਲਾਕੇ ਵਿੱਚ ਹੋਏ ਵੱਡੇ ਨੁਕਸਾਨ ਲਈ ਪੰਜਾਬ ਸਰਕਾਰ ਸਿੱਧੇ ਤੌਰ ਤੇ ਜ਼ਿੰਮੇਵਾਰ ਹੈ। ਜਾਖੜ ਨੇ ਸਪੱਸ਼ਟ ਕੀਤਾ ਕਿ ਉਹ ਰਾਜਨੀਤੀ ਕਰਨ ਨਹੀਂ, ਸਗੋਂ ਸਰਕਾਰ ਨੂੰ ਉਸ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣ ਅਤੇ ਹੜ੍ਹ ਪੀੜਤਾਂ ਦੀ ਮਦਦ ਲਈ ਆਏ ਹਨ।ਉਨ੍ਹਾਂ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ, ਧਾਰਮਿਕ ਜਥੇਬੰਦੀਆਂ ਅਤੇ ਪੰਜਾਬ ਦੇ ਆਮ ਲੋਕ ਹੀ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਏ ਹਨ, ਜਦਕਿ ਸਰਕਾਰ ਪੂਰੀ ਤਰ੍ਹਾਂ ਨਾਲ ਅਸਫਲ ਸਾਬਤ ਹੋਈ ਹੈ। ਜਾਖੜ ਨੇ ਮੁੱਖ ਮੰਤਰੀ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਆਪਣੀ ਜ਼ਿੰਮੇਵਾਰੀ ਸੰਭਾਲੋ, ਜਵਾਬ ਤੁਹਾਡੇ ਤੋਂ ਬਾਅਦ ਵਿੱਚ ਮੰਗਿਆ ਜਾਵੇਗਾ। ਸੁਨੀਲ ਜਾਖੜ ਨੇ ਦੱਸਿਆ ਕਿ ਕੇਂਦਰ ਸਰਕਾਰ ਨੇ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਪੰਜਾਬ ਨੂੰ ਨਿਰਧਾਰਤ ਫੰਡ 611 ਕਰੋੜ ਰੁਪਏ ਵਿੱਚੋਂ 229 ਕਰੋੜ ਰੁਪਏ ਜਾਰੀ ਕਰ ਦਿੱਤੇ ਹਨ ਪਰ ਪੰਜਾਬ ਸਰਕਾਰ ਨੇ ਇਸ ਰਾਸ਼ੀ ਦਾ ਸਹੀ ਇਸਤੇਮਾਲ ਨਹੀਂ ਕੀਤਾ।

# ਕਟਾਰੂਚੱਕ ਨੇ ਪਸ਼ੂਆਂ ਦੇ ਚਾਰੇ ਲਈ 1500 ਚੋਖਰ ਦੀਆਂ ਬੋਰੀਆਂ ਨੂੰ ਦਿੱਤੀ ਹਰੀ ਝੰਡੀ

**ਪਠਾਨਕੋਟ (ਦਵਿੰਦਰ ਸਿੰਘ)**- ਜਿੱਥੇ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਤੋਂ ਬਾਅਦ ਬਮਿਆਲ ਅਤੇ ਨਰੋਟ ਜੈਮਲ ਸਿੰਘ ਦੇ ਹੜ੍ਹ ਪ੍ਰਭਾਵਿਤ ਦਰਜਨਾਂ ਪਿੰਡਾਂ ਵਿੱਚ ਪਹੁੰਚ ਕਰਕੇ ਲੋਕਾਂ ਨੂੰ ਖਾਣ-ਪੀਣ ਦਾ ਸਾਮਾਨ ਉਪਲਬਧ ਕਰਵਾਉਣ ਦੇ ਲਈ ਰਾਹਤ ਸਮੱਗਰੀ ਦੀ ਵੰਡ ਕੀਤੀ ਜਾ ਰਹੀ ਹੈ ਅਤੇ ਹੁਣ ਪੰਜਾਬ ਸਰਕਾਰ ਵੱਲੋਂ ਪਸ਼ੂਆਂ ਦੇ ਚਾਰੇ ਲਈ ਇਨ੍ਹਾਂ ਪਿੰਡਾਂ ਵਿੱਚ ਕਰੀਬ 1500 ਚੋਖਰ ਦੀਆਂ ਬੋਰੀਆਂ ਭੇਜੀਆਂ ਗਈਆਂ ਹਨ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਰਾਵੀ 'ਤੇ ਬਣੇ ਕਥਲੌਰ ਪੁਲ ਤੋਂ ਚੋਖਰ ਨਾਲ ਭਰੇ ਟਰੱਕਾਂ ਨੂੰ ਹਰੀ ਝੰਡੀ ਦੇਣ ਮਗਰੋਂ ਕੀਤਾ।ਇਸ ਮੌਕੇ ਕਟਾਰੂਚੱਕ ਨੇ ਕਿਹਾ ਕਿ ਪਿਛਲੇ ਦਿਨ੍ਹਾਂ ਤੋਂ ਉਨ੍ਹਾਂ ਵੱਲੋਂ ਬਮਿਆਲ ਅਤੇ ਨਰੋਟ ਜੈਮਲ ਸਿੰਘ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਗਿਆ ਅਤੇ ਦੇਖਣ ਵਿੱਚ ਆਇਆ ਕਿ ਫਸਲਾਂ ਪ੍ਰਭਾਵਿਤ ਹੋਣ ਕਰਕੇ ਲੋਕਾਂ ਨੂੰ ਪਸ਼ੂਆਂ ਦੇ ਲਈ ਚਾਰੇ ਦੀ ਵਿਵਸਥਾਂ ਕਰਨ ਵਿੱਚ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਜਿਸ ਦੇ ਚਲਦਿਆਂ ਹੜ੍ਹ ਪ੍ਰਭਾਵਿਤ ਪਿੰਡ ਮਜੀਰੀ, ਪਹਾੜੀਪੁਰ, ਪੰਮਾ, ਪੋਲਾ, ਫਤਿਹਪੁਰ, ਮੰਜੀਰੀ, ਬਮਿਆਲ, ਮਾਮਨਪੁਰ, ਤਾਸ, ਕਾਜਲੇ, ਤੂਰ, ਲਸਿਆਣ ਆਦਿ ਪਿੰਡਾਂ ਵਿੱਚ ਪਸ਼ੂਆਂ ਦੇ ਚਾਰੇ ਦੇ ਲਈ ਕਰੀਬ 1500 ਚੋਖਰ ਦੀਆਂ ਬੋਰੀਆਂ ਰਵਾਨਾ ਕੀਤੀਆਂ।ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲਗਾਤਾਰ ਪਹੁੰਚ ਕਰਕੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਅਤੇ ਹੁਣ ਪੰਜਾਬ ਸਰਕਾਰ ਵੱਲੋਂ ਪਸ਼ੂਆਂ ਦੇ ਚਾਰੇ ਦੇ ਲਈ ਚੋਖਰ ਦੀ ਵਿਵਸਥਾ ਕੀਤੀ ਹੈ।



# ਬਾਬਾ ਬੁੱਢਾ ਚੈਰੀਟੇਬਲ ਹਸਪਤਾਲ ਵਿਖੇ ਸਰਹੱਦੀ ਲੋਕਾਂ ਨੂੰ ਵੱਧ ਤੋਂ ਵੱਧ ਸਿਹਤ ਸਹੂਲਤਾਂ ਦਿੱਤੀਆਂ ਜਾਣਗੀਆਂ : ਬਾਦਲ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬਾਬਾ ਬੁੱਢਾ ਚੈਰੀਟੇਬਲ ਹਸਪਤਾਲ ਵਿਖੇ ਵਿਸ਼ਾਲ ਮੈਡੀਕਲ ਕੈਂਪ ਡਾਇਰੈਕਟਰ ਡਾਕਟਰ ਗੁਰਲਾਲ ਸਿੰਘ ਦੀ ਨਿਗਰਾਨੀ ਹੇਠ ਲਗਾਇਆ ਗਿਆ।ਇਸ ਸਮੇਂ ਕੈਂਪ ਦੀ ਅਰੰਭਤਾ ਦੀ ਅਰਦਾਸ ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਨੇ ਕੀਤੀ।ਇਸ ਸਮੇਂ ਕੈਂਪ ਦਾ ਉਦਘਾਟਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਰਦਿਆਂ ਕਿਹਾ ਸਰਹੱਦੀ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਇਥੇ ਵੱਧ ਤੋਂ ਵੱਧ ਸਿਹਤ ਸਹੂਲਤਾਂ ਦਿੱਤੀਆਂ ਜਾਣਗੀਆਂ। ਇਸ ਹਸਪਤਾਲ ਨੂੰ ਗੁਰੂ ਰਾਮਦਾਸ ਹਸਪਤਾਲ ਨਾਲ ਜੋੜਿਆ ਜਾਵੇਗਾ ਤੇ ਜੋ ਸਹੂਲਤਾਂ ਗੁਰੂ ਰਾਮਦਾਸ ਹਸਪਤਾਲ ਵਿਚ ਮਿਲਦੀਆਂ ਹਨ ਏਥੇ ਵੀ ਜਲਦੀ ਹੀ ਸ਼ੁਰੂ ਕਰ ਦਿੱਤੀਆਂ ਜਾਣਗੀਆਂ ਤੇ ਜਲਦੀ ਹੀ ਸ੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ



ਅਰਜਨ ਦੇਵ ਜੀ ਦੀ ਨਗਰੀ ਤਰਨਤਾਰਨ ਵਿਖੇ ਲੜਕੀਆਂ ਲਈ ਨਰਸਿੰਗ ਕਾਲਜ ਵੀ ਜਲਦੀ ਹੀ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿੱਚ ਆਏ ਮਰੀਜ਼ਾਂ ਦਾ ਚੈੱਕਅਪ ਗੁਰੂ ਰਾਮਦਾਸ ਜੀ ਵੱਲਾ ਹਸਪਤਾਲ ਤੋਂ ਆਈਆਂ ਡਾਕਰੀ ਟੀਮਾਂ ਤੋਂ ਇਲਾਵਾ ਅੱਖਾਂ ਦੇ ਸਪੈਸ਼ਲਿਸਟ ਡਾਕਟਰ ਸਾਹਿਲ ਸਰਪਾਲ, ਹੱਡੀਆਂ ਦੇ ਡਾਕਟਰ ਚੰਦਰ ਸ਼ੇਖਰ, ਡਾ ਗੁਰਪ੍ਰੀਤ ਸਿੰਘ ਭੁੱਲਰ ਅਤੇ ਲੇਡੀ ਸਪੈਸ਼ਲਿਸਟ ਡਾਕਟਰ ਸੋਨੀਆ ਰਾਣਾ, ਦੰਦਾਂ ਦੇ ਸਪੈਸ਼ਲਿਸਟ ਡਾਕਟਰਾਂ ਨੇ ਕੀਤਾ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਗੁਰਲਾਲ ਸਿੰਘ ਨੇ ਦੱਸਿਆ ਕਿ ਕੈਂਪ ਦੌਰਾਨ ਕੋਈ 50 ਤੋਂ ਉੱਪਰ ਲੋੜਵੰਦਾਂ ਦੇ ਅਪਰੇਸ਼ਨ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਇੱਥੇ ਜਲਦੀ ਹੀ ਦੂਰਬੀਨ ਰਾਹੀਂ ਆਪ੍ਰੇਸ਼ਨ ਸ਼ੁਰੂ ਕੀਤੇ ਜਾ ਰਹੇ ਹਨ ਤੋਂ ਇਲਾਵਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਡਾਕਟਰ ਏ. .ਪੀ ਸਿੰਘ ਦੇ ਧਿਆਨ ਵਿੱਚ ਅਲਟਰਾ ਸਾਊਂਡ, ਐੱਮਡੀ ਡਾਕਟਰ, ਬੱਚਿਆਂ ਦਾ ਸਪੈਸ਼ਲਿਸਟ ਅਤੇ ਬਲੱਡ ਬੈਂਕ ਸਬੰਧੀ ਲਿਆਂਦਾ ਹੈ ਜਿਸ ਨੂੰ ਜਲਦੀ ਸਵੀਕਾਰ ਕੀਤਾ ਜਾ ਰਿਹਾ ਹੈ।

# ਕੇਸੋਪੁਰ ਮਿਆਣੀ ਛੰਭ 'ਚ ਮੱਛੀ ਪਾਲਕਾਂ ਦੇ ਹੋਏ ਨੁਕਸਾਨ ਦੇ ਮੁਆਵਜ਼ੇ ਲਈ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸੰਯੁਕਤ ਕਿਸਾਨ ਮੋਰਚੇ ਨਾਲ ਸੰਬੰਧਿਤ ਜੱਥੇਬੰਦੀਆਂ ਪੰਜਾਬ ਕਿਸਾਨ ਯੂਨੀਅਨ ਅਤੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜ ਕੇ ਮੰਗ ਕੀਤੀ ਕਿ ਕੇਸੋਪੁਰ ਮਿਆਣੀ ਛੰਭ ਵਿੱਚ ਮੱਛੀ ਪਾਲਕਾਂ ਦੀ ਹੜ੍ਹਾਂ ਵਿੱਚ ਰੁੜ੍ਹ ਗਈ ਮੱਛੀ ਦੇ ਹੋਏ ਨੁਕਸਾਨ ਦਾ ਯੋਗ ਮੁਆਵਜ਼ਾ ਦਿੱਤਾ ਜਾਵੇ।ਵਫਦ ਵਿੱਚ ਸ਼ਾਮਿਲ ਕਿਸਾਨ ਆਗੂ ਸੁਖਦੇਵ ਸਿੰਘ ਭਾਗੋਕਾਵਾਂ, ਗੁਰਦੀਪ ਸਿੰਘ ਮੁਸਤਫਾਬਾਦ, ਅਸ਼ਵਨੀ



ਕੁਮਾਰ ਲੱਖਣ ਕਲਾਂ, ਬਲਬੀਰ ਸਿੰਘ ਬੈਂਸ ਅਤੇ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕੇਸੋਪੁਰ ਦੇ ਛੰਭ ਵਿੱਚ ਕਰੀਬ 300 ਏਕੜ ਪੰਚਾਇਤੀ ਜ਼ਮੀਨ ਕਰੀਬ ਡੇਢ ਦਰਜਨ ਪਰਿਵਾਰਾਂ ਨੇ ਠੇਕੇ ਤੇ ਲੈ ਕੇ ਮੱਛੀ ਪਾਲਣ ਦਾ ਕਾਰੋਬਾਰ ਕੀਤਾ ਹੋਇਆ ਸੀ, ਜਿੰਨਾ ਵਲੋਂ ਕਰੀਬ ਛੇ ਮਹੀਨੇ ਪਹਿਲਾਂ ਹੀ ਮੱਛੀ ਦਾ ਪੂੰਗ ਤਲਾਵਾਂ ਵਿੱਚ ਪਾਇਆ ਗਿਆ ਸੀ।ਇਨ੍ਹਾਂ ਤਲਾਵਾਂ ਵਿੱਚ ਹੜ੍ਹ ਦਾ ਕਈ ਕਈ ਫੁੱਟ ਪਾਣੀ ਚੜ੍ਹ ਜਾਣ ਕਾਰਨ ਸਾਰੀ ਮੱਛੀ ਦਾ ਪੂੰਗ ਅਤੇ ਵੱਡੀ ਮੱਛੀ ਰੁੜ੍ਹ ਗਈ ਹੈ।ਜਿਸ ਕਾਰਨ ਮੱਛੀਪਾਲਕ ਪਰਿਵਾਰਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ। ਜਦੋਂ ਕਿ ਕੁੱਝ ਸਮੇਂ ਬਾਅਦ ਮੱਛੀਪਾਲਕ ਪਰੀਵਾਰਾਂ ਨੇ ਇਸ ਜ਼ਮੀਨ ਦਾ ਠੇਕਾ ਵੀ ਅਦਾ ਕਰਨਾ ਹੈ।ਮੌਜੂਦਾ ਸਮੇਂ ਹੜ੍ਹਾਂ ਕਾਰਨ ਹੋਏ ਮੱਛੀਪਾਲਕਾਂ ਦੇ ਵੱਡੇ ਨੁਕਸਾਨ ਦੀ ਪੂਰਤੀ ਸਰਕਾਰ ਵੱਲੋਂ ਦਿੱਤੇ ਮੁਆਵਜ਼ੇ ਨਾਲ ਹੀ ਪੂਰੀ ਹੋ ਸਕਦੀ ਹੈ। ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਖੇਤੀ ਦੇ ਇਸ ਸਹਾਇਕ ਧੰਦੇ ਨੂੰ ਬਚਾਉਣ ਲਈ ਮੱਛੀਪਾਲਕਾਂ ਦੇ ਹੋਏ ਨੁਕਸਾਨ ਦੀ ਪੂਰਤੀ ਕੀਤੀ ਜਾਵੇ।ਆਗੂਆਂ ਪੰਜਾਬ ਵਿੱਚ ਕਿਸਾਨਾਂ, ਮਜ਼ਦੂਰਾਂ ਅਤੇ ਲੋਕਾਂ ਦੇ ਹੜ੍ਹਾਂ ਕਾਰਨ ਹੋਣ ਵਾਲੇ ਨੁਕਸਾਨ ਲਈ, ਬੀਤੇ ਸਮੇਂ ਦੀਆਂ ਹੁਣ ਤੱਕ ਦੀਆਂ ਸਰਕਾਰਾਂ ਉਪਰ ਦੋਸ਼ ਲਾਇਆ ਕਿ ਕਿਸਾਨਾਂ ਤੇ ਆਮ ਲੋਕਾਂ ਦੇ ਵੱਡੇ ਪੱਧਰ ਤੇ ਹੋਏ ਨੁਕਸਾਨ ਲਈ ਇਹ ਧਿਰਾਂ ਜਿੰਮੇਵਾਰ ਹਨ, ਕਿਉਂਕਿ ਹੜ੍ਹਾਂ ਦੇ ਨੁਕਸਾਨ ਤੋਂ ਲੋਕਾਂ ਨੂੰ ਬਚਾਉਣ ਲਈ ਕਿਸੇ ਵੀ ਸਰਕਾਰ ਵੱਲੋਂ ਦਰਿਆਵਾਂ ਅਤੇ ਨਹਿਰਾਂ ਨਾਲੇ ਆਦਿ ਦੇ ਕੰਢਿਆਂ ਦੀ ਠੋਸ ਮਜ਼ਬੂਤੀ ਲਈ ਕਦੇ ਵੀ ਕੋਈ ਨੀਤੀ ਤੈਅ ਨਹੀਂ ਕੀਤੀ ਗਈ ਅਤੇ ਹਮੇਸ਼ਾ ਬਾਰਿਸ਼ਾਂ ਮੌਕੇ ਆਰਜ਼ੀ ਪ੍ਰਬੰਧ ਕੀਤੇ ਜਾਂਦੇ ਹਨ, ਜੋ ਲੋਕਾਂ ਦੇ ਵੱਡੇ ਨੁਕਸਾਨ ਦਾ ਕਾਰਨ ਬਣਦੇ ਹਨ।ਵਫਦ ਵਿੱਚ ਸਰਤਾਜ ਸਿੰਘ, ਰਜਿੰਦਰਪਾਲ ਸਿੰਘ ,ਬਲਬੀਰ ਸਿੰਘ ਉਚਾ ਧਕਾਲਾ, ਨਰਿੰਦਰ ਸਿੰਘ ਮੱਲ੍ਹੀ, ਬਲਜਿੰਦਰ ਸਿੰਘ, ਹਰਦੀਪ ਸਿੰਘ ਵਿਸਾਲ ਨੰਦਾ ਅਤੇ ਹਰਬੰਸ ਸਿੰਘ ਸ਼ਾਮਲ ਸਨ।

# ਕਟਾਰੂਚੱਕ ਨੇ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਘਰ-ਘਰ ਪਹੁੰਚ ਕੇ ਹੋਏ ਨੁਕਸਾਨ ਦਾ ਲਿਆ ਜਾਇਜ਼ਾ

**ਪਠਾਨਕੋਟ (ਦਵਿੰਦਰ ਸਿੰਘ)**- ਕੁਦਰਤ ਦੀ ਮਾਰ ਹੇਠ ਆਏ ਲੋਕ ਰਾਵੀ ਦਰਿਆ ਦਾ ਪਾਣੀ ਉਤਰ ਜਾਣ ਤੋਂ ਬਾਅਦ ਵੀ ਹੜ੍ਹ ਦਾ ਸੰਤਾਪ ਝੱਲ ਰਹੇ ਹਨ, ਲੋਕਾਂ ਦਾ ਜਨਜੀਵਨ ਕਾਫੀ ਪ੍ਰਭਾਵਿੱਤ ਹੋਇਆ ਹੈ, ਪੰਜਾਬ ਸਰਕਾਰ ਲੋਕਾਂ ਦੇ ਨਾਲ ਹੈ ਅਤੇ ਹਰ ਸਥਿਤੀ ਵਿੱਚ ਲੋਕਾਂ ਦੇ ਨਾਲ ਕੰਧੇ ਨਾਲ ਕੰਧਾ ਮਿਲਾ ਕੇ ਖੜੀ ਹੈ ਲੋਕਾਂ ਦੇ ਹੋਏ ਨੁਕਸਾਨ ਵਿੱਚ ਪੰਜਾਬ ਸਰਕਾਰ ਉਨ੍ਹਾਂ ਦਾ ਹਰ ਤਰ੍ਹਾਂ ਨਾਲ ਸਹਿਯੋਗ ਕਰੇਗੀ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਹੜ੍ਹ ਪ੍ਰਭਾਵਿਤ ਪਿੰਡ ਪੰਮਾ ਦਾ ਦੌਰਾ ਕਰਨ ਮਗਰੋਂ ਕੀਤਾ।ਇਸ ਮੌਕੇ ਉਨ੍ਹਾਂ ਦੇ ਨਾਲ ਪਵਨ ਕੁਮਾਰ ਬਲਾਕ ਪ੍ਰਧਾਨ, ਭੁਪਿੰਦਰ ਸਿੰਘ ਕਟਾਰੂਚੱਕ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਦੇ ਕਾਰਜ ਕਰਤਾ ਵੀ ਹਾਜ਼ਰ ਸਨ।ਜ਼ਿਕਰਯੋਗ ਹੈ ਕਿ ਪਿਛਲੇ ਦਿਨ ਰਾਵੀ ਵਿੱਚ ਪਾਣੀ ਦਾ ਪੱਧਰ ਜਿਆਦਾ ਵੱਧ ਜਾਣ ਕਾਰਨ ਰਾਵੀ ਦਰਿਆ ਨੇ ਆਪਣਾ ਰੁਖ ਪਿੰਡ ਪੰਮਾ ਦੀ ਤਰਫ ਕਰ ਲਿਆ ਜਿਸ ਦੇ ਚਲਦਿਆਂ ਪਿੰਡ ਪੰਮਾ ਕਾਫੀ ਪ੍ਰਭਾਵਿਤ ਲੋਕਾਂ ਦੇ ਘਰ੍ਹਾਂ ਦੇ ਬਾਹਰ 10-15 ਫੁੱਟ ਡੂਘੇ ਟੋਏ ਪੈ ਗਏ ਅਤੇ ਲੋਕਾਂ ਦੇ ਘਰ ਅਤੇ ਸੜਕਾਂ ਪਾਣੀ ਵਿੱਚ ਰੁੜ੍ਹ ਗਈਆਂ। ਲੋਕਾਂ ਦੇ ਘਰ੍ਹਾਂ ਦੇ ਅੰਦਰ 4-4 ਫੁੱਟ ਪਾਣੀ ਵੜ ਗਿਆ, ਜਿਸ ਦੇ ਚਲਦਿਆਂ ਪਿੰਡ ਪੰਮਾ ਦੇ ਲੋਕਾਂ ਦਾ ਕਾਫੀ ਨੁਕਸਾਨ ਹੋਇਆ।ਇਸ ਮੌਕੇ ਕਟਾਰੂਚੱਕ ਨੇ ਕਿਹਾ ਕਿ ਕੁਦਰਤ ਦੀ ਮਾਰ ਸੀ ਜੋ ਲੋਕਾਂ ਦਾ ਬਹੁਤ ਜ਼ਿਆਦਾ ਨੁਕਸਾਨ ਕਰ ਕੇ ਗਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਨਾਲ ਹੈ ਅਤੇ ਲੋਕਾਂ ਦਾ ਜੋ ਵੀ ਨੁਕਸਾਨ ਹੋਇਆ ਹੈ ਉਸ ਦਾ ਮੁਆਵਜ਼ਾ ਪੰਜਾਬ ਸਰਕਾਰ ਵੱਲੋਂ ਦਿੱਤਾ ਜਾਵੇਗਾ।ਜਿਨ੍ਹਾਂ ਦੇ ਘਰ੍ਹਾਂ ਦਾ ਅਤੇ ਫਸਲ ਦਾ ਨੁਕਸਾਨ ਹੋਇਆ ਹੈ ਜਲਦੀ ਹੀ ਗਿਰਦਾਵਰੀ ਕਰਵਾ ਕੇ ਲੋਕਾਂ ਦੇ ਹੋਏ ਨੁਕਸਾਨ ਦਾ ਸਰਵੇ ਕਰਕੇ ਜੋ ਬਣਦੀ ਸਹਾਇਤਾ ਹੋਵੇਗੀ ਪੰਜਾਬ ਸਰਕਾਰ ਵੱਲੋਂ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਲੋਕ ਘਬਰਾਉਂਣ ਨਾ ਅੱਜ ਇਸ ਮੁਸ਼ਕਿਲ ਘੜ੍ਹੀ ਅੰਦਰ ਉਹ ਖੁਦ ਵੱਖ ਵੱਖ ਪਿੰਡਾਂ ਅੰਦਰ ਪਹੁੰਚ ਰਹੇ ਹਨ ਅਤੇ ਲੋਕਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈ ਰਹੇ ਹਨ ਲੋਕਾਂ ਤੱਕ ਰਾਹਤ ਵੀ ਪਹੁੰਚਾਈ ਜਾ ਰਹੀ ਹੈ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜਨਤਾ ਦੇ ਨਾਲ ਹੈ।



# ਸ਼੍ਰੀ ਹੇਮਕੁੰਡ ਸਾਹਿਬ ਲੰਗਰ ਸੇਵਾ ਸੋਸਾਇਟੀ ਤੇ ਸੰਜੀਵ ਰਾਮਪਾਲ ਵੱਲੋਂ ਹੜ੍ਹ ਪੀੜਤਾਂ ਨੂੰ ਰਸਦ ਤਕਸੀਮ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਹੜ੍ਹਾਂ ਨਾਲ ਜੂਝ ਰਹੇ ਪੀੜਤਾਂ ਨੂੰ ਸ਼੍ਰੀ ਹੇਮਕੁੰਡ ਸਾਹਿਬ ਲੰਗਰ ਸੇਵਾ ਸੋਸਾਇਟੀ ਅਜਨਾਲਾ ਅਤੇ ਸ਼੍ਰੀ ਭਗਵਤੀ ਚਰਨ ਫਾਊਂਡੇਸ਼ਨ ਦੇ ਮੁਖੀ ਸੰਜੀਵ ਕੁਮਾਰ ਰਾਮਪਾਲ ਡੀਆਈਜੀ ਨੇ ਘਰ-ਘਰ ਰਸਦ ਵੰਡੀ। ਇਸ ਮੌਕੇ ਸ਼੍ਰੀ ਹੇਮਕੁੰਡ ਸਾਹਿਬ ਲੰਗਰ ਸੇਵਾ ਸੋਸਾਇਟੀ ਅਜਨਾਲਾ ਦੇ ਸੇਵਾਦਾਰ ਸਰਵਣ ਸਿੰਘ ਨੇਪਾਲ, ਅਮਰਜੀਤ ਸਿੰਘ ਬਾਜਵਾ, ਵਿਜੇ ਕੁਮਾਰ ਅਰੋੜਾ, ਪਰਮਜੀਤ ਸਿੰਘ ਪੰਮਾ, ਬਾਬਾ ਮਹਿੰਦਰ ਸਿੰਘ, ਲਾਲੀ ਬਾਜਵਾ, ਜਸਵੀਰ ਸਿੰਘ ਢਿੱਲੋਂ, ਭਗਵਤੀ ਚਰਨ ਫਾਊਂਡੇਸ਼ਨ ਵੱਲੋਂ ਡੀਆਈਜੀ ਸੰਜੀਵ ਰਾਮਪਾਲ ਵੱਲੋਂ ਪਿੰਡ ਹਰੜ ਕਲਾਂ, ਅੰਬਕੋਟਲੀ, ਸੂਰੇਪੁਰ ਵਿਖੇ ਪਾਣੀ, ਬਰੈੱਡ ਅਤੇ ਨਾਲ ਖਾਣ-ਪੀਣ ਦੀਆਂ ਵਸਤਾਂ ਘਰ ਘਰ ਪਹੁੰਚਾਈਆਂ ਗਈਆਂ। ਉਨ੍ਹਾਂ ਨੇ ਕਿਹਾ ਕਿ ਇਹ ਸੇਵਾ ਨਿਰੰਤਰ ਜਾਰੀ ਰਹੇਗੀ।ਡੀਆਈਜੀ ਸੰਜੀਵ ਰਾਮਪਾਲ ਨੇ ਕਿਹਾ ਕਿ ਪੰਜਾਬ ਸੂਬਾ ਕਿਸਾਨੀ ਦੇ ਸਿਰ 'ਤੇ ਅਤੇ ਪੰਜਾਬੀਆਂ ਦੇ ਸਿਰ 'ਤੇ ਹਿੰਦੁਸਤਾਨ ਚੱਲਦਾ ਹੈ। ਇਸ ਦੁੱਖ ਦੀ ਘੜੀ ਵਿੱਚ ਸਾਡੀ ਸੰਸਥਾ ਹਰ ਇੱਕ ਇਨਸਾਨ ਅਤੇ ਇਨਸਾਨੀਅਤ ਦੇ ਨਾਲ ਖੜੀ ਹੈ।ਲੋੜ ਪੈਣ 'ਤੇ ਹਰ ਇੱਕ ਚੀਜ਼ ਕਿਸਾਨੀ ਉਤੋਂ ਵਾਰ ਦਿਆਂਗੇ।



## ਪਲਾਸਟਿਕ ਦੀਆਂ ਪਲੇਟਾਂ ਦੀ ਥਾਂ ਪੱਤਲਾਂ ਜਾਂ ਸਟੀਲ ਦੇ ਬਰਤਨਾਂ 'ਚ ਲੰਗਰ ਵਰਤਾਉਣ ਦੀ ਅਪੀਲ

**ਬਟਾਲਾ (ਤਰਲੋਕ ਬੱਗਾ)**- ਜਗਤ ਗੁਰੂ ਸ੍ਰੀ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀ ਸੰਗਤਾਂ ਨੂੰ ਵਧਾਈ ਦਿੰਦਿਆਂ ਵਿਕਰਮਜੀਤ ਸਿੰਘ ਐੱਸਡੀਐੱਮ-ਕਮ-



ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਕਿਹਾ ਕਿ ਪ੍ਰਸ਼ਾਸਨ, ਬਾਬੇ ਦੇ ਵਿਆਹ ਦੌਰਾਨ ਸੰਗਤਾਂ ਦੇ ਸਵਾਗਤ ਤੇ ਉਨ੍ਹਾਂ ਦੀ ਸਹੂਲਤ ਲਈ ਤਿਆਰ ਹੈ ਅਤੇ ਸਬੰਧਤ ਵੱਖ-ਵੱਖ ਪ੍ਰਬੰਧ ਸੁਚਾਰੂ ਢੰਗ ਨਾਲ ਕੀਤੇ ਗਏ ਹਨ।ਇਸ ਮੌਕੇ ਗੱਲ ਕਰਦਿਆਂ ਕਮਿਸ਼ਨਰ, ਨਗਰ ਨਿਗਮ ਨੇ ਦੱਸਿਆ ਕਿ ਬਾਬੇ ਦੇ ਵਿਆਹ ਦੌਰਾਨ ਬਟਾਲਾ ਸ਼ਹਿਰ ਦੇ ਨੇੜਲੇ ਪਿੰਡਾਂ ਤੋਂ ਸ਼ਰਧਾਲੂ, ਸ਼ਰਧਾ ਭਾਵਨਾ ਨਾਲ ਲੰਗਰ ਲਗਾਉਣ ਦੀ ਸੇਵਾ ਕਰਨ ਲਈ ਆਉਂਦੇ ਹਨ।ਉਨ੍ਹਾਂ ਸ਼ਰਧਾਲੂਆਂ ਤੇ ਸਮੂਹ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਲੰਗਰ ਪਲਾਸਟਿਕ ਦੀਆਂ ਪਲੇਟਾਂ ਦੀ ਥਾਂ ਪੱਤਲਾਂ ਜਾਂ ਸਟੀਲ ਦੇ ਬਰਤਨਾਂ ਵਿੱਚ ਵਰਤਾਇਆ ਜਾਵੇ।ਉਨਾਂ ਕਿਹਾ ਕਿ ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਅਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ, ਪ੍ਰਸ਼ਾਸਨ ਨਾਲ ਸਹਿਯੋਗ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਵਿਆਹ ਪੁਰਬ ਦੇ ਸਮਾਗਮ ਸਫਲਤਾਪੂਰਵਕ ਨੇਪਰੇ ਚਾੜ੍ਹੇ ਜਾਣਗੇ।

# ਆਸ਼ਾ ਵਰਕਰਜ਼ ਤੇ ਫੈਸਿਲੀਟੇਟਰਜ਼ ਨੇ ਐੱਸ ਐੱਮ ਓ ਨੂੰ ਸੌਂਪਿਆ ਮੰਗ ਪੱਤਰ

**ਪੱਟੀ (ਬਲਦੇਵ ਸਿੰਘ ਸੰਧੂ)**- ਆਸ਼ਾ ਵਰਕਰਜ ਫੈਸੀਲਿਟੇਟਰਜ਼ ਤੇ ਸੁਪਰਵਾਈਜ਼ਰਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਬੀਤੀ 25 ਅਗਸਤ ਤੋਂ 29 ਅਗਸਤ ਤੱਕ ਸਰਕਾਰ ਤੇ ਰਾਣਾ ਦੀ ਅਗਵਾਈ ਹੇਠ ਪੰਜਾਬ ਭਰ ਦੀਆਂ ਪ੍ਰਧਾਨ ਸਕੱਤਰ ਅਤੇ ਸੈਂਕੜੇ ਵਰਕਰਾਂ ਜਿਨ੍ਹਾਂ ਨੇ ਤਨ ਮਨ ਨਾਲ 25 ਅਗਸਤ ਤੋਂ 29 ਅਗਸਤ ਤੱਕ ਮੋਰਚੇ ਨੂੰ ਸਫਲ ਬਣਾਇਆ, ਦੀ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ ਨੇ ਦੱਸਿਆ ਕਿ ਪੰਜਾਬ ਸਰਕਾਰ ਸਿਹਤ ਮੰਤਰੀ ਬਲਵੀਰ ਸਿੰਘ ਨਾਲ ਚੰਡੀਗੜ੍ਹ ਵਿਖੇ ਮੀਟਿੰਗ ਦਾ ਸਮਾਂ ਤਹਿ ਹੋਇਆ।ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਹੋਣ ਵਾਲੇ 31 ਅਗਸਤ ਦੇ ਰੋਸ ਪ੍ਰਦਰਸ਼ਨ ਨੂੰ ਮੁਲਤਵੀ ਕੀਤਾ ਜਾਂਦਾ ਹੈ।ਇਸ ਮੌਕੇ ਮਨਜਿੰਦਰ ਕੌਰ ਜ਼ਿਲ੍ਹਾ ਪ੍ਰਧਾਨ, ਮੀਤ ਪ੍ਰਧਾਨ ਸਰਬਜੀਤ ਕੌਰ, ਰਾਜਵਿੰਦਰ ਕੌਰ ਖ਼ਜ਼ਾਨਚੀ, ਵੀਰਪਾਲ ਕੌਰ ਠੱਕਰਪੁਰਾ, ਵੀਰਪਾਲ ਕੌਰ ਜ਼ਿਲ੍ਹਾ ਸੈਕਟਰੀ, ਬਲਾਕ ਪ੍ਰਧਾਨ ਅਮਨਦੀਪ ਕੌਰ, ਸੁਪਰਵਾਈਜ਼ਰ ਰਾਜਬੀਰ ਕੌਰ ਬਰਵਾਲਾ ਅਤੇ ਗੁਰਜਿੰਦਰ ਕੌਰ ਮੱਖੀ ਆਦਿ ਹਾਜ਼ਰ ਸਨ।



ਸਿਹਤ ਵਿਭਾਗ ਵਿਰੁੱਧ ਰੋਸ ਪ੍ਰਦਰਸ਼ਨ ਕਰਕੇ ਐੱਸਐੱਮਓ ਨੂੰ ਮੰਗ ਪੱਤਰ ਸੌਂਪੇ ਗਏ।ਆਸ਼ਾ ਵਰਕਰਜ਼ ਫੈਸੀਲਿਟੇਟਰਜ਼ ਸਾਂਝਾ ਮੋਰਚਾ ਪੰਜਾਬ ਦੀ ਚੇਅਰਮੈਨ ਸੁਖਵਿੰਦਰ ਕੌਰ ਸੁੱਖੀ ਮਾਨਸਾ, ਅਮਰਜੀਤ ਕੌਰ ਰਣ ਸਿੰਘ ਵਾਲਾ ਗਰੁੱਪ, ਏਟਕ ਰਾਣੋ ਖੇੜੀ ਗਿੱਲਾਂ, ਸਤੀਸ਼ ਰਾਣਾ ਗਰੁੱਪ, ਹਰਿੰਦਰ ਕੌਰ ਸ਼ਤਰਾਣਾ ਗਰੁੱਪ ਸੀਟੂ, ਸੰਤੋਸ਼ ਕੁਮਾਰੀ ਫਿਰੋਜ਼ਪੁਰ ਵੱਲੋਂ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਵੱਲੋਂ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਸਤੀਸ਼

# ਆਸ਼ਾ ਵਰਕਰ/ਫੈਸਿਲੀਟੇਟਰਜ਼ ਦੀਆਂ ਮੰਗਾਂ ਮੰਨੇ ਸਰਕਾਰ : ਵਲਟੋਹਾ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਆਸ਼ਾ ਵਰਕਰ/ ਫੈਸਿਲੀਟੇਟਰ ਸਾਂਝਾ ਮੋਰਚਾ ਵੱਲੋਂ 25 ਅਗਸਤ ਤੋਂ 31 ਅਗਸਤ ਤੱਕ ਚੱਲ ਰਹੀ ਹੜਤਾਲ ਸਬੰਧੀ ਸੀਐੱਚਸੀ ਝਬਾਲ ਵਿਖੇ ਚੱਲ ਰਹੇ ਧਰਨੇ ਵਿੱਚ ਇਕੱਠੀਆਂ ਹੋਈਆਂ ਆਸ਼ਾ ਵਰਕਰ ਫੈਸਿਲੀਟੇਟਰ ਨੂੰ ਸੰਬੋਧਨ ਕਰਦਿਆਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼




ਫੈਡਰੇਸ਼ਨ ਦੇ ਸੂਬਾਈ ਸਲਾਹਕਾਰ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਤੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਵਾਅਦਾ ਕੀਤਾ ਸੀ ਕਿ ਮਾਣ ਭੱਤਾ ਦੁੱਗਣਾ ਕੀਤਾ ਜਾਵੇਗਾ।ਪਰ ਸਰਕਾਰ ਦੇ ਚਾਰ ਸਾਲ ਪੂਰੇ ਹੋਣ ਵਾਲੇ ਹਨ ਪਰ ਹੁਣ ਗੱਲ ਸੁਣਨ ਲਈ ਵੀ ਤਿਆਰ ਨਹੀਂ ਹਨ। ਉਨ੍ਹਾਂ ਕਿਹਾ ਕਿ ਆਸ਼ਾ ਵਰਕਰ ਫੈਸਿਲੀਟੇਟਰ ਦੂਜੇ ਮੁਲਾਜ਼ਮਾਂ ਜਿੰਨੀ ਡਿਊਟੀ ਕਰਦੀਆਂ ਹਨ,ਪਰ ਇਨ੍ਹਾਂ ਨੂੰ ਸਿਰਫ਼ 2500 ਰੁਪਏ ਮਹੀਨਾ ਤਨਖਾਹ ਮਿਲਦੀ ਹੈ ਜੋ ਕਿ ਇਸ ਮਹਿੰਗਾਈ ਦੇ ਜ਼ਮਾਨੇ ਵਿੱਚ ਮਖੌਲ ਵਾਲੀ ਗੱਲ ਹੈ।ਇਸ ਮੌਕੇ ਏਟਕ ਆਗੂ ਦਵਿੰਦਰ ਸੋਹਲ ਨੇ ਕਿਹਾ ਕਿ ਆਸ਼ਾ ਵਰਕਰ ਫੈਸਿਲੀਟੇਟਰ ਦੀ ਹਮਾਇਤ ਕਰਨਾ ਹਰ ਸੂਝਵਾਨ ਸ਼ਹਿਰੀ ਦਾ ਫਰਜ਼ ਹੈ।ਇਸ ਮੌਕੇ ਮੌਜੂਦਾ ਹਸਪਤਾਲ ਮੁਖੀ ਨੂੰ ਮੰਗ ਪੱਤਰ ਸੌਂਪਿਆ ਗਿਆ ਅਤੇ ਧਰਨੇ ਨੂੰ ਸੰਬੋਧਨ ਕਰਦਿਆਂ ਆਸ਼ਾ ਵਰਕਰ ਫੈਸਿਲੀਟੇਟਰ ਦੀ ਆਗੂਆਂ ਲਖਵਿੰਦਰ ਕੌਰ, ਗੁਰਵੰਤ ਕੌਰ, ਬਲਵਿੰਦਰ ਕੌਰ,ਰਾਣੀ ਮਨਦੀਪ ਕੌਰ,ਗੁਲਵੰਤ ਕੌਰ,ਪ੍ਰਭਜੋਤ ਕੌਰ, ਅਮਰਜੀਤ ਕੌਰ ਮੰਨਣ, ਰਣਜੀਤ ਕੌਰ, ਕੰਵਲਜੀਤ ਕੌਰ, ਦਵਿੰਦਰ ਕੌਰ, ਰਵਜੋਤ ਕੌਰ ਤੇ ਨੀਲੂ ਸ਼ਰਮਾ ਨੇ ਕਿਹਾ ਕਿ 31 ਅਗਸਤ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਘਰ ਅੱਗੇ ਸੰਗਰੂਰ ਸ਼ਹਿਰ ਵਿਖੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਤਾਂ ਕਿ ਗੂੰਗੀ ਬੋਲੀ ਸਰਕਾਰ ਦੇ ਕੰਨ ਖੋਲ੍ਹ ਸਕੀਏ।

# ਮੈਡਮ ਪਰਮਜੀਤ ਨੇ ਜ਼ਿਲ੍ਹਾ ਸਿੱਖਿਆ ਅ.ਫਸਰ ਸੈਕੰਡਰੀ ਦਾ ਵਾਧੂ ਚਾਰਜ ਸੰਭਾਲਿਆ



**ਗੁਰਦਾਸਪੁਰ (ਦਿਨੇਸ਼ ਕੁਮਾਰ)**- ਮੈਡਮ ਪਰਮਜੀਤ ਨੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਦਾ ਵਾਧੂ ਚਾਰਜ ਸੰਭਾਲਿਆ।ਇਸ ਮੌਕੇ ਡੀਈਓ ਸੈਕੰ: ਪਰਮਜੀਤ ਨੇ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਇਸ ਦੇ ਨਾਲ ਨਾਲ ਅਧਿਆਪਕਾਂ ਅਤੇ ਦਫਤਰ ਦਾ ਕੋਈ ਵੀ ਕੰਮ ਪੈਂਡਿੰਗ ਨਹੀਂ ਰਹਿਣ ਦਿੱਤਾ ਜਾਵੇਗਾ ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਅਧਿਆਪਕ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ ਤਾਂ ਉਹ ਮੇਰੇ ਨਾਲ ਸਿੱਧਾ ਸੰਪਰਕ ਕਰ ਸਕਦੇ ਹਨ।ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀ: ਡਾ. ਅਨਿਲ ਸ਼ਰਮਾ ਵੱਲੋਂ ਮੈਡਮ ਪਰਮਜੀਤ ਨੂੰ ਡੀਈਓ ਸੈਕੰ: ਦਾ ਵਾਧੂ ਚਾਰਜ ਸੰਭਾਲਣ ਤੇ ਵਧਾਈ ਦਿੱਤੀ।ਇਸ ਦੌਰਾਨ ਸੁਪਰਡੰਟ ਪ੍ਰਬੋਧ ਕੁਮਾਰ, ਸਟੈਨੋ ਅਮਨ ਗੁਪਤਾ, ਗੁਰਦਿੱਤ ਸਿੰਘ, ਪਰਦੀਪ ਅਰੋੜਾ, ਜਸਬੀਰ ਕੁਮਾਰ, ਰਾਜੇਸ਼ ਕੁਮਾਰ, ਸੁਮਿਤ ਕੁਮਾਰ, ਸੁਰਿੰਦਰ ਕੁਮਾਰ, ਕਮਲ ਸ਼ਮਸ਼ੇਰ ਸਿੰਘ, ਮਨਜਿੰਦਰ ਸਿੰਘ, ਪਰਦੀਪ ਅਰੋੜਾ , ਮਨਪ੍ਰੀਤ ਕੁਮਾਰ , ਸੁਨੀਤ ਕੁਮਾਰਆਦਿ ਹਾਜ਼ਰ ਸਨ ।

## ਰਾਵੀ 'ਚ ਚੜ੍ਹੇ ਪਾਣੀ ਨੇ ਅਜਨਾਲਾ-ਰਮਦਾਸ ਇਲਾਕੇ 'ਚ ਫਸਲਾਂ ਦਾ ਕੀਤਾ ਵੱਡਾ ਨੁਕਸਾਨ

**ਅਜਨਾਲਾ (ਸੁਖਜਿੰਦਰ ਸਿੰਘ ਰਾਜੂ)** ਥੀਨ ਡੈਮ (ਰਣਜੀਤ ਸਾਗਰ) ਰਾਵੀ ਵਿਚ ਜ਼ਿਆਦਾ ਪਾਣੀ ਛੱਡਣ ਨਾਲ ਲੱਗਭੱਗ 70 ਹਜ਼ਾਰ ਕਿਊਸਿਕ ਪਾਣੀ ਆਉਣ ਕਾਰਨ ਜਿੱਥੇ ਅਜਨਾਲਾ-ਰਮਦਾਸ ਇਲਾਕੇ 'ਚ ਕੋਈ ਡੇਢ ਲੱਖ ਰਕਬੇ ਵਿੱਚ ਫ਼ਸਲਾਂ ਮਾਰੀਆਂ ਜਾਣ ਕਾਰਨ ਕੋਈ ਚਾਰ ਹਜ਼ਾਰ ਕਰੋੜ ਰੁਪਏ ਸਮੇਤ ਜਾਨ ਮਾਲ ਦਾ ਨੁਕਸਾਨ ਹੋ ਗਿਆ। ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਤੇ ਜਮੂਹਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਆਪਣੀ ਟੀਮ ਸਮੇਤ ਹੜ੍ਹ ਪੀੜਤ ਇਲਾਕੇ ਦੇ ਧੁਰ ਅੰਦਰ ਤੱਕ ਗਏ ਜਿੱਥੇ ਲੋਕਾਂ ਨੇ ਦੱਸਿਆ ਕਿ ਸਾਡੀ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵੱਲੋਂ ਸਾਨੂੰ ਕੋਈ ਰਾਹਤ ਨਹੀਂ ਪੁਚਾਈ ਜਾ ਰਹੀ! ਪੀੜਤ ਲੋਕਾਂ ਨੇ ਦੱਸਿਆ ਕਿ ਸਿਰਫ ਤੇ ਸਿਰਫ ਸਵੈ ਸੇਵਕ ਜਥੇਬੰਦੀਆਂ ਵੱਲੋਂ ਸਾਨੂੰ ਪੀਣ ਵਾਲਾ ਪਾਣੀ ਤੇ ਹੋਰ ਜ਼ਰੂਰੀ ਪਾਣ ਪੀਣ ਦੀਆਂ ਵਸਤਾਂ ਕੁੱਝ ਪਿੰਡਾਂ ਵਿੱਚ ਮੁੱਹਈਆ ਕੀਤੀਆਂ ਗਈਆਂ। ਵੱਡੀ ਗਿਣਤੀ ਵਿੱਚ ਪਿੰਡਾਂ ਤੇ ਕਸਬਿਆਂ ਦੇ ਮਜ਼ਦੂਰਾਂ ਨੇ ਦੱਸਿਆ ਕਿ ਸਾਨੂੰ ਪਿਛਲੇ 15 - 20 ਦਿਨਾਂ ਤੋਂ ਕੋਈ ਕੰਮ ਨਹੀਂ ਮਿਲ ਰਿਹਾ ਜਿਸ ਕਾਰਨ ਸਾਡੇ ਘਰਾਂ ਦਾ ਬੜੀ ਮੁਸ਼ਕਲ ਨਾਲ ਗੁਜ਼ਾਰਾ ਹੋ ਰਿਹਾ ਹੈ ! ਡਾ. ਅਜਨਾਲਾ ਨੇ ਮੰਗ ਕੀਤੀ ਕਿ ਪਿੰਡਾਂ, ਕਸਬਿਆਂ ਵਿੱਚ ਫੌਰੀ ਤੌਰ 'ਤੇ ਸਰਕਾਰ ਜ਼ਰੂਰੀ ਵਸਤਾਂ ਮੁਹੱਈਆ ਕਰਵਾਏ! ਟੀਮ ਵਿਚ ਰੇਸ਼ਮ ਸਿੰਘ ਭੂਰੇ ਗਿੱਲ, ਹਰਨੇਕ ਸਿੰਘ ਨੇਪਾਲ, ਗਾਇਕ ਗੁਰਪਾਲ ਗਿੱਲ ਸੈਦਪੁਰ, ਬਲਕਾਰ ਸਿੰਘ, ਅਮਰਜੀਤ ਸਿੰਘ, ਗਗਨਦੀਪ ਸਿੰਘ, ਹਰਵਿੰਦਰ ਸਿੰਘ, ਗੁਰਜੀਤ ਸਿੰਘ, ਜਸਪਾਲ ਸਿੰਘ, ਅਰਸ਼ਦੀਪ ਸਿੰਘ , ਤੇਜਬੀਰ ਸਿੰਘ, ਗੁਰਪ੍ਰੀਤ ਸਿੰਘ ਘੁੱਕੇਵਾਲੀ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਨੌਜਵਾਨ ਹਰਪ੍ਰੀਤ, ਦੀਪੂ, ਵਾਸਦੀਪ ਵਿੱਕੀ, ਹੈਪੀ, ਸੁੱਖਾ, ਮਨਪ੍ਰੀਤ ਸਿੰਘ ਗਿੱਲ ਅਤੇ ਕਈ ਹੋਰ ਸ਼ਾਮਲ ਸਨ।



# ਰੋਸ ਵਜੋਂ ਨਰੇਗਾ ਵਰਕਰਾਂ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਦੇ ਪੁਤਲੇ ਅਗਨ ਭੇਟ

**ਚੋਹਲਾ ਸਾਹਿਬ (ਰਮਨ ਚੱਢਾ)**- ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਮਨਰੇਗਾ ਦਾ ਕੰਮ ਬੰਦ ਕਰਨ ਵਿਰੁੱਧ ਕੇਂਦਰ ਅਤੇ ਪੰਜਾਬ ਸਰਕਾਰ ਦਾ ਪੁਤਲਾ ਚੋਹਲਾ ਸਾਹਿਬ ਬਲਾਕ ਸਾਹਮਣੇ ਸਾੜਿਆ ਗਿਆ, ਜਿਸ ਦੀ ਅਗਵਾਈ ਦਾਰਾ ਸਿੰਘ ਮੁੰਡਾ ਪਿੰਡ ਨੇ ਕੀਤੀ।ਇਸ ਮੌਕੇ ਬੋਲਦਿਆਂ ਮਨਰੇਗਾ ਵਰਕਰਜ਼ ਯੂਨੀਅਨ ਦੇ ਜ਼ਿਲ੍ਹਾ



ਸਕੱਤਰ ਬਲਦੇਵ ਸਿੰਘ ਪੰਡੋਰੀ ਨੇ ਕਿਹਾ ਕਿ ਮਨਰੇਗਾ ਵਰਕਰਾਂ ਦੇ ਕਾਫੀ ਸਮੇਂ ਤੋਂ ਰੁਕੇ ਬਕਾਏ ਤੁਰੰਤ ਪਾਏ ਜਾਣ ਅਤੇ ਕਾਫੀ ਵਰਕਰਾਂ ਦੇ ਪਿਛਲੇ ਬਣਦੇ ਬਕਾਏ ਛੇਤੀ ਤੋਂ ਛੇਤੀ ਜਾਰੀ ਕੀਤੇ ਜਾਣ।ਮਨਰੇਗਾ ਵਰਕਰਾਂ ਦੇ ਜੌਬ ਕਾਰਡ ਬਿਨ੍ਹਾਂ ਭੇਦਭਾਵ ਬਣਾਏ ਜਾਣ ਅਤੇ ਹਾਜ਼ਰੀ ਜੌਬ ਕਾਰਡਾਂ 'ਤੇ ਲਾਈ ਜਾਵੇ।ਮਨਰੇਗਾ ਵਰਕਰਾਂ ਨੂੰ 100 ਦਿਨ ਕੰਮ ਯਕੀਨੀ ਬਣਾਇਆ ਜਾਵੇ ਅਤੇ ਪਿੰਡਾਂ ਦੇ ਸਰਪੰਚਾਂ ਦੀ ਦਖ਼ਲਅੰਦਾਜ਼ੀ ਬੰਦ ਕੀਤੀ ਜਾਵੇ, ਜਿਹੜਾ ਵੀ ਕੰਮ ਕਰਨਾ ਚਾਹੁੰਦਾ ਹੈ, ਹਰੇਕ ਨੂੰ ਕੰਮ ਦਿੱਤਾ ਜਾਵੇ ਅਤੇ ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਚੱਲਣ ਦਿੱਤਾ ਜਾਵੇ।ਮਨਰੇਗਾ ਵਰਕਰਾਂ ਦੇ ਸਾਰੇ ਪ੍ਰਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਦਿਹਾੜੀ 700 ਰੁਪਏ ਕੀਤੀ ਜਾਵੇ।ਮਨਰੇਗਾ ਵਰਕਰਾਂ ਲਈ ਲੜੀਂਦਾ ਸਾਮਾਨ ਕਹੀ, ਬੱਠਲ ਅਤੇ ਮੁੱਢਲੀ ਸਹਾਇਤਾ ਦੀ ਦਵਾਈ ਦੀ ਕਿੱਟ ਮੁਹੱਈਆ ਕਰਵਾਈ ਜਾਵੇ ਅਤੇ ਔਰਤਾਂ ਦੇ ਬੱਚਿਆਂ ਦੀ ਦੇਖ ਭਾਲ ਲਈ ਬਜ਼ੁਰਗ ਔਰਤਾਂ ਦਾ ਪ੍ਰਬੰਧ ਕੀਤਾ ਜਾਵੇ।ਮਨਰੇਗਾ ਵਰਕਰਾਂ ਦਾ ਸਿਹਤ ਬੀਮਾ ਫ੍ਰੀ ਕੀਤਾ ਜਾਵੇ।ਸਾਰੇ ਬਲਾਕਾਂ 'ਚ ਮਨਰੇਗਾ ਦਾ ਬੰਦ ਕੰਮ ਚਾਲੂ ਕਰਾਇਆ ਜਾਵੇ।ਬਲਾਕ ਅਧਿਕਾਰੀਆਂ ਮਨਰੇਗਾ, ਸੈਕਟਰੀਆਂ ਵੱਲੋਂ ਮੇਟਾ/ਵਰਕਰਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ।ਮਨਰੇਗਾ ਵਰਕਰਾਂ ਦੇ ਜੌਬ ਕਾਰਡ 'ਤੇ ਹੋਰ ਵਰਕਰਾਂ ਦੇ ਖਾਤਿਆਂ 'ਚ ਪੈਸੇ ਪਾਏ ਜਾ ਰਹੇ ਹਨ, ਇਸ ਦੀ ਪੜਤਾਲ ਕਰਵਾਈ ਜਾਵੇ।ਇਸ ਮੌਕੇ ਪਰਮਜੀਤ ਸਿੰਘ, ਰਮਨ ਸਿੰਘ ਜੌਹਲ, ਲਖਬੀਰ ਸਿੰਘ ਜੌਹਲ, ਬੂਟਾ ਸਿੰਘ ਮੁੰਡਾ ਪਿੰਡ, ਕਾਲਾ ਸਿੰਘ, ਸਰਬਜੀਤ ਸਿੰਘ, ਸਵਰਨ ਸਿੰਘ, ਗੁਰਦਿਆਲ ਸਿੰਘ ਜੌਹਲ, ਕਾਸ਼, ਵੀਰਾ ਸਿੰਘ, ਅਜੀਤ ਸਿੰਘ, ਦਰਸ਼ਨ ਸਿੰਘ, ਗੁਲਜ਼ਾਰ ਸਿੰਘ, ਬਲਵੰਤ ਸਿੰਘ ਆਦਿ ਹਾਜ਼ਰ ਸਨ।

# ਹੜ੍ਹਾਂ ਕਾਰਨ ਜ਼ਿਲ੍ਹਾ ਗੁਰਦਾਸਪੁਰ ਦੇ 323 ਪਿੰਡਾਂ ਦੇ 26000 ਤੋਂ ਵੱਧ ਲੋਕ ਪ੍ਰਭਾਵਿਤ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਰਾਵੀ ਦਰਿਆ ਦੇ ਪਾਣੀ ਕਾਰਨ ਜ਼ਿਲ੍ਹਾ ਗੁਰਦਾਸਪੁਰ ਦੇ 323 ਪਿੰਡ ਪ੍ਰਭਾਵਿਤ ਹੋਏ ਹਨ ਅਤੇ ਇਨ੍ਹਾਂ ਪਿੰਡਾਂ ਦੀ 26000 ਤੋਂ ਵੱਧ ਅਬਾਦੀ ਨੂੰ ਹੜ੍ਹਾਂ ਦੀ ਮਾਰ ਝੱਲਣੀ ਪਈ ਹੈ।ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਹਿਲੇ ਦਿਨ ਤੋਂ ਹੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਤੇ ਬਚਾਅ ਕਾਰਜ ਦਿਨ-ਰਾਤ ਜਾਰੀ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਬੀਤੀ ਸ਼ਾਮ ਤੱਕ 5400 ਤੋਂ ਵੱਧ ਵਿਅਕਤੀਆਂ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ ਜਾ ਚੁੱਕਾ ਹੈ।ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਲੋਕਾਂ ਲਈ ਜ਼ਿਲ੍ਹੇ ਅੰਦਰ 23 ਰਾਹਤ ਕੈਂਪ ਸਥਾਪਿਤ ਕੀਤੇ ਗਏ ਹਨ ਜਿਨ੍ਹਾਂ ਵਿੱਚੋਂ 13 ਐਕਟਿਵ ਹਨ।ਇਨ੍ਹਾਂ ਕੈਂਪਾਂ ਵਿੱਚ ਖਾਣੇ ਤੋਂ ਇਲਾਵਾ ਸੌਣ ਲਈ ਗੱਦੇ, ਸੁੱਕਾ ਰਾਸ਼ਨ, ਬਿਸਕੁਟ ਅਤੇ ਛੋਟੇ ਬੱਚਿਆਂ ਦੇ ਲਈ ਦੁੱਧ ਤੋਂ ਇਲਾਵਾ ਮੁੱਢਲੀ ਸਹਾਇਤਾ ਮੁਹੱਈਆ ਦਿੱਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਦੀ ਸਹਾਇਤਾ ਲਈ ਐਂਬੂਲੈਂਸ ਵੀ ਤੈਨਾਤ ਕੀਤੀਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਲਈ ਕੱਲ੍ਹ ਤੱਕ 52 ਮੈਡੀਕਲ ਕੈਂਪ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ



**● ਫ਼ੌਜ, ਬੀਐੱਸਐੱਫ ਤੇ ਐੱਨ ਡੀ ਆਰ ਐੱਫ ਪ੍ਰਸ਼ਾਸਨ ਨਾਲ ਮਿਲ ਕੇ ਦਿਨ-ਰਾਤ ਸਹਾਇਤਾ 'ਚ ਜੁਟੀਆਂ**

ਐੱਨਡੀਆਰਐੱਫ਼. ਦੀਆਂ 6 ਟੀਮਾਂ, ਭਾਰਤੀ ਫ਼ੌਜ ਦੀਆਂ 3 ਟੀਮਾਂ ਅਤੇ ਬੀਐੱਸਐੱਫ਼. ਦੀ 1 ਟੀਮ ਰਾਹਤ ਕਾਰਜਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ ਕਰ ਰਹੀਆਂ ਹਨ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 5000 ਤੋਂ ਵੱਧ ਰਾਹਤ ਸਮੱਗਰੀ ਦੀਆਂ ਕਿੱਟਾਂ ਹੜ੍ਹ ਪ੍ਰਭਾਵਿਤ ਵਿਅਕਤੀਆਂ ਤੱਕ ਪਹੁੰਚਾਈਆਂ ਗਈਆਂ ਹਨ।ਹੜ੍ਹਾਂ ਕਾਰਨ ਪਸ਼ੂ ਧੰਨ ਨੂੰ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਦੀ ਰੀਪੋਰਟ ਅਨੁਸਾਰ ਜ਼ਿਲ੍ਹੇ ਵਿੱਚ 243 ਪਸ਼ੂਆਂ ਦੀ ਹੜ੍ਹਾਂ ਕਾਰਨ ਮੌਤ ਹੋਈ ਹੈ। ਉਨ੍ਹਾਂ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਵੱਲੋਂ ਵਿਸ਼ੇਸ਼ ਟੀਮਾਂ ਬਣਾ ਕੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜਾ ਕੇ ਪਸ਼ੂਆਂ ਨੂੰ ਬਚਾਇਆ ਜਾ ਰਿਹਾ ਹੈ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਸ਼ੂਆਂ ਨੂੰ ਚਾਰਾ ਦਿੱਤਾ ਜਾ ਰਿਹਾ ਹੈ ਅਤੇ ਨਾਲ ਹੀ ਵੈਨਟਨਰੀ ਡਾਕਟਰਾਂ ਵੱਲੋਂ ਪਸ਼ੂਆਂ ਦਾ ਇਲਾਜ ਵੀ ਕੀਤਾ ਜਾ ਰਿਹਾ ਹੈ।ਡੀਸੀ ਨੇ ਦੱਸਿਆ ਕਿ ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਘੱਟ ਹੋਇਆ ਹੈ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਵੀ ਪਾਣੀ ਲਗਾਤਾਰ ਘੱਟ ਰਿਹਾ ਹੈ।ਉਨ੍ਹਾਂ ਹੜ੍ਹ ਪ੍ਰਭਾਵਿਤ ਖੇਤਰ ਦੇ ਵਸਨੀਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਬਿਲਕੁਲ ਨਾ ਘਬਰਾਉਣ, ਜ਼ਿਲ੍ਹਾ ਪ੍ਰਸ਼ਾਸਨ ਇਸ ਸੰਕਟ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜ੍ਹਾ ਹੈ।ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਟਰੋਲ ਰੂਮ ਦੇ ਨੰਬਰ 01874-266376 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸੀਪੀਆਈ ਐੱਮਐੱਲ ਲਿਬਰੇਸ਼ਨ ਵੱਲੋਂ ਹੜ੍ਹਾਂ ਨਾਲ ਹੋਏ ਜਾਨੀ-ਮਾਲੀ ਨੁਕਸਾਨ ਦੇ ਮੁਆਵਜ਼ੇ ਦੀ ਮੰਗ

**ਬਟਾਲਾ (ਤਰਲੋਕ ਬੱਗਾ)**- ਸੀਪੀਆਈ ਐੱਮਐੱਲ ਲਿਬਰੇਸ਼ਨ ਨੇ ਆਪਣੇ ਪਾਰਟੀ ਵਰਕਰਾਂ ਦੀ ਮੀਟਿੰਗ ਕਰਕੇ ਮੰਗ ਕੀਤੀ ਕਿ ਸਰਕਾਰ ਹੜ੍ਹਾਂ ਨਾਲ ਹੋਏ ਫਸਲਾਂ, ਘਰਾਂ ਅਤੇ ਪਸ਼ੂਆਂ ਦੇ ਮੁਆਵਜ਼ੇ ਦਾ ਯੋਗ ਐਲਾਨ ਕਰੇ।ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰ ਨੇ ਕਿਹਾ ਕਿ ਜਨਤਕ ਰਿਪੋਰਟਾਂ ਵਿੱਚ ਸਾਹਮਣੇ ਆ ਚੁੱਕਾ ਹੈ ਕਿ ਕਈ ਕਈ ਪਰੀਵਾਰਾਂ ਦੇ ਪਸ਼ੂ, ਖੇਤੀ, ਘਰ ਸਭ ਕੁੱਝ ਬਰਬਾਦ ਹੋ ਚੁੱਕਾ ਹੈ। ਇਹ ਸਭ ਪਰਵਾਰ ਘੋਰ ਨਿਰਾਸ਼ਾ ਅਤੇ ਪ੍ਰੇਸ਼ਾਨੀ ਵਿੱਚ ਆਪਣੇ-ਆਪ ਨੂੰ ਟੁੱਟ ਚੁੱਕੇ ਮਹਿਸੂਸ ਕਰ ਰਹੇ ਹਨ। ਲਿਬਰੇਸ਼ਨ ਨੇ ਕੇਂਦਰ ਸਰਕਾਰ ਤੋਂ ਪੰਜਾਬ ਦੇ ਹੜ੍ਹ ਪੀੜਤਾਂ ਲਈ ਸਪੈਸ਼ਲ ਪੈਕੇਜ ਦੀ ਮੰਗ ਕਰਦਿਆਂ



ਕਿਸਾਨਾਂ ਦੀ ਝੋਨੇ ਦੀ ਫਸਲ ਦਾ 70000 ਰੁਪਏ ਪ੍ਰਤੀ ਏਕੜ ਮੁਆਵਜ਼ੇ ਸਮੇਤ ਪਸ਼ੂਆਂ ਅਤੇ ਘਰਾਂ ਦੇ ਹੋਏ ਨੁਕਸਾਨ ਦੀ ਪੂਰੀ ਪੂਰੀ ਪੂਰਤੀ ਕਰਨ ਦੀ ਮੰਗ ਕੀਤੀ।ਲਿਬਰੇਸ਼ਨ ਦਾ ਮੰਨਣਾ ਹੈ ਕਿ ਜੇਕਰ ਇਨਕਲਾਬ ਦੇ ਨਾਹਰੇ ਲਾਉਣ ਵਾਲੀ ਮਾਨ ਸਰਕਾਰ ਹੁਣ ਹੜ੍ਹ ਮਾਰੇ ਇਲਾਕਿਆ ਵਿੱਚ ਜਾ ਕੇ ਸਿਆਸੀ ਜੁਮਲੇਬਾਜ਼ੀ ਕਰਨ ਦੀ ਬਜਾਏ ਹੜ੍ਹਾਂ ਦੇ ਬਚਾਅ ਲਈ ਅਗਾਊਂ ਪ੍ਰਬੰਧ ਕਰਦੀ ਤਾਂ ਇੰਨੇ ਭਿਆਨਕ ਅਤੇ ਵੱਡੇ ਨੁਕਸਾਨ ਤੋਂ ਬਚਾਅ ਹੋ ਸਕਦਾ ਸੀ।ਮੀਟਿੰਗ ਵਿੱਚ ਗੁਲਜ਼ਾਰ ਸਿੰਘ ਭੁੰਬਲੀ, ਵਿਜੇ ਸੋਹਲ, ਫੂਲ ਚੰਦ, ਦਲਬੀਰ ਭੋਲਾ, ਸਤਨਾਮ ਸਿੰਘ, ਹੀਰਾ ਸਿੰਘ ਅਤੇ ਰਮਨਪ੍ਰੀਤ ਸਿੰਘ ਪਿੰਡੀਆ ਸ਼ਾਮਲ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਜ਼ਿਲ੍ਹਾ ਗੁਰਦਾਸਪੁਰ 'ਚ ਵੰਡੀ ਰਾਹਤ ਸਮੱਗਰੀ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸੂਬੇ 'ਚ ਆਏ ਹੜ੍ਹਾਂ ਦੇ ਕਾਰਨ ਬਣੀ ਸੰਕਟ ਦੀ ਘੜੀ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਅਤੇ ਸੰਸਾਰ ਪ੍ਰਸਿੱਧ ਸਮਾਜ ਸੇਵੀ ਸਖਸ਼ੀਅਤ ਡਾ. ਐੱਸ. ਪੀ. ਸਿੰਘ ਉਬਰਾਏ ਨੇ ਪਹਿਲਕਦਮੀ ਕਰਦਿਆਂ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ ਦੇ ਲਈ ਅੱਗੇ ਆਏ ਹਨ ਜਿਸ ਦੇ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ




ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਵੱਲੋਂ ਅੱਜ ਆਪਣੇ ਟੀਮ ਮੈਂਬਰਾਂ ਦੇ ਨਾਲ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਵਿਖੇ ਪਹੁੰਚ ਕੇ ਪਸ਼ੂਆਂ ਦੇ ਲਈ ਸੁੱਕੇ ਚਾਰੇ ਦਾ ਇੱਕ ਟਰੱਕ ਜ਼ਿਲ੍ਹਾ ਪ੍ਰਸ਼ਾਸਨ ਦੇ ਹਵਾਲੇ ਕੀਤਾ ਗਿਆ ਹੈ, ਤਾਂ ਜੋ ਹੜ੍ਹ ਪੀੜਤ ਲੋਕਾਂ ਨੂੰ ਪਸ਼ੂਆਂ ਦੇ ਲਈ ਸੁੱਕਾ ਚਾਰਾ ਮੁਹੱਈਆ ਕਰਵਾਇਆ ਜਾ ਸਕੇ।ਇਸ ਮੌਕੇ ਸਮਾਜ ਸੇਵੀ ਕਾਰਜਾਂ ਦੇ ਵਿੱਚ ਯੋਗਦਾਨ ਪਾਉਂਦਿਆਂ ਬਟਾਲਾ ਦੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਦੇ ਛੋਟੇ ਭਰਾ ਸਰਪੰਚ ਤਰਨਪ੍ਰੀਤ ਸਿੰਘ ਕਲਸੀ, ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਜਨਰਲ ਸੈਕਟਰੀ ਰਜਿੰਦਰ ਸਿੰਘ ਹੈਪੀ, ਮੈਂਬਰ ਰੋਹਿਤ ਕੁਮਾਰ, ਨੌਜਵਾਨ ਆਗੂ ਦਿਲਰਾਜ ਸਿੰਘ ਗੋਖੂਵਾਲ, ਬਲਦੇਵ ਸਿੰਘ ਅਤੇ ਹੋਰ ਆਗੂਆਂ ਵੱਲੋਂ ਜ਼ਿਲ੍ਹਾ ਹੈੱਡ ਕੁਆਰਟਰ ਗੁਰਦਾਸਪੁਰ ਦੇ ਸਿਵਲ ਪਸ਼ੂ ਹਸਪਤਾਲ ਵਿਖੇ ਪਹੁੰਚ ਕੇ ਸੁੱਕੇ ਚਾਰੇ ਦਾ ਟਰੱਕ ਏਡੀਸੀ ਹਰਜਿੰਦਰ ਸਿੰਘ ਬੇਦੀ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਜਸਪ੍ਰੀਤ ਸਿੰਘ ਨਾਗਪਾਲ, ਐੱਸਡੀਐੱਮ ਦੀਨਾਨਗਰ ਜਸਵਿੰਦਰ ਸਿੰਘ ਭੁੱਲਰ, ਨਾਇਬ ਤਹਿਸੀਲਦਾਰ ਦਲਵਿੰਦਰ ਸਿੰਘ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਹੋਰ ਅਧਿਕਾਰੀਆਂ ਨੂੰ ਸੌਂਪਿਆ ਗਿਆ । ਇਸ ਮੌਕੇ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਨੇ ਦੱਸਿਆ ਕਿ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ ਦੇ ਲਈ ਮਾਨਯੋਗ ਡਾ. ਐੱਸ. ਪੀ. ਸਿੰਘ ਉਬਰਾਏ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬੈਨਰ ਹੇਠ ਇਕ ਕਰੋੜ 50 ਲੱਖ ਰੁਪਏ ਦੀ ਰਾਸ਼ੀ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ ਵਾਸਤੇ ਰਾਖਵੀਂ ਰੱਖੀ ਗਈ ਹੈ, ਜਿਸ ਦੇ ਤਹਿਤ ਹੜ੍ਹ ਪੀੜਤ ਪਰਿਵਾਰਾਂ ਨੂੰ ਸੁੱਕਾ ਰਾਸ਼ਨ, ਪਸ਼ੂਆਂ ਦੇ ਲਈ ਸੁੱਕਾ ਚਾਰਾ, ਤਿਰਪਾਲਾਂ, ਮੱਛਰਦਾਨੀਆਂ, ਦਵਾਈਆਂ, ਪੀਣ ਵਾਲਾ ਪਾਣੀ ਅਤੇ ਹੋਰ ਸਮੱਗਰੀ ਸ਼ਾਮਿਲ ਹੈ।

# ਮਨਰੇਗਾ ਦਾ ਕੰਮ ਬੰਦ ਕਰਨ ਦੇ ਰੋਸ ਵਜੋਂ ਕੇਂਦਰ ਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਬਲਾਕ ਖਡੂਰ ਸਾਹਿਬ ਅੱਗੇ ਬੰਦ ਪਏ ਮਨਰੇਗਾ ਦੇ ਕੰਮ ਨੂੰ ਚਾਲੂ ਕਰਾਉਣ ਅਤੇ ਕੇਂਦਰ ਸਰਕਾਰ ਵੱਲੋਂ ਲਗਾਤਾਰ ਬਜਟ 'ਚ ਕਟੌਤੀ ਕਰਨ ਵਿਰੁੱਧ ਕੇਂਦਰ ਤੇ ਪੰਜਾਬ ਸਰਕਾਰ ਦਾ ਪੁਤਲਾ ਸਾੜਿਆ ਗਿਆ ਜਿਸ ਦੀ ਅਗਵਾਈ ਬਾਬਾ ਮੇਜਰ ਸਿੰਘ ਨਾਗੋਕੇ ਹੋਰ ਜਗੀਰ ਸਿੰਘ ਜਗੀਰ ਸਿੰਘ ਮੰਗਲ ਸਿੰਘ ਮੰਗਲ ਸਿੰਘ ਨੇ ਕੀਤੀ। ਇਸ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਘੱਟੋ ਘੱਟ ਉਜਰਤਾਂ ਵਿੱਚ ਫੌਰੀ ਵਾਧਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮਨਰੇਗਾ ਸਕੀਮ ਦਾ ਕੰਮ ਹਾਕਮ ਧਿਰ ਦੇ ਸਰਪੰਚਾਂ ਦੇ ਕਹਿਣ 'ਤੇ ਚੱਲ ਰਿਹਾ ਹੈ। ਕੰਮ ਮੰਗਦੇ ਵਰਕਰਾਂ ਨੂੰ ਕੰਮ ਨਹੀਂ ਦਿੱਤਾ ਜਾ ਰਿਹਾ।ਪਹਿਲਾਂ ਮੇਟ ਦੇ ਤੌਰ 'ਤੇ ਕੰਮ ਕਰਦੇ ਮੇਟਾਂ ਨੂੰ ਹਟਾ ਕੇ ਹਾਕਮ ਧਿਰ ਦੇ ਸਰਪੰਚ ਆਪਣੀ ਧਿਰ ਦੇ ਲਾ ਰਹੇ ਹਨ।ਬਲਾਕਾਂ ਦੇ ਬੀਡੀਪੀਓ, ਮਨਰੇਗਾ ਅਫਸਰ, ਮਨਰੇਗਾ ਸੈਕਟਰੀ ਆਪਣੀਆਂ ਮਨਮਾਨੀਆਂ ਕਰ ਰਹੇ ਹਨ।ਵਿਰੋਧੀ ਧਿਰ ਦੇ ਸਰਪੰਚਾਂ ਨੂੰ ਮਨਰੇਗਾ ਤਹਿਤ ਕੰਮ ਕੰਮ ਕਰਨ ਨਹੀਂ ਦਿੱਤਾ ਜਾ ਰਿਹਾ ਅਤੇ ਪਿਛਲੇ ਬਕਾਏ ਨਹੀਂ ਦਿੱਤੇ ਜਾ ਰਹੇ।ਇਸ ਮੌਕੇ ਗੁਰਜੀਤ ਸਿੰਘ, ਮੁਣਸ਼ੀ ਸਿੰਘ, ਜਗੀਰ ਸਿੰਘ, ਮੰਗਲ ਸਿੰਘ ਕਾਕੂ, ਜਸਬੀਰ ਸਿੰਘ ਜੱਸਾ, ਗੁਰਨਾਮ ਗੁਰਨਾਮ ਸਿੰਘ, ਸਨੀਤਾ ਕੌਰ, ਬਖਸ਼ੀਸ਼ ਕੌਰ, ਦਲਬੀਰ ਕੌਰ, ਕਸ਼ਮੀਰ ਕੌਰ, ਸ਼ੰਭੂ ਭਗਤ, ਜਿੰਦੂ ਪਿੰਟਰ ਆਦਿ ਹਾਜ਼ਰ ਸਨ।



# ਜ਼ਿਲ੍ਹਾ ਗੁਰਦਾਸਪੁਰ ਦੇ ਸੈਂਕੜੇ ਪਿੰਡਾਂ 'ਚ ਹਜ਼ਾਰਾਂ ਲੋਕਾਂ ਨੂੰ ਹੜ੍ਹਾਂ ਦੀ ਮਾਰ ਝੱਲਣੀ ਪਈ

**● ਡੀਸੀ ਨੇ ਹੜ੍ਹ ਪੀੜਤਾਂ ਨੂੰ ਧਰਵਾਸਾ ਦਿੰਦਿਆਂ ਕਿਸੇ ਵੀ ਗੱਲੋਂ ਨਾ ਘਬਰਾਉਣ ਦੀ ਕੀਤੀ ਅਪੀਲ**

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਬੀਤੇ ਦਿਨੀਂ ਰਾਵੀ ਦਰਿਆ ਦੇ ਪਾਣੀ ਕਾਰਨ ਜ਼ਿਲ੍ਹਾ ਗੁਰਦਾਸਪੁਰ ਦੇ 323 ਪਿੰਡ ਪ੍ਰਭਾਵਿਤ ਹੋਏ ਹਨ, ਹਜ਼ਾਰਾਂ ਲੋਕਾਂ ਨੂੰ ਹੜ੍ਹਾਂ ਦੀ ਮਾਰ ਝੱਲਣੀ ਪਈ ਹੈ।ਪੰਜਾਬ ਸਰਕਾਰ ਵੱਲੋਂ ਰਾਹਤ ਤੇ ਬਚਾਅ ਕਾਰਜ ਦਿਨ-ਰਾਤ ਜਾਰੀ ਹਨ। ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਬੀਤੀ ਸ਼ਾਮ ਤੱਕ 5400 ਤੋਂ ਵੱਧ ਵਿਅਕਤੀਆਂ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ ਜਾ ਚੁੱਕਾ ਹੈ।ਹੜ੍ਹ ਪ੍ਰਭਾਵਿਤ ਲੋਕਾਂ ਲਈ ਜ਼ਿਲ੍ਹੇ ਅੰਦਰ 23 ਰਾਹਤ ਕੈਂਪ ਸਥਾਪਿਤ ਕੀਤੇ ਗਏ ਹਨ ਜਿਨ੍ਹਾਂ ਵਿੱਚੋਂ 13 ਐਕਟਿਵ ਹਨ।ਇਨ੍ਹਾਂ ਕੈਂਪਾਂ ਵਿੱਚ ਖਾਣੇ ਤੋਂ ਇਲਾਵਾ ਸੌਂਣ ਲਈ ਗੱਦੇ, ਸੁੱਕਾ ਰਾਸ਼ਨ, ਬਿਸਕੁਟ ਅਤੇ ਛੋਟੇ ਬੱਚਿਆਂ ਦੇ ਲਈ ਦੁੱਧ ਤੋਂ ਇਲਾਵਾ ਮੁੱਢਲੀ ਸਹਾਇਤਾ ਮੁਹੱਈਆ ਦਿੱਤੀ ਜਾ ਰਹੀ ਹੈ।ਐਂਬੂਲੈਂਸਾਂ ਵੀ ਤੈਨਾਤ ਕੀਤੀਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਲਈ ਕੱਲ੍ਹ ਤੱਕ 52 ਮੈਡੀਕਲ ਕੈਂਪ ਲਗਾਏ ਗਏ ਹਨ।ਡਿਪਟੀ ਐੱਨਡੀਆਰਐੱਫ਼ ਦੀਆਂ 6 ਟੀਮਾਂ, ਭਾਰਤੀ ਫ਼ੌਜ ਦੀਆਂ 3 ਟੀਮਾਂ ਅਤੇ ਬੀਐੱਸਐੱਫ਼. ਦੀ 1 ਟੀਮ ਰਾਹਤ ਕਾਰਜਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ ਕਰ ਰਹੀਆਂ ਹਨ।5000 ਤੋਂ ਵੱਧ ਰਾਹਤ ਸਮੱਗਰੀ ਦੀਆਂ ਕਿੱਟਾਂ ਹੜ੍ਹ ਪ੍ਰਭਾਵਿਤ ਵਿਅਕਤੀਆਂ ਤੱਕ ਪਹੁੰਚਾਈਆਂ ਗਈਆਂ ਹਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੜ੍ਹਾਂ ਕਾਰਨ ਪਸ਼ੂ ਧਨ ਨੂੰ ਨੁਕਸਾਨ ਪਹੁੰਚਿਆ ਹੈ।ਪਸ਼ੂ ਪਾਲਣ ਵਿਭਾਗ ਦੀ ਰਿਪੋਰਟ ਅਨੁਸਾਰ ਜ਼ਿਲ੍ਹੇ ਵਿੱਚ 243 ਪਸ਼ੂਆਂ ਦੀ ਹੜ੍ਹਾਂ ਕਾਰਨ ਮੌਤ ਹੋਈ ਹੈ।ਉਨ੍ਹਾਂ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਵੱਲੋਂ ਵਿਸ਼ੇਸ਼ ਟੀਮਾਂ ਬਣਾ ਕੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜਾ ਕੇ ਪਸ਼ੂਆਂ ਨੂੰ ਬਚਾਇਆ ਜਾ ਰਿਹਾ ਹੈ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਸ਼ੂਆਂ ਨੂੰ ਚਾਰਾ ਦਿੱਤਾ ਜਾ ਰਿਹਾ ਹੈ ਅਤੇ ਨਾਲ ਹੀ ਵੈਨਟਨਰੀ ਡਾਕਟਰਾਂ ਵੱਲੋਂ ਪਸ਼ੂਆਂ ਦਾ ਇਲਾਜ ਵੀ ਕੀਤਾ ਜਾ ਰਿਹਾ ਹੈ।ਉਨ੍ਹਾਂ ਹੜ੍ਹ ਪ੍ਰਭਾਵਿਤ ਖੇਤਰ ਦੇ ਵਸਨੀਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਬਿਲਕੁਲ ਨਾ ਘਬਰਾਉਣ, ਜ਼ਿਲ੍ਹਾ ਪ੍ਰਸ਼ਾਸਨ ਇਸ ਸੰਕਟ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜ੍ਹਾ ਹੈ।



31-AUG-PAGE-6.qxd 8/30/2025 9:21 PM Page 1



## 95 ਲੱਖ ਦੀ ਠੱਗੀ ਦੇ ਮਾਮਲੇ 'ਚ ਇੱਕ ਗ੍ਰਿਫਤਾਰ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕਰੀਬ 95 ਲੱਖ ਰੁਪਏ ਦੀ ਠੱਗੀ ਦੇ ਇੱਕ ਮਾਮਲੇ 'ਚ ਥਾਣਾ ਸਾਈਬਰ ਕਰਾਈਮ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪਰਮਜੀਤ ਸਿੰਘ (60) ਨਾਮਕ ਵਿਅਕਤੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਗਾਏ ਸਨ ਕਿ ਜਨਵਰੀ ਮਹੀਨੇ ਇੱਕ ਵਿਅਕਤੀ ਨੇ ਉਸ ਨੂੰ ਫੋਨ ਕਰਕੇ ਕਿਹਾ ਕਿ ਮੈਂ ਐੱਚ.ਡੀ.ਐੱਫ.ਸੀ. ਬੈਂਕ ਮੁੰਬਈ ਤੋਂ ਗੱਲ ਕਰ ਰਿਹਾ ਹਾਂ ਜੇਕਰ ਤੁਸੀਂ ਮੈਨੂੰ 11,000/- ਰੁਪਏ ਦਾ ਡਰਾਫਟ ਬਣਾ ਕੇ ਭੇਜੋ ਤਾਂ ਮੈਂ ਤੁਹਾਨੂੰ ਤੁਹਾਡੀ ਬੰਦ ਪਈ ਪਾਲਿਸੀ ਦੇ ਪੈਸੇ ਦਿਵਾ ਸਕਦਾ ਹਾਂ, ਜਿਸ ਦੇ ਵਿਸ਼ਵਾਸ 'ਚ ਆ ਕੇ ਉਸ ਨੇ ਦੱਸੇ ਖਾਤੇ 'ਤੇ ਡਰਾਫਟ ਬਣਾ ਕੇ ਭੇਜਿਆ ਤਾਂ ਉਸ ਦੇ ਬੈਂਕ ਖਾਤੇ 'ਚ 50,000/- ਰੁਪਏ ਆ ਗਏ, ਜਿਸ ਤੋਂ ਬਾਅਦ ਉਕਤ ਵਿਅਕਤੀ ਤੇ ਉਸ ਦੇ ਸਾਥੀ ਉਸ ਨੂੰ ਵਾਰ-ਵਾਰ ਫੋਨ ਕਰਕੇ ਕਹਿਣ ਲੱਗ ਪਏ ਕਿ ਤੁਸੀਂ ਸਾਡੇ ਕਹਿਣ ਮੁਤਾਬਿਕ ਟਰੇਡਿੰਗ 'ਚ ਪੈਸੇ ਲਗਾ ਦੇਵੋ, ਤੁਹਾਨੂੰ ਕੁਝ ਸਮੇਂ 'ਚ ਹੀ ਵੱਡਾ ਮੁਨਾਫਾ ਦਵਾਂਗੇ।ਉਕਤ ਵਿਅਕਤੀਆਂ ਦੀ ਗੱਲ ਵਿੱਚ ਆ ਕੇ ਉਸ ਨੇ ਆਪਣੀ ਪਤਨੀ ਦੇ ਬੈਂਕ ਖਾਤਿਆਂ 'ਚੋਂ ਵੱਖ-ਵੱਖ ਤਰੀਕਾਂ 'ਚ ਕੁੱਲ 94,96,543/- ਰੁਪਏ ਟਰਾਂਸਫਰ ਕਰ ਦਿੱਤੇ, ਪਰ ਜਦੋਂ ਉਸ ਦੇ ਬੈਂਕ ਖਾਤਿਆਂ 'ਚ ਰਕਮ ਵਾਪਸ ਨਾ ਆਈ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਨਾਲ ਤਾਂ ਠੱਗੀ ਮਾਰੀ ਗਈ ਹੈ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਕੇ ਥਾਣਾ ਸਾਈਬਰ ਕ੍ਰਾਈਮ ਪੁਲਸ ਵੱਲੋਂ ਕੀਤੀ ਗਈ ਤਫ਼ਤੀਸ਼ ਦੌਰਾਨ ਮੁਕੇਸ਼ ਸ਼ਰਮਾ ਵਾਸੀ ਡਾ. ਮੁਖਰਜੀ ਨਗਰ ਦਿੱਲੀ ਨੂੰ ਇਸ ਮਾਮਲੇ 'ਚ ਗ੍ਰਿਫਤਾਰ ਕੀਤਾ ਗਿਆ ਹੈ ਤੇ ਮਾਮਲੇ ਦੀ ਤਫ਼ਤੀਸ਼ ਜਾਰੀ ਹੈ।

## ਡੀ ਬੀ ਯੂ 'ਚ 'ਦੰਦਾਂ ਦੇ ਵਿਗਿਆਨ 'ਚ ਨਵੀਨਤਾ ਪ੍ਰਮਾਣਿਕਤਾ' 'ਤੇ ਲੈਕਚਰ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਦੇ ਮਾਰਗਦਰਸ਼ਨ ਹੇਠ, ਡੈਂਟਲ ਸਾਇੰਸਜ਼ ਫੈਕਲਟੀ ਨੇ ਸੰਸਥਾ ਦੀ ਇਨੋਵੇਸ਼ਨ ਕੌਂਸਲ ਦੇ ਸਹਿਯੋਗ ਨਾਲ 'ਦੰਦਾਂ ਦੇ ਵਿਗਿਆਨ ਵਿੱਚ ਨਵੀਨਤਾ ਪ੍ਰਮਾਣਿਕਤਾ' ਵਿਸ਼ੇ 'ਤੇ ਇੱਕ ਲੈਕਚਰ ਕਰਵਾਇਆ।ਸੈਸ਼ਨ ਦਾ ਉਦਘਾਟਨ ਡਾ. ਹਰਸ਼ ਸਦਾਵਰਤੀ ਵਾਈਸ ਚਾਂਸਲਰ, ਡਾ. ਵਿਕਰਮ ਬਾਲੀ ਪ੍ਰਿੰਸੀਪਲ ਦੇਸ਼ ਭਗਤ ਡੈਂਟਲ ਕਾਲਜ ਤੇ ਹਸਪਤਾਲ ਅਤੇ ਡਾ. ਤੇਜਬੀਰ ਸਿੰਘ ਵਾਈਸ ਪ੍ਰਿੰਸੀਪਲ ਦੇਸ਼ ਭਗਤ ਡੈਂਟਲ ਕਾਲਜ ਤੇ ਹਸਪਤਾਲ ਵੱਲੋਂ ਕੀਤਾ ਗਿਆ।ਇਸ ਸੈਸ਼ਨ ਦਾ ਸੰਚਾਲਨ ਡਾ. ਵਿਭੂਤੀ ਸਹਾਇਕ ਪ੍ਰੋਫੈਸਰ ਡੀਬੀਡੀਸੀ ਐਂਡ ਐੱਚ ਵੱਲੋਂ ਕੀਤਾ ਗਿਆ, ਜਿਨ੍ਹਾਂ ਨੇ ਰਿਸੋਰਸ ਪਰਸਨ ਵਜੋਂ ਸ਼ਿਰਕਤ ਕੀਤੀ।ਇਸ ਲੈਕਚਰ ਦਾ ਉਦੇਸ਼ ਵਿਦਿਆਰਥੀਆਂ, ਫੈਕਲਟੀ ਤੇ ਦੰਦਾਂ ਦੇ ਪੇਸ਼ੇਵਰਾਂ ਨੂੰ ਇਸ ਬਾਰੇ ਜਾਗਰੂਕ ਕਰਨਾ ਸੀ ਕਿ ਦੰਦਾਂ ਦੇ ਵਿਗਿਆਨ ਤੇ ਤਕਨਾਲੋਜੀ ਵਿੱਚ ਨਵੀਨਤਾਕਾਰੀ ਵਿਚਾਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਮਾਣਿਤ, ਅਨੁਕੂਲਿਤ ਤੇ ਲਾਗੂ ਕੀਤਾ ਜਾ ਸਕਦਾ ਹੈ ਤਾਂ ਜੋ ਮਰੀਜ਼ਾਂ ਦੇ ਨਤੀਜਿਆਂ ਤੇ ਦੰਦਾਂ ਦੇ ਅਭਿਆਸਾਂ ਨੂੰ ਬਿਹਤਰ ਬਣਾਇਆ ਜਾ ਸਕੇ।ਇਸ ਲੈਕਚਰ ਦਾ ਸਮਾਪਨ ਇੰਸਟੀਚਿਊਟ ਦੀ ਇਨੋਵੇਸ਼ਨ ਕੌਂਸਲ ਦੀ ਉੱਭਰਦੇ ਨਵੀਨਤਾਕਾਰਾਂ ਨੂੰ ਸਲਾਹ ਦੇਣ, ਸਰੋਤਾਂ ਦੀ ਪੇਸ਼ਕਸ਼ ਕਰਨ ਤੇ ਖੋਜ ਅਤੇ ਨਵੀਨਤਾ ਦੇ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦੇ ਨਾਲ ਹੋਇਆ।

## ਡਰੇਨ 'ਚ ਪਏ ਪਾੜ ਦਾ ਭਾਜਪਾ ਆਗੂਆਂ ਵੱਲੋਂ ਜਾਇਜ਼ਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬ 'ਚ ਹੜ੍ਹਾਂ ਨੂੰ ਲੈ ਕੇ ਸਥਿਤੀ ਲਗਾਤਾਰ ਨਾਜ਼ੁਕ ਬਣੀ ਹੋਈ ਹੈ। ਦੁਆਬੇ, ਮਾਝੇ ਤੋਂ ਬਾਅਦ ਹੁਣ ਮਾਲਵੇ ਦੇ ਕਈ ਜ਼ਿਲ੍ਹਿਆਂ 'ਚ ਰੈੱਡ ਅਲਰਟ ਜਾਰੀ ਹੋ ਗਿਆ ਹੈ। ਪਿੱਥੋ ਬਦਿਆਲਾ ਡਰੇਨ 'ਚ ਵੱਡੇ ਪਾੜ ਨਾਲ ਨਜ਼ਦੀਕੀ ਪਿੰਡਾਂ 'ਚ ਹੜ੍ਹ ਵਰਗੀ ਸਥਿਤੀ ਬਣ ਗਈ ਹੈ। ਪਿੱਥੋ ਤੇ ਬਦਿਆਲਾ ਦੀਆਂ ਪੰਚਾਇਤਾਂ ਦੇ ਨਾਲ ਪਿੰਡ ਵਾਸੀਆਂ ਵੱਲੋਂ ਪਾੜ ਪੂਰਨ ਤੇ ਹੋਰ ਰਾਹਤ ਕਾਰਜ ਕੀਤੇ ਜਾ ਰਹੇ ਹਨ। ਇਸ ਬਾਰੇ ਖ਼ਬਰ ਮਿਲਦਿਆਂ ਹੀ ਭਾਜਪਾ ਦੇ ਸੂਬਾ ਜਰਨਲ ਸਕੱਤਰ ਦਿਆਲ ਸਿੰਘ ਸੋਢੀ ਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਦਿਹਾਤੀ ਗੁਰਪ੍ਰੀਤ ਸਿੰਘ ਮਲੂਕਾ ਸਾਥੀਆਂ ਸਮੇਤ ਮੌਕੇ 'ਤੇ ਪਹੁੰਚੇ ਰਾਹਤ ਕਾਰਜ 'ਚ ਸ਼ਾਮਲ ਹੋਏ। ਪੰਚਾਇਤ ਮੈਂਬਰਾਂ ਤੋਂ ਸਥਿਤੀ ਬਾਰੇ ਜਾਣਕਾਰੀ ਲਈ ਅਤੇ ਮੌਕੇ 'ਤੇ ਹੀ ਭਾਜਪਾ ਆਗੂਆਂ ਨੇ ਲੋਕਾਂ ਦੀ ਮੰਗ ਅਨੁਸਾਰ ਗੁਰਪ੍ਰੀਤ ਸਿੰਘ ਮਲੂਕਾ ਨੇ 400 ਲਿਟਰ ਡੀਜ਼ਲ ਦਾ ਯੋਗਦਾਨ ਪਾਇਆ ਅਤੇ 5100 ਰੁਪਏ ਲੰਗਰ ਦੀ ਸੇਵਾ ਲਈ ਸਹਿਯੋਗ ਕੀਤਾ।ਇਸ ਮੌਕੇ ਦਿਆਲ ਸੋਢੀ ਤੇ ਮਲੂਕਾ ਨੇ ਕਿਹਾ ਕੇ ਸੂਬਾ ਸਰਕਾਰ ਹੜ੍ਹਾਂ ਲਈ ਅਗਾਊਂ ਪ੍ਰਬੰਧ ਕਰਨ 'ਚ ਅਸਫਲ ਰਹੀ ਹੈ ਅਤੇ ਕਰੋੜਾਂ ਦੇ ਫੰਡ ਹੋਣ ਦੇ ਬਾਵਜੂਦ ਡਰੇਨਾਂ ਦੀ ਸਫਾਈ ਨਹੀਂ ਕਰਵਾਈ ਜਾਂਦੀ।ਮੌਕੇ 'ਤੇ ਪਹੁੰਚੀ ਸਿਵਲ ਪ੍ਰਸ਼ਾਸਨ ਦੀ ਟੀਮ ਤੇ ਜੇ ਸੀ ਬੀ ਲਈ ਉਨ੍ਹਾਂ ਪ੍ਰਸ਼ਾਸਨ ਦੀ ਸ਼ਲਾਘਾ ਵੀ ਕੀਤੀ। ਸੋਢੀ ਨੇ ਕਿਹਾ ਕਿ ਪਿੰਡ ਵਾਸੀਆਂ ਲਈ ਪਾਣੀ ਨਾਲ ਹੋਏ ਨੁਕਸਾਨ ਦੀ ਪੂਰਤੀ ਲਈ ਹਰ ਸੰਭਵ ਮਦਦ ਕੀਤੀ ਜਾਵੇਗੀ। ਇਸ ਮੌਕੇ ਯੁਵਾ ਆਗੂ ਜਸਪ੍ਰੀਤ ਜੱਸਾ ਭੁੱਚੋ, ਜਰਨਲ ਸਕੱਤਰ ਮੇਜਰ ਸਿੰਘ, ਸਰਪੰਚ ਦਰਸ਼ਨ ਸਿੰਘ, ਜਸਵੀਰ ਸਿੰਘ ਬਦਿਆਲਾ ਕਾਕਾ, ਮੈਂਬਰ ਕਰਮਪਾਲ ਕੋਟੜਾ, ਸਾਬਕਾ ਸਰਪੰਚ ਜਗਦੇਵ ਸਿੰਘ, ਸੁਖਜੀਤ ਸਿੰਘ ਪਿੱਥੋ, ਗੋਰਾ ਪਿੱਥੋ, ਮੇਜਰ ਸਿੰਘ ਬਾਲਿਆਂਵਾਲੀ ਆਦਿ ਹਾਜ਼ਰ ਸਨ। ਇਹ ਜਾਣਕਾਰੀ ਮੀਡੀਆ ਇੰਚਾਰਜ ਰਤਨ ਸ਼ਰਮਾ ਮਲੂਕਾ ਵੱਲੋਂ ਸਾਂਝੀ ਕੀਤੀ ਗਈ।

## ਹੜ੍ਹਾਂ ਤੇ ਮੀਂਹ ਨਾਲ ਹੋਏ ਫਸਲੀ ਨੁਕਸਾਨ ਦਾ ਸਰਕਾਰ ਤੁਰੰਤ ਮੁਆਵਜ਼ਾ ਦੇਵੇ : ਸ਼ੰਭੂ ਮੰਡੇਰ



**ਬਰੇਟਾ (ਰੀਤਵਾਲ)**-ਪੰਜਾਬ ਵਿੱਚ ਆਏ ਹੜ੍ਹਾਂ ਤੇ ਮੀਂਹ ਨਾਲ ਹੋਏ ਨੁਕਸਾਨ ਲਈ ਮੁਆਵਜ਼ੇ ਦੀ ਤੁਰੰਤ ਮੰਗ ਕਰਦੇ ਹੋਏ ਕਿਸਾਨ ਆਗੂ ਸ਼ੰਭੂ ਮੰਡੇਰ ਨੇ ਕਿਹਾ ਕਿ ਪੰਜਾਬ ਵਿੱਚ ਹੜ੍ਹਾਂ ਤੇ ਮੀਂਹ ਨਾਲ ਫਸਲ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।ਪੰਜਾਬ ਦਾ ਕਿਸਾਨ ਪਹਿਲਾਂ ਹੀ ਕਰਜ਼ੇ ਦੀ ਮਾਰ ਝੱਲ ਰਿਹਾ ਹੈ ਅਤੇ ਹੁਣ ਮੀਂਹ ਤੇ ਹੜ੍ਹਾਂ ਕਾਰਨ ਫਸਲ ਤਬਾਹ ਹੋ ਚੁੱਕੀ ਹੈ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ ਕੀਤਾ ਜਾਵੇ ਤੇ ਹੋਏ ਨੁਕਸਾਨ ਦਾ ਮੁਆਵਜ਼ਾ ਛੇਤੀ ਦਿੱਤਾ ਜਾਵੇ।ਪੰਜਾਬ ਦਾ ਕਿਸਾਨ ਬੀਤੇ ਲੰਬੇ ਅਰਸੇ ਤੋਂ ਆਰਥਿਕ ਤੰਗੀਆਂ, ਕੁਦਰਤੀ ਆਫਤਾਂ, ਖੇਤੀਬਾੜੀ ਚੁਣੌਤੀਆਂ ਤੇ ਕਰਜ਼ੇ ਦੀ ਮਾਰ ਨਾਲ ਜੂਝਦਿਆਂ ਖੁਦਕੁਸ਼ੀਆਂ ਕਰ ਰਿਹਾ ਹੈ।ਪੰਜਾਬ ਦੀ ਕਿਸਾਨੀ ਨੂੰ ਬਚਾਉਣ ਲਈ ਕੇਂਦਰ ਸਰਕਾਰ ਨੂੰ ਤੁਰੰਤ ਪੈਕੇਜ ਜਾਰੀ ਕਰਨਾ ਚਾਹੀਦਾ ਹੈ। ਮੰਡੇਰ ਨੇ ਕਿਹਾ ਕਿ ਹੜ੍ਹਾਂ ਤੇ ਮੀਂਹ ਨਾਲ ਪ੍ਰਭਾਵਿਤ ਕਿਸਾਨਾਂ ਤੇ ਮਜ਼ਦੂਰਾਂ ਦੇ ਸਾਰੇ ਕਰਜ਼ੇ ਮੁਆਫ ਕੀਤੇ ਜਾਣ, ਕਿਉਂਕਿ ਹੜ੍ਹਾਂ ਤੇ ਮੀਂਹ ਕਾਰਨ ਖੇਤਾਂ ਵਿੱਚ ਖੜੀਆਂ ਫਸਲਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।ਸ਼ੰਭੂ ਮੰਡੇਰ ਨੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਤੋਂ ਤੁਰੰਤ ਹਰਕਤ ਵਿੱਚ ਆਉਣ ਦੀ ਮੰਗ ਕਰਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਪੰਜਾਬ ਵਿੱਚ ਆਏ ਹੜ੍ਹਾਂ ਦਾ ਸਰਵੇਖਣ ਕਰਾਵੇ ਅਤੇ ਦੋਨੋਂ ਸਰਕਾਰਾਂ ਨੂੰ ਨੁਕਸਾਨ ਦਾ ਮੁਆਵਜ਼ਾ ਦੇ ਕੇ ਪਾਰਟੀ ਭੇਦਭਾਵ ਤੋਂ ਉੱਪਰ ਉੱਠ ਕੇ ਕਿਸਾਨਾਂ ਦੀ ਮਦਦ ਕੀਤੀ ਜਾਣੀ ਚਾਹੀਦੀ ਹੈ।

## ਕਿਰਤੀ ਕਿਸਾਨ ਯੂਨੀਅਨ ਵੱਲੋਂ ਹੜ੍ਹ ਪੀੜਤਾਂ ਲਈ ਫੌਰੀ ਮੁਆਵਜ਼ਾ ਜਾਰੀ ਕਰਨ ਦੀ ਮੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦਾ ਵਫਦ ਤਹਿਸੀਲਦਾਰ ਡਾਕਟਰ ਗੁਰਪ੍ਰੀਤ ਸਿੰਘ ਨੂੰ ਮਿਲਿਆ। ਉਨ੍ਹਾਂ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜ ਕੇ ਪੰਜਾਬ ਵਿੱਚ ਹੜ੍ਹਾਂ ਨਾਲ ਹੋਏ ਨੁਕਸਾਨ ਤੋਂ ਰਾਹਤ ਦੇਣ ਲਈ ਲੋਕਾਂ ਨੂੰ ਫੌਰੀ ਆਰਥਿਕ ਸਹਾਇਤਾ ਦੇਣ ਦੀ ਮੰਗ ਕੀਤੀ ਗਈ।ਤਹਿਸੀਲਦਾਰ ਡਾਕਟਰ ਗੁਰਪ੍ਰੀਤ ਸਿੰਘ ਰਾਹੀਂ ਭੇਜੇ ਮੰਗ ਪੱਤਰ ਵਿੱਚ ਫਸਲਾਂ, ਪਸ਼ੂਆਂ ਤੇ ਮਕਾਨਾਂ ਦੇ ਨੁਕਸਾਨ ਸਬੰਧੀ 'ਜਿੰਨਾ ਨੁਕਸਾਨ ਉਨੀ ਭਰਪਾਈ' ਦੇ ਤੱਤ ਵਾਲੀ ਬਦਲਵੀਂ ਮੁਆਵਜ਼ਾ ਨੀਤੀ ਲਿਆਉਣ ਦੀ ਮੰਗ ਕੀਤੀ ਗਈ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਮਾਸਟਰ ਜਸਵਿੰਦਰ ਸਿੰਘ ਝਬੇਲਵਾਲੀ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ ਨੇ ਕਿਹਾ ਕੇ ਕਿ ਹੜ੍ਹਾਂ ਦੀ ਮਾਰ ਹੇਠ ਆਏ ਇਲਾਕਿਆਂ 'ਚ ਵਿਸ਼ੇਸ਼ ਗਿਰਦਾਵਰੀ ਪ੍ਰਕਿਰਿਆ ਬਿਨਾਂ ਕਿਸੇ ਪੱਖਪਾਤ ਤੋਂ ਕੀਤੀ ਜਾਵੇ, ਪਰ ਇਸ ਸਮੇਂ ਲੋਕਾਂ ਨੂੰ ਫੌਰੀ ਰਾਹਤ ਦੇਣ ਦੀ ਲੋੜ ਹੈ।ਇਸ ਲਈ ਗਿਰਦਾਵਰੀ ਪ੍ਰਕਿਰਿਆ ਦੇ ਮੁਕੰਮਲ ਹੋਣ ਤੋਂ ਪਹਿਲਾ ਹੜ੍ਹਾਂ ਕਾਰਨ ਹੋਈ ਮੌਤ ਦਾ 20 ਲੱਖ ਰੁਪਏ, ਨੁਕਸਾਨੀਆਂ ਫਸਲਾਂ ਦਾ ਕਿਸਾਨਾਂ ਨੂੰ 50 ਹਜ਼ਾਰ ਪ੍ਰਤੀ ਏਕੜ ਤੇ 25 ਹਜ਼ਾਰ ਰੁਪਏ ਪ੍ਰਤੀ ਪਰਵਾਰ ਮਜ਼ਦੂਰਾਂ ਸਮੇਤ ਹੋਰ ਤਬਕਿਆਂ ਨੂੰ ਫੌਰੀ ਰਾਹਤ ਵਜੋਂ ਮੁਹੱਈਆ ਕਰਵਾਇਆ ਜਾਵੇ।ਇਸੇ ਤਰ੍ਹਾਂ ਰੁੜ੍ਹੇ ਜਾਂ ਮਾਰੇ ਗਏ ਪਸ਼ੂਆਂ ਖਾਸ ਕਰਕੇ ਦੁੱਧ ਦੇਣ ਵਾਲੀਆਂ ਗਊਆਂ ਤੇ ਮੱਝਾਂ ਦਾ ਇੱਕ ਲੱਖ ਰੁਪਏ ਪ੍ਰਤੀ ਪਸ਼ੂ ਤੇ ਦੂਸਰੇ ਛੋਟੇ ਵੱਡੇ ਪਸ਼ੂਆਂ ਦਾ 20 ਤੋਂ 50 ਹਜ਼ਾਰ ਰੁਪਏ ਮੁਆਵਜ਼ਾ ਫੌਰੀ ਤੌਰ 'ਤੇ ਦਿੱਤਾ ਜਾਵੇ।ਇਸ ਮੌਕੇ ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ ਤੇ ਜਸਵੀਰ ਸਿੰਘ ਸਰਾਏਨਾਗਾ, ਦਵਿੰਦਰ ਸਿੰਘ ਲੁਬਾਣਿਆਂਵਾਲੀ, ਗੁਰਸੇਵਕ ਸਿੰਘ ਸੰਗਰਾਣਾ, ਜਸਵੰਤ ਸਿੰਘ ਡੋਡਾਂਵਾਲੀ, ਭਿੰਦਰ ਸਿੰਘ ਥਾਂਦੇਵਾਲਾ, ਗੁਰਜੀਤ ਸਿੰਘ ਲੁਬਾਣਿਆਂਵਾਲੀ, ਗੁਰਟੇਕ ਸਿੰਘ ਲੰਡੇ ਰੋਡੇ, ਕਾਮਰੇਡ ਜਸਵਿੰਦਰ ਸਿੰਘ ਭੱਲਾ ਝਬੇਲਵਾਲੀ, ਚਮਕੌਰ ਸਿੰਘ ਤਖਤ ਮੁਲਾਣਾਂ ਤੋਂ ਹੋਰ ਆਗੂ ਹਾਜ਼ਰ ਸਨ।

## ਬਾਰਸ਼ ਨਾਲ ਡਿੱਗੇ ਮਕਾਨਾਂ ਦੇ ਮੁਆਵਜ਼ੇ ਲਈ ਮਜ਼ਦੂਰਾਂ ਵੱਲੋਂ ਬੀ ਡੀ ਪੀ ਓ ਦਫ਼ਤਰ ਅੱਗੇ ਪ੍ਰਦਰਸ਼ਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਈ ਲਾਲੋ ਪੰਜਾਬੀ ਮੰਚ ਪੰਜਾਬ, ਮਜ਼ਦੂਰ ਜਥੇਬੰਦੀਆਂ ਵੱਲੋਂ ਆਗੂ ਹਰਜੀਤ ਸਿੰਘ ਖਿਆਲੀ ਦੀ ਅਗਵਾਈ ਹੇਠ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਕੇਂਦਰ ਤੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਆਗੂ ਹਰਜੀਤ ਖਿਆਲੀ ਨੇ ਕਿਹਾ ਕਿ ਇਲਾਕਾ ਮਹਿਲ ਕਲਾਂ ਦੇ ਪਿੰਡਾਂ 'ਚ ਮੀਂਹ ਕਾਰਨ ਨੁਕਸਾਨੇ ਗਏ ਘਰਾਂ ਦੀਆਂ ਛੱਤਾਂ ਤੇ ਕੰਧਾਂ ਬੁਰੀ ਤਰ੍ਹਾਂ ਪਾਟ ਜਾਣ ਕਰਕੇ ਮਜ਼ਦੂਰ ਪਰਵਾਰ ਪਿੰਡਾਂ ਦੀਆਂ ਧਰਮਸ਼ਾਲਾਵਾਂ 'ਚ ਦਿਨ ਕਟੀ ਕਰਨ ਲਈ ਬੇਵੱਸ ਹਨ, ਪਰ ਸਰਕਾਰ ਦੇ ਅਧਿਕਾਰੀ ਜ਼ਮੀਨੀ ਪੱਧਰ 'ਤੇ ਠੋਸ ਹੱਲ ਕਰਨ ਦੀ ਬਜਾਏ ਕਾਗਜ਼ਾਂ ਦਾ ਢਿੱਡ ਭਰ ਰਹੇ ਹਨ।ਮਜ਼ਦੂਰਾਂ ਨੂੰ ਫਾਰਮ ਭਰਨ ਦਾ ਝਾਂਸਾ ਦੇ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ, ਜਦਕਿ ਅੱਜ ਪੀੜਤ ਮਜ਼ਦੂਰਾਂ ਨੂੰ ਯੋਗ ਮੁਆਵਜ਼ੇ ਦੀ ਤੁਰੰਤ ਲੋੜ ਹੈ।ਉਨ੍ਹਾਂ ਦੱਸਿਆ ਕਿ ਭਾਰੀ ਮੀਂਹ ਕਾਰਨ ਡਿੱਗੇ ਹੋਏ ਘਰਾਂ ਦਾ ਮੁਆਵਜ਼ਾ ਘੱਟੋ ਘੱਟ ਢਾਈ ਲੱਖ, ਚੋਅ ਰਹੀਆਂ ਛੱਤਾਂ ਲਈ ਡੇਢ ਲੱਖ ਰੁਪਏ, ਫਸਲਾਂ ਦੇ ਨੁਕਸਾਨ ਲਈ ਪ੍ਰਤੀ ਏਕੜ 60 ਹਜ਼ਾਰ ਰੁਪਏ ਮੁਆਵਜ਼ਾ ਦੇਣ, ਮਨਰੇਗਾ ਮਜ਼ਦੂਰਾਂ ਦੀ ਬਕਾਇਆ ਰਾਸ਼ੀ ਛੇਤੀ ਭੇਜੇ ਅਤੇ ਮਨਰੇਗਾ ਮਜ਼ਦੂਰਾਂ ਦੀ ਰੁਕੇ ਹੋਏ ਕੰਮ ਜਲਦ ਸ਼ੁਰੂ ਕਰਵਾਉਣ ਆਦਿ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਲਾਗੂ ਕਰਵਾਉਣ ਲਈ ਮਜ਼ਦੂਰਾਂ ਨੇ ਇਕੱਠੇ ਹੋ ਕੇ ਜ਼ੋਰਦਾਰ ਢੰਗ ਨਾਲ ਆਵਾਜ਼ ਉਠਾਈ।

ਇਸ ਮੌਕੇ ਐੱਸ ਐੱਚ ਓ ਸ਼ੇਰਵਿੰਦਰ ਸਿੰਘ ਔਲਖ ਨੇ ਮਜ਼ਦੂਰਾਂ ਤੋਂ ਮੰਗ ਪੱਤਰ ਪ੍ਰਾਪਤ ਕਰਕੇ ਭਰੋਸਾ ਦਿੱਤਾ ਕਿ ਇਸ ਨੂੰ ਉੱਚ ਅਧਿਕਾਰੀਆਂ ਤੱਕ ਛੇਤੀ ਪਹੁੰਚਦਾ ਕਰ ਦਿੱਤਾ ਜਾਵੇਗਾ।ਇਸ ਮੌਕੇ ਮਜ਼ਦੂਰ ਆਗੂਆਂ ਨੇ ਸਪੱਸ਼ਟ ਕਿਹਾ ਕਿ ਜੇਕਰ ਮੰਗਾਂ ਛੇਤੀ ਨਾ ਮੰਨੀਆਂ ਗਈਆਂ ਤਾਂ ਅਗਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਮਜ਼ਦੂਰ ਆਗੂ ਬਲਦੇਵ ਸਿੰਘ ਸਹਿਜੜਾ ਨੇ ਇਸ ਮੌਕੇ ਵੱਡੀ ਗਿਣਤੀ 'ਚ ਪੁੱਜੇ ਮਜ਼ਦੂਰਾਂ ਦਾ ਉਚੇਚਾ ਧੰਨਵਾਦ ਕੀਤਾ।

ਇਸ ਮੌਕੇ ਮੇਜਰ ਸਿੰਘ ਸਹਿਜੜਾ, ਜੀਤ ਸਿੰਘ, ਕਰਨੈਲ ਸਿੰਘ, ਨਸੀਬ ਕੌਰ, ਪਰਮਜੀਤ ਕੌਰ ਸਰੋ, ਜੱਸੀ ਸਿੰਘ, ਜਗਸੀਰ ਸਿੰਘ, ਰਮਨਦੀਪ ਕੌਰ, ਗੁਰਪ੍ਰੀਤ ਕੌਰ, ਜਗਸੀਰ ਸਿੰਘ ਖਿਆਲੀ, ਮਹਿੰਦਰ ਕੌਰ, ਪਾਲ ਸਿੰਘ, ਗੁਰਪ੍ਰੀਤ ਸਿੰਘ ਸਹਿਜੜਾ, ਲਾਭ ਸਿੰਘ ਵਜੀਦਕੇ, ਅਮਰਜੀਤ ਸਿੰਘ ਮਹਿਲ ਖੁਰਦ, ਸੁਖਵਿੰਦਰ ਸਿੰਘ ਮਹਿਲ ਕਲਾਂ ਆਦਿ ਹਾਜ਼ਰ ਸਨ।

## ਰੁੜਕੀ ਸੁਵਿਧਾ ਕੇਂਦਰ 'ਚੋਂ ਸਾਮਾਨ ਚੋਰੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹੇ ਦੀ ਤਹਿਸੀਲ ਅਮਲੋਹ 'ਚ ਪੈਂਦੇ ਪਿੰਡ ਰੁੜਕੀ ਦੇ ਸਰਕਾਰੀ ਸੁਵਿਧਾ ਕੇਂਦਰ 'ਚੋਂ ਸਾਮਾਨ ਚੋਰੀ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸੁਵਿਧਾ ਕੇਂਦਰ ਪਿੰਡ ਰੁੜਕੀ ਦੇ ਇੰਚਾਰਜ ਗੁਰਸੇਵਕ ਸਿੰਘ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਬੀਤੀ 14 ਅਗਸਤ ਨੂੰ ਰੋਜ਼ਾਨਾ ਦੀ ਤਰ੍ਹਾਂ ਸ਼ਾਮ 5 ਵਜੇ ਸੁਵਿਧਾ ਕੇਂਦਰ ਨੂੰ ਤਾਲਾ ਲਗਾ ਕੇ ਉਹ ਆਪਣੇ ਘਰ ਨੂੰ ਚਲੇ ਗਏ ਸਨ ਤੇ 17 ਅਗਸਤ ਤੱਕ ਸਰਕਾਰੀ ਛੁੱਟੀਆਂ ਸਨ, ਜਿਸ ਦੌਰਾਨ 16 ਅਗਸਤ ਨੂੰ ਸਵੇਰੀ ਸੇਵਕ ਅਮਰੀਕ ਸਿੰਘ ਨੇ ਉਸ ਨੂੰ ਫੋਨ ਕਰਕੇ ਦੱਸਿਆ ਕਿ ਸੁਵਿਧਾ ਕੇਂਦਰ ਦਾ ਮੇਨ ਦਰਵਾਜ਼ਾ ਟੁੱਟਿਆ ਹੋਇਆ ਹੈ ਤੇ ਅੰਦਰੋਂ ਇਨਵਰਟਰ ਦੀਆਂ ਬੈਟਰੀਆਂ, ਇੱਕ ਐੱਨ.ਵੀ.ਆਰ., ਹਾਰਡ ਡਿਸਕ, 3 ਡਿਜੀਟਲ ਸਲੇਟਾਂ, ਇੱਕ ਈ-ਸਟੈਂਪਿੰਗ ਪ੍ਰਿੰਟਰ ਚੋਰੀ ਹੋ ਚੁੱਕੇ ਹਨ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਨਾਮਾਲੂਮ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਅਮਲੋਹ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਮੀਂਹ ਪੈਣ ਨਾਲ ਮਜ਼ਦੂਰ ਦੇ ਮਕਾਨ ਦੀ ਛੱਤ ਡਿੱਗੀ



**ਬਰੇਟਾ (ਰੀਤਵਾਲ)**-ਪਿਛਲੇ ਦਿਨੀਂ ਲਗਾਤਾਰ ਪਏ ਮੀਂਹ ਤੋਂ ਬਾਅਦ ਅੱਜ ਫਿਰ ਬਰਸਾਤ ਪੈਣ ਲੱਗ ਗਈ, ਜਿਸ ਨਾਲ ਲੋਕਾਂ ਦੇ ਮਨਾਂ ਅੰਦਰ ਡਰ ਦਾ ਮਾਹੌਲ ਬਣ ਗਿਆ।ਪ੍ਰਾਪਤ ਜਾਣਕਾਰੀ ਮੁਤਾਬਿਕ ਪਿੰਡ ਕਿਸ਼ਨਗੜ੍ਹ ਦੇ ਮਜ਼ਦੂਰ ਬਿੱਕਰ ਸਿੰਘ ਪੁੱਤਰ ਬਾਵਾ ਸਿੰਘ ਦੇ ਮਕਾਨ ਦੀ ਛੱਤ ਡਿੱਗ ਗਈ।ਬਿੱਕਰ ਸਿੰਘ ਚਾਰ ਧੀਆਂ ਦਾ ਪਿਤਾ ਹੈ ਅਤੇ ਮਜ਼ਦੂਰੀ ਕਰਕੇ ਪਰਵਾਰ ਦਾ ਪਾਲਣ ਪੋਸ਼ਣ ਕਰਦਾ ਹੈ।ਪਰਵਾਰ ਨੇ ਸਰਕਾਰ ਤੋਂ ਮੰਗ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਜਲਦੀ ਮੁਆਵਜ਼ਾ ਦਿੱਤਾ ਜਾਵੇ ਤਾਂ ਕਿ ਉਹ ਆਪਣੇ ਸਿਰ ਢਕਣ ਦਾ ਬੰਦੋਬਸਤ ਕਰ ਸਕਣ।

## ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਪ੍ਰਤੀ ਏਕੜ 70 ਹਜ਼ਾਰ ਕਿਸਾਨ ਤੇ 10 ਹਜ਼ਾਰ ਮਜ਼ਦੂਰਾਂ ਲਈ ਸਰਕਾਰ ਜਾਰੀ ਕਰੇ : ਸੰਯੁਕਤ ਕਿਸਾਨ ਮੋਰਚਾ

**ਮਾਨਸਾ (ਆਤਮਾ ਸਿੰਘ ਪਮਾਰ)**-ਐੱਸ ਕੇ ਐੱਮ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਪ੍ਰਵਾਨਗੀ ਨਾਲ ਪ੍ਰੈੱਸ ਦੇ ਨਾਂ ਸਾਂਝਾ ਬਿਆਨ ਜਾਰੀ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਰੁਲਦੂ ਸਿੰਘ ਮਾਨਸਾ, ਬੂਟਾ ਸਿੰਘ ਸ਼ਾਦੀਪੁਰ ਤੇ ਬਲਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਪੂਰੇ ਸੂਬੇ ਨੂੰ ਇਸ ਸਮੇਂ ਹੜ੍ਹਾਂ ਨੇ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ।ਮੌਸਮ ਵਿਭਾਗ ਅਨੁਸਾਰ ਇੱਕ ਹਫਤਾ ਹੋਰ ਸਾਰਾ ਪੰਜਾਬ ਹਾਈ ਅਲਰਟ 'ਤੇ ਹੈ, ਇਸ ਨਾਜ਼ੁਕ ਸਥਿਤੀ ਦੇ ਚੱਲਦਿਆਂ ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਤੇ ਹਰਾ ਚਾਰਾ ਪਹੁੰਚਾਉਣ 'ਚ ਬੁਰੀ ਤਰ੍ਹਾਂ ਅਸਫਲ ਸਾਬਿਤ ਹੋਈ ਹੈ। ਉਨ੍ਹਾਂ ਕਿਹਾ ਕਿ ਪਿਛਲੀ ਵਾਰ ਹੋਏ ਨੁਕਸਾਨ ਦਾ ਵੀ ਢੁੱਕਵਾਂ ਮੁਆਵਜ਼ਾ ਦੇਣ ਤੋਂ ਸਰਕਾਰ ਵੱਲੋਂ ਮਟੋਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਹੜ੍ਹਾਂ ਦੇ ਪਾਣੀ ਕਾਰਨ ਲੋਕਾਂ ਦਾ ਮਾਲ ਡੰਗਰ, ਫਸਲਾਂ ਤੇ ਘਰਾਂ ਦੀ ਤਬਾਹੀ ਕਾਰਨ ਲੋਕ ਬੇਘਰ ਹੋ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ ਪਹਿਲਾਂ ਪੰਜਾਬ ਦੇ ਹਾਲਾਤ ਵੱਲ ਝਾਤੀ ਮਾਰਨ ਤੇ ਜਲਦ ਗਿਰਦਾਵਰੀਆਂ ਕਰਵਾ ਕੇ ਫਾਸਟ ਟਰੈਕ ਰਾਹੀਂ ਤੁਰੰਤ ਮੁਆਵਜ਼ਾ ਜਾਰੀ ਕਰਨ। ਉਨ੍ਹਾਂ ਕਿਹਾ ਕਿ ਕਿਸਾਨੀ ਲਈ ਪ੍ਰਤੀ ਏਕੜ 70 ਹਜ਼ਾਰ ਤੇ ਖੇਤੀ 'ਤੇ ਨਿਰਭਰ ਮਜ਼ਦੂਰਾਂ ਲਈ ਘੱਟੋ ਘੱਟ 10 ਹਜ਼ਾਰ ਰੁਪਏ ਮੁਆਵਜ਼ਾ ਰਾਸ਼ੀ ਜਾਰੀ ਕਰੇ। ਉਨ੍ਹਾਂ ਕਿਹਾ ਕਿ ਹੜ੍ਹਾਂ ਦੇ ਮੱਦੇਨਜ਼ਰ 1 ਸਤੰਬਰ ਨੂੰ ਸੁਲਤਾਨਪੁਰ ਲੋਧੀ ਦੇ ਪ੍ਰੈੱਸ ਕਲੱਬ ਵਿੱਚ 12 ਵਜੇ ਐੱਸ ਕੇ ਐੱਮ ਦੀ ਹੰਗਾਮੀ ਮੀਟਿੰਗ ਬੁਲਾਈ ਗਈ ਹੈ, ਜਿਸ ਵਿੱਚ ਪੰਜਾਬ ਦੇ ਹਾਲਤਾਂ ਦੇ ਠੋਸ ਹੱਲ ਦੀ ਯੋਜਨਾਬੰਦੀ ਕੀਤੀ ਜਾਵੇਗੀ। ਕਿਸਾਨ ਆਗੂ ਨੇ ਕਿਹਾ ਕਿ ਗੰਨੇ ਦੀ ਅਦਾਇਗੀ ਤੇ ਹੜ੍ਹਾਂ ਦੇ ਮੁਆਵਜ਼ੇ ਨੂੰ ਲੈ ਕੇ ਆਉਂਦੀ 2 ਸਤੰਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਚੰਡੀਗੜ੍ਹ ਸਥਿਤ ਕੋਠੀ ਦਾ ਘਿਰਾਓ ਵੀ ਕੀਤਾ ਜਾਵੇਗਾ।

## ਘੱਗਰ ਦਾ ਪਾਣੀ ਵਧਣ ਕਾਰਨ ਲੋਕਾਂ 'ਚ ਸਹਿਮ ਦਾ ਮਾਹੌਲ

**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਜੰਮੂ ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਵਿੱਚ ਪਿਛਲੇ ਕਈ ਦਿਨਾਂ ਤੋਂ ਪੈ ਰਹੇ ਮੀਂਹ ਕਰਕੇ ਪੰਜਾਬ ਦੇ ਅੱਠ ਜ਼ਿਲ੍ਹਿਆਂ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ।ਇਸ ਦੇ ਨਾਲ ਹੀ ਲੰਘੇ ਦਿਨ ਤੋਂ ਘੱਗਰ ਨਦੀ ਵਿੱਚ ਪਾਣੀ ਦਾ ਪੱਧਰ ਵਧਣ ਕਰਕੇ ਮੁਹਾਲੀ, ਪਟਿਆਲਾ, ਸੰਗਰੂਰ ਤੇ ਮਾਨਸਾ ਵਿੱਚ ਵੀ ਲੋਕ ਸਹਿਮੇ ਹੋਏ ਹਨ।ਇਨ੍ਹਾਂ ਚਾਰੇ ਜ਼ਿਲ੍ਹਿਆਂ ਵਿੱਚ ਸਥਾਨਕ ਪ੍ਰਸ਼ਾਸਨ ਵੱਲੋਂ ਘੱਗਰ ਨਦੀ 'ਤੇ ਹਰ ਸਮੇਂ ਨਜ਼ਰ ਰੱਖੀ ਜਾ ਰਹੀ ਹੈ।ਇਸ ਦੇ ਨਾਲ ਹੀ ਵੱਖ-ਵੱਖ ਥਾਵਾਂ 'ਤੇ ਲੋੜੀਂਦੀ ਸਫਾਈ ਵੀ ਕੀਤੀ ਜਾ ਰਹੀ ਹੈ।ਪਟਿਆਲਾ ਪ੍ਰਸ਼ਾਸਨ ਵੱਲੋਂ ਘੱਗਰ ਵਿੱਚ ਪਾਣੀ ਵਧਣ ਕਰਕੇ ਲੰਘੀ ਰਾਤ ਘੱਗਰ ਨੇੜਲੇ ਕੁਝ ਪਿੰਡਾਂ ਵਿੱਚ ਚੇਤਾਵਨੀ ਜਾਰੀ ਕਰਦਿਆਂ ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ ਕੀਤੀ ਸੀ।ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਨੇ ਦੱਸਿਆ ਹੈ ਕਿ ਘੱਗਰ, ਟਾਂਗਰੀ, ਮਾਰਕੰਡਾ ਤੇ ਹੋਰ ਡਰੇਨਾਂ ਵਿੱਚ ਪਾਣੀ ਦੇ ਸੁਚਾਰੂ ਵਹਾਅ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਦੀਆਂ ਟੀਮਾਂ ਤੇ ਮਸ਼ੀਨਰੀ ਸਾਰੀਆਂ ਮਹੱਤਵਪੂਰਨ ਥਾਂਵਾਂ 'ਤੇ ਕੰਮ ਕਰ ਰਹੀਆਂ ਹਨ।ਨਦੀਆਂ ਦੇ ਸਾਰੇ ਕਿਨਾਰਿਆਂ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ ਤੇ ਕੋਈ ਖ਼ਤਰੇ ਵਾਲੀ ਸਥਿਤੀ ਨਹੀਂ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਾਣੀ ਦੇ ਵਧਦੇ ਪੱਧਰ ਕਾਰਨ ਚੌਕਸ ਤੇ ਜਲ ਸਰੋਤਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ।ਪ੍ਰਸ਼ਾਸਨ ਨੇ ਕਿਹਾ ਕਿ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਤੇ ਨਾਗਰਿਕਾਂ ਨੂੰ ਸਿਰਫ਼ ਅਧਿਕਾਰਤ ਚੇਤਾਵਨੀਆਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।ਕਿਸੇ ਵੀ ਜ਼ਰੂਰੀ ਸਥਿਤੀ ਦੀ ਸੂਰਤ ਵਿੱਚ ਲੋਕ ਜ਼ਿਲ੍ਹਾ ਕੰਟਰੋਲ ਰੂਮ ਨਾਲ 0175-2350550, 0175-2358550 'ਤੇ ਸੰਪਰਕ ਕਰ ਸਕਦੇ ਹਨ।

## ਭਾਸ਼ਾ ਵਿਭਾਗ ਦੀ 'ਪੁਸਤਕ ਬੈਠਕ' 'ਚ ਸ਼ਾਮਲ ਹੋਏ ਗੁਰਪ੍ਰੀਤ ਘੁੱਗੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਭਾਸ਼ਾ ਵਿਭਾਗ ਪੰਜਾਬ ਦੇ ਮਹੀਨਾਵਾਰ ਸਮਾਗਮ 'ਪੁਸਤਕ ਬੈਠਕ' 'ਚ ਫਿਲਮ ਜਗਤ ਦੀ ਹਰਮਨ-ਪਿਆਰੀ ਸ਼ਖ਼ਸੀਅਤ ਗੁਰਪ੍ਰੀਤ ਘੁੱਗੀ ਪਹੁੰਚੇ ਤੇ ਉਨ੍ਹਾਂ ਆਪਣੇ ਕਿਤਾਬਾਂ ਨਾਲ ਰਿਸ਼ਤੇ ਬਾਰੇ ਵਡਮੁੱਲੀਆਂ ਗੱਲਾਂ ਕੀਤੀਆਂ।ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ ਹਰ ਮਹੀਨੇ ਹੋਣ ਵਾਲੇ ਇਸ ਸਮਾਗਮ ਦੌਰਾਨ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਪੜ੍ਹੀਆਂ ਪੁਸਤਕਾਂ ਬਾਰੇ ਹੋਣ ਵਾਲੀ ਚਰਚਾ ਦੌਰਾਨ ਅੱਜ ਗੁਰਪ੍ਰੀਤ ਸਿੰਘ ਘੁੱਗੀ ਨੇ ਪੁਸਤਕ ਸੱਭਿਆਚਾਰ ਨਾਲ ਜੁੜਨ ਬਾਰੇ ਤਜਰਬੇ ਸਾਂਝੇ ਕੀਤੇ।ਉਨ੍ਹਾ ਕਿਹਾ ਕਿ ਕਿਤਾਬਾਂ ਸਾਨੂੰ ਭਵਿੱਖ ਨਾਲ ਜੋੜਨ ਤੋਂ ਪਹਿਲਾਂ ਆਪਣੇ ਮਾਣਮੱਤੇ ਤੇ ਕੁਰਬਾਨੀਆਂ ਭਰੇ ਇਤਿਹਾਸ ਨਾਲ ਵੀ ਜੋੜਦੀਆਂ ਹਨ, ਜੋ ਸਾਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦਾ ਹੈ।ਉਨ੍ਹਾ ਦੱਸਿਆ ਕਿ ਉਹ ਇੱਕ ਕਿਤਾਬ ਪੜ੍ਹ ਕੇ ਹੀ ਅਦਾਕਾਰੀ ਦੇ ਰਾਹ ਪਿਆ ਸੀ, ਸਕੂਲੀ ਜੀਵਨ ਦੌਰਾਨ ਉਸ ਨੇ ਆਪਣੇ ਭਰਾ ਦੀ ਕਿਤਾਬ 'ਚੋਂ ਇਕਾਂਗੀ ਪੜ੍ਹੀ ਤੇ ਸਕੂਲ ਅਧਿਆਪਕਾਂ ਦੀ ਹੱਲਾਸ਼ੇਰੀ ਨਾਲ ਖੁਦ ਹੀ ਸਾਥੀਆਂ ਨਾਲ ਮਿਲ ਕੇ ਪੇਸ਼ਕਾਰੀ ਕੀਤੀ।ਇਸ ਪਲੇਠੀ ਪੇਸ਼ਕਾਰੀ ਨੇ ਉਸ ਵਿੱਚ ਸਵੈਵਿਸ਼ਵਾਸ ਭਰਿਆ ਤੇ ਬਾਕੀ ਕੰਮ ਉਸ ਨੇ ਆਪਣੀ ਲਗਨ ਤੇ ਮਿਹਨਤ ਨਾਲ ਕੀਤਾ।ਉਨ੍ਹਾਂ ਭਾਸ਼ਾ ਵਿਭਾਗ ਵੱਲੋਂ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਵਿਚਾਰ ਚਰਚਾ 'ਚ ਡਾ. ਮਨਜਿੰਦਰ ਸਿੰਘ ਖੋਜ ਅਫ਼ਸਰ, ਕਿਰਨਜੀਤ ਕੌਰ, ਅੰਕੁਸ਼ ਕੁਮਾਰ, ਗੁਰਮੇਲ ਸਿੰਘ, ਬਲਵੀਰ ਕੌਰ ਤੇ ਵਿਕਾਸ ਕੁਮਾਰ ਨੇ ਹਿੱਸਾ ਲਿਆ।ਵਿਭਾਗ ਨੇ ਗੁਰਪ੍ਰੀਤ ਘੁੱਗੀ ਨੂੰ ਸ਼ਾਲ ਤੇ ਪੁਸਤਕਾਂ ਦੇ ਸੈੱਟ ਨਾਲ ਸਤਿਕਾਰ ਦਿੱਤਾ।

ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ।ਇਸ ਮੌਕੇ ਵਿਭਾਗ ਦੀ ਵਧੀਕ ਨਿਰਦੇਸ਼ਕਾ ਹਰਪ੍ਰੀਤ ਕੌਰ, ਡਿਪਟੀ ਡਾਇਰੈਕਟਰ ਹਰਭਜਨ ਕੌਰ, ਚੰਦਨਦੀਪ ਕੌਰ ਤੇ ਆਲੋਕ ਚਾਵਲਾ, ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ ਤੇ ਸੁਰਿੰਦਰ ਕੌਰ ਆਦਿ ਹਾਜ਼ਰ ਸਨ।

## ਮਹਾਨ ਸ਼ਬਦ ਕੋਸ਼ ਦੀ ਬੇਅਦਬੀ 'ਤੇ ਦਾਦੂਵਾਲ ਵੱਲੋਂ ਰੋਸ ਦਾ ਪ੍ਰਗਟਾਵਾ



**ਲੁਧਿਆਣਾ (ਰਾਜ ਸਿੰਗਲਾ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਮਹਾਨ ਕੋਸ਼ ਪੁਸਤਕ ਜਿਸ ਵਿੱਚ ਗੁਰਬਾਣੀ ਤੋਂ ਇਲਾਵਾ ਹੋਰ ਧਰਮ ਗ੍ਰੰਥਾਂ ਦੇ ਵੀ ਸਲੋਕ ਹਨ, ਦੀ ਹੋਈ ਬੇਅਦਬੀ ਦੇ ਸੰਬੰਧ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਘਟਨਾ ਸਥਾਨ ਦਾ ਦੌਰਾ ਕੀਤਾ। ਰੋਸ ਪ੍ਰਦਰਸ਼ਨ ਕਰ ਰਹੇ ਨੌਜਵਾਨਾਂ, ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ੍ਰ. ਜਗਦੀਪ ਸਿੰਘ ਗਿੱਲ ਤੇ ਪ੍ਰਬੰਧਕੀ ਸਟਾਫ਼ ਨਾਲ ਗੱਲਬਾਤ ਕਰਕੇ ਜਾਣਕਾਰੀ ਹਾਸਲ ਕੀਤੀ। ਇਸ ਮਸਲੇ ਵਿੱਚ ਸਬੰਧਤ ਵਿਅਕਤੀਆਂ 'ਤੇ ਐੱਫ ਆਈ ਆਰ ਦਰਜ ਹੋ ਚੁੱਕੀ ਹੈ। ਮਸਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵੀ ਪੁੱਜ ਚੁੱਕਾ ਹੈ ਅਤੇ ਕਾਨੂੰਨੀ ਤੇ ਧਾਰਮਿਕ ਦੋਨਾਂ ਪੱਖਾਂ ਤੋਂ ਵਾਚਿਆ ਜਾ ਰਿਹਾ। ਜਥੇਦਾਰ ਦਾਦੂਵਾਲ ਨੇ ਬੇਅਦਬੀ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਤੇ ਸਬੰਧਤ ਦੋਸ਼ੀਆਂ 'ਤੇ ਤੁਰੰਤ ਐਕਸ਼ਨ ਲੈਣ ਦੀ ਮੰਗ ਕੀਤੀ। ਇਸ ਸਮੇਂ ਸੁਰਜੀਤ ਸਿੰਘ ਗੜ੍ਹੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੰਘ ਸਾਹਿਬ ਗਿਆਨੀ ਪ੍ਰਨਾਮ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਯੂਨੀਵਰਸਿਟੀ ਦੇ ਵਿਦਿਆਰਥੀ ਤੇ ਪ੍ਰਚਾਰਕ ਸ਼੍ਰੋਮਣੀ ਕਮੇਟੀ ਹਾਜ਼ਰ ਸਨ।

## ਵੋਟ ਚੋਰੀ ਤੋਂ ਬਾਅਦ ਭਾਜਪਾ ਹੁਣ ਰਾਸ਼ਨ ਚੋਰੀ ਕਰਨ ਵੱਲ ਤੁਰੀ : ਬਰਸਟ



**ਸਮਾਣਾ (ਇਕਬਾਲ ਸਿੰਘ ਬੱਲ)**-ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਲਗਾਤਾਰ ਪੰਜਾਬ ਤੇ ਪੰਜਾਬੀਆਂ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ, ਜਿਸ ਦੇ ਖਿਲਾਫ਼ ਆਮ ਆਦਮੀ ਪਾਰਟੀ ਦੀ ਸਰਕਾਰ ਡੱਟ ਕੇ ਖੜੀ ਹੈ ਅਤੇ ਕਿਸੇ ਨਾਲ ਵੀ ਧੱਕਾ ਨਹੀਂ ਹੋਣ ਦਿੱਤਾ ਜਾਵੇਗਾ।ਵੋਟ ਚੋਰੀ ਤੋਂ ਬਾਅਦ ਭਾਜਪਾ ਹੁਣ ਰਾਸ਼ਨ ਚੋਰੀ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਵਾਟਾ ਸ੍ਰ. ਹਰਚੰਦ ਸਿੰਘ ਬਰਸਟ ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ ਪੰਜਾਬ ਤੇ ਚੇਅਰਮੈਨ ਪੰਜਾਬ ਮੰਡੀ ਬੋਰਡ ਵੱਲੋਂ ਹਲਕਾ ਸਮਾਣਾ ਦੇ ਵੱਖ-ਵੱਖ ਪਿੰਡਾਂ ਦੇ ਲੋਕਾਂ ਨੂੰ ਜਾਗਰੂਕ ਕਰਦਿਆਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ ਦੇ ਲੋਕ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਤੇ ਦੂਜੇ ਪਾਸੇ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਦੇ ਲੋਕਾਂ ਦੇ ਰਾਸ਼ਨ ਕਾਰਡ ਕੱਟਣ ਲੱਗੀ ਹੋਈ ਹੈ। ਸ੍ਰ. ਬਰਸਟ ਨੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੰਜਾਬ ਵਿੱਚ ਮੁਫ਼ਤ ਰਾਸ਼ਨ ਦੀ ਸਹੂਲਤ ਪ੍ਰਾਪਤ ਕਰਨ ਵਾਲੇ 1.53 ਕਰੋੜ ਲੋਕਾਂ ਵਿੱਚੋਂ 55 ਲੱਖ ਲੋਕਾਂ ਦੇ ਰਾਸ਼ਨ ਦੀ ਸਹੂਲਤ ਨੂੰ ਖਤਮ ਕਰਨ ਖਿਲਾਫ਼ ਅੱਜ ਹੱਲਕਾ ਸਮਾਣਾ ਦੇ ਪਿੰਡ ਬਰਸਟ, ਰਾਜਗੜ੍ਹ, ਭੇਡਪੁਰਾਂ ਤੇ ਚਾਹਦਾਨਪੁਰ ਦੇ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਕੇਂਦਰ ਸਰਕਾਰ ਦੀ ਇਸ ਧੱਕੇਸ਼ਾਹੀ ਵਿਰੁੱਧ ਇੱਕ-ਜੁੱਟ ਹੋ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਸਾਥ ਦੇਣ ਦੀ ਅਪੀਲ ਕੀਤੀ।ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋੜਵੰਦ ਲੋਕਾਂ ਦੇ ਮੁਫ਼ਤ ਰਾਸ਼ਨ ਨੂੰ ਬੰਦ ਕਰਨ ਦੀਆਂ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਚਾਲਾਂ ਨੂੰ ਸਫ਼ਲ ਨਹੀਂ ਹੋਣ ਦੇਵੇਗੀ ਤੇ ਕਿਸੇ ਵੀ ਨਾਗਰਿਕ ਦਾ ਕਾਰਡ ਕੱਟਣ ਨਹੀਂ ਦਿੱਤਾ ਜਾਵੇਗਾ। ਇਸ ਮੌਕੇ ਨਵੀ ਖਰੋੜ ਬਲਾਕ ਪ੍ਰਧਾਨ, ਬਲਕਾਰ ਸਿੰਘ ਬਲਾਕ ਪ੍ਰਧਾਨ, ਸੁਖਚੈਨ ਕੁਟੀ ਛੰਨਾ ਬਲਾਕ ਪ੍ਰਧਾਨ, ਭੁਪਿੰਦਰ ਸਿੰਘ ਬਲਾਕ ਪ੍ਰਧਾਨ, ਪਿੰਡ ਬਰਸਟ ਦੇ ਨਰਿੰਦਰ ਸਿੰਘ ਸਰਪੰਚ ਤੇ ਪੰਚਾਇਤ ਮੈਂਬਰਾਂ ਸਮੇਤ ਸਮੂਹ ਇਲਾਕਾ ਨਿਵਾਸੀ ਮੌਜੂਦ ਸਨ।

## ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਯੋਗ ਉਪਰਾਲਾ

### ਸਹਾਇਤਾ ਲਈ ਲੋਕ ਸਹਿਯੋਗ ਕਰਨ : ਪ੍ਰਿੰ. ਜਿੰਦਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਇਲਾਕਾ ਨਿਵਾਸੀਆਂ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਨਿਮਰ ਬੇਨਤੀ ਕੀਤੀ ਗਈ ਕਿ ਜੇਕਰ ਕੋਈ ਵੀ ਵਿਅਕਤੀ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਅੱਗੇ ਆਉਣਾ ਚਾਹੁੰਦਾ ਹੋਵੇ ਤਾਂ ਉਹ ਸਾਡੇ ਨਾਲ ਸਹਿਯੋਗ ਕਰ ਸਕਦਾ ਹੈ।ਕੁਦਰਤੀ ਆਫਤ ਕਾਰਨ ਬਹੁਤ ਸਾਰੇ ਪਰਵਾਰ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।ਇਸ ਮੌਕੇ ਉਨ੍ਹਾਂ ਨੂੰ ਆਪਣੇ ਸਹਿਯੋਗ ਦੀ ਸਖ਼ਤ ਜ਼ਰੂਰਤ ਹੈ।ਪ੍ਰਿੰਸੀਪਲ ਜਿੰਦਲ ਨੇ ਅਪੀਲ ਕੀਤੀ ਕਿ ਜੇਕਰ ਕੋਈ ਵੀਰ ਆਪਣੇ ਯੋਗ ਅਨੁਸਾਰ ਕੱਪੜੇ, ਸੁੱਕਾ ਰਾਸ਼ਨ, ਦਵਾਈਆਂ, ਕੰਬਲ ਤੇ ਨਕਦੀ ਵਿੱਚ ਸਹਾਇਤਾ ਦੇ ਕੇ ਉਨ੍ਹਾਂ ਦੀ ਮਦਦ ਕਰ ਸਕਦਾ ਹੈ ਤਾਂ ਉਹ ਸਾਮਾਨ ਮਿਤੀ 01.09.2025 ਤੱਕ ਸਕੂਲ ਕੈਂਪਸ ਵਿੱਚ ਜਮ੍ਹਾਂ ਕਰਵਾ ਸਕਦਾ ਹੈ।ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਬੇਨਤੀ ਕੀਤੀ ਕਿ ਸਾਡੇ ਇਲਾਕੇ ਵਿੱਚ ਹੜ੍ਹ ਕਾਰਨ ਪ੍ਰਭਾਵਿਤ ਹੋਏ ਪਰਵਾਰਾਂ ਦੀ ਮਦਦ ਲਈ ਨਿਵਾਸੀ, ਮਾਪੇ ਤੇ ਵਿਦਿਆਰਥੀਆਂ ਨੂੰ ਵੱਡੇ ਉਤਸ਼ਾਹ ਨਾਲ ਅੱਗੇ ਆਉਣਾ ਚਾਹੀਦਾ ਹੈ। ਸਕੂਲ ਪ੍ਰਬੰਧਕਾਂ ਨੇ ਵੀ ਵਿਦਿਆਰਥੀਆਂ ਨੂੰ ਮਨੁੱਖਤਾ ਦੇ ਫਰਜ਼ ਨਿਭਾਉਣ ਲਈ ਪ੍ਰੇਰਿਤ ਕੀਤਾ।

## ਹੜ੍ਹ ਪੀੜਤਾਂ ਲਈ ਰਾਸ਼ਨ ਸਮੱਗਰੀ ਦਾ ਟਰੱਕ ਮਾਨਸਾ ਤੋਂ ਰਵਾਨਾ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਦੇ ਕੰਢੀ ਜ਼ਿਲ੍ਹਿਆਂ ਵਿੱਚ ਆਏ ਹੜ੍ਹ ਉਪਰੰਤ ਆਪਣੇ ਪੰਜਾਬੀ ਭਰਾਵਾਂ ਦੀ ਮਦਦ ਲਈ ਬਿਸਕੁਟ, ਰਸ, ਆਟਾ, ਦਾਲਾਂ ਤੇ ਪਸ਼ੂਆਂ ਲਈ ਹਰੇ ਚਾਰੇ ਦਾ ਇੱਕ ਟਰੱਕ ਚੇਅਰਮੈਨ ਮਾਰਕੀਟ ਕਮੇਟੀ ਮਾਨਸਾ ਗੁਰਪ੍ਰੀਤ ਸਿੰਘ ਭੁੱਚਰ ਦੀ ਅਗਵਾਈ 'ਚ ਫਾਜ਼ਿਲਕਾ ਜ਼ਿਲ੍ਹੇ ਲਈ ਰਵਾਨਾ ਕੀਤਾ ਗਿਆ।ਇਸ ਮੌਕੇ ਭੁੱਚਰ ਨੇ ਕਿਹਾ ਕਿ ਅਸੀਂ ਲਗਾਤਾਰ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਸੰਪਰਕ ਵਿੱਚ ਹਾਂ, ਜਲਦ ਹੋਰ ਰਾਹਤ ਸਮੱਗਰੀ ਵੀ ਬਾਕੀ ਇਲਾਕਿਆਂ ਤੱਕ ਪਹੁੰਚਦੀ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਕੁਦਰਤੀ ਆਫ਼ਤ ਵਿੱਚ ਸਾਡਾ ਆਪਣੇ ਪੀੜਤ ਲੋਕਾਂ ਨਾਲ ਖੜ੍ਹਨਾ ਅਤੇ ਉਨ੍ਹਾਂ ਦੀ ਰਾਹਤ ਤੇ ਬਚਾਅ ਲਈ ਹਰ ਤਰ੍ਹਾਂ ਦੀ ਮਦਦ ਕਰਨਾ ਨੈਤਿਕ ਫਰਜ਼ ਹੈ। ਉਨ੍ਹਾਂ ਕਿਹਾ ਕਿ ਹਰ ਨਾਗਰਿਕ ਨੂੰ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।ਉਨ੍ਹਾਂ ਇਸ ਕਾਰਜ ਲਈ ਸਾਰੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ।

## ਕਿਸਾਨਾਂ 'ਤੇ ਕੀਤੇ ਪਰਾਲੀ ਦੇ ਪਰਚੇ ਤੁਰੰਤ ਰੱਦ ਹੋਣ : ਬੁਗਰਾ



**ਧੂਰੀ (ਮਨੋਹਰ ਸਿੰਘ ਸੱਗੂ)**-ਭਾਰਤੀ ਕਿਸਾਨ ਯੂਨੀਅਨ ਕਾਦੀਆ ਦੀ ਮੀਟਿੰਗ ਪਿੰਡ ਬੁਗਰਾ ਵਿਖੇ ਜ਼ਿਲ੍ਹਾ ਯੂਥ ਪ੍ਰਧਾਨ ਜਸਵਿੰਦਰ ਸਿੰਘ ਬੁਗਰਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਵੱਖ ਵੱਖ ਕਿਸਾਨੀ ਤੇ ਸਮਜਿਕ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਜਸਵਿੰਦਰ ਸਿੰਘ ਨੇ ਕਿਹਾ ਕਿ ਕਿਸਾਨ ਤਾਂ ਪਹਿਲਾਂ ਹੀ ਕਦੇ ਫਸਲਾਂ ਦੇ ਸਹੀ ਮੁੱਲ ਨਾ ਮਿਲਣ ਕਾਰਨ ਤੇ ਕਦੇ ਹੜ੍ਹਾਂ ਵਰਗੀਆਂ ਮਾਰਾਂ ਨਾਲ ਆਰਥਿਕ ਸੰਕਟ ਨਾਲ ਜੂਝ ਰਹੇ ਹਨ। ਕਿਸਾਨਾਂ ਦੀਆਂ ਮੁਸ਼ਕਲਾਂ ਹੱਲ ਕਰਨ ਦੀ ਬਜਾਏ ਸਰਕਾਰ ਉਲਟਾ ਕਿਸਾਨਾਂ 'ਤੇ ਪਰਾਲ਼ੀ ਦੇ ਕੇਸ ਦਰਜ ਕਰਕੇ ਉਨ੍ਹਾਂ ਨੂੰ ਆਰਥਿਕ ਮੰਦਹਾਲੀ ਵੱਲ ਧਕਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਬੁਗਰਾ ਦੇ ਛੇ ਕਿਸਾਨਾਂ 'ਤੇ ਪਰਾਲੀ ਸਾੜਨ ਦਾ ਪਰਚਾ ਦਰਜ ਕੀਤਾ ਗਿਆ ਹੈ, ਜੋ ਕਿ ਬਿਲਕੁਲ ਹੀ ਗਲਤ ਹੈ, ਕਿਉਂਕਿ ਸੁਪਰੀਮ ਕੋਰਟ ਨੇ 2019 ਵਿੱਚ ਸਰਕਾਰ ਨੂੰ ਇਹ ਆਰਡਰ ਪਾਸ ਕੀਤਾ ਸੀ ਕਿ 80% ਸਬਸਿਡੀ ਤੇ ਮਸ਼ੀਨਰੀ ਤੇ ਫ਼ਸਲ 'ਤੇ 100 ਰੁਪਏ ਪ੍ਰਤੀ ਕੁਇੰਟਲ ਕਿਸਾਨਾਂ ਨੂੰ ਸਹਾਇਤਾ ਪਰਾਲੀ ਦੀ ਸਾਂਭ ਸੰਭਾਲ ਲਈ ਦਿੱਤਾ ਜਾਵੇ, ਪਰ ਬਿਨਾਂ ਕਿਸੇ ਮਸ਼ੀਨਰੀ ਤੇ ਵਿੱਤੀ ਸਹਾਇਤਾ ਦਿੱਤੇ ਸਰਕਾਰ ਅਤੇ ਪ੍ਰਸ਼ਾਸਨ ਕਿਸਾਨਾਂ ਤੇ ਪਰਾਲੀ ਦੇ ਪਰਚੇ ਕੱਟ ਕੇ ਕਿਸਾਨਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਨਾਲ ਹੀ ਯੂਥ ਪ੍ਰਧਾਨ ਨੇ ਕਿਹਾ ਕਿ ਜੇਕਰ ਇਹ ਪਰਚੇ ਰੱਦ ਨਹੀਂ ਕੀਤੇ ਗਏ ਤਾਂ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਡੇ ਪੱਧਰ 'ਤੇ ਸੰਘਰਸ਼ ਵਿੱਢੇਗੀ। ਇਸ ਮੌਕੇ ਉਨ੍ਹਾਂ ਨਾਲ ਬਲਵਿੰਦਰ ਸਿੰਘ ਫੌਜੀ ਇਕਾਈ ਪ੍ਰਧਾਨ, ਬਲਵਿੰਦਰ ਸਿੰਘ ਤੋਲੋਵਾਲੀਆ ਮੀਤ ਪ੍ਰਧਾਨ, ਬੀਰ ਸਿੰਘ ਬਿੱਲੂ ਖਜ਼ਾਨਚੀ, ਅੰਮ੍ਰਿਤ ਸਿੰਘ, ਅਮਰੀਕ ਸਿੰਘ ਸੁਸਾਇਟੀ ਪ੍ਰਧਾਨ, ਜਗਦੀਪ ਸਿੰਘ ਨੰਬਰਦਾਰ, ਹਰਜੀਤ ਸਿੰਘ, ਮਨਪ੍ਰੀਤ ਸਿੰਘ, ਜਗਤਾਰ ਸਿੰਘ, ਦਰਸ਼ਨ ਸਿੰਘ ਆਦਿ ਹਾਜ਼ਰ ਸਨ।

## ਏ ਐੱਸ ਕਾਲਜ ਵਿਖੇ ਵਿਸ਼ਵ ਉੱਦਮੀ ਦਿਵਸ ਜੋਸ਼ ਤੇ ਉਤਸ਼ਾਹ ਨਾਲ ਮਨਾਇਆ

**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਏ. ਐੱਸ. ਕਾਲਜ ਖੰਨਾ ਵਿਖੇ 'ਸੋਚ ਤੋਂ ਸਫਲਤਾ ਤੱਕ-ਕਾਮਰਸ ਕਾਰਨੀਵਲ 2025' ਥੀਮ ਅਧੀਨ ਵਿਸ਼ਵ ਉੱਦਮੀ ਦਿਵਸ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਗਿਆ।ਕਾਲਜ ਦੇ ਮੁੱਖ ਹਾਲ 'ਚ ਕਰਵਾਏ ਇਸ ਸ਼ਾਨਦਾਰ ਸਮਾਗਮ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪਣੀ ਸਿਰਜਣਾਤਮਕਤਾ ਤੇ ਉੱਦਮੀ ਹੁਨਰ ਦਾ ਪ੍ਰਦਰਸ਼ਨ ਕੀਤਾ।ਇਸ ਮੌਕੇ ਖੰਨਾ ਦੀ 89 ਸਾਲਾ ਪ੍ਰਸਿੱਧ ਉੱਦਮੀ ਸ਼੍ਰੀਮਤੀ ਸ਼ੀਲਾ ਦੇਵੀ ਦਾ ਵਿਸ਼ੇਸ਼ ਆਗਮਨ ਸਮਾਗਮ ਦਾ ਮੁੱਖ ਆਕਰਸ਼ਣ ਸੀ।ਉਨ੍ਹਾਂ ਦੇ ਜੀਵਨ ਸੰਘਰਸ਼ ਤੇ ਉੱਦਮੀ ਸਫ਼ਰ ਨੇ ਸਾਰਿਆਂ ਨੂੰ ਡੂੰਘਾਈ ਨਾਲ ਪ੍ਰਭਾਵਿਤ ਕੀਤਾ।ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸੰਜੀਵ ਧਮੀਜਾ, ਜਨਰਲ ਸਕੱਤਰ ਰਾਜੇਸ਼ ਡਾਲੀ, ਸੰਯੁਕਤ ਜਨਰਲ ਸਕੱਤਰ ਜਤਿੰਦਰ ਦੇਵਗਨ, ਕਾਲਜ ਸਕੱਤਰ ਅਜੇ ਸੂਦ ਤੇ ਐੱਮਜੀਸੀਐੱਸ ਮਾਡਲ ਹਾਈ ਸਕੂਲ ਦੇ ਸਕੱਤਰ ਸ਼ਿਵਮ ਬੇਦੀ ਨੇ ਆਪਣੀ ਹਾਜ਼ਰੀ ਨਾਲ ਸਮਾਗਮ ਦੀ ਸ਼ੋਭਾ ਵਧਾਈ ਤੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦਿੱਤਾ।

ਜਨਰਲ ਸਕੱਤਰ ਰਾਜੇਸ਼ ਡਾਲੀ ਨੇ ਆਪਣੇ ਸੰਬੋਧਨ ਵਿੱਚ ਕਾਮਰਸ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਲਈ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਸਫਲ ਉੱਦਮਤਾ ਲਈ ਆਸ਼ੀਰਵਾਦ ਦਿੱਤਾ।ਪ੍ਰੋਗਰਾਮ ਦੀ ਸ਼ੁਰੂਆਤ ਕਾਮਰਸ ਵਿਭਾਗ ਦੇ ਮੁਖੀ ਡਾ. ਮੋਹਿਤ ਕੁਮਾਰ ਦੇ ਰਸਮੀ ਸਵਾਗਤ ਭਾਸ਼ਣ ਨਾਲ ਹੋਈ, ਜਿਨ੍ਹਾਂ ਵਿਦਿਆਰਥੀਆਂ ਨੂੰ ਉਤਸ਼ਾਹਤ ਕੀਤਾ ਕਿ ਅੱਜ ਦੇ ਮੁਕਾਬਲੇ ਵਾਲੇ ਯੁੱਗ ਵਿੱਚ ਨੌਜਵਾਨਾਂ ਲਈ ਉੱਦਮਤਾ ਹੁਨਰ ਜ਼ਰੂਰੀ ਹਨ।

ਕਾਲਜ ਪ੍ਰਿੰਸੀਪਲ ਡਾ. ਕੇ. ਕੇ. ਸ਼ਰਮਾ ਨੇ ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਕਿ 'ਉੱਦਮਤਾ ਸਵੈ-ਨਿਰਭਰਤਾ ਦੀ ਨੀਂਹ ਹੈ' ਅਤੇ ਨੌਜਵਾਨਾਂ ਨੂੰ ਆਪਣੀ ਸਿਰਜਣਾਤਮਕਤਾ ਨੂੰ ਪਛਾਣਨਾ ਚਾਹੀਦਾ ਹੈ ਤੇ ਆਪਣੇ ਵਿਚਾਰਾਂ ਨੂੰ ਸਫਲ ਉੱਦਮਾਂ ਵਿੱਚ ਬਦਲਣਾ ਚਾਹੀਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਲੀਡਰਸ਼ਿਪ ਤੇ ਆਤਮ-ਵਿਸ਼ਵਾਸ ਵਿਕਸਤ ਕਰਨ ਦਾ ਸੰਦੇਸ਼ ਦਿੱਤਾ।ਡਾ. ਯਾਸਮੀਨ ਸੋਫਤ ਤੇ ਡਾ. ਸ਼ਸ਼ੀ ਸ਼ਰਮਾ ਦੁਆਰਾ ਸ਼ਾਨਦਾਰ ਢੰਗ ਨਾਲ ਮੰਚ ਸੰਚਾਲਿਤ ਕੀਤਾ ਗਿਆ।ਵਿਦਿਆਰਥੀਆਂ ਦੁਆਰਾ ਲਗਾਏ ਗਏ ਆਕਰਸ਼ਕ ਸਟਾਲ ਤੇ ਕਰਵਾਏ ਗਏ ਵੱਖ-ਵੱਖ ਮੁਕਾਬਲਿਆਂ ਵਿੱਚੋਂ ਪੋਸਟਰ ਮੇਕਿੰਗ ਤੇ ਸਟਾਲ ਮੁਕਾਬਲੇ ਵਿਸ਼ੇਸ਼ ਆਕਰਸ਼ਣ ਸਨ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਰਚਨਾਤਮਕਤਾ ਤੇ ਮਾਰਕੀਟਿੰਗ ਹੁਨਰ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਮੁਕਾਬਲਿਆਂ ਦਾ ਮੁਲਾਂਕਣ ਪ੍ਰੋ. ਰਵਿੰਦਰਜੀਤ ਸਿੰਘ (ਡੀਨ ਸਹਿ-ਪਾਠਕ੍ਰਮ ਗਤੀਵਿਧੀਆਂ) ਅਤੇ ਡਾ. ਦਿਨੇਸ਼ ਕੁਮਾਰ (ਅੰਗਰੇਜ਼ੀ ਵਿਭਾਗ ਦੇ ਮੁਖੀ) ਦੁਆਰਾ ਕੀਤਾ ਗਿਆ ਤੇ ਜੇਤੂਆਂ ਨੂੰ ਸਨਮਾਨਤ ਕੀਤਾ ਗਿਆ।ਪ੍ਰੋਗਰਾਮ ਡਾ. ਅਰੁਣ ਸਿੰਗਲਾ ਦੇ ਧੰਨਵਾਦ ਮਤੇ ਨਾਲ ਸਮਾਪਤ ਹੋਇਆ।ਪ੍ਰੋ. ਸੌਰਵ ਸ਼ਰਮਾ, ਡਾ. ਪੁਨੀਤ ਕੌਰ, ਪ੍ਰੋ. ਨਿਧੀ ਜੈਨ, ਪ੍ਰੋ. ਮਹਿਕ ਗਰਗ ਤੇ ਪ੍ਰੋ. ਸੋਨਾਲੀ ਕਾਲਰਾ ਨੇ ਵੀ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

### ਕਾਲਜ ਦੀ ਬ੍ਰਾਂਡ ਪਛਾਣ 89 ਸਾਲਾ ਸ਼ੀਲਾ ਦੇਵੀ ਨੂੰ ਕੀਤਾ ਸਨਮਾਨਤ



## ਫਤਹਿ ਢੂਲਾ ਸਟੋਰ 'ਚੋਂ ਲੋਹੇ ਦੀਆਂ ਪਲੇਟਾਂ ਤੇ ਗਾਡਰ ਚੋਰੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮੁੱਖ ਮਾਰਗ ਪਿੰਡ ਗੰਗੋਹਰ ਦੇ ਬੱਸ ਸਟੈਂਡ ਨੇੜੇ ਫਤਹਿ ਢੂਲਾ ਸਟੋਰ ਉਪਰ ਬੀਤੀ ਰਾਤ ਸ਼ਟਰਿੰਗ ਦਾ ਸਾਮਾਨ ਚੋਰੀ ਹੋਣ ਦੀ ਖਬਰ ਮਿਲੀ ਹੈ।ਢੂਲਾ ਸਟੋਰ ਦੇ ਮਾਲਕ ਜਸਵਿੰਦਰ ਸਿੰਘ ਗੰਗੋਹਰ ਨੇ ਦੱਸਿਆ ਕਿ ਬੀਤੀ ਰਾਤ ਕਰੀਬ ਦੋ ਵਜੇ ਚੋਰ ਇਕ ਅਣਪਛਾਤੇ ਵਾਹਨ ਰਾਹੀਂ ਆਏ, ਜਿਨ੍ਹਾਂ ਪਹਿਲਾਂ ਮੁੱਖ ਗੇਟ ਦਾ ਜਿੰਦਰਾ ਭੰਨਿਆ, ਫਿਰ ਅੰਦਰ ਦਾਖਲ ਹੋਣ ਉਪਰੰਤ ਬਿਨਾਂ ਕਿਸੇ ਡਰ ਭੈਅ ਤੋਂ ਸਟੋਰ ਅੰਦਰ ਕਰੀਬ ਅੱਧਾ ਘੰਟਾ ਬੈਠ ਕੇ ਸ਼ਰਾਬ ਵੀ ਪੀਤੀ ਅਤੇ ਫਿਰ ਲੋਹੇ ਦੀਆਂ ਕਰੀਬ 150 ਪਲੇਟਾਂ ਤੇ ਗਾਡਰ ਟੈਂਪੂ ਵਿੱਚ ਲੱਦ ਕੇ ਫਰਾਰ ਹੋ ਗਏ।ਸਵੇਰੇ ਚੋਰੀ ਦੀ ਸੂਚਨਾ ਮਿਲਦੇ ਹੀ ਪੁਲਸ ਥਾਣਾ ਮਹਿਲ ਕਲਾਂ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ।ਢੂਲਾ ਸਟੋਰ ਮਾਲਕ ਜਸਵਿੰਦਰ ਸਿੰਘ ਗੰਗੋਹਰ ਨੇ ਦੱਸਿਆ ਕਿ ਉਨ੍ਹਾਂ ਦਾ ਦੋ ਲੱਖ ਰੁਪਏ ਤੋਂ ਵੱਧ ਦਾ ਸਾਮਾਨ ਚੋਰੀ ਹੋ ਗਿਆ।ਉਨ੍ਹਾਂ ਐਲਾਨ ਕੀਤਾ ਕਿ ਜਿਹੜਾ ਵੀ ਵਿਅਕਤੀ ਇਸ ਚੋਰੀ ਬਾਰੇ ਸੂਹ ਦੇਵੇਗਾ, ਉਸ ਨੂੰ 50 ਹਜ਼ਾਰ ਰੁਪਏ ਨਗਦ ਇਨਾਮ ਦਿੱਤਾ ਜਾਵੇਗਾ ਤੇ ਉਸ ਦੀ ਪਹਿਚਾਣ ਨੂੰ ਗੁਪਤ ਰੱਖੀ ਜਾਵੇਗੀ।ਇਸ ਸਬੰਧੀ ਥਾਣਾ ਮਹਿਲ ਕਲਾਂ ਦੇ ਮੁੱਖ ਅਫਸਰ ਸ਼ੇਰਵਿੰਦਰ ਸਿੰਘ ਔਲਖ ਨੇ ਕਿਹਾ ਕਿ ਇਸ ਮਾਮਲੇ ਸੰਬੰਧੀ ਪੜਤਾਲ ਕੀਤੀ ਜਾ ਰਹੀ ਹੈ।ਪੁਲਸ ਛੇਤੀ ਚੋਰ ਗ੍ਰੋਹ ਨੂੰ ਗ੍ਰਿਫਤਾਰ ਕਰਨ ਵਿੱਚ ਕਾਮਯਾਬੀ ਹਾਸਲ ਕਰ ਲਵੇਗੀ।

## ਸਲਾਈਟ ਵਿਖੇ ਐੱਨ ਈ ਪੀ-2020 ਅਧਾਰਤ ਰਾਸ਼ਟਰੀ ਸੈਮੀਨਾਰ



**ਲੌਂਗੋਵਾਲ (ਪ੍ਰਦੀਪ ਸੱਪਲ)**-ਸਲਾਈਟ ਲੌਂਗੋਵਾਲ ਵਿਖੇ ਲਗਾਏ ਜਾ ਰਹੇ ਵਿਸ਼ੇਸ਼ ਸੈਮੀਨਾਰ ਦੇ ਪ੍ਰਧਾਨ ਪ੍ਰੋਫੈਸਰ ਰਵੀ ਕਾਂਤ ਮਿਸ਼ਰਾ ਅਨੁਸਾਰ ਰਾਸ਼ਟਰੀ ਸਿੱਖਿਆ ਨੀਤੀ (ਐੱਨ.ਈ.ਪੀ.-2020) ਅਧਾਰਤ ਰਾਸ਼ਟਰੀ ਸੈਮੀਨਾਰ ਦੇ ਦੂਜੇ ਦਿਨ ਦਾ ਵਿਸ਼ਾ ਮੂਲ ਅਧਾਰਿਤ ਸਿੱਖਿਆ ਸੀ।ਇਸ ਵਿੱਚ ਵਿਦਿਆਰਥੀਆਂ ਦੀ ਭੂਮਿਕਾ 'ਤੇ ਖਾਸ ਜ਼ੋਰ ਦਿੱਤਾ ਗਿਆ ਕਿ ਉਹ ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਭਵਿੱਖ ਨੂੰ ਸਵਾਰਣ ਤੇ ਸਿੱਖਿਆ ਨੂੰ ਮਜ਼ਬੂਤ ਕਰਨ ਦੇ ਮੁੱਖ ਸਤੰਭ ਹਨ।ਇਸ ਸੈਸ਼ਨ ਦੀ ਸ਼ੋਭਾ ਮਾਨਯੋਗ ਸ਼੍ਰੀ ਜਗਰਾਮ ਭਾਈ, ਸਿੱਖਿਆ ਸੰਸਕ੍ਰਿਤੀ ਉਤਥਾਨ ਨਯਾਸ ਨਵੀਂ ਦਿੱਲੀ ਨੇ ਵਧਾਈ।ਉਨ੍ਹਾ ਦੱਸਿਆ ਕਿ ਮੂਲ ਅਧਾਰਤ ਸਿੱਖਿਆ ਹੀ ਸਮਗਰ ਵਿਕਾਸ ਤੇ ਚਰਿੱਤਰ ਨਿਰਮਾਣ ਦੀ ਨੀਂਹ ਹੈ।ਇਸ ਦਿਨ ਦਾ ਮੁੱਖ ਵਿਸ਼ਾ ਪ੍ਰਚਾਰ ਤੇ ਜਨ-ਜਾਗਰੂਕਤਾ ਸੀ।ਇਸ ਵਿੱਚ ਡਿਜੀਟਲ ਮੀਡੀਆ, ਪ੍ਰੈੱਸ ਤੇ ਸੰਚਾਰ ਮਾਧਿਅਮਾਂ ਦੇ ਉਪਯੋਗ ਤੇ ਦੁਰਉਪਯੋਗ 'ਤੇ ਗਹਿਰੀ ਚਰਚਾ ਕੀਤੀ ਗਈ।ਮੁੱਖ ਬੁਲਾਰਿਆਂ ਨੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਇਆ, ਜਿਸ ਵਿੱਚ ਡਾ. ਸਮੀਰ ਸ਼ਰਮਾ (ਕੇਂਦਰੀ ਯੂਨੀਵਰਸਿਟੀ, ਬਠਿੰਡਾ) ਨੇ ਪ੍ਰਭਾਵਸ਼ਾਲੀ ਪ੍ਰੈੱਸ ਵਾਰਤਾ ਦੀ ਕਲਾ 'ਤੇ ਵਿਆਖਿਆਨ ਦਿੱਤਾ। ਡਾ. ਵਿਕਾਸ ਤੇਜ਼ੀ ਨੇ ਆਨਲਾਈਨ ਫਾਰਮ ਤਿਆਰ ਕਰਨ ਤੇ ਉਨ੍ਹਾਂ ਦੇ ਉਪਯੋਗ 'ਤੇ ਵਿਸਤਾਰ ਨਾਲ ਦੱਸਿਆ।ਇਸੇ ਤਰ੍ਹਾਂ ਡਾ. ਰਾਜੀਵ ਨੇ ਪ੍ਰਭਾਵਸ਼ਾਲੀ ਪ੍ਰਚਾਰ ਸਮੱਗਰੀ ਤਿਆਰ ਕਰਨ 'ਤੇ ਆਪਣੇ ਵਿਚਾਰ ਰੱਖੇ ਤੇ ਤਰੁਣ ਕਨੋਡੀਆ ਨੇ ਸੋਸ਼ਲ ਮੀਡੀਆ ਦੇ ਮੁਲਾਂਕਣ ਤੇ ਜ਼ਿੰਮੇਵਾਰ ਉਪਯੋਗ 'ਤੇ ਜ਼ੋਰ ਦਿੱਤਾ।ਇਸ ਮੌਕੇ ਡਾ. ਅਮਰ ਨਾਥ (ਸਹਾਇਕ ਪ੍ਰੋਫੈਸਰ, ਸੀ.ਐਸ.ਈ. ਸਲਾਈਟ) ਨੇ ਕ੍ਰਿਤ੍ਰਿਮ ਬੁੱਧੀਮੱਤਾ (ਆਰਟੀਫੀਸ਼ੀਅਲ ਇੰਟੈਲੀਜੈਂਸ) ਤੇ ਉਸ ਦੇ ਰੋਜ਼ਾਨਾ ਜੀਵਨ ਵਿੱਚ ਉਪਯੋਗਾਂ 'ਤੇ ਵਿਖਿਆਨ ਦਿੱਤਾ। ਉਨ੍ਹਾਂ ਵਪਾਰਕ ਹੁਨਰ, ਡਿਜੀਟਲ ਸਾਖਰਤਾ ਤੇ ਮੁੱਲ ਅਧਾਰਤ ਸਿੱਖਿਆ ਨੂੰ ਆਪਣੇ ਸਿੱਖਿਅਕ ਪੱਥ ਵਿੱਚ ਸ਼ਾਮਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਇਸ ਸੈਸ਼ਨ ਦੀ ਸਮਾਪਤੀ ਪ੍ਰੋਫੈਸਰ ਮਣੀ ਕਾਂਤ ਪਾਸਵਾਨ ਨਿਰਦੇਸ਼ਕ ਸਲਾਈਟ ਤੇ ਪ੍ਰਧਾਨ ਦੇ ਸੰਬੋਧਨ ਨਾਲ ਹੋਈ।

## ਕੇਂਦਰ 10 ਲੱਖ ਗ਼ਰੀਬਾਂ ਦੇ ਰਾਸ਼ਨ ਕਾਰਡ ਖੋਹਣਾ ਚਾਹੁੰਦੀ ਹੈ : ਕਾਕਾ ਬਰਾੜ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੀਅਤ 'ਤੇ ਇਲਜ਼ਾਮ ਲਗਾਉਂਦੇ ਹੋਏ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਇੱਕ ਸਾਜ਼ਿਸ਼ ਤਹਿਤ ਪੰਜਾਬ ਦੇ 10 ਲੱਖ ਰਾਸ਼ਨ ਕਾਰਡ ਧਾਰਕਾਂ ਦੇ ਨਾਮ ਕੱਟਣਾ ਚਾਹੁੰਦੀ ਹੈ। ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਅੱਜ ਜ਼ਿਲ੍ਹੇ ਦੇ ਸੱਕਾਂਵਾਲੀ ਤੇ ਗੁਲਾਬੇਵਾਲਾ ਪਿੰਡਾਂ ਵਿੱਚ ਇਸ ਨਾਦਰਸ਼ਾਹੀ ਫਰਮਾਨ ਦੇ ਵਿਰੁੱਧ ਮੀਟਿੰਗਾਂ ਕਰਨ ਪਹੁੰਚੇ ਹੋਏ।ਵਿਧਾਇਕ ਕਾਕਾ ਬਰਾੜ ਨੇ ਕਿਹਾ ਕਿ ਭਾਜਪਾ ਜਾਣਬੁੱਝ ਕੇ ਪੰਜਾਬ ਦੇ ਲੋਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ।ਰਾਸ਼ਨ ਕਾਰਡ ਤੋਂ ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਹਟਾਉਣਾ ਪੰਜਾਬ ਦੇ ਗਰੀਬਾਂ ਤੇ ਦਲਿਤਾਂ ਲੋਕਾਂ 'ਤੇ ਸਿੱਧਾ ਹਮਲਾ ਹੈ।ਦਰਅਸਲ ਇਹ ਪੰਜਾਬੀਆਂ ਨੂੰ ਪ੍ਰੇਸ਼ਾਨ ਕਰਨ ਤੇ ਪੰਜਾਬ ਸਰਕਾਰ ਨੂੰ ਬਦਨਾਮ ਕਰਨ ਦੀ ਇੱਕ ਸੋਚੀ-ਸਮਝੀ ਰਣਨੀਤੀ ਹੈ।ਭਾਜਪਾ ਸੂਬੇ ਦੇ ਗਰੀਬ ਲੋਕਾਂ ਤੋਂ ਅਨਾਜ ਖੋਹਣਾ ਚਾਹੁੰਦੀ ਹੈ ਤੇ ਲੋਕਾਂ ਨੂੰ ਪੰਜਾਬ ਵਿੱਚ ਪੰਜਾਬ ਸਰਕਾਰ ਵਿਰੁੱਧ ਭੜਕਾਉਣਾ ਚਾਹੁੰਦੀ ਹੈ।ਅਸੀਂ ਅਜਿਹਾ ਕਿਸੇ ਵੀ ਕੀਮਤ 'ਤੇ ਨਹੀਂ ਹੋਣ ਦੇਵਾਂਗੇ।ਇਸ ਮੌਕੇ ਸੁਰਜੀਤ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਸ੍ਰੀ ਮੁਕਤਸਰ ਸਾਹਿਬ, ਹਰਜਿੰਦਰ ਸਿੰਘ ਸਿੱਧੂ ਬਲਾਕ ਪ੍ਰਧਾਨ, ਮੰਗਾ ਸ਼ਰਮਾ ਸਰਪੰਚ, ਸੁਖਪਾਲ ਸਿੰਘ ਸੰਧੂ ਸਰਪੰਚ, ਹਰਦੀਪ ਸਿੰਘ ਸੰਧੂ, ਚਰਨਜੀਤ ਸਿੰਘ ਸੰਧੂ, ਪਰਮਪਾਲ ਸਿੰਘ ਸੰਧੂ, ਬਲਦੇਵ ਸਿੰਘ ਸੰਧੂ, ਨਛੱਤਰ ਸਿੰਘ ਸੰਧੂ, ਸਰਪੰਚ ਗੁਰਤੇਜ ਸਿੰਘ, ਤੇਜਿੰਦਰਪਾਲ ਸਿੰਘ ਬਰਾੜ, ਜਗਦੀਪ ਗਿੱਲ, ਗੁਰਪ੍ਰੀਤ ਬਰਾੜ, ਹਰਪ੍ਰੀਤ ਬਰਾੜ, ਜਗਮੀਤ ਸਿੰਘ ਨੰਬਰਦਾਰ, ਸੇਵਕ ਸਿੰਘ ਬਰਾੜ ਤੇ ਜਗਮੀਤ ਸਿੰਘ ਹਾਜ਼ਰ ਸਨ।

# ਹੜ੍ਹਾਂ ਦੀ ਰੋਕਥਾਮ ਲਈ ਪ੍ਰਬੰਧਾਂ 'ਚ ਨਰੇਗਾ ਮਜ਼ਦੂਰਾਂ ਨੂੰ ਕੰਮ ਦਿੱਤਾ ਜਾਵੇ : ਜਗਸੀਰ ਖੋਸਾ, ਕੁਲਦੀਪ ਭੋਲਾ



ਮੋਗਾ (ਇਕਬਾਲ ਸਿੰਘ ਖਹਿਰਾ)-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਰਜਿ:) ਦੇ ਜਨਰਲ ਸਕੱਤਰ ਜਗਸੀਰ ਖੋਸਾ, ਸਲਾਹਕਾਰ ਕੁਲਦੀਪ ਭੋਲਾ ਤੇ ਜ਼ਿਲ੍ਹਾ ਪ੍ਰਧਾਨ ਸ਼ੇਰ ਸਿੰਘ ਦੌਲਤਪੁਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹੜ੍ਹਾਂ ਨੂੰ ਰੋਕਣ ਲਈ ਅਗਾਊਂ ਪ੍ਰਬੰਧਾਂ ਵਿੱਚ ਨਰੇਗਾ ਮਜ਼ਦੂਰ ਅਹਿਮ ਭੂਮਿਕਾ ਨਿਭਾਅ ਸਕਦੇ ਹਨ।ਜੇਕਰ ਸਰਕਾਰ ਇਸ ਪਾਸੇ ਸਮੇਂ ਸਿਰ ਧਿਆਨ ਦੇਵੇ ਤਾਂ ਸਥਿਤੀ ਇੰਨੀ ਨਾ ਵਿਗੜੇ।ਆਗੂਆਂ ਨੇ ਕਿਹਾ ਕਿ ਬੇਸ਼ੱਕ ਕੁਦਰਤੀ ਆਫ਼ਤਾਂ ਨੂੰ ਪੂਰੀ ਤਰ੍ਹਾਂ ਰੋਕਣਾ ਮਨੁੱਖ ਦੇ ਵੱਸ ਵਿੱਚ ਨਹੀਂ, ਪਰ ਇਨ੍ਹਾਂ ਨੂੰ ਕਾਫ਼ੀ ਹੱਦ ਤੱਕ ਰੋਕਿਆ ਜਾ ਸਕਦਾ ਹੈ।ਜਦੋਂ ਪਤਾ ਹੈ ਕਿ ਹਰ ਦੂਜੇ ਤੀਜੇ ਸਾਲ ਪੰਜਾਬ ਹੜ੍ਹਾਂ ਦੀ ਮਾਰ ਹੇਠ ਆਉਂਦਾ ਹੈ, ਜਿਸ ਨਾਲ ਵੱਡੀ ਪੱਧਰ ਤੇ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਹੈ ਤਾਂ ਸਰਕਾਰਾਂ ਤੇ ਪ੍ਰਸ਼ਾਸਨ ਨੂੰ ਪਹਿਲਾਂ ਹੀ ਇਸ ਤਰ੍ਹਾਂ ਦੀ ਸਥਿਤੀ ਬਣਨ ਤੋਂ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ।ਪਹਿਲਾਂ ਹੀ ਨਰੇਗਾ ਤਹਿਤ ਨਹਿਰਾਂ, ਸੂਏ, ਕੱਸੀਆਂ ਤੇ ਡਰੇਨਾਂ ਦੀ ਸਫਾਈ, ਛੱਪੜਾਂ ਦੀ ਸਫਾਈ ਤੇ ਡੂੰਘੇ ਕਰਨ, ਮੀਂਹ ਦਾ ਪਾਣੀ ਸਟੋਰ ਕਰ ਲਈ ਢੁੱਕਵੀਆਂ ਜਗ੍ਹਾ 'ਤੇ ਟੋਏ ਤੇ ਤਲਾਬ ਖੁਦਵਾਉਣ ਵਰਗੇ ਕੰਮ ਕਰਵਾਏ ਜਾ ਸਕਦੇ ਹਨ।ਦਰਿਆਵਾਂ ਦੇ ਬੰਨ੍ਹ ਮਜ਼ਬੂਤ ਕਰਕੇ, ਦਰਿਆਵਾਂ ਵਿੱਚ ਪਾਣੀ ਸਟੋਰ ਕਰਨ ਲਈ ਝੀਲਾਂ ਬਣਾਈਆਂ ਜਾ ਸਕਦੀਆਂ ਹਨ।ਇਸ ਤਰ੍ਹਾਂ ਬਿਲਡਿੰਗਾਂ ਦੀਆਂ ਛੱਤਾਂ ਦਾ ਪਾਣੀ ਧਰਤੀ ਹੇਠ ਭੇਜਿਆ ਜਾ ਸਕਦਾ ਹੈ।ਇਹ ਸਾਰੇ ਕੰਮ ਨਰੇਗਾ ਤਹਿਤ ਕਰਵਾਏ ਜਾ ਸਕਦੇ ਹਨ, ਜਿਸ ਨਾਲ ਜਿੱਥੇ ਹੜ੍ਹਾਂ ਵਰਗੀ ਸਥਿਤੀ ਨੂੰ ਰੋਕਿਆ ਜਾ ਸਕਦਾ ਹੈ, ਉਥੇ ਪੰਜਾਬ ਦੇ ਨਰੇਗਾ ਮਜ਼ਦੂਰਾਂ ਨੂੰ ਵੀ ਕੰਮ ਮਿਲ ਸਕਦਾ ਹੈ, ਜਿਸ ਨਾਲ ਉਨ੍ਹਾਂ ਦੀ ਆਰਥਿਕ ਹਾਲਤ ਵਿੱਚ ਵੀ ਸੁਧਾਰ ਆ ਸਕਦਾ ਹੈ, ਪਰ ਅਫਸੋਸ ਦੀ ਗੱਲ ਹੈ ਕਿ ਸਰਕਾਰਾਂ ਤੇ ਪ੍ਰਸ਼ਾਸਨ ਇਸ ਪਾਸੇ ਧਿਆਨ ਨਹੀਂ ਦੇ ਰਿਹਾ ਬਲਕਿ ਸਰਕਾਰ ਨੂੰ ਉਦੋਂ ਹੀ ਜਾਗ ਆਉਂਦੀ ਹੈ, ਜਦੋਂ ਮੁਸੀਬਤ ਸਿਰ 'ਤੇ ਪੈ ਜਾਂਦੀ ਹੈ।ਉਸ ਵੇਲੇ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਗੋਗਲੂਆਂ ਤੋਂ ਮਿੱਟੀ ਝਾੜਨ ਦਾ ਕੰਮ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਹੜ੍ਹਾਂ ਦੌਰਾਨ ਵੀ ਮਿੱਟੀ ਲਾਉਣ, ਬੰਨ੍ਹ ਬਣਾਉਣ, ਰਸਤੇ-ਸੜਕਾਂ ਠੀਕ ਕਰਨ, ਸਕੂਲਾਂ ਸਮੇਤ ਬਿਲਡਿੰਗਾਂ ਦੀ ਮੁੜ ਉਸਾਰੀ ਵਰਗੇ ਕੰਮਾਂ ਲਈ ਤੁਰੰਤ ਪਿੰਡਾਂ ਦੇ ਨਰੇਗਾ ਕਾਮਿਆਂ ਨੂੰ ਲਗਾ ਦੇਣਾ ਚਾਹੀਦਾ ਹੈ।ਅੰਤ ਵਿੱਚ ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ, ਤਾਂ ਉਹ ਦੁਬਾਰਾ ਜ਼ਿੰਦਗੀ ਦੀ ਗੱਡੀ ਨੂੰ ਲੀਹ 'ਤੇ ਲਿਆ ਸਕਣ।

# ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਮੋਹਨ ਭਾਗਵਤ ਦੇ ਬਿਆਨ ਦੀ ਨਿੰਦਾ

ਲੁਧਿਆਣਾ (ਨ ਜ਼ ਸ)

ਆਰ ਐੱਸ ਐੱਸ ਪ੍ਰਮੁੱਖ ਮੋਹਨ ਭਾਗਵਤ ਨੇ ਇੱਕ ਵਾਰ ਫੇਰ ਤਾਜ਼ਾ ਬਿਆਨ ਦੇ ਕੇ ਸਮਾਜ ਵਿੱਚ ਵੰਡੀਆਂ ਪਾਉਣ ਦੀ ਤੇ ਇਸਤਰੀਆਂ ਪ੍ਰਤੀ ਆਪਣੀ ਪੁਰਸ਼ ਪ੍ਰਧਾਨਤਾ ਦੀ ਨੀਤੀ ਸਪੱਸ਼ਟ ਕਰ ਦਿੱਤੀ ਹੈ।ਅਯੋਧਿਆ ਤੋਂ ਬਾਅਦ ਹੁਣ ਮਥੁਰਾ ਤੇ ਕਾਸ਼ੀ ਦੀਆਂ ਗੱਲਾਂ ਕਰਨੀਆਂ ਸਰੇਆਮ ਸਮਾਜ ਵਿੱਚ ਵੰਡੀਆਂ ਪਾਉਣੀਆਂ ਤੇ ਦੰਗੇ ਕਰਵਾਉਣ ਦੀ ਸਾਜ਼ਿਸ਼ ਹੈ।

ਸਾਡਾ ਦੇਸ਼ ਇੱਕ ਧਰਮ ਨਿਰਪੱਖ ਤੇ ਲੋਕਤੰਤਰਿਕ ਸੰਵਿਧਾਨ 'ਤੇ ਅਧਾਰਤ ਹੈ, ਜਿੱਥੇ ਕਿ ਸਰਕਾਰ ਦਾ ਕੋਈ ਧਰਮ ਨਹੀਂ ਹੈ।ਧਰਮ ਨੂੰ ਸਾਡੇ ਸੰਵਿਧਾਨ ਵਿੱਚ ਨਿੱਜੀ ਮਾਮਲਾ ਦੱਸਿਆ ਗਿਆ ਹੈ।ਮੋਹਨ ਭਾਗਵਤ ਨੇ ਖੁੱਲਮਖੁੱਲਾ ਕਿਹਾ ਹੈ ਕਿ ਉਹ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੇ ਹਨ, ਜਿੱਥੇ ਕਿ ਸਾਫ ਤੌਰ ਤੇ ਦੂਜੇ ਧਰਮਾਂ ਨੂੰ ਮੰਨਣ ਵਾਲਿਆਂ ਨੂੰ ਦੋ ਨੰਬਰ ਦਾ ਦਰਜਾ ਦਿੱਤਾ ਜਾਏਗਾ।ਗੱਲ ਇੱਥੇ ਹੀ ਨਹੀਂ ਰੁਕਣੀ ਹਿੰਦੂ ਰਾਸ਼ਟਰ ਮਨੂ ਸਮ੍ਰਿਤੀ ਦੇ ਸੰਵਿਧਾਨ 'ਤੇ ਅਧਾਰਤ ਹੋਏਗਾ, ਜਿੱਥੇ ਕਿ ਅਖੌਤੀ ਉੱਚ ਜਾਤੀਆਂ ਦਾ ਦਬਦਬਾ ਹੋਏਗਾ ਤੇ ਬਾਕੀਆਂ ਨੂੰ ਨੀਵਾਂ ਦਰਜਾ ਦੇ ਕੇ ਦੁਤਕਾਰਿਆ ਜਾਏਗਾ।ਪਾਰਟੀ ਦੀ ਜ਼ਿਲ੍ਹਾ ਇਕਾਈ ਦੇ ਸਕੱਤਰ ਕਾਮਰੇਡ ਡੀ ਪੀ ਮੌੜ ਨੇ ਕਿਹਾ ਕਿ ਇਸ ਗੱਲ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਤੇ ਇਸ ਵਿਰੁੱਧ ਵਿਚਾਰਧਾਰਕ ਸੰਘਰਸ਼ ਅਸੀਂ ਜ਼ੋਰ ਨਾਲ ਜਾਰੀ ਰੱਖਾਂਗੇ।ਦੂਜੀ ਜਿਹੜੀ ਗੱਲ ਉਨ੍ਹਾਂ ਨੇ ਕਹੀ ਕਿ ਹਰ ਔਰਤ ਨੂੰ ਤਿੰਨ ਬੱਚੇ ਪੈਦਾ ਕਰਨੇ ਚਾਹੀਦੇ ਹਨ, ਇਹ ਔਰਤ ਦੇ ਬੱਚੇ ਪੈਦਾ ਕਰਨ ਦੇ ਅਧਿਕਾਰ ਤੇ ਪੁਰਸ਼ ਪ੍ਰਧਾਨਤਾ ਸੋਚ ਨੂੰ ਦਰਸਾਉਂਦਾ ਹੈ।ਸਾਡੀਆਂ ਔਰਤਾਂ ਪਹਿਲਾਂ ਹੀ ਕੁਪੋਸ਼ਣ ਤੇ ਖ਼ੂਨ ਦੀ ਕਮੀ ਦਾ ਸ਼ਿਕਾਰ ਹਨ।ਵਧੇਰੇ ਬੱਚੇ ਪੈਦਾ ਕਰਕੇ ਉਨ੍ਹਾਂ ਦੀਆਂ ਸਿਹਤ ਸਮੱਸਿਆਵਾਂ ਹੋਰ ਵਧ ਜਾਣਗੀਆਂ।ਮੋਹਨ ਭਾਗਵਤ ਵਰਗਿਆਂ ਦੀ ਸੋਚ ਔਰਤਾਂ ਨੂੰ ਕੇਵਲ ਦੇਵੀ ਦਾ ਦਰਜਾ ਦੇਣ ਤੱਕ ਹੈ, ਉਸ ਦੇ ਇੱਕ ਆਧੁਨਿਕ ਇਸਤਰੀ ਦੇ ਮੁਤਾਬਿਕ, ਆਧੁਨਿਕ ਸਮਾਜ ਦੇ ਵਿੱਚ ਹੱਕ ਦੇਣ ਦੀ ਗੱਲ ਨਹੀਂ।ਮੋਹਨ ਭਾਗਵਤ ਨੂੰ ਔਰਤਾਂ ਤੇ ਸਮਾਜ ਦੇ ਆਰਥਿਕ ਤੌਰ 'ਤੇ ਕਮਜ਼ੋਰ ਤਬਕਿਆਂ ਲਈ ਰੁਜ਼ਗਾਰ, ਕਾਮਿਆਂ ਲਈ ਸਹੀ ਉਜ਼ਰਤ, ਕਿਸਾਨਾਂ ਨੂੰ ਵਾਜਬ ਭਾਅ, ਵਿਦਿਆਰਥੀਆਂ ਤੇ ਦੂਜਿਆਂ ਲਈ ਸਿੱਖਿਆ ਤੇ ਸਿਹਤ ਮੁਹੱਈਆ ਕਰਾਉਣ ਦੀਆਂ ਗੱਲਾਂ ਕਰਨੀਆਂ ਚਾਹੀਦੀਆਂ ਸਨ, ਪਰ ਉਨ੍ਹਾਂ ਦੀ ਕਾਰਪੋਰੇਟ ਪੱਖੀ ਸੋਚ ਸਾਹਮਣੇ ਆ ਗਈ ਹੈ।

ਡਾ: ਅਰੁਣ ਮਿੱਤਰਾ ਕੌਮੀ ਕੌਂਸਲ ਮੈਂਬਰ, ਕਾਮਰੇਡ ਚਮਕੌਰ ਸਿੰਘ ਸਹਾਇਕ ਜ਼ਿਲ੍ਹਾ ਸਕੱਤਰ ਤੇ ਐੱਮ ਐੱਸ ਭਾਟੀਆ ਸ਼ਹਿਰੀ ਸਕੱਤਰ ਨੇ ਦੱਸਿਆ ਕਿ 21 ਤੋਂ 25 ਸਤੰਬਰ ਨੂੰ ਹੋਣ ਵਾਲੇ ਪਾਰਟੀ ਦੇ ਮਹਾ ਸੰਮੇਲਨ ਵਿੱਚ ਇਸ ਕਿਸਮ ਦੇ ਮੁੱਦਿਆਂ 'ਤੇ ਡੂੰਘੀ ਵਿਚਾਰ ਕੀਤੀ ਜਾਏਗੀ।

# ਬਿਪਤਾ ਦੀ ਘੜੀ 'ਚ ਭਾਜਪਾ ਆਗੂਆਂ ਦੀ ਚੁੱਪ ਹੈਰਾਨ ਕਰਨ ਵਾਲੀ : ਅਮਨ ਅਰੋੜਾ

## ਕੈਬਨਿਟ ਮੰਤਰੀ ਦੀ ਹਾਜ਼ਰੀ 'ਚ ਹਲਕਾ ਸੁਨਾਮ ਤੋਂ ਰਾਹਤ ਸਮੱਗਰੀ ਦੇ 11 ਟਰੱਕ ਰਵਾਨਾ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-ਪੰਜਾਬ ਦੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਪੰਜਾਬ ਦੇ ਭਾਜਪਾ ਆਗੂਆਂ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਹੈ ਕਿ ਅੱਜ ਜਦੋਂ ਪੰਜਾਬ ਬਿਪਤਾ ਦੀ ਘੜੀ ਵਿੱਚੋਂ ਲੰਘ ਰਿਹਾ ਹੈ ਤਾਂ ਉਨ੍ਹਾਂ ਦੀ ਚੁੱਪ ਹੈਰਾਨ ਕਰਨ ਵਾਲੀ ਹੈ।ਅਜਿਹੇ ਮੌਕੇ ਕੇਂਦਰ ਨੂੰ ਤੁਰੰਤ ਪੈਕੇਜ ਜਾਰੀ ਕਰਨ ਲਈ ਦਬਾਅ ਪਾਉਣ ਦੀ ਬਜਾਏ ਭਾਜਪਾ ਆਗੂਆਂ ਵੱਲੋਂ ਸਿਰਫ਼ ਸੂਬਾ ਸਰਕਾਰ ਦੀਆਂ ਕਮੀਆਂ ਲੱਭਣ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ।ਸਥਾਨਕ ਅਨਾਜ ਮੰਡੀ ਤੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਨੂੰ ਰਾਹਤ ਸਮੱਗਰੀ ਦੇ 11 ਟਰੱਕ ਰਵਾਨਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਪਾਣੀ ਦੇ ਕੋਟੇ ਵਿੱਚ ਕਟੌਤੀ ਕਰਨ ਬਾਰੇ ਕਹਿਣ ਨਾਲ ਭਾਜਪਾ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ, ਕੇਂਦਰ ਸਰਕਾਰ ਤੇ ਪੰਜਾਬ ਦੇ ਭਾਜਪਾ ਆਗੂਆਂ ਦਾ ਅਸਲੀ ਚਿਹਰਾ ਨੰਗਾ ਹੋ ਗਿਆ ਹੈ।ਉਨ੍ਹਾਂ ਕਿਹਾ ਕਿ ਇਸ ਬਿਪਤਾ ਦੀ ਘੜੀ ਵਿੱਚ ਪੰਜਾਬ ਦੇ ਭਾਜਪਾ ਆਗੂਆਂ ਦੀ ਚੁੱਪ ਤਾਂ ਬਿਲਕੁਲ ਹੀ ਹੈਰਾਨੀ ਪੈਦਾ ਕਰਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਨੂੰ ਆਪਣੀਆਂ ਫ਼ਸਲਾਂ ਲਈ ਪਾਣੀ ਚਾਹੀਦਾ ਹੁੰਦਾ ਹੈ ਤਾਂ ਉਸ ਵੇਲੇ ਹਰਿਆਣਾ ਵਾਧੂ ਪਾਣੀ ਮੰਗਦਾ ਹੈ, ਪਰ ਅੱਜ ਅਸੀਂ ਹਰਿਆਣਾ ਨੂੰ ਕਹਿ ਰਹੇ ਹਾਂ ਕਿ ਉਹ ਵਾਧੂ ਪਾਣੀ ਲੈ ਲਵੇ ਤਾਂ ਜੋ ਸੂਬੇ ਨੂੰ ਪਾਣੀ ਦੀ ਮਾਰ ਤੋਂ ਬਚਾਇਆ ਜਾ ਸਕੇ ਤਾਂ ਹਰਿਆਣਾ ਸਰਕਾਰ ਨੇ ਕਹਿ ਦਿੱਤਾ ਕਿ ਉਨ੍ਹਾਂ ਨੂੰ ਹੁਣ ਪਾਣੀ ਦੀ ਲੋੜ ਨਹੀਂ ਹੈ।ਉਲਟਾ ਨਿਰਧਾਰਤ ਕੋਟੇ ਵਿੱਚੋਂ ਵੀ ਕਟੌਤੀ ਕਰਨ ਬਾਰੇ ਕਿਹਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਹ ਕਿੱਥੋਂ ਦਾ ਇਨਸਾਫ ਹੈ ਕਿ ਜਦੋਂ ਪਾਣੀ ਦੀ ਮਾਰ ਪੈਣੀ ਹੈ ਤਾਂ ਪੰਜਾਬ ਇਕੱਲਾ ਬਰਦਾਸ਼ਤ ਕਰੇ, ਪਰ ਹੁਣ ਵਾਧੂ ਪਾਣੀ ਨੂੰ ਸੰਭਾਲਣ ਵੇਲੇ ਹਰਿਆਣਾ ਸਰਕਾਰ ਪੱਲਾ ਝਾੜ ਗਈ ਹੈ।

ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਮਹਿਜ਼ 6800 ਰੁਪਏ ਪ੍ਰਤੀ ਏਕੜ ਦੇਣ ਦੀ ਬਜਾਏ ਮੁਆਵਜ਼ਾ ਰਾਸ਼ੀ ਨੂੰ ਵਧਾਇਆ ਜਾਵੇ।ਪੂਰੇ ਦੇਸ਼ ਦਾ ਢਿੱਡ ਭਰਨ ਵਾਲੇ ਸੂਬੇ ਪੰਜਾਬ ਦਾ ਲੱਖਾਂ ਏਕੜ ਫ਼ਸਲੀ ਨੁਕਸਾਨ ਹੋਇਆ ਹੈ।ਇਸ ਲਈ ਸੂਬੇ ਨੂੰ ਵਿਸ਼ੇਸ਼ ਪੈਕੇਜ ਦੇਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਨੂੰ ਰਾਜਨੀਤੀ ਤੋਂ ਉੱਪਰ ਉੱਠ ਕੇ ਲੋਕਾਂ ਦੀ ਸਹਾਇਤਾ ਲਈ ਸਾਂਝੇ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਅੱਜ ਹਲਕਾ ਸੁਨਾਮ ਵੱਲੋਂ ਸਮੂਹ ਧਿਰਾਂ ਦੇ ਸਹਿਯੋਗ ਨਾਲ ਹੜ੍ਹ ਤੋਂ ਜ਼ਿਆਦਾ ਪ੍ਰਭਾਵਿਤ ਡੇਰਾ ਬਾਬਾ ਨਾਨਕ, ਅਜਨਾਲਾ, ਰਾਜਾਸਾਂਸੀ, ਫਾਜ਼ਿਲਕਾ, ਭੋਆ ਅਤੇ ਪੱਟੀ ਲਈ 11 ਟਰੱਕ ਭੇਜੇ ਗਏ ਹਨ, ਜਿਸ ਵਿੱਚ ਪਾਣੀ, ਰਾਸ਼ਨ ਤੇ ਪਸ਼ੂਆਂ ਲਈ ਚਾਰਾ ਭੇਜਿਆ ਗਿਆ ਹੈ। ਉਹਨਾਂ ਇਸ ਰਾਹਤ ਸਮੱਗਰੀ ਵਿੱਚ ਯੋਗਦਾਨ ਪਾਉਣ ਵਾਲੀਆਂ ਸਾਰੀਆਂ ਧਿਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮੁਕੇਸ਼ ਜੁਨੇਜਾ ਚੇਅਰਮੈਨ ਮਾਰਕਿਟ ਕਮੇਟੀ ਸੁਨਾਮ, ਮੀਡੀਆ ਕੋਆਰਡੀਨੇਟਰ ਜਤਿੰਦਰ ਜੈਨ, ਆੜਤੀ ਐਸੋਸੀਏਸ਼ਨ ਸੁਨਾਮ ਦੇ ਪ੍ਰਧਾਨ ਰਾਜਨ ਹੋਡਲਾ, ਸੈਲਰ ਐਸੋਸੀਏਸ਼ਨ ਸੁਨਾਮ ਦੇ ਪ੍ਰਧਾਨ ਸੰਜੀਵ ਪੋਨੀ, ਸ਼ੈਲਰ ਐਸੋਸੀਏਸ਼ਨ ਦੇਹਾਤੀ ਦੇ ਸੰਦੀਪ ਝੁਜਾ, ਭੱਠਾ ਐਸੋਸੀਏਸ਼ਨ ਪ੍ਰਧਾਨ ਹਕੂਮਤ ਰਾਏ ਜਿੰਦਲ, ਫਲੋਰ ਮਿਲਜ਼ ਪ੍ਰਧਾਨ ਅਨਿਲ ਪੋਪਲੀ, ਨਿਸ਼ਾਨ ਸਿੰਘ ਟੋਨੀ ਪ੍ਰਧਾਨ ਨਗਰ ਕੌਂਸਲ ਸੁਨਾਮ, ਟਰੱਕ ਯੂਨੀਅਨ ਸੁਨਾਮ ਪ੍ਰਧਾਨ ਯਾਦਵਿੰਦਰ ਸਿੰਘ ਰਾਜਾ, ਟਰੱਕ ਯੂਨੀਅਨ ਸੰਗਰੂਰ ਪ੍ਰਧਾਨ ਰਣਦੀਪ ਸਿੰਘ ਮਿੰਟੂ ਆਦਿ ਹਾਜ਼ਰ ਸਨ।

## ਕਾਤਰਾਂ

### ਸਿਹਤ ਕੇਂਦਰ 'ਚੋਂ ਗੋਲੀਆਂ ਚੋਰੀ ਹੋਣ ਦੇ ਮਾਮਲੇ 'ਚ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪਿੰਡ ਮੂਲੇਪੁਰ ਦੇ ਸਰਕਾਰੀ ਸਿਹਤ ਕੇਂਦਰ 'ਚੋਂ ਮਰੀਜ਼ਾਂ ਨੂੰ ਨਸ਼ਾ ਛੁਡਾਉਣ ਲਈ ਦਿੱਤੀਆਂ ਜਾਂਦੀਆਂ ਗੋਲੀਆਂ ਚੋਰੀ ਹੋ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਆਯੂਸ਼ਮਾਨ ਅਰੋਗਿਆ ਕੇਂਦਰ ਮੂਲੇਪੁਰ ਵਿਖੇ ਤਾਇਨਾਤ ਡਾਕਟਰ ਹਿਮਾਂਸ਼ੂ ਜਿੰਦਲ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ 27 ਤੇ 28 ਅਗਸਤ ਦੀ ਦਰਮਿਆਨੀ ਰਾਤ ਨੂੰ ਸਿਹਤ ਕੇਂਦਰ 'ਚੋਂ ਨਾਮਾਲੂਮ ਵਿਅਕਤੀ 1408 ਬਿਊਪਰੇਨੌਰਫਿਨ ਗੋਲੀਆਂ ਚੋਰੀ ਕਰਕੇ ਲੈ ਗਏ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਨਾਮਾਲੂਮ ਵਿਅਕਤੀ/ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਮੂਲੇਪੁਰ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### 'ਐਂਟਰਪ੍ਰੀਨਿਓਰਸ਼ਿਪ' ਨਵਾਂ ਲਾਜ਼ਮੀ ਵਿਸ਼ਾ ਸ਼ਾਮਲ ਕਰਨ ਨੂੰ ਪ੍ਰਵਾਨਗੀ

ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਸਕੂਲ ਸਿੱਖਿਆ ਬੋਰਡ (ਪੀਐੱਸਈਬੀ) ਨੇ ਇੱਕ ਵੱਡਾ ਫ਼ੈਸਲਾ ਲੈਂਦਿਆਂ ਸੀਨੀਅਰ ਸੈਕੰਡਰੀ ਪੱਧਰ (11ਵੀਂ ਤੇ 12ਵੀਂ ਜਮਾਤ) ਦੀ ਪੜ੍ਹਾਈ ਵਿੱਚ 'ਐਂਟਰਪ੍ਰੀਨਿਓਰਸ਼ਿਪ' (ਉੱਦਮਤਾ) ਨਾਂ ਦਾ ਇੱਕ ਨਵਾਂ ਤੇ ਲਾਜ਼ਮੀ ਵਿਸ਼ਾ ਸ਼ਾਮਲ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ।ਇਹ ਫ਼ੈਸਲਾ ਅਕਾਦਮਿਕ ਕੌਂਸਲ ਵੱਲੋਂ ਲਿਆ ਗਿਆ ਹੈ ਤੇ ਇਹ ਵਿਸ਼ਾ ਅਕਾਦਮਿਕ ਸੈਸ਼ਨ 2025-26 ਤੋਂ 11ਵੀਂ ਜਮਾਤ ਵਿੱਚ ਪੰਜਵੇਂ ਲਾਜ਼ਮੀ ਵਿਸ਼ੇ ਵਜੋਂ ਲਾਗੂ ਕੀਤਾ ਜਾਵੇਗਾ।ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ 'ਗ੍ਰੇਡਿੰਗ ਵਿਸ਼ਾ' ਹੋਵੇਗਾ।ਇਸ ਦੀ ਪ੍ਰੀਖਿਆ ਤੇ ਮੁਲਾਂਕਣ ਸਕੂਲ ਪੱਧਰ 'ਤੇ ਹੀ ਹੋਵੇਗਾ ਅਤੇ ਵਿਦਿਆਰਥੀਆਂ ਦੇ ਪ੍ਰਾਪਤ ਅੰਕ ਤੇ ਗ੍ਰੇਡ ਉਨ੍ਹਾਂ ਦੇ ਡੀਐੱਮਸੀ ਵਿੱਚ ਦਰਸਾਏ ਜਾਣਗੇ।ਇਸ ਵਿਸ਼ੇ ਦੇ ਕੁੱਲ 50 ਅੰਕ ਹੋਣਗੇ, ਜਿਸ ਵਿੱਚੋਂ ਥਿਊਰੀ ਲਈ 10 ਅੰਕ ਤੇ ਪ੍ਰੈਕਟੀਕਲ ਲਈ 40 ਅੰਕ ਨਿਰਧਾਰਤ ਕੀਤੇ ਗਏ ਹਨ।ਇਸ ਵਿਸ਼ੇ ਲਈ ਹਰ ਮਹੀਨੇ ਦੋ ਪੀਰੀਅਡ ਲਾਏ ਜਾਣਗੇ, ਜੋ ਕਿ 'ਵਾਤਾਵਰਨ ਅਧਿਐਨ' ਵਿਸ਼ੇ ਦੇ ਮੌਜੂਦਾ ਪੀਰੀਅਡਾਂ ਵਿੱਚੋਂ ਹੀ ਲਏ ਜਾਣਗੇ।ਇਸ ਦਾ ਪਾਠਕ੍ਰਮ ਤੇ ਸਾਰਥਕ ਸਮੱਗਰੀ ਜਲਦੀ ਹੀ ਬੋਰਡ ਦੀ ਅਧਿਕਾਰਤ ਵੈੱਬਸਾਈਟ 'ਤੇ ਅਪਲੋਡ ਕਰ ਦਿੱਤੀ ਜਾਵੇਗੀ।

### ਵਜੀਦਕੇ ਖੁਰਦ 'ਚ ਸਥਾਪਤ ਆਰਜ਼ੀ ਰਾਹਤ ਕੈਂਪ ਦਾ ਐੱਸ ਡੀ ਐੱਮ ਵੱਲੋਂ ਦੌਰਾ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿਛਲੇ ਦਿਨੀਂ ਭਾਰੀ ਮੀਂਹ ਦੇ ਮੱਦੇਨਜ਼ਰ ਪਿੰਡ ਵਜੀਦਕੇ ਖੁਰਦ ਵਿੱਚ ਕੱਚੇ ਘਰਾਂ ਦੀ ਸਥਿਤੀ ਨੂੰ ਦੇਖਦੇ ਹੋਏ ਆਰਜ਼ੀ ਤੌਰ 'ਤੇ ਧਰਮਸ਼ਾਲਾ ਵਿੱਚ ਰਾਹਤ ਕੈਂਪ ਬਣਾਇਆ ਗਿਆ ਹੈ।ਐੱਸ ਡੀ ਐੱਮ ਮਹਿਲ ਕਲਾਂ ਜੁਗਰਾਜ ਸਿੰਘ ਕਾਹਲੋਂ ਵੱਲੋਂ ਰਾਹਤ ਕੈਂਪ ਦਾ ਦੌਰਾ ਕੀਤਾ ਗਿਆ, ਜਿੱਥੇ 6 ਪਰਵਾਰਾਂ ਦੇ ਕਰੀਬ 25 ਮੈਂਬਰ ਰਹਿ ਰਹੇ ਹਨ।ਐੱਸ ਡੀ ਐੱਮ ਦੀ ਅਗਵਾਈ ਵਿੱਚ ਇਨ੍ਹਾਂ ਪਰਵਾਰਾਂ ਨੂੰ ਰਾਸ਼ਨ ਕਿੱਟਾਂ ਤੇ ਹੋਰ ਲੋੜੀਂਦਾ ਸਾਮਾਨ ਮੁਹੱਈਆ ਕੀਤਾ ਗਿਆ।ਇਸ ਮੌਕੇ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹਰ ਲੋੜਵੰਦ ਪਰਵਾਰ ਦੀ ਹਰ ਸੰਭਵ ਮਦਦ ਲਈ ਵਚਨਬੱਧ ਹੈ।ਕਿਸੇ ਵੀ ਜ਼ਰੂਰਤ 'ਤੇ ਤਹਿਸੀਲ ਮਹਿਲ ਕਲਾਂ ਦੇ ਵਾਸੀ 82641-93466 ਕੰਟਰੋਲ ਰੂਮ ਨੰਬਰ 'ਤੇ ਸੰਪਰਕ ਕਰ ਸਕਦੇ ਹਨ।

# ਹਰਿਆਣਾ ਨੇ ਪਾਣੀ ਲੈਣ ਤੋਂ ਕੀਤੀ ਤੌਬਾ; 'ਸਾਨੂੰ ਪਾਣੀ ਨਹੀਂ ਚਾਹੀਦਾ, ਸਾਡਾ ਪਾਣੀ ਘਟਾ ਦਿਓ'

## ਪੰਜਾਬ ਨੇ ਕੀਤੀ ਸੀ ਵਾਧੂ ਪਾਣੀ ਦੇਣ ਦੀ ਪੇਸ਼ਕਸ਼

ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)-ਹਰਿਆਣਾ ਕੁਝ ਹਫ਼ਤੇ ਪਹਿਲਾਂ ਤੱਕ ਤਾਂ ਪੰਜਾਬ ਤੋਂ ਵਾਧੂ ਪਾਣੀ ਲੈਣ ਲਈ ਲੜਾਈ ਲੜ ਰਿਹਾ ਸੀ, ਪਰ ਹੁਣ ਜਦੋਂ ਪੰਜਾਬ 'ਚ ਹੜ੍ਹ ਆ ਗਏ ਹਨ ਤਾਂ ਗੁਆਂਢੀ ਸੂਬੇ ਨੇ ਅੱਜ ਹੋਰ ਪਾਣੀ ਲੈਣ ਤੋਂ ਤੌਬਾ ਕਰ ਲਈ ਹੈ।ਪੰਜਾਬ 'ਚ ਕੁਦਰਤੀ ਆਫ਼ਤ ਦੀ ਬਣੀ ਸਥਿਤੀ ਮੌਕੇ ਹੁਣ ਹਰਿਆਣਾ ਆਖ ਰਿਹਾ ਕਿ ਸਾਡਾ ਪਾਣੀ ਘਟਾ ਦਿਓ।ਪੰਜਾਬ ਸਰਕਾਰ ਨੇ ਹੜ੍ਹਾਂ ਦੀ ਸਥਿਤੀ ਦੌਰਾਨ 22 ਅਗਸਤ ਨੂੰ ਹਰਿਆਣਾ ਨੂੰ ਪੱਤਰ ਲਿਖ ਕੇ ਦਰਿਆਈ ਪਾਣੀਆਂ 'ਚੋਂ ਹੋਰ ਪਾਣੀ ਦੇਣ ਦੀ ਪੇਸ਼ਕਸ਼ ਕੀਤੀ ਸੀ। ਹਰਿਆਣਾ ਨੇ ਪੰਜਾਬ ਦੀ ਅਪੀਲ 'ਤੇ ਹੋਰ ਵਾਧੂ ਦਰਿਆਈ ਪਾਣੀ ਲੈਣ ਤੋਂ ਹਫ਼ਤਾ ਭਰ ਚੁੱਪ ਵੱਟੀ ਰੱਖੀ ਤੇ ਹੁਣ ਅੱਜ ਪੱਤਰ ਲਿਖ ਕੇ ਹਰਿਆਣਾ ਭਾਖੜਾ ਨਹਿਰ 'ਚ ਪਾਣੀ ਘੱਟ ਕਰਨ ਵਾਸਤੇ ਆਖਿਆ ਹੈ।ਹਰਿਆਣਾ ਸਰਕਾਰ ਨੇ ਸੂਬੇ 'ਚ ਹੜ੍ਹਾਂ ਦੀ ਸਥਿਤੀ ਬਣਨ ਦਾ ਹਵਾਲਾ ਦਿੱਤਾ ਹੈ।ਹਰਿਆਣਾ ਨੇ ਪਹਿਲਾਂ 7900 ਕਿਊਸਿਕ ਪਾਣੀ ਦਾ ਇੰਡੈਂਟ ਦਿੱਤਾ ਸੀ ਤੇ ਅੱਜ ਉਸ ਨੇ ਪੰਜਾਬ ਇਹ ਇੰਡੈਂਟ ਘਟਾ ਕੇ 6250 ਕਿਊਸਿਕ ਕਰਨ ਲਈ ਕਿਹਾ ਹੈ।ਭਾਖੜਾ ਨਹਿਰ 'ਚ ਇਸ ਵੇਲੇ 8894 ਕਿਊਸਕ ਪਾਣੀ ਚੱਲ ਰਿਹਾ ਸੀ।ਭਾਖੜਾ ਨਹਿਰ 'ਚੋਂ ਜੋ ਪੰਜਾਬ ਪਾਣੀ ਵਰਤਦਾ ਹੈ, ਉਸ ਦੀ ਖੇਤਾਂ ਲਈ ਹੁਣ ਕੋਈ ਮੰਗ ਨਾ ਰਹਿਣ ਕਰਕੇ ਮੋਘੇ ਬੰਦ ਹੋ ਗਏ ਹਨ ਤੇ ਇਹ ਪਾਣੀ ਵੀ ਹਰਿਆਣਾ ਵੱਲ ਜਾ ਰਿਹਾ ਸੀ।ਪੰਜਾਬ ਸਰਕਾਰ ਨੇ ਹਫ਼ਤਾ ਪਹਿਲਾਂ ਹਰਿਆਣਾ ਨੂੰ ਬਕਾਇਦਾ ਲਿਖਤੀ ਪੱਤਰ ਭੇਜ ਕੇ ਪੰਜਾਬ 'ਚ ਹੜ੍ਹਾਂ ਨਾਲ ਹੋ ਰਹੀ ਤਬਾਹੀ ਤੋਂ ਜਾਣੂ ਕਰਾਇਆ ਸੀ। ਪੰਜਾਬ ਸਰਕਾਰ ਨੇ ਡੈਮਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਹਰਿਆਣਾ ਨੂੰ ਆਪਣੀ ਨਹਿਰ ਜ਼ਰੀਏ ਹੋਰ ਪਾਣੀ ਲੈਣ ਲਈ ਇੰਡੈਂਟ ਦੇਣ ਦੀ ਅਪੀਲ ਕੀਤੀ ਸੀ। ਬੀਬੀਐੱਮਬੀ ਵੱਲੋਂ ਡੈਮਾਂ 'ਚ ਪਾਣੀ ਦੇ ਵਧੇ ਪੱਧਰ ਨੂੰ ਦੇਖਦਿਆਂ ਮਸ਼ਵਰੇ ਵੀ ਦਿੱਤੇ ਗਏ ਸਨ, ਪਰ ਹਰਿਆਣਾ ਨੇ ਪੰਜਾਬ ਸਰਕਾਰ ਦੇ ਪੱਤਰ ਦਾ ਜਵਾਬ ਦੇਣ 'ਤੇ ਚੁੱਪ ਵੱਟੀ ਹੋਈ ਸੀ।ਪੰਜਾਬ ਸਰਕਾਰ ਨੇ ਕਿਹਾ ਸੀ ਕਿ ਪਾਕਿਸਤਾਨ ਵੱਲ ਜਾ ਰਿਹਾ ਪਾਣੀ ਨੂੰ ਰੋਕਣ ਲਈ ਹਰਿਆਣਾ ਸਰਕਾਰ ਆਪਣੀ ਨਹਿਰ 'ਚ ਹੋਰ ਪਾਣੀ ਲੈਣ ਲਈ ਇਨਡੈਂਟ ਦੇਵੇ।ਪੰਜਾਬ ਸਰਕਾਰ ਨੇ ਹਰਿਆਣਾ ਨੂੰ ਲਿਖੇ ਪੱਤਰ 'ਚ ਕਿਹਾ ਸੀ ਕਿ ਡੈਮਾਂ 'ਚ ਲਗਾਤਾਰ ਪਾਣੀ ਵਧ ਰਿਹਾ ਹੈ ਤੇ ਡੈਮਾਂ ਦੀ ਸੁਰੱਖਿਆ ਲਈ ਪਾਣੀ ਛੱਡਣਾ ਮਜਬੂਰੀ ਬਣ ਗਿਆ ਹੈ।ਇਸ ਪੱਤਰ 'ਤੇ ਹਰਿਆਣਾ ਨੇ ਚੁੱਪ ਵੱਟੀ ਹੋਈ ਸੀ, ਪਰ ਸੂਬੇ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੱਤਰ ਲਿਖ ਕੇ ਆਪਣੇ ਹਮਰੁਤਬਾ ਭਗਵੰਤ ਮਾਨ ਨੂੰ ਹੜ੍ਹਾਂ ਕਾਰਨ ਤਬਾਹੀ ਤੋਂ ਉਭਰਨ ਲਈ ਮਦਦ ਦਾ ਭਰੋਸਾ ਜ਼ਰੂਰ ਦਿੱਤਾ ਹੈ।

# ਸੀਵਰੇਜ ਦੇ ਗੰਦੇ ਪਾਣੀ ਤੋਂ ਅੱਕੇ ਲੋਕਾਂ ਵੱਲੋਂ ਸਰਕਾਰ ਤੇ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ

## ਪੈਟਰੋਲ ਪੰਪ ਸਾਹਮਣੇ ਲਿੰਕ ਰੋਡ 'ਤੇ ਰੋਸ ਧਰਨਾ ਭਲਕੇ



ਮਾਨਸਾ (ਆਤਮਾ ਸਿੰਘ ਪਮਾਰ)-ਮਾਨਸਾ ਸ਼ਹਿਰ 'ਚ ਪਿਛਲੇ ਲੰਬੇ ਸਮੇਂ ਤੋਂ ਸੀਵਰੇਜ ਦੀ ਚੱਲ ਰਹੀ ਸਮੱਸਿਆ ਸੁਲਝਣ ਦੀ ਬਜਾਏ ਦਿਨੋਂ ਦਿਨ ਉਲਝਦੀ ਜਾ ਰਹੀ ਹੈ।ਪਿਛਲੇ ਦਿਨਾਂ ਦੌਰਾਨ ਲਗਾਤਾਰ ਹੋ ਰਹੀ ਭਾਰੀ ਬਾਰਸ਼ ਦੇ ਚੱਲਦਿਆਂ ਹਾਲਾਤ ਹੋਰ ਵੀ ਬਦਤਰ ਹੋ ਗਏ ਹਨ।ਮੁਹੱਲਾ ਨਿਵਾਸੀਆਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ, ਨਗਰ ਕੌਂਸਲ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਵਾਰ ਵਾਰ ਬੇਨਤੀਆਂ ਕਰਨ ਤੇ ਮਿਲਣ ਤੋਂ ਇਲਾਵਾ ਨਗਰ ਕੌਂਸਲ ਦੇ ਪ੍ਰਧਾਨ ਤੋਂ ਇਲਾਵਾ ਸੀਵਰੇਜ ਬੋਰਡ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗਾਂ ਵੀ ਕੀਤੀਆਂ ਗਈਆਂ, ਪ੍ਰੰਤੂ ਲਾਰਿਆਂ ਤੋਂ ਇਲਾਵਾ ਸਾਡੇ ਪੱਲੇ ਕੁੱਝ ਵੀ ਪੈਂਦਾ ਨਜ਼ਰੀਂ ਆ ਰਿਹਾ। ਉਨ੍ਹਾਂ ਇਸ ਸਮੱਸਿਆ ਨਾਲ ਸਬੰਧਤ ਜ਼ਿੰਮੇਵਾਰ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਚਿਤਾਵਨੀ ਭਰੇ ਲਹਿਜੇ 'ਚ ਕਿਹਾ ਕਿ ਜੇਕਰ ਇਸ ਗੰਭੀਰ ਮਸਲੇ ਦਾ ਕੋਈ ਢੁੱਕਵਾਂ ਹੱਲ ਨਹੀਂ ਕੀਤਾ ਜਾਂਦਾ ਤਾਂ ਸੋਮਵਾਰ ਤੋਂ ਪੈਟਰੋਲ ਪੰਪ ਕੋਲ ਲਿੰਕ ਰੋਡ (ਤਿਕੋਣੀ ਵਾਲੀ) 'ਤੇ ਵਾਰਡ ਨੰਬਰ 2, 3 ਤੇ 4 ਵਾਸੀਆਂ ਵੱਲੋਂ ਪ੍ਰਸ਼ਾਸਨ ਤੇ ਨਗਰ ਕੌਂਸਲ ਮਾਨਸਾ ਖ਼ਿਲਾਫ਼ ਰੋਸ ਧਰਨਾ ਦਿੱਤਾ ਜਾਵੇਗਾ।ਮੁਹੱਲਾ ਨਿਵਾਸੀਆਂ ਵੱਲੋਂ ਇਸ ਸਮੇਂ ਪ੍ਰਸ਼ਾਸਨ ਤੇ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਵੀ ਕੀਤੀ।ਇਸ ਸਮੇਂ ਜਸਵੰਤ ਸਿੰਘ ਮਾਨਸਾ ਸੂਬਾਈ ਮੀਤ ਪ੍ਰਧਾਨ ਬਹੁਜਨ ਮੁਕਤੀ ਪਾਰਟੀ ਪੰਜਾਬ, ਦਲਵਿੰਦਰ ਸਿੰਘ ਆਗੂ ਬਾਮਸੇਫ, ਨਰਿੰਦਰ ਸਿੰਘ ਮੋਹਰ, ਆਤਮਾ ਸਿੰਘ ਪਮਾਰ, ਲੋਧੀ ਯੂਨੀਅਨ ਦੇ ਸੱਤਪਾਲ ਸਿੰਘ ਅਤੇ ਸ਼ਿਵਮ ਸਿੰਘ, ਬੂਟਾ ਸਿੰਘ, ਕੁਲਵੰਤ ਸਿੰਘ , ਮਾਸਟਰ ਧਰਮਿੰਦਰ ਸਿੰਘ, ਬਲਜੀਤ ਸਿੰਘ, ਰਾਜਿੰਦਰ ਸਿੰਘ, ਰਾਜ ਸਿੰਘ ਗੋਗਾ, ਇੰਦਰਜੀਤ ਸਿੰਘ ਤੇ ਜਗਰਾਜ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਮਰਦ ਤੇ ਔਰਤਾਂ ਹਾਜ਼ਰ ਸਨ।

# ਘੱਗਰ, ਟਾਂਗਰੀ ਤੇ ਮਾਰਕੰਡਾ ਦਰਿਆਵਾਂ 'ਚ ਪਾਣੀ ਦੇ ਪੱਧਰ ਵਧਣ ਦੇ ਬਾਵਜੂਦ ਸਥਿਤੀ ਕਾਬੂ ਹੇਠ : ਪਠਾਣਮਾਜਰਾ

ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)-ਵਿਧਾਨ ਸਭਾ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਦੱਸਿਆ ਹੈ ਕਿ ਘੱਗਰ, ਟਾਂਗਰੀ, ਮਾਰਕੰਡਾ ਅਤੇ ਹੋਰ ਡਰੇਨਾਂ ਵਿੱਚ ਪਾਣੀ ਦੇ ਸੁਚਾਰੂ ਵਹਾਅ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਦੀਆਂ ਟੀਮਾਂ ਤੇ ਮਸ਼ੀਨਰੀ ਸਾਰੀਆਂ ਮਹੱਤਵਪੂਰਨ ਥਾਂਵਾਂ 'ਤੇ ਕੰਮ ਕਰ ਰਹੀਆਂ ਹਨ।ਨਦੀਆਂ ਦੇ ਸਾਰੇ ਬੰਨਿਆਂ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ ਅਤੇ ਕੋਈ ਖ਼ਤਰੇ ਵਾਲੀ ਸਥਿਤੀ ਨਹੀਂ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਾਣੀ ਦੇ ਵਧਦੇ ਪੱਧਰ ਕਾਰਨ ਚੌਕਸ ਰਹਿਣ ਅਤੇ ਜਲ ਸਰੋਤਾਂ ਤੋਂ ਦੂਰ ਰਹਿਣ।ਘਬਰਾਉਣ ਦੀ ਕੋਈ ਲੋੜ ਨਹੀਂ ਹੈ ਅਤੇ ਨਾਗਰਿਕਾਂ ਨੂੰ ਸਿਰਫ਼ ਅਧਿਕਾਰਤ ਚੇਤਾਵਨੀਆਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।ਕਿਸੇ ਵੀ ਜ਼ਰੂਰੀ ਸਥਿਤੀ ਵਿੱਚ, ਲੋਕ ਜ਼ਿਲ੍ਹਾ ਕੰਟਰੋਲ ਰੂਮ ਨਾਲ 0175-2350550, 0175-2358550 'ਤੇ ਸੰਪਰਕ ਕਰ ਸਕਦੇ ਹਨ।

### ਗੁਰਮਨ ਕੌਰ ਨਮਿੱਤ ਪਾਠ ਦਾ ਭੋਗ 2 ਨੂੰ

ਲੌਂਗੋਵਾਲ (ਪ੍ਰਦੀਪ ਸੱਪਲ)-ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਪੁੱਤਰੀ ਬੀਬੀ ਗੁਰਮਨ ਕੌਰ ਦੀ ਬੇਵਕਤੀ ਮੌਤ ਤੇ ਗੁਰੂਦੁਆਰਾ ਚੁੱਲੇ ਬਾਬਾ ਆਲਾ ਸਿੰਘ ਲੌਂਗੋਵਾਲ ਦੇ ਮੈਨੇਜਰ ਮਨਪ੍ਰੀਤ ਸਿੰਘ, ਜਗਸੀਰ ਸਿੰਘ ਗਾਂਧੀ, ਭਾਈ ਧਨਵੰਤ ਸਿੰਘ, ਕੇਵਲ ਸਿੰਘ ਡੋਗਰ, ਬਗੀਚਾ ਸਿੰਘ ਤੋਂ ਇਲਾਵਾ ਸਮੂਹ ਸੇਵਾਦਾਰਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਵ. ਬੀਬਾ ਗੁਰਮਨ ਕੌਰ ਦੀ ਯਾਦ ਵਿੱਚ ਰੱਖੇ ਗਏ ਸ੍ਰੀ ਸਹਿਜ ਪਾਠ ਦਾ ਭੋਗ 2 ਸਤੰਬਰ ਨੂੰ ਅਨਾਜ ਮੰਡੀ ਲੌਂਗੋਵਾਲ ਵਿਖੇ ਪਵੇਗਾ।

# ਪੰਜਾਬ ਦੀ ਮਾਨ ਸਰਕਾਰ ਨੇ ਆਮ ਲੋਕਾਂ ਦਾ ਜਿਉਣਾ ਦੁੱਭਰ ਕੀਤਾ : ਐਡਵੋਕੇਟ ਉੱਡਤ

## ਡੀ ਸੀ ਦੇ ਘਿਰਾਓ ਦੀ ਤਿਆਰੀ ਹਿੱਤ ਮੀਟਿੰਗਾਂ



ਸਰਦੂਲਗੜ੍ਹ/ਝੁਨੀਰ (ਆਤਮਾ ਸਿੰਘ ਪਮਾਰ)-ਬਦਲਾਅ ਦੇ ਨਾਮ ਤੇ ਪੰਜਾਬੀਆ ਨੇ ਬੜੇ ਚਾਵਾਂ 'ਤੇ ਉਮੰਗਾਂ ਨਾਲ ਸੱਤਾ ਵਿੱਚ ਲਿਆਂਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਸਾਢੇ ਤਿੰਨ ਸਾਲਾ ਕਾਰਗੁਜ਼ਾਰੀ ਨੇ ਆਮ ਆਦਮੀ ਦਾ ਜਿਉਣਾ ਹੀ ਦੁੱਭਰ ਕਰ ਕੇ ਰੱਖ ਦਿੱਤਾ ਤੇ ਹੁਣ ਲੋਕ ਪੰਜਾਬ ਵਿਧਾਨ ਸਭਾ ਚੋਣਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ ਤਾਂ ਕਿ ਨਕਲੀ ਇਨਕਲਾਬੀਆਂ ਨੂੰ ਸੱਤਾ ਤੋਂ ਬਾਹਰ ਦਾ ਰਸਤਾ ਦਿਖਾਇਆ ਜਾ ਸਕੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ 3 ਸਤੰਬਰ ਦੇ ਡਿਪਟੀ ਕਮਿਸ਼ਨਰ ਮਾਨਸਾ ਦੇ ਘਿਰਾਓ ਦੀ ਤਿਆਰੀ ਹਿੱਤ ਪਿੰਡ ਮੀਰਪੁਰ ਤੇ ਮਾਖੇਵਾਲਾ ਵਿੱਖੇ ਜਨਤਕ ਮੀਟਿੰਗਾ ਨੂੰ ਸੰਬੋਧਨ ਕਰਦਿਆਂ ਸੀਪੀਆਈ ਤੇ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਜੇ ਪੰਜਾਬ ਸਰਕਾਰ ਨੇ ਸਮੇਂ ਸਿਰ ਢੁੱਕਵੇਂ ਪ੍ਰਬੰਧ ਕਰ ਲਏ ਹੁੰਦੇ ਤਾ ਹੜ੍ਹਾਂ ਦਾ ਇਨ੍ਹਾਂ ਭਿਆਨਕ ਮੰਜਰ ਵੇਖਣਾ ਨਾਲ ਪੈਂਦਾ ਤੇ ਲੋਕਾਂ ਦੇ ਜਾਨ-ਮਾਲ ਦੀ ਰਾਖੀ ਹੋ ਸਕਦੀ ਸੀ, ਪ੍ਰੰਤੂ ਮੋਤੀਆਂ ਵਾਲੀ ਸਰਕਾਰ ਚੁਟਕਲੇ ਸੁਣਾਉਣ ਤੇ ਲੋਕਾਂ ਦੀਆਂ ਜੇਬਾਂ ਕੱਟਣ ਵਿੱਚ ਹੀ ਮਸ਼ਰੂਫ ਰਹੀ।ਐਡਵੋਕੇਟ ਉੱਡਤ ਨੇ ਕਿਹਾ ਕਿ ਮਨਰੇਗਾ ਦੇ ਕੰਮਾਂ ਵਿੱਚ ਕਟੌਤੀ ਦੇ ਵਿਰੁੱਧ 3 ਸਤੰਬਰ ਦੇ ਪ੍ਰਦਰਸ਼ਨ ਵਿੱਚ ਮਜ਼ਦੂਰ ਪਰਵਾਰਾਂ ਸਮੇਤ ਕਾਫਲੇ ਬਣਾ ਕੇ ਪਹੁੰਚਣਗੇ।ਇਸ ਮੌਕੇ ਸਾਥੀ ਗੁਰਪਿਆਰ ਸਿੰਘ ਫੱਤਾ, ਸੰਕਰ ਸਿੰਘ ਜਟਾਣਾ, ਮੱਘਰ ਸਿੰਘ ਮੀਰਪੁਰ, ਕਰਨੈਲ ਸਿੰਘ ਮਾਖਾ, ਭੋਲਾ ਸਿੰਘ ਮਾਖਾ, ਚੇਤ ਸਿੰਘ ਮਾਖਾ, ਗੁਰਪ੍ਰੀਤ ਸਿੰਘ ਮਾਖਾ, ਜੰਟਾ ਸਿੰਘ ਆਦਮਕੇ ਆਦਿ ਹਾਜ਼ਰ ਸਨ।

# ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਭੱਜੇ ਕੈਬਨਿਟ ਮੰਤਰੀ ਸੌਂਦ




ਫਾਜ਼ਿਲਕਾ (ਪਰਮਜੀਤ ਢਾਬਾਂ)-ਫਾਜ਼ਿਲਕਾ ਦੇ ਸਰਹੱਦੀ ਖੇਤਰ ਵਿੱਚ ਪੈ ਰਹੀ ਹੜ੍ਹਾਂ ਦੀ ਮਾਰ ਨੂੰ ਲੈ ਕੇ ਕਰੀਬ ਅੱਧੀ ਦਰਜਨ ਦੇ ਕਰੀਬ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀਆਂ ਨੇ ਮੁਸ਼ਕਲਾਂ ਸੁਣਨ ਦੇ ਨਾਂ 'ਤੇ ਦੌਰੇ ਕੀਤੇ ਹਨ।ਇਸੇ ਲੜੀ ਤਹਿਤ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਕੱਲ ਤੋਂ ਇਲਾਕੇ 'ਚ ਵਿਚਰ ਰਹੇ ਹਨ, ਜਿੱਥੇ ਉਨ੍ਹਾਂ ਨੇ ਕੱਲ੍ਹ ਬੇੜੀ 'ਤੇ ਜਾ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਤੇ ਉਨ੍ਹਾਂ ਨੂੰ ਬਣਦੀ ਸਹਾਇਤਾ ਦੇਣ ਦਾ ਦਾਅਵਾ ਕੀਤਾ ਸੀ, ਉਥੇ ਹੀ ਲੋਕਾਂ ਨੇ ਉਨ੍ਹਾਂ ਨੂੰ ਬੇੜੀਆਂ ਤੇ ਪਿਕਨਕ ਮਨਾਉਣ ਦੀ ਗੱਲ ਕਹਿ ਕੇ ਆੜੇ ਹੱਥੀ ਲੈਂਦਿਆ ਕਿਹਾ ਕਿ ਜਦੋਂ ਵੀ ਮੰਤਰੀ ਆ ਰਹੇ ਹਨ ਉਹ ਲੋਕਾਂ ਦੀਆਂ ਮੁਸ਼ਕਲਾਂ ਨਹੀਂ ਸੁਣਦੇ, ਸਿਰਫ ਸੱਤਾ ਧਿਰ ਦੇ ਕੁਝ ਹੀ ਆਗੂਆਂ ਨੂੰ ਨਾਲ ਲੈ ਕੇ ਬੇੜੀ ਤੇ ਸਫਰ ਕਰਦੇ ਹਨ।ਉਨ੍ਹਾਂ ਨਾਲ ਇੰਨੀ ਵੱਡੀ ਗਿਣਤੀ ਵਿੱਚ ਗਾਰਦ ਹੁੰਦੀ ਹੈ ਕਿ ਅਸਲ ਹੜ੍ਹ ਪੀੜਤ ਲੋਕਾਂ ਦੀ ਗੁਹਾਰ ਸੁਣਨ ਲਈ ਕੋਈ ਤਿਆਰ ਨਹੀਂ। ਸ਼ਾਇਦ ਇਸ ਗੱਲ ਨੂੰ ਲੈ ਕੇ ਅੱਜ ਕੈਬਨਿਟ ਮੰਤਰੀ ਸ੍ਰੀ ਸੌਂਧ ਨੂੰ ਫਾਜ਼ਿਲਕਾ ਦੇ ਡੀ ਸੀ ਕੰਪਲੈਕਸ ਵਿਖੇ ਪ੍ਰੈੱਸ ਕਾਨਫਰੰਸ ਕਰਨ ਲਈ ਪੁੱਜੇ ਹੋਏ ਸਨ।ਸ੍ਰੀ ਸੌਂਦ ਵੱਲੋਂ ਹੜ੍ਹ ਪੀੜਤ ਲੋਕਾਂ ਲਈ ਦਿੱਤੀ ਜਾ ਰਹੀ ਖਾਦ ਸਮੱਗਰੀ, ਮੈਡੀਕਲ ਸਹੂਲਤਾਂ ਬਣਾਏ ਕੈਂਪਾਂ ਤੇ ਪਸ਼ੂਆਂ ਦੀ ਫੀਡ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਗਈ ਅਤੇ ਦਾਅਵਾ ਕੀਤਾ ਗਿਆ ਕਿ ਉਨ੍ਹਾਂ ਦੀ ਸਰਕਾਰ ਜਦੋਂ ਤੋਂ ਇਹ ਸਮਾਂ ਆਇਆ ਹੈ ਉਸ ਸਮੇਂ ਤੋਂ ਲੋਕਾਂ ਦੇ ਨਾਲ ਖੜ੍ਹੀ ਹੈ।ਕਿਰਤ ਮੰਤਰੀ ਨੂੰ ਜਦੋਂ ਸਰਹੱਦੀ ਖੇਤਰ ਦੇ ਹੜ੍ਹ ਪੀੜਤ ਉਸਾਰੀ ਕਿਰਤੀਆਂ ਨੂੰ ਵਿਸ਼ੇਸ਼ ਸਹਾਇਤਾ ਦੇਣ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਸਿੱਧੇ ਤੌਰ 'ਤੇ ਸਵਾਲ ਤੋਂ ਟਾਲਾ ਵੱਟਦਿਆਂ ਕਿਹਾ ਕਿ ਇਸ ਸਬੰਧੀ ਬਾਅਦ ਵਿੱਚ ਵੱਖਰੀ ਪੀਸੀ ਕਰਕੇ ਤੁਹਾਡੇ ਨਾਲ ਗੱਲ ਕਰਾਂਗੇ।ਜਦੋਂ ਪੱਤਰਕਾਰਾਂ ਨੇ ਦਹਾਕਿਆਂ ਤੋਂ ਹੜ੍ਹਾਂ ਤੇ ਜੰਗ ਦੇ ਮਾਹੌਲ ਦਾ ਸੰਤਾਪ ਹੰਢਾ ਰਹੇ ਲੋਕਾਂ ਦੇ ਪੱਕੇ ਹੱਲ ਸਬੰਧੀ ਸਵਾਲ ਕੀਤਾ ਤਾਂ ਉਨ੍ਹਾਂ ਨੇ ਕੁਦਰਤ ਦਾ ਕਹਿਰ ਕਹਿ ਕੇ ਟਾਲਾ ਵੱਟਦਿਆਂ ਤੇ ਆਪਣੀ ਸਰਕਾਰ ਵੱਲੋਂ ਪੱਕਾ ਪ੍ਰਬੰਧ ਕਰਨ ਤੋਂ ਅਸਮਰਥਾ ਜ਼ਾਹਰ ਕੀਤੀ।ਜ਼ਮੀਨੀ ਪੱਧਰ ਤੱਕ ਲੋਕਾਂ ਨੂੰ ਰਾਸ਼ਨ, ਪਸ਼ੂਆਂ ਲਈ ਚਾਰਾ ਤੇ ਹੋਰ ਸਹੂਲਤ ਨਾ ਦਿੱਤੇ ਜਾਣ ਦੇ ਸਵਾਲ ਤੋਂ ਬਾਅਦ ਮੰਤਰੀ ਸਾਹਿਬ ਨੇ ਪੱਤਰਕਾਰਾਂ ਤੋਂ ਜਲਦੀ ਖਹਿੜਾ ਛੁਡਾਉਣਾ ਹੀ ਮੁਨਾਸਿਬ ਸਮਝਿਆ।

# ਵਹੀਕਲ ਖੋਹਣ ਵਾਲੇ ਗਰੋਹ ਦਾ ਪਰਦਾ ਫਾਸ਼, 4 ਮੁਲਜ਼ਮ ਕਾਬੂ

## ਖੋਹ ਕੀਤੀਆਂ 2 ਕਾਰਾਂ ਤੇ ਅਸਲਾ ਬਰਾਮਦ



ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)

ਮਾੜੇ ਅਨਸਰਾਂ ਖਿਲਾਫ ਚਲਾਈ ਜ਼ੀਰੋ ਟਾਲਰੈਂਸ ਦੀ ਨੀਤੀ ਤਹਿਤ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਡਾ. ਪ੍ਰਗਿਆ ਜੈਨ ਐੱਸ.ਐੱਸ.ਪੀ. ਫਰੀਦਕੋਟ ਦੇ ਦਿਸ਼ਾ ਨਿਰਦੇਸ਼ ਤਹਿਤ ਸਥਾਨਕ ਪੁਲਸ ਵੱਲੋਂ ਇੱਕ ਸਰਗਰਮ ਵਹੀਕਲ ਖੋਹ ਕਰਨ ਵਾਲੇ ਗਰੋਹ ਦਾ ਪਰਦਾਫਾਸ਼ ਕੀਤਾ ਹੈ।ਫਰੀਦਕੋਟ ਪੁਲਸ ਵੱਲੋਂ ਇਸ ਗਰੋਹ ਵਿੱਚ ਸ਼ਾਮਲ 04 ਦੋਸ਼ੀਆਂ ਨੂੰ ਕਾਬੂ ਕੀਤਾ ਹੈ, ਜਿਨ੍ਹਾਂ ਵੱਲੋਂ ਪਿਛਲੇ ਦਿਨੀਂ ਪਿੰਡ ਸੇਵੇਵਾਲਾ ਨਜ਼ਦੀਕ ਵਰਨਾ ਕਾਰ ਖੋਹ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਸੀ। ਇਹ ਜਾਣਕਾਰੀ ਸ੍ਰੀ ਸੰਦੀਪ ਕੁਮਾਰ ਐੱਸ ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਵੱਲੋਂ ਸ਼ਨੀਵਾਰ ਪ੍ਰੈੱਸ ਕਾਨਫਰੰਸ ਦੌਰਾਨ ਸਾਂਝੀ ਕੀਤੀ ਗਈ।ਗ੍ਰਿਫਤਾਰ ਕੀਤੇ ਮੁਲਜ਼ਮਾਂ ਦੀ ਪਹਿਚਾਣ ਹਰਮਨਦੀਪ ਸਿੰਘ ਉਰਫ ਹਰਮਨ ਮਰੜ, ਜਗਰਾਜ ਸਿੰਘ ਉਰਫ ਯੁਵਰਾਜ ਸਿੰਘ ਵਾਸੀਆਨ ਸੀਤੋ ਮਾਈ ਝੁੱਗੀਆਂ ਜ਼ਿਲ੍ਹਾ ਤਰਨਤਾਰਨ, ਮੀਤਪਾਲ ਸਿੰਘ ਉਰਫ ਮੀਤਾ ਵਾਸੀ ਅਲਗੋ ਕਾਲ ਜ਼ਿਲ੍ਹਾ ਤਰਨਤਾਰਨ ਤੇ ਮਨਪਿੰਦਰ ਸਿੰਘ ਉਰਫ ਮੰਨਾ ਵਾਸੀ ਝੁੱਗੀਆਂ ਪੀਰਬਖਸ਼ ਜ਼ਿਲ੍ਹਾ ਤਰਨਤਾਰਨ ਵਜੋਂ ਹੋਈ ਹੈ।ਪੁਲਸ ਵੱਲੋਂ ਉਕਤ ਮੁਲਜ਼ਮਾਂ ਪਾਸੋਂ 2 ਖੋਹ ਕੀਤੀਆਂ ਕਾਰਾਂ, ਇੱਕ ਦੇਸੀ ਪਿਸਟਲ .32 ਬੋਰ ਤੇ 2 ਜ਼ਿੰਦਾ ਰੌਂਦ ਵੀ ਬਰਾਮਦ ਕੀਤੇ ਗਏ ਹਨ।

ਜਾਣਕਾਰੀ ਮੁਤਾਬਿਕ 25 ਅਗਸਤ 2025 ਨੂੰ ਸਵਿਫਟ ਕਾਰ ਪਰ ਸਵਾਰ ਹੋ ਕੇ ਆਏ ਅਣਪਛਾਤੇ ਵਿਅਕਤੀਆਂ ਵੱਲੋਂ ਪਿੰਡ ਸੇਵੇਵਾਲਾ ਤੋਂ ਬਠਿੰਡਾ ਜਾ ਰਹੇ ਸ਼੍ਰੀ ਮੁਕਤਸਰ ਸਾਹਿਬ ਦੇ ਨਿਵਾਸੀ ਰਾਜਿੰਦਰ ਸਿੰਘ ਦੀ ਵਰਨਾ ਕਾਰ ਉਸ ਦੀ ਕੁੱਟਮਾਰ ਕਰਕੇ ਖੋਹ ਕਰ ਲਈ ਗਈ ਸੀ, ਜਿਸ 'ਤੇ ਫਰੀਦਕੋਟ ਪੁਲਸ ਵੱਲੋਂ ਥਾਣਾ ਜੈਤੋ ਵਿਖੇ ਨਾਮਾਲੂਮ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਕਾਰਵਾਈ ਸ਼ੁਰੂ ਕੀਤੀ ਗਈ।ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਉਨ੍ਹਾ ਦੱਸਿਆ ਕਿ ਮਿਤੀ 29.08.2025 ਨੂੰ ਪੁਲਸ ਟੀਮਾਂ ਨੂੰ ਭਰੋਸੇਯੋਗ ਸੂਚਨਾ ਮਿਲੀ ਕਿ ਇਹ ਗਰੋਹ ਹਾਈਵੇਅ 'ਤੇ ਕਿਸੇ ਹੋਰ ਵਾਰਦਾਤ ਨੂੰ ਅੰਜਾਮ ਦੇਣ ਦੀ ਤਾਕ ਵਿੱਚ ਘੁੰਮ ਰਹੇ ਸਨ, ਜਿਸ 'ਤੇ ਪੁਲਸ ਟੀਮਾਂ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਉਕਤ ਵਾਰਦਾਤ ਵਿੱਚ ਚਾਰੋਂ ਦੋਸ਼ੀਆਂ ਹਰਮਨਦੀਪ ਸਿੰਘ ਉਰਫ ਹਰਮਨ ਮਰੜ, ਜਗਰਾਜ ਸਿੰਘ ਉਰਫ ਯੁਵਰਾਜ ਸਿੰਘ, ਮੀਤਪਾਲ ਸਿੰਘ ਉਰਫ ਮੀਤਾ ਤੇ ਮਨਪਿੰਦਰ ਸਿੰਘ ਉਰਫ ਮੰਨਾ ਵਾਸੀ ਝੁੱਗੀਆਂ ਪੀਰਬਖਸ਼ ਨੂੰ ਬੀੜ ਸਿੱਖਾ ਵਾਲਾ ਰੋਡ ਪਾਸੋਂ ਖੋਹ ਕੀਤੀ ਵਰਨਾ ਕਾਰ ਤੇ ਵਾਰਦਾਤ ਦੌਰਾਨ ਵਰਤੀ ਗਈ ਇੱਕ ਸਵਿਫਟ ਡਿਜਾਇਰ ਕਾਰ ਸਮੇਤ ਕਾਬੂ ਕੀਤਾ ਗਿਆ, ਜਿਸ ਦੌਰਾਨ ਇਨ੍ਹਾਂ ਪਾਸੋਂ ਇੱਕ ਦੇਸੀ ਪਿਸਟਲ .32 ਬੋਰ ਤੇ ਦੋ ਜ਼ਿੰਦਾ ਰੌਂਦ ਕਾਰਤੂਸ ਬਰਾਮਦ ਕੀਤੇ ਹਨ।

ਦੱਸਣਯੋਗ ਹੈ ਕਿ ਦੋਸ਼ੀਆਂ ਵੱਲੋਂ ਵਾਰਦਾਤ ਦੌਰਾਨ ਵਰਤੀ ਗਈ ਸਵਿਫਟ ਡਿਜ਼ਾਇਰ ਕਾਰ ਵੀ ਇਸ ਵਾਰਦਾਤ ਵਿੱਚ ਸ਼ਾਮਲ ਹਰਮਨਦੀਪ, ਜਗਰਾਜ ਸਿੰਘ, ਮੀਤਪਾਲ ਵੱਲੋਂ 20 ਅਗਸਤ ਨੂੰ ਸਰਹਿੰਦ ਨਜ਼ਦੀਕ ਮੇਨ ਹਾਈਵੇਅ 'ਤੇ ਖੋਹ ਕੀਤੀ ਗਈ ਸੀ, ਜਿਸ ਸਬੰਧੀ ਥਾਣਾ ਸਰਹਿੰਦ ਵਿਖੇ ਇਨ੍ਹਾਂ ਖਿਲਾਫ਼ ਮੁਕੱਦਮਾ ਦਰਜ ਕੀਤਾ ਗਿਆ ਸੀ।ਸ੍ਰੀ ਸੰਦੀਪ ਕੁਮਾਰ ਐੱਸ ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਨੇ ਦੱਸਿਆ ਕਿ ਦੋਸ਼ੀਆਂ ਦਾ ਪੁਰਾਣਾ ਰਿਕਾਰਡ ਵੀ ਕ੍ਰਿਮੀਨਲ ਹੈ।ਇਨ੍ਹਾ ਵਿੱਚ ਸ਼ਾਮਲ ਜਗਰਾਜ ਸਿੰਘ ਉਰਫ ਯੁਵਰਾਜ ਸਿੰਘ ਤੇ ਮਨਪਿੰਦਰ ਸਿੰਘ ਉਰਫ ਮੰਨਾ ਖਿਲਾਫ ਥਾਣਾ ਸਿਟੀ ਤਰਨ ਤਾਰਨ ਵਿੱਚ ਅਸਲਾ ਐਕਟ ਤਹਿਤ ਮੁਕੱਦਮਾ ਦਰਜ ਹੈ।ਉਨ੍ਹਾ ਕਿਹਾ ਕਿ ਇਸ ਮਾਮਲੇ ਦੀ ਹੋਰ ਜਾਚ ਜਾਰੀ ਹੈ ਤੇ ਹੋਰ ਵੀ ਗ੍ਰਿਫਤਾਰੀਆਂ ਹੋਣ ਦੀ ਸੰਭਾਵਨਾ ਹੈ।ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ।

# ਟਰਾਂਸਫਾਰਮਰ ਚੋਰੀ ਕਰਨ ਵਾਲੇ ਗਰੋਹ ਦੇ 4 ਮੈਂਬਰ ਗ੍ਰਿਫ਼ਤਾਰ

## ਭਾਰੀ ਮਾਤਰਾ 'ਚ ਚੋਰੀ ਕੀਤਾ ਤਾਂਬਾ ਤੇ 2 ਮੋਟਰਸਾਈਕਲ ਬਰਾਮਦ



ਮੋਗਾ (ਇਕਬਾਲ ਸਿੰਘ ਖਹਿਰਾ)-ਮੋਗਾ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦ ਥਾਣਾ ਸਮਾਲਸਰ ਵਿਖੇ 29 ਅਗਸਤ 2025 ਨੂੰ ਹੌਲਦਾਰ ਸਤਵੰਤ ਸਿੰਘ ਵੱਲੋਂ ਸਮੇਤ ਸਾਥੀ ਕਰਮਚਾਰੀਆਂ ਗਸ਼ਤ ਦੌਰਾਨ ਸੁਖਮੰਦਰ ਸਿੰਘ ਉਰਫ ਸਿਕੰਦਰ ਸਿੰਘ ਪੁੱਤਰ ਕਰਨੈਲ ਸਿੰਘ, ਗੁਰਪ੍ਰੀਤ ਸਿੰਘ ਉਰਫ ਕਾਲਾ ਪੁੱਤਰ ਸੇਵਕ ਸਿੰਘ ਵਾਸੀ ਬੁਰਜ ਲੱਧਾ ਸਿੰਘ ਵਾਲਾ ਜ਼ਿਲ੍ਹਾ ਬਠਿੰਡਾ, ਲਵਪ੍ਰੀਤ ਸਿੰਘ ਪੁੱਤਰ ਹਰਨਾਮ ਸਿੰਘ ਤੇ ਗੁਰਪ੍ਰੀਤ ਸਿੰਘ ਉਰਫ ਕੁਲਦੀਪ ਪੁੱਤਰ ਪ੍ਰਕਾਸ਼ ਸਿੰਘ ਵਾਸੀ ਅਰਾਈਆਂ ਵਾਲਾ ਕਲਾਂ ਜ਼ਿਲ੍ਹਾ ਫਰੀਦਕੋਟ, ਜੋ ਕਿ ਆਸ ਪਾਸ ਦੇ ਪਿੰਡਾਂ ਵਿੱਚੋਂ ਰਾਤ ਸਮੇਂ ਖੇਤਾਂ ਵਿੱਚੋਂ ਟਰਾਂਸਫਾਰਮ ਤੋੜ ਕੇ ਉਨ੍ਹਾਂ ਵਿੱਚੋਂ ਤਾਂਬਾ ਤੇ ਖੇਤਾਂ ਵਿੱਚੋਂ ਮੋਟਰਾਂ ਦੀਆਂ ਤਾਰਾਂ ਲਾਹ ਕੇ ਉਨ੍ਹਾਂ ਨੂੰ ਸਾੜ ਕੇ ਤਾਬਾਂ ਤੇ ਸਿਲਵਰ ਕੱਢ ਕੇ ਚੋਰੀ ਕਰਕੇ ਵੇਚਦੇ ਹਨ ਅਤੇ ਜੋ ਪਿਛਲੇ ਦਿਨਾਂ ਵਿੱਚ ਇਲਾਕੇ ਵਿੱਚ ਕਾਫੀ ਟਰਾਂਸਫਾਰਮ ਤੋੜ ਕੇ ਤਾਂਬਾ ਤੇ ਮੋਟਰਾਂ ਦੀਆਂ ਤਾਰਾਂ ਚੋਰੀਆਂ ਕਰਦੇ ਆ ਰਹੇ ਹਨ, ਨੂੰ ਕਾਬੂ ਕੀਤਾ ਹੈ।ਇਨ੍ਹਾਂ ਵਿਅਕਤੀਆਂ ਪਾਸੋਂ ਮੌਕੇ 'ਤੇ ਟਰਾਂਸਫਾਰਮਾਂ ਨੂੰ ਤੋੜ ਕੇ ਉਨ੍ਹਾਂ ਵਿੱਚੋਂ ਕੱਢਿਆ ਹੋਇਆ ਤਾਂਬਾ 2 ਗੱਟੇ ਪਲਾਸਟਿਕ, ਜਿਨ੍ਹਾਂ ਵਿੱਚ 25/25 ਕਿੱਲੋ ਤਾਂਬਾ ਸਮੇਤ 2 ਮੋਟਰਸਾਈਕਲਾਂ ਦੇ ਬਰਾਮਦ ਕੀਤਾ ਗਿਆ ਹੈ।ਇਨ੍ਹਾਂ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਹੈ।

ਥਾਣਾ ਸਮਾਲਸਰ ਵਿੱਚ ਰੱਖੀ ਵਿਸ਼ੇਸ਼ ਪ੍ਰੈੱਸ ਮਿਲਣੀ ਦੌਰਾਨ ਦਲਬੀਰ ਸਿੰਘ ਸਿੱਧੂ ਉਪ ਕਪਤਾਨ ਪੁਲਸ ਬਾਘਾ ਪੁਰਾਣਾ ਨੇ ਦੱਸਿਆ ਕਿ ਅਜੇ ਗਾਂਧੀ ਸੀਨੀਅਰ ਪੁਲਸ ਕਪਤਾਨ ਮੋਗਾ ਵੱਲੋਂ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਥਾਣਾ ਸਮਾਲਸਰ ਦੇ ਮੁੱਖ ਅਫਸਰ ਐੱਸ.ਆਈ. ਜਨਕ ਰਾਜ ਦੀ ਅਗਵਾਈ ਤਹਿਤ ਹੌਲਦਾਰ ਸਤਵੰਤ ਸਿੰਘ 1194/ਮੋਗਾ ਤੇ ਉਨ੍ਹਾਂ ਦੀ ਟੀਮ ਨੇ ਟਰਾਂਸਫਾਰਮਰ ਚੋਰਾਂ ਦੇ ਗਰੋਹ ਦੇ 4 ਮੈਂਬਰਾਂ ਨੂੰ ਨੇੜੇ ਨਰਸਰੀ ਪੁਲ ਨਹਿਰ ਘਰਾਟ ਸਮਾਲਸਰ ਤੋਂ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਭਾਰੀ ਮਾਤਰਾ ਵਿੱਚ ਟਰਾਂਸਫਾਰਮਰਾਂ ਵਿੱਚੋਂ ਚੋਰੀ ਕੀਤਾ ਤਾਂਬਾ, 2 ਮੋਟਰਸਾਈਕਲ ਬਰਾਮਦ ਕੀਤੇ ਹਨ।ਇਸ ਗਰੋਹ ਦੇ ਫੜੇ ਜਾਣ ਨਾਲ ਜਿੱਥੇ ਆਮ ਕਿਸਾਨਾਂ ਨੇ ਸੁੱਖ ਦਾ ਸਾਹ ਲਿਆ ਹੈ, ਉਥੇ ਹੀ ਪੁਲਸ ਦੇ ਕੰਮ ਦੀ ਵੀ ਆਮ ਲੋਕਾਂ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ।

# ਮਾਤਾ ਗੁਜਰੀ ਕਾਲਜ 'ਚ ਰੈਗਿੰਗ ਵਿਰੁੱਧ ਜਾਗਰੂਕਤਾ ਸੰਬੰਧੀ ਲੈਕਚਰ



ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮਾਤਾ ਗੁਜਰੀ ਕਾਲਜ ਦੇ ਬਾਟਨੀ ਤੇ ਵਾਤਾਵਰਣ ਵਿਗਿਆਨ ਵਿਭਾਗ ਵੱਲੋਂ ਕਾਲਜ ਦੇ ਖੇਤੀਬਾੜੀ ਵਿਭਾਗ ਦੇ ਸਹਿਯੋਗ ਨਾਲ 'ਰੈਗਿੰਗ ਵਿਰੁੱਧ ਜਾਗਰੂਕਤਾ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਵਾਇਆ ਗਿਆ, ਜਿਸ ਵਿੱਚ ਮੁੱਖ ਬੁਲਾਰੇ ਵਜੋਂ ਅਰਥ ਸ਼ਾਸਤਰ ਵਿਭਾਗ ਦੇ ਪ੍ਰੋ. ਜੁਪਿੰਦਰ ਸਿੰਘ ਸ਼ਾਮਲ ਹੋਏ।

ਇਸ ਲੈਕਚਰ ਵਿੱਚ ਕਾਲਜ ਦੇ ਐੱਮ.ਐੱਸ.ਸੀ., ਬਾਟਨੀ, ਬੀ.ਐੱਸ.ਸੀ. ਖੇਤੀਬਾੜੀ ਤੇ ਬੀ.ਐੱਸ.ਸੀ. ਮੈਡੀਕਲ ਦੇ ਵਿਦਿਆਰਥੀਆਂ ਨੇ ਦਿਲਚਸਪੀ ਨਾਲ ਹਿੱਸਾ ਲਿਆ।ਇਸ ਲੈਕਚਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਰੈਗਿੰਗ ਸੰਬੰਧੀ ਜਾਣਕਾਰੀ ਦੇਣਾ, ਇਸ ਦੇ ਖਤਰਨਾਕ ਪ੍ਰਭਾਵਾਂ ਤੋਂ ਅਗਾਹ ਕਰਨਾ ਤੇ ਉਨ੍ਹਾਂ ਵਿੱਚ ਰੈਗਿੰਗ ਖ਼ਿਲਾਫ਼ ਜਾਗਰੂਕਤਾ ਪੈਦਾ ਕਰਨਾ ਸੀ। ਪ੍ਰੋ. ਜੁਪਿੰਦਰ ਸਿੰਘ ਨੇ ਰੈਗਿੰਗ ਨੂੰ ਇੱਕ ਗੰਭੀਰ ਸਮਾਜਿਕ ਸਮੱਸਿਆ ਵਜੋਂ ਦਰਸਾਇਆ, ਜੋ ਵਿਦਿਆਰਥੀਆਂ ਦੇ ਮਨੁੱਖੀ ਅਧਿਕਾਰਾਂ ਤੇ ਆਤਮ-ਗੌਰਵ ਦੀ ਉਲੰਘਣਾ ਕਰਦੀ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਕਾਲਜ ਦੀ ਐਂਟੀ-ਰੈਗਿੰਗ ਕਮੇਟੀ ਦੀ ਭੂਮਿਕਾ ਸਬੰਧੀ ਵਿਸਥਾਰ ਨਾਲ ਸਮਝਾਇਆ ਤੇ ਰੈਗਿੰਗ ਦੀ ਕਿਸੇ ਵੀ ਘਟਨਾ ਨੂੰ ਰਿਪੋਰਟ ਕਰਨ ਦੀ ਸਹੀ ਪ੍ਰਕਿਰਿਆ ਬਾਰੇ ਵੀ ਜਾਣਕਾਰੀ ਦਿੱਤੀ। ਸਮਾਗਮ ਦੇ ਅਖੀਰ ਵਿੱਚ ਬਾਟਨੀ ਤੇ ਵਾਤਾਵਰਣ ਵਿਗਿਆਨ ਵਿਭਾਗ ਦੇ ਮੁਖੀ ਡਾ. ਲਵਨੀਤ ਕੌਰ ਵੱਲੋਂ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ।ਇਸ ਮੌਕੇ ਖੇਤੀਬਾੜੀ ਵਿਭਾਗ ਦੇ ਮੁਖੀ ਡਾ. ਸੰਤੋਸ਼ ਕੁਮਾਰ, ਡਾ. ਸੰਦੀਪ ਕੁਮਾਰ ਸਿੰਘ, ਡਾ. ਵਿਜੇ ਸਿੰਘ, ਡਾ. ਹਰਲੀਨ ਕੌਰ ਤੇ ਅਨਮੋਲ ਕੌਰ ਮੌਜੂਦ ਸਨ।

# ਡਰੇਨਾਂ ਦੀ ਸਫ਼ਾਈ ਨਾ ਹੋਣ ਕਾਰਨ ਅਨੇਕਾਂ ਪਿੰਡ ਪਾਣੀ ਦੀ ਮਾਰ ਹੇਠ



ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਕਾਗਜ਼ੀ ਕਾਰਵਾਈ ਪੂਰੀ ਤਰ੍ਹਾਂ ਫੁੱਲ, ਉਂਝ ਡਰੇਨਜ਼ ਵਿਭਾਗ ਦਾ ਦੀਵਾ ਗੁੱਲ। ਸਰਕਾਰੀ ਖ਼ਬਰਾਂ ਦਸਦੀਆਂ ਹਨ ਕਿ ਪ੍ਰਸ਼ਾਸਨ ਵੱਲੋਂ ਹੜ੍ਹਾਂ ਵਰਗੇ ਹਾਲਾਤਾਂ ਨਾਲ ਨਜਿੱਠਣ ਲਈ ਪੂਰੇ ਪ੍ਰਬੰਧ ਕੀਤੇ ਹੋਏ ਹਨ, ਜ਼ਿਲ੍ਹੇ ਦੀਆਂ ਸਾਰੀਆਂ ਡਰੇਨਾਂ ਦੀ ਸਫ਼ਾਈ ਕੀਤੀ ਹੋਈ ਹੈ, ਪਰ ਜ਼ਮੀਨੀ ਪੱਧਰ 'ਤੇ ਥੋੜਾ ਜਿਹਾ ਪਿਆ ਮੀਂਹ ਸਰਕਾਰੀ ਪ੍ਰਬੰਧਾਂ ਦੀਆਂ ਖ਼ਬਰਾਂ ਨੂੰ ਲੀਰੋ ਲੀਰ ਕਰਦਾ ਨਜ਼ਰ ਆ ਰਿਹਾ ਹੈ। ਲੋਪੋ, ਦੌਧਰ, ਮਲੇਆਣਾ, ਬੱਧਨੀ ਖੁਰਦ ਤੇ ਇਸ ਪੱਟੀ ਦੇ ਅਨੇਕਾਂ ਪਿੰਡ ਪਾਣੀ ਦੀ ਮਾਰ ਤੋਂ ਬਚ ਸਕਦੇ ਸਨ, ਜੇਕਰ ਪ੍ਰਸ਼ਾਸਨ ਵੱਲੋਂ ਗੌਰ ਕੀਤੀ ਹੁੰਦੀ।

ਸੂਤਰ ਦੱਸਦੇ ਹਨ ਕਿ ਇਸ ਪੱਟੀ ਵਿੱਚ ਦਸ ਹਜ਼ਾਰ ਏਕੜ ਦੇ ਲਗਭਗ ਨੁਕਸਾਨ ਹੋਇਆ ਹੈ, ਜਿਹੜਾ ਪਹਿਲਾਂ ਤੋਂ ਆਰਥਿਕ ਔਕੜਾਂ ਨਾਲ ਜੂਝ ਰਹੀ ਕਿਸਾਨੀ ਵਾਸਤੇ ਨਾ ਸਹਿਣਯੋਗ ਹੈ।ਇਸ ਤੋਂ ਬਾਅਦ ਗੱਲ ਕਰਦੇ ਹਾਂ ਬਰਨਾਲਾ ਜ਼ਿਲ੍ਹੇ ਨਾਲ ਖਹਿੰਦੇ ਪਿੰਡਾਂ ਦੀ।ਮੋਗੇ ਜ਼ਿਲ੍ਹੇ ਦੇ ਸਭ ਤੋਂ ਅਖੀਰਲੇ ਪਿੰਡ ਹਿੰਮਤਪੁਰਾ, ਭਾਗੀਕੇ, ਮਾਛੀਕੇ ਤੇ ਮੰਡੀ ਨਿਹਾਲ ਸਿੰਘ ਵਾਲਾ ਦੇ ਛਿਪਦੇ ਪਾਸੇ ਵਾਲੇ ਪਿੰਡ ਕਦੇ ਵੀ ਹੜ੍ਹਾਂ ਦੀ ਮਾਰ ਹੇਠ ਆ ਸਕਦੇ ਹਨ, ਕਿਉਂਕਿ ਇਨ੍ਹਾਂ ਪਿੰਡਾਂ ਦੀ ਪਾਣੀ ਦੀ ਨਿਕਾਸੀ ਵਾਲੀ ਡਰੇਨ ਬੂਟੀ ਨੇ ਲੱਗਭੱਗ ਦੱਬ ਲਈ ਹੈ, ਜਿਸ ਵੱਲ ਪ੍ਰਸ਼ਾਸਨ ਦੀ ਸਵੱਲੀ ਨਜ਼ਰ ਪਈ ਹੀ ਨਹੀਂ।ਖੁਦਾ ਨਾ ਖਾਸਤਾ ਜੇਕਰ ਮੀਂਹਾਂ ਦੀ ਲਗਾਤਾਰਤਾ ਬਣੀ ਰਹੀ ਤਾਂ ਇਸ ਇਲਾਕੇ ਦੀਆਂ ਫ਼ਸਲਾਂ ਦਾ ਵਿੱਤੋਂ ਬਾਹਰਾ ਨੁਕਸਾਨ ਹੋਵੇਗਾ।ਜੇਕਰ ਸਾਰੇ ਮਸਲੇ ਸਿਰਫ਼ ਖ਼ਬਰਾਂ ਲਵਾਉਣ ਨਾਲ ਹੀ ਹੱਲ ਹੋ ਜਾਂਦੇ ਹੁੰਦੇ ਤਾਂ ਬੜਾ ਸੋਹਣਾ ਕੰਮ ਹੋਣਾ ਸੀ। ਖ਼ਬਰਾਂ ਲਗਵਾਉਣ ਨਾਲ ਸਰਕਾਰੀ ਰਿਉੜੀਆਂ ਤਾਂ ਖਾਧੀਆਂ ਜਾ ਸਕਦੀਆਂ ਹਨ, ਪਰ ਜ਼ਮੀਨੀ ਪੱਧਰ 'ਤੇ ਕੰਮ ਨਹੀਂ ਹੁੰਦੇ ਤੇ ਇਸ ਦੇ ਨਤੀਜੇ ਬੇਕਸੂਰੇ ਲੋਕਾਂ ਨੂੰ ਹੜ੍ਹਾਂ ਵਰਗੀ ਸਥਿਤੀ ਵਿੱਚ ਧੱਕਣ ਦੇ ਰੂਪ ਵਿੱਚ ਸਾਹਮਣੇ ਆ ਰਹੇ ਹਨ।ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਮਾਮਲੇ ਵਿੱਚ ਹੋਈ ਕੁਤਾਹੀ ਕਰਨ ਵਾਲੇ ਅਧਿਕਾਰੀਆਂ ਦੀ ਕਾਰਗੁਜ਼ਾਰੀ ਵੱਲ ਮੇਹਰ ਦੀ ਨਿਗ੍ਹਾ ਮਾਰ ਕੇ ਬਣਦਾ ਸਰਦਾ ਮਾਣ ਤਾਣ ਜ਼ਰੂਰ ਕਰੇ।

# ਸਤਿਗੁਰੂ ਉਦੈ ਸਿੰਘ ਨੇ ਹੜ੍ਹ ਪ੍ਰਭਾਵਤ ਪਿੰਡਾਂ ਦਾ ਕੀਤਾ ਦੌਰਾ



ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) ਨਾਮਧਾਰੀ ਸੰਪਰਦਾ ਦੇ ਮੁੱਖੀ ਸਤਿਗੁਰੂ ਉਦੈ ਸਿੰਘ ਜੀ ਨੇ ਹਲਕਾ ਸੁਲਤਾਨਪੁਰ ਲੋਧੀ ਦੇ ਹੜ੍ਹ ਪ੍ਰਭਾਵਿਤ ਵੱਖ-ਵੱਖ ਪਿੰਡਾਂ ਦਾ ਦੌਰਾ ਕਰਦਿਆਂ ਪੀੜਤ ਲੋਕਾਂ ਨਾਲ ਹਮਦਰਦੀ ਪ੍ਰਗਟਾਈ।ਇਸ ਮੌਕੇ ਉਹਨਾਂ ਨਾਲ ਹਲਕਾ ਸੁਲਤਾਨਪੁਰ ਲੋਧੀ ਦੇ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ, ਜਿਨ੍ਹਾਂ ਨੇ ਕਿ ਵੱਖ-ਵੱਖ ਪਿੰਡਾਂ ਵਿੱਚ ਸਤਿਗੁਰੂ ਉਦੈ ਸਿੰਘ ਨੂੰ ਪੀੜਤ ਲੋਕਾਂ ਦੇ ਰੂਬਰੂ ਕਰਵਾਇਆ।ਪਿੰਡ ਆਹਲੀ ਕਲਾਂ ਪੁੱਜਣ 'ਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਉਹਨਾਂ ਦਾ ਸਵਾਗਤ ਕਰਦਿਆਂ ਸਤਿਗੁਰੂ ਉਦੈ ਸਿੰਘ ਨੂੰ ਆਪਣੀਆਂ ਮੁਸ਼ਕਲਾਂ ਦੱਸੀਆਂ।ਪਿੰਡ ਆਹਲੀ ਕਲਾਂ ਦੇ ਪੀੜਤ ਕਿਸਾਨਾਂ ਜਿਨ੍ਹਾਂ ਵਿੱਚ ਸ਼ਮਿੰਦਰ ਸਿੰਘ, ਰਸ਼ਪਾਲ ਸਿੰਘ, ਜਥੇਦਾਰ ਗੁਰਜੰਟ ਸਿੰਘ ਤਰਲੋਚਨ ਸਿੰਘ, ਡਾਕਟਰ ਅਮਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਹਰ ਸਾਲ ਹੀ ਬਿਆਸ ਦਰਿਆ 'ਚ ਆਉਣ ਵਾਲੇ ਹੜ੍ਹ ਦੀ ਮਾਰ ਝੱਲਦੇ ਹਨ ਅਤੇ ਹਰ ਸਾਲ ਹੀ ਉਹਨਾਂ ਦੀਆਂ ਫਸਲਾਂ ਬਰਬਾਦ ਹੁੰਦੀਆਂ ਹਨ।ਉਹਨਾਂ ਨੇ ਮੰਗ ਰੱਖੀ ਕਿ ਜੇ ਬਿਆਸ ਦਰਿਆ ਦੀ ਖੁਦਾਈ ਕਰਵਾ ਦਿੱਤੀ ਜਾਵੇ ਤਾਂ ਉਹ ਹੜ੍ਹਾਂ ਦੀ ਮਾਰ ਤੋਂ ਬਚ ਸਕਦੇ ਹਨ।ਜਥੇਦਾਰ ਗੁਰਜੰਟ ਸਿੰਘ ਨੇ ਕਿਹਾ ਕਿ ਜੇ ਦਰਿਆ ਨੂੰ ਖੁਦਾਈ ਕਰਕੇ ਨਹਿਰ ਦਾ ਰੂਪ ਦਿੱਤਾ ਜਾਵੇ ਤਾਂ ਇਹ 2 ਲੱਖ ਕਿਊਸਕ ਦੇ ਕਰੀਬ ਪਾਣੀ ਖਿੱਚ ਸਕਦਾ ਹੈ।ਉਹਨਾਂ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਕੇਂਦਰ ਸਰਕਾਰ ਵੱਲੋਂ ਤਾਂ ਦੇ ਦਿੱਤਾ ਗਿਆ ਸੀ, ਪਰ ਪੰਜਾਬ ਸਰਕਾਰ ਨੇ ਆਪਣਾ ਵਿੱਚ ਹਿੱਸਾ ਨਹੀਂ ਪਾਇਆ।ਇਸ ਮੌਕੇ ਸਤਿਗੁਰੂ ਉਦੈ ਸਿੰਘ ਜੀ ਨੇ ਕਿਸਾਨਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਉਹਨਾਂ ਨੂੰ ਹਰ ਸਾਲ ਕਰੋਪੀ ਦਾ ਸਾਹਮਣਾ ਕਰਨਾ ਪੈਂਦਾ ਹੈ।ਉਹਨਾਂ ਨੇ ਕਿਹਾ ਕਿ ਉਹ ਮੁੱਖ ਮੰਤਰੀ ਨਾਲ ਪਿਛਲੇ ਸਾਲ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਅਤੇ ਦਰਿਆ ਦੀ ਖੁਦਾਈ ਕਰਨ ਸੰਬੰਧੀ ਗੱਲਬਾਤ ਕਰਨਗੇ। ਮੰਡ ਬਾਊਪੁਰ ਵਿਖੇ ਪੀੜਤ ਕਿਸਾਨਾਂ ਨਾਲ ਵੀ ਸਤਿਗੁਰੂ ਉਦੈ ਸਿੰਘ ਨੇ ਗੱਲਬਾਤ ਕੀਤੀ ਅਤੇ ਉਨ੍ਹਾਂ ਨਾਲ਼ ਹਮਦਰਦੀ ਪ੍ਰਗਟਾਈ।ਇਸ ਮੌਕੇ ਉਹਨਾਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਜਲਦ ਮੁੱਖ ਮੰਤਰੀ ਨਾਲ ਗੱਲਬਾਤ ਕਰਨਗੇ ਤਾਂ ਜ਼ੋ ਉਨ੍ਹਾਂ ਦੇ ਹੋਏ ਨੁਕਸਾਨ ਦੀ ਭਰਪਾਈ ਹੋ ਸਕੇ।ਇਸ ਮੌਕੇ ਸਤਿਗੁਰੂ ਉਦੈ ਸਿੰਘ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਵੀ ਮੁਲਾਕਾਤ ਕੀਤੀ ਅਤੇ ਉਹਨਾਂ ਵੱਲੋਂ ਹੜ੍ਹਾਂ ਦੌਰਾਨ ਨਿਭਾਈ ਗਈ ਸੇਵਾ ਦੀ ਸ਼ਲਾਘਾ ਕੀਤੀ।ਇਸ ਮੌਕੇ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਦੱਸਿਆ ਕਿ ਇਸ ਇਲਾਕੇ ਦੀ ਮੁੱਖ ਮੰਗ ਨੂੰ ਰੱਖਦਿਆਂ ਪਿਛਲੇ ਸਮੇਂ ਦੌਰਾਨ ਪੁਲ ਦਾ ਨਿਰਮਾਣ ਕਰਵਾਇਆ ਗਿਆ ਸੀ ਜਿਸ ਦਾ 16 ਪਿੰਡਾਂ ਦੇ ਕਿਸਾਨਾਂ ਨੂੰ ਵੱਡਾ ਫਾਇਦਾ ਹੋ ਰਿਹਾ ਹੈ। ਇਸ ਤੋਂ ਉਪਰੰਤ ਸਤਿਗੁਰੂ ਉਦੈ ਸਿੰਘ ਜੀ ਖੈੜਾ ਬੇਟ ਵਿਖੇ ਸੰਤ ਮਹਾਤਮਾ ਮੁਨੀ ਜੀ ਅਤੇ ਸੰਤ ਅਮਰੀਕ ਸਿੰਘ ਖੁਖਰੈਣ ਵਾਲਿਆਂ ਨਾਲ ਵੀ ਮੁਲਾਕਾਤ ਕੀਤੀ। ਹਰਕਮਲ ਸਿੰਘ ਚੀਮਾ, ਮੁਖਤਿਆਰ ਸਿੰਘ ਭਗਤ ਪੁਰ, ਗੁਰਿੰਦਰਪਾਲ ਸਿੰਘ ਗੋਗਾ, ਨਰਿੰਦਰ ਸਿੰਘ ਪੰਨੂ ਸਾਰੇ ਬਲਾਕ ਪ੍ਰਧਾਨ, ਮਹਿੰਦਰ ਪਾਲ ਸਿੰਘ, ਕੁਲਦੀਪ ਸਿੰਘ ਡਡਵਿੰਡੀ, ਰਮੇਸ਼ ਸਿੰਘ ਡਡਵਿੰਡੀ ਸਾਬਕਾ ਜ਼ਿਲ੍ਹਾ ਪ੍ਰਧਾਨ, ਬਲਦੇਵ ਸਿੰਘ ਰੰਗੀਲਪੁਰ,ਅਮਰਜੀਤ ਸਿੰਘ ਹੀਰਾ, ਗੁਰਜੰਟ ਸਿੰਘ ਸੰਧੂ, ਸ਼ਮਿੰਦਰ ਸਿੰਘ ਸਰਪੰਚ, ਸ਼ਿੰਦਰ ਸਿੰਘ ਸਾਬਕਾ ਸਰਪੰਚ, ਸੁਰਜੀਤ ਸਿੰਘ ਸੱਦੂਵਾਲ, ਹਰਦੀਪ ਸਿੰਘ , ਰਣਜੀਤ ਸਿੰਘ ਗੱਟੀ, ਸੁੱਖਾ ਬੂਲੇ, ਡਾਕਟਰ ਨਰਿੰਦਰ ਸਿੰਘ ਗਿੱਲ, ਪਰਮਿੰਦਰ ਸਿੰਘ ਰਾਮਪੁਰ ਜਗੀਰ, ਪ੍ਰੀਤਮ ਸਿੰਘ ਅਕਾਲੀ, ਢੁੱਡੀਆ ਵਾਲ ਪਰਵਾਰ, ਬਲਵਿੰਦਰ ਸਿੰਘ ਫੱਤੂਵਾਲ ਆਦਿ ਹਾਜ਼ਰ ਸਨ।

# ਡੀ ਸੀ ਆਸ਼ਿਕਾ ਜੈਨ ਦੀ ਅਗਵਾਈ ਹੇਠ ਹੜ੍ਹ ਪ੍ਰਭਾਵਤ ਲੋਕਾਂ ਤੱਕ ਰਾਹਤ ਤੇ ਉਮੀਦ ਪਹੁੰਚੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਹੁਸ਼ਿਆਰਪੁਰ ਜ਼ਿਲ੍ਹੇ ਵਿਚ ਕਈ ਥਾਵਾਂ 'ਤੇ ਆਏ ਹੜ੍ਹਾਂ ਨੇ ਕਈ ਪਿੰਡ ਪ੍ਰਭਾਵਿਤ ਕੀਤੇ, ਪਰ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਕੁਸ਼ਲ ਅਗਵਾਈ ਨੇ ਇਸ ਆਫ਼ਤ ਨੂੰ ਸੇਵਾ ਅਤੇ ਸਹਿਯੋਗ ਦੀ ਲਹਿਰ ਵਿੱਚ ਬਦਲ ਦਿੱਤਾ।ਚੜ੍ਹਦਾ ਸੂਰਜ ਅਭਿਆਨ ਤਹਿਤ, ਜ਼ਿਲ੍ਹਾ ਪ੍ਰਸ਼ਾਸਨ ਅਤੇ ਗੈਰ-ਸਰਕਾਰੀ ਸੰਗਠਨਾਂ ਨੇ ਮਿਲ ਕੇ ਰਾਹਤ ਕਾਰਜ ਯੋਜਨਾਬੱਧ ਅਤੇ ਮਨੁੱਖੀ ਢੰਗ ਨਾਲ ਕੀਤੇ ਹਨ, ਜੋ ਜ਼ਿਲ੍ਹੇ ਲਈ ਇੱਕ ਉਦਾਹਰਣ ਬਣ ਗਿਆ ਹੈ।ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਅਤੇ ਪੁਨਰਵਾਸ ਦਾ ਕੰਮ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।ਰੈੱਡ ਕਰਾਸ ਸੋਸਾਇਟੀ, ਉੱਨਤੀ ਸਹਿਕਾਰੀ ਸਭਾ, ਬਾਬਾ ਦੀਪ ਸਿੰਘ ਵੈਲਫੇਅਰ ਸੋਸਾਇਟੀ, ਗੁਰੂ ਨਾਨਕ ਸੇਵਾ ਸੋਸਾਇਟੀ (ਪਿੰਡ ਗੇਰਾ, ਮੁਕੇਰੀਆਂ), ਦੋਆਬਾ ਕਿਸਾਨ ਸੰਘਰਸ਼ ਕਮੇਟੀ, ਹਿਊਮੈਨਿਟੀ ਫਸਟ, ਸਰਬੱਤ ਦਾ ਭਲਾ ਸੇਵਾ ਸੋਸਾਇਟੀ, ਗੁਰਦੁਆਰਾ ਛੇਵੀਂ ਪਾਤਸ਼ਾਹੀ ਪੁਲਪੁਖਤਾ, ਪਿੰਡ ਪੱਸੀ ਬੇਟ, ਪਿੰਡ ਗਿਲਜੀਆਂ, ਪਿੰਡ ਨੌਸ਼ਹਿਰਾ ਪੱਤਣ, ਲਾਇਨਜ਼ ਕਲੱਬ ਟਾਂਡਾ, ਪੇਂਟ ਐਂਡ ਹਾਰਡਵੇਅਰ ਐਸੋਸੀਏਸ਼ਨ, ਗੁਰੂ ਰਾਮਦਾਸ ਸੇਵਾ ਸੋਸਾਇਟੀ ਅਤੇ ਹੋਰ ਸਮਾਜ ਸੇਵੀਆਂ ਦੀ ਅਗਵਾਈ ਹੇਠ ਲੰਗਰ ਸੇਵਾ, ਜਾਨਵਰਾਂ ਨੂੰ ਚਾਰਾ ਅਤੇ ਹੋਰ ਰਾਹਤ ਕਾਰਜਾਂ ਦੇ ਕੰਮ ਨੂੰ ਤੇਜ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਾਬਾ ਦੀਪ ਸਿੰਘ ਵੈਲਫੇਅਰ ਸੋਸਾਇਟੀ ਅਤੇ ਸਿਵਲ ਡਿਫੈਂਸ ਵਲੰਟੀਅਰਾਂ ਨੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਲਈ ਵਿਸ਼ੇਸ਼ ਯਤਨ ਕੀਤੇ ਹਨ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਹੁਣ ਤੱਕ 1225 ਤੋਂ ਵੱਧ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਪਹੁੰਚਾਈ ਜਾ ਚੁੱਕੀ ਹੈ। ਟਾਂਡਾ ਦੇ ਪਿੰਡ ਅਬਦੁੱਲਾਪੁਰ ਵਿੱਚ 375 ਲੋਕਾਂ ਨੂੰ, ਤਲਵਾੜਾ ਦੇ ਪਿੰਡ ਝਿੰਗੜਵਾਂ ਵਿੱਚ 150 ਲੋਕਾਂ ਨੂੰ, ਮੁਕੇਰੀਆਂ ਦੇ ਮਹਿਤਾਬਪੁਰ ਵਿੱਚ 300 ਲੋਕਾਂ ਨੂੰ, ਹਲੇੜ ਵਿੱਚ 100 ਲੋਕਾਂ ਨੂੰ, ਕੋਲੀਆਂ ਵਿੱਚ 200 ਲੋਕਾਂ ਨੂੰ ਅਤੇ ਮਿਆਣੀ ਮਾਲਾਹ ਵਿੱਚ 100 ਪ੍ਰਭਾਵਿਤ ਲੋਕਾਂ ਨੂੰ ਤਰਪਾਲਾਂ ਅਤੇ ਸਫਾਈ ਕਿੱਟਾਂ ਦਿੱਤੀਆਂ ਗਈਆਂ। ਉੱਨਤੀ ਸਹਿਕਾਰੀ ਸਭਾ ਨੇ ਝਿੰਗੜਵਾਂ ਰਾਹਤ ਕੈਂਪ ਵਿੱਚ 150 ਪੀੜਤਾਂ ਲਈ ਤਿੰਨ ਸਮੇਂ ਦਾ ਭੋਜਨ ਯਕੀਨੀ ਬਣਾਇਆ। ਰੈੱਡ ਕਰਾਸ ਸੋਸਾਇਟੀ ਨੇ ਭਵਿੱਖ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ 2000 ਸਫਾਈ ਕਿੱਟਾਂ, ਤਰਪਾਲਾਂ, ਮੱਛਰਦਾਨੀ, ਗੱਦੇ ਅਤੇ ਪਾਣੀ ਦੇ ਫਿਲਟਰ ਵੀ ਸੁਰੱਖਿਅਤ ਢੰਗ ਨਾਲ ਸਟੋਰ ਕੀਤੇ ਹਨ।

## ਹੜ੍ਹ ਪੀੜਤਾਂ ਲਈ ਡੇਰੇ ਦੇ ਦਰਵਾਜ਼ੇ ਹਰ ਵਕਤ ਖੁੱਲ੍ਹੇ : ਸੰਤ ਕੁਲਵੰਤ ਰਾਮ ਭਰੋਮਜਾਰਾ



**ਬੰਗਾ (ਅਵਤਾਰ ਕਲੇਰ)** ਹੜ੍ਹ ਪੀੜਤਾਂ ਲਈ ਡੇਰਾ ਸੰਤ ਬਾਬਾ ਮੇਲਾ ਰਾਮ ਭਰੋਮਜਾਰਾ ਦੇ ਦਰਵਾਜ਼ੇ ਹਰ ਵਕਤ ਖੁੱਲ੍ਹੇ ਹਨ।ਸੰਗਤਾਂ ਦੇ ਰਹਿਣ ਲਈ ਵੱਡੇ ਹਾਲ ਹਨ ਅਤੇ ਲੰਗਰ ਪ੍ਰਸ਼ਾਦੇ ਦੀ ਕੋਈ ਤੋਟ ਨਹੀਂ ਹੈ। ਸੰਗਤਾਂ ਜਦੋਂ ਤੱਕ ਚਾਹੁਣ ਡੇਰੇ ਵਿਖੇ ਰਹਿ ਸਕਦੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਨੇ ਪੱਤਰਕਾਰਾਂ ਨਾਲ ਕੀਤਾ। ਉਹਨਾਂ ਕਿਹਾ ਕਿ ਹੜ ਇੱਕ ਕੁਦਰਤੀ ਆਫ਼ਤ ਹੈ। ਸਾਨੂੰ ਸਾਰਿਆਂ ਨੂੰ ਰਲਮਿਲ ਕੇ ਇਸ ਆਫ਼ਤ ਦਾ ਸਾਹਮਣਾ ਕਰਨਾ ਚਾਹੀਦਾ ਹੈ ਅਤੇ ਲੋੜਵੰਦਾਂ ਦੀ ਮੱਦਦ ਕਰਨੀ ਚਾਹੀਦੀ ਹੈ। ਉਹਨਾਂ ਸਮਾਜ ਸੇਵੀ ਸੰਸਥਾਵਾਂ , ਐਨ ਆਰ ਆਈ ਵੀਰਾਂ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਹੜ ਪੀੜਤਾਂ ਅਤੇ ਲੋੜਵੰਦਾਂ ਦੀ ਮੱਦਦ ਕੀਤੀ ਜਾਵੇ।

# ਕਿਰਤੀ ਕਿਸਾਨ ਯੂਨੀਅਨ ਨੇ ਮੰਗਾਂ ਨੂੰ ਲੈਣ ਕੇ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ



ਮੇਹਟਿਆਣਾ, ਨਵਾਂ ਸ਼ਹਿਰ (ਜਗਤਾਰ ਸਿੰਘ ਭੁੰਗਰਨੀ, ਮਨੋਜ ਲਾਡੀ) ਕਿਰਤੀ ਕਿਸਾਨ ਯੂਨੀਅਨ ਹੁਸ਼ਿਆਰਪੁਰ ਵੱਲੋਂ ਮੰਗਾਂ ਨੂੰ ਲੈਣ ਕੇ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਦਿੱਤਾ ਗਿਆ ਅਤੇ ਮੰਗ ਕੀਤੀ ਕਿ ਹੜ੍ਹਾਂ ਦੀ ਮਾਰ ਹੇਠ ਆਏ ਵਿਚ ਫੌਰੀ ਤੌਰ 'ਤੇ ਪੰਜਾਹ ਹਜ਼ਾਰ ਰੁਪਏ ਪ੍ਰਤੀ ਕਿੱਲਾ ਪਰੀ ਪਸ਼ੂ ਇੱਕ ਲੱਖ ਤੇ ਜਾਨੀ ਨੁਕਸਾਨ ਦਾ ਵੀਹ ਲੱਖ ਪ੍ਰਤੀ ਮੌਤ ਦਿੱਤਾ ਜਾਵੇ।ਹੜ੍ਹਾਂ ਦੀ ਰੋਕਥਾਮ ਲਈ ਠੋਸ ਨੀਤੀ ਬਨਾਈ ਜਾਵੇ ਪੰਜਾਬ ਦੇ ਪਾਣੀਆਂ ਦਾ ਮਸਲਾ ਰਿਪੇਰੀਅਨ ਅਨੁਸਾਰ ਹੱਲ ਕੀਤਾ ਜਾਵੇ। ਇਸ ਸਮੇਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਹਰਮੇਸ਼ ਸਿੰਘ ਢੇਸੀ, ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਭਿੰਡਰ, ਭੁਪਿੰਦਰ ਸਿੰਘ ਭੂੰਗਾ, ਕੁਲਵਿੰਦਰ ਸਿੰਘ ਚਾਹਲ, ਸਰਪੰਚ ਰਾਮ ਜੀਤ ਸਿੰਘ, ਕੁਲਵੰਤ ਸਿੰਘ, ਸ਼ਮਸ਼ੇਰ ਸਿੰਘ,ਚੱਕ ਸਿੰਘਾ, ਸਤਨਾਮ ਸਿੰਘ ਮੁੱਖਲਿਆਣਾ, ਹਰਨੇਕ ਸਿੰਘ ਪੰਡੋਰੀ ਬੀਬੀ, ਗੁਰਦੀਪ ਸਿੰਘ ਹਰਖੋਵਾਲ, ਦਵਿੰਦਰ ਸਿੰਘ ਬੱਡਲਾ, ਪ੍ਰਵੀਨ ਕੁਮਾਰ ਭੂੰਗਾ, ਅਮਰੀਕ ਸਿੰਘ ਭੂੰਗਾ ਆਦਿ ਹਾਜ਼ਰ ਸਨ। ਨਵਾਂਸ਼ਹਿਰ ਵਿਖੇ ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਦੀ ਅਗਵਾਈ ਹੇਠ ਕਿਸਾਨ ਆਗੂਆਂ ਅਤੇ ਵਰਕਰਾਂ ਨੇ ਮੁੱਖ ਮੰਤਰੀ ਪੰਜਾਬ ਦੇ ਨਾਂ ਏਡੀਸੀ ਰਾਜੀਵ ਵਰਮਾ ਨੂੰ ਮੰਗ ਪੱਤਰ ਸੌਂਪਿਆ।ਇਸ ਮੌਕੇ ਤਰਸੇਮ ਸਿੰਘ ਬੈਂਸ ਸਕੱਤਰ, ਕੁਲਵੀਰ ਸਿੰਘ ਪ੍ਰਧਾਨ ਨਵਾਂਸ਼ਹਿਰ, ਸੁਰਿੰਦਰ ਸਿੰਘ ਮਹਿਰਮਪੁਰ ਪ੍ਰਧਾਨ ਔੜ, ਰਾਮ ਜੀ ਦਾਸ ਸਨਾਵਾ, ਸੋਹਣ ਸਿੰਘ ਅਟਵਾਲ ਸਕੱਤਰ ਏਰੀਆ ਕਮੇਟੀ ਬੰਗਾ, ਜਸਵੀਰ ਸਿੰਘ ਮੰਗੂਵਾਲ, ਕੇਵਲ ਸਿੰਘ ਲੰਗੜੋਆ, ਜਗਤਾਰ ਸਿੰਘ ਜਾਡਲਾ, ਮੇਜਰ ਸਿੰਘ, ਮੋਹਣ ਸਿੰਘ ਲੰਗੜੋਆ, ਕੁਲਵਿੰਦਰ ਸਿੰਘ ਉਸਮਾਨਪੁਰ, ਅਜੈਬ ਸਿੰਘ ਉਸਮਾਨਪੁਰ, ਬਿੱਕਰ ਸਿੰਘ ਸ਼ੇਖੂਪੁਰ, ਕਰਨੈਲ ਸਿੰਘ ਉੜਾਪੜ, ਚਰਨ ਸਿੰਘ ਉੜਾਪੜ, ਅਵਤਾਰ ਸਿੰਘ ਸਕੋਹਪੁਰ, ਤੀਰਥ ਰਾਮ ਮੂਸਾਪੁਰ ਆਦਿ ਹਾਜ਼ਰ ਸਨ।

# ਬੀਬੀ ਸ਼ਰਨ ਕੌਰ ਖਾਲਸਾ ਕਾਲਜ ਵਿਖੇ ਰਾਸ਼ਟਰੀ ਖੇਡ ਦਿਵਸ ਮੌਕੇ ਕਰਵਾਇਆ ਲੈਕਚਰ



**ਸ੍ਰੀ ਚਮਕੌਰ ਸਾਹਿਬ (ਗੁਰਬਿੰਦਰ ਸਿੰਘ ਬੌਬੀ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਸਥਾਪਿਤ ਬੀਬੀ ਸ਼ਰਨ ਕੌਰ ਖ਼ਾਲਸਾ ਕਾਲਜ ਸ੍ਰੀ ਚਮਕੌਰ ਸਾਹਿਬ ਵਿਖੇ ਕਾਲਜ ਪ੍ਰਿੰਸੀਪਲ ਡਾ. ਬਲਜੀਤ ਸਿੰਘ ਦੀ ਅਗਵਾਈ ਅਧੀਨ ਸਰੀਰਕ ਸਿੱਖਿਆ ਵਿਭਾਗ ਤੇ ਐਨ ਐਸ ਐਸ ਯੂਨਿਟ ਵੱਲੋਂ ਰਾਸ਼ਟਰੀ ਖੇਡ ਦਿਵਸ ਮਨਾਉਂਦਿਆਂ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਇਸ ਮੌਕੇ ਯਾਦਵਿੰਦਰ ਸਿੰਘ ਅੰਤਰਰਾਸ਼ਟਰੀ ਖਿਡਾਰੀ ਮਿਕਸ ਮਾਰਸ਼ਲ ਆਰਟ ਵਿਸ਼ੇਸ਼ ਤੌਰ 'ਤੇ ਲੈਕਚਰ ਦੇਣ ਲਈ ਪਹੁੰਚੇ।ਸਰੀਰਿਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਮਧੂ ਡਡਵਾਲ ਨੇ ਆਏ ਮਹਿਮਾਨਾਂ ਨੂੰ ਆਇਆਂ ਆਖਦਿਆਂ ਮੇਜਰ ਧਿਆਨ ਚੰਦ ਦੇ ਜੀਵਨ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ।ਖੇਡ ਟ੍ਰੇਨਰ ਦੀਪਕ ਵਰਮਾ ਨੇ ਯਾਦਵਿੰਦਰ ਸਿੰਘ ਦੇ ਖੇਡ ਸਫਰ 'ਤੇ ਝਾਤ ਪਾਈ।ਇਸ ਮੌਕੇ ਯਾਦਵਿੰਦਰ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਵਿਦਿਆਰਥੀਆਂ ਦੇ ਰੂ-ਬ-ਰੂ ਹੁੰਦਿਆਂ ਕਿਹਾ ਕਿ ਸਾਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਹਿੱਸਾ ਲੈਣਾ ਜਰੂਰੀ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀ ਦੇ ਜੀਵਨ ਨੂੰ ਸੇਧ ਦੇਣ ਲਈ ਅਧਿਆਪਕ ਤੇ ਮਾਪੇ ਵਿਸ਼ੇਸ਼ ਰੋਲ ਅਦਾ ਕਰਦੇ ਹਨ।ਸਟੇਜ ਸੰਚਾਲਨ ਦੀ ਭੂਮਿਕਾ ਪ੍ਰੋ. ਸੁਖਵਿੰਦਰ ਕੌਰ ਪੰਜਾਬੀ ਵਿਭਾਗ ਨੇ ਬਾਖੂਬੀ ਨਿਭਾਈ।ਇਸ ਮੌਕੇ ਪੋਸਟਰ ਮੇਕਿੰਗ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਤਰਨਪ੍ਰੀਤ ਕੌਰ (ਬੀ.ਏ. ਭਾਗ ਤੀਜਾ - ਪਹਿਲਾ ਸਥਾਨ), ਨਵਜੋਤ ਕੌਰ (ਬੀ.ਏ. ਭਾਗ ਦੂਜਾ - ਦੂਜਾ ਸਥਾਨ), ਸ਼ਿਖਾ ਰਾਜਪੂਤ (ਬੀ.ਸੀ.ਏ. ਭਾਗ ਪਹਿਲਾ- ਤੀਜਾ ਸਥਾਨ) ਨੂੰ ਸਨਮਾਨਿਤ ਕੀਤਾ ਗਿਆ। ਕਾਲਜ ਪ੍ਰਬੰਧਕਾਂ ਵੱਲੋਂ ਯਾਦਵਿੰਦਰ ਸਿੰਘ ਤੇ ਉਨ੍ਹਾਂ ਨਾਲ ਵਿਸ਼ੇਸ਼ ਤੌਰ 'ਤੇ ਪਹੁੰਚੇ ਗੁਰਪ੍ਰਤਾਪ ਸਿੰਘ, ਹਰਦੀਪ ਸਿੰਘ ਤੇ ਜੋਗਾ ਸਿੰਘ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

## ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਸਵੀਂ ਦਾ ਦਿਹਾੜਾ 2 ਨੂੰ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਸ਼ੁੱਭ ਦਿਹਾੜਾ 2 ਸਤੰਬਰ ਨੂੰ ਮਨਾਇਆ ਜਾਵੇਗਾ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦਸਿਆ ਕਿ ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ।ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ। ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ, ਇੰਟਰਨੈਂਨਲ ਪੰਥਕ ਢਾਡੀ ਜੱਥੇ ਅਤੇ ਉਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਣਗੇ।

# ਮੁੱਖ ਮੰਤਰੀ ਵੱਲੋਂ ਟਾਂਡਾ ਦੇ ਹੜ੍ਹ ਪੀੜਤਾਂ ਪ੍ਰਭਾਵਤ ਇਲਾਕੇ ਲਈ 3 ਟਰੱਕ ਰਾਹਤ ਸਮੱਗਰੀ ਭੇਜੇ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਬਿਆਸ ਦਰਿਆ ਨਾਲ ਲੱਗਦੇ ਵੇਟ ਖੇਤਰ ਦੇ ਹੜ੍ਹ ਪ੍ਰਭਾਵਿਤ ਇਲਾਕੇ 'ਚ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਵਾਸਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਟਾਂਡਾ ਵਾਸਤੇ 3 ਟਰੱਕ ਰਾਹਤ ਸਮੱਗਰੀ ਦੇ ਭੇਜੇ ਗਏ ਹਨ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਇਹ ਰਾਹਤ ਸਮੱਗਰੀ ਹੜ੍ਹ ਨਾਲ ਪ੍ਰਭਾਵਿਤ ਹੋਏ ਪਿੰਡ ਅਬਦੁੱਲਾਪੁਰ, ਫੱਤਾ ਕੁੱਲਾ, ਗੰਦੋਵਾਲ, ਟਾਹਲੀ, ਰੜਾ ਮੰਡ ਤੇ ਸਲੇਮਪੁਰ ਪਿੰਡ ਵਿੱਚ ਸਮੁੱਚੇ ਜਿਲ੍ਹਾ ਪ੍ਰਸ਼ਾਸਨ ਵੱਲੋਂ ਪਹੁੰਚ ਕੇ ਲੋੜਵੰਦ ਲੋਕਾਂ ਨੂੰ ਵੰਡੀ ਜਾਵੇਗੀ।ਉਹਨਾਂ ਦੱਸਿਆ ਕਿ ਜਿਸ ਜਗ੍ਹਾ 'ਤੇ ਰਾਹਤ ਕੈਂਪ ਬਣਾਏ ਗਏ ਹਨ ਉੱਥੇ ਇਹ ਸਮਗਰੀ ਪਹੁੰਚਾਈ ਜਾਵੇਗੀ। ਵਿਧਾਇਕ ਜਸਬੀਰ ਸਿੰਘ ਰਾਜਾ ਨੇ ਦੱਸਿਆ ਕਿ ਇਸ ਸਮੱਗਰੀ ਜੇਕਰ ਕਿਸੇ ਸਮਾਜ ਸੇਵੀ ਸੰਸਥਾਵਾਂ ਜੋ ਹੜ੍ਹ ਪੀੜਤਾਂ ਲਈ ਯਤਨਸ਼ੀਲ ਹਨ ਉਹ ਵੀ ਪ੍ਰਾਪਤ ਕਰਕੇ ਲੋੜਵੰਦਾਂ ਤੱਕ ਪਹੁੰਚ ਜਾ ਸਕਦੇ ਹਨ।ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਤੇ ਪ੍ਰਵਾਸੀ ਭਾਰਤੀਆਂ ਨੂੰ ਵੀ ਇਸ ਔਖੀ ਘੜੀ ਵਿੱਚ ਲੋਕਾਂ ਦੇ ਨਾਲ ਖੜਨ ਲਈ ਅਪੀਲ ਕੀਤੀ।ਇਸ ਮੌਕੇ ਚੇਅਰਮੈਨ ਇੰਪਰੂਵਮੈਂਟ ਟਰਸਟ ਗੁਰਵਿੰਦਰ ਸਿੰਘ ਪਾਬਲਾ, ਐਸ.ਡੀ.ਐਮ ਟਾਂਡਾ ਪਰਮਪ੍ਰੀਤ ਸਿੰਘ, ਪ੍ਰਧਾਨ ਕੇਸ਼ਵ ਸਿੰਘ ਸੈਣੀ, ਨਾਇਬ ਤਹਿਸੀਲਦਾਰ ਮਨਪ੍ਰੀਤ, ਸਿੰਘ, ਬੀ ਡੀ ਪੀ ਓ ਨੀਰਜ ਕੁਮਾਰ, ਕੌਂਸਲਰ ਹਰਕ੍ਰਿਸ਼ਨ ਸੈਣੀ, ਹਰਪ੍ਰੀਤ ਸਿੰਘ ਢੇਰੀ, ਸਨਮਦੀਪ ਮਿਆਣੀ, ਹਰਮੀਤ ਸਿੰਘ ਬੜੈਚ, ਰਾਜਨ ਸੋਧੀ, ਪ੍ਰੇਮ ਪਡਵਾਲ, ਅਨਿਲ ਗੋਰਾ, ਸੂਬੇਦਾਰ ਰਵੇਲ ਸਿੰਘ, ਗੋਲਡੀ ਬਰਮਾ, ਲੇਖ ਰਾਜ ਅਹੀਆਪੁਰ ਵੀ ਹਾਜ਼ਰ ਸਨ।

# ਚੋਣ ਅਫ਼ਸਰ ਪੰਜਾਬ ਨੇ ਹੁਸ਼ਿਆਰਪੁਰ 'ਚ ਈ ਵੀ ਐੱਮ ਵੇਅਰਹਾਊਸ ਦੀ ਕੀਤੀ ਪੜਤਾਲ



**ਹੁਸ਼ਿਆਰਪੁਰ (ਓ ਪੀ ਰਾਣਾ)** ਭਾਰਤ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪੱਧਰ 'ਤੇ ਬਣਾਏ ਗਏ ਈ ਵੀ ਐਮ ਵੇਅਰਹਾਊਸ ਦੀ ਅਗਸਤ 2025 ਦੀ ਮਹੀਨਾਵਾਰ ਪੜਤਾਲ ਸੰਯੁਕਤ ਮੁੱਖ ਚੋਣ ਅਫ਼ਸਰ ਪੰਜਾਬ, ਸਕੱਤਰ ਸਿੰਘ ਬੱਲ ਵੱਲੋਂ ਕੀਤੀ ਗਈ।ਇਹ ਪੜਤਾਲ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਅਮਰਬੀਰ ਕੌਰ ਭੁੱਲਰ ਦੀ ਹਾਜ਼ਰੀ ਵਿਚ ਕੀਤੀ ਗਈ, ਜਿਸ ਵਿਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਵੀ ਮੌਜੂਦ ਸਨ। ਪੜਤਾਲ ਪ੍ਰਕਿਰਿਆ ਤਹਿਤ ਵੇਅਰਹਾਊਸ ਨੂੰ ਖੋਲ੍ਹ ਕੇ ਈ ਵੀ ਐਮ ਅਤੇ ਵੀ ਵੀ ਪੈਟ ਮਸ਼ੀਨਾਂ ਦੀ ਸਥਿਤੀ, ਸੁਰੱਖਿਆ ਪ੍ਰਬੰਧ, ਸੀਲਿੰਗ ਪ੍ਰਣਾਲੀ ਅਤੇ ਸੀ ਸੀ ਟੀ ਵੀ ਨਿਗਰਾਨੀ ਪ੍ਰਣਾਲੀ ਨੂੰ ਨੇੜਿਓਂ ਦੇਖਿਆ ਗਿਆ। ਸਾਰੇ ਸਬੰਧਤ ਰਿਕਾਰਡ, ਲੌਗ ਬੁੱਕ ਅਤੇ ਐਂਟਰੀ ਰਜਿਸਟਰਾਂ ਦੀ ਵੀ ਜਾਂਚ ਕੀਤੀ ਗਈ, ਤਾਂ ਜੋ ਪਾਰਦਰਸ਼ਤਾ ਨੂੰ ਯਕੀਨੀ ਬਣਾਇਆ ਜਾ ਸਕੇ।ਸੰਯੁਕਤ ਮੁੱਖ ਚੋਣ ਅਫ਼ਸਰ ਸਕੱਤਰ ਸਿੰਘ ਬੱਲ ਨੇ ਕਿਹਾ ਕਿ ਈ ਵੀ ਐਮ ਵੇਅਰਹਾਊਸ ਦਾ ਮਹੀਨਾਵਾਰ ਨਿਰੀਖਣ ਇਕ ਨਿਯਮਿਤ ਅਤੇ ਜ਼ਰੂਰੀ ਪ੍ਰਕਿਰਿਆ ਹੈ, ਜੋ ਕਿ ਹਰ ਜ਼ਿਲ੍ਹੇ ਵਿਚ ਸਮੇਂ-ਸਮੇਂ 'ਤੇ ਕੀਤੀ ਜਾਂਦੀ ਹੈ।ਸਕੱਤਰ ਸਿੰਘ ਬੱਲ ਨੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਦੇ ਹੋਏ ਉਨ੍ਹਾਂ ਨੂੰ ਬੂਥ ਲੈਵਲ ਏਜੰਟ (ਬੀ.ਐਲ.ਏ) ਨਿਯੁਕਤ ਕਰਨ ਲਈ ਕਿਹਾ।ਇਸ ਮੌਕੇ ਭਾਜਪਾ ਤੋਂ ਭੂਸ਼ਨ ਕੁਮਾਰ ਸ਼ਰਮਾ, ਇੰਡੀਅਨ ਨੈਸ਼ਨਲ ਕਾਂਗਰਸ ਤੋਂ ਰਜਨੀਸ਼ ਟੰਡਨ, ਆਮ ਆਦਮੀ ਪਾਰਟੀ ਤੋਂ ਖੁਸ਼ੀ ਰਾਮ, ਅਕਾਲੀ ਦਲ ਤੋਂ ਸੁਖਜਿੰਦਰ ਸਿੰਘ ਅਤੇ ਸੀ.ਪੀ.ਆਈ (ਐਮ) ਤੋਂ ਬਲਵਿੰਦਰ ਸਿੰਘ ਤੋਂ ਇਲਾਵਾ ਨੋਡਲ ਅਫਸਰ ਈ.ਵੀ.ਐਮਜ਼ ਬਲਵਿੰਦਰ ਸਿੰਘ, ਸਹਾਇਕ ਨੋਡਲ ਅਫ਼ਸਰ ਰੁਪਿੰਦਰਪਾਲ ਸਿੰਘ, ਤਹਿਸੀਲਦਾਰ ਚੋਣਾਂ ਹਰਮਿੰਦਰ ਸਿੰਘ, ਚੋਣ ਕਾਨੂੰਗੋ ਦੀਪਕ ਕੁਮਾਰ, ਲਖਵੀਰ ਸਿੰਘ ਅਤੇ ਰਾਜਨ ਮੋਂਗਾ ਵੀ ਮੌਜੂਦ ਸਨ।

# ਧੁਲੇਤਾ ਦੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੀ ਚਾਰਦੀਵਾਰੀ ਤੋੜਨ ਦੇ ਵਿਰੁੱਧ ਰਾਜਪਾਲ ਪੰਜਾਬ ਦੇ ਨਾਂਅ ਏ ਡੀ ਸੀ ਨੂੰ ਮੰਗ ਪੱਤਰ

**ਨਵਾਂਸ਼ਹਿਰ (ਮਨੋਜ ਲਾਡੀ)**- ਅੱਜ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬਸਪਾ ਵਿਧਾਇਕ ਨਛੱਤਰ ਪਾਲ ਦੀ ਅਗਵਾਈ ਹੇਠ ਫਿਲੌਰ ਦੇ ਪਿੰਡ ਧੁਲੇਤਾ ਵਿਚ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੀ ਚਾਰਦੀਵਾਰੀ ਤੋੜਨ ਦੇ ਵਿਰੋਧ, ਬਲਾਕ ਔੜ ਨੂੰ ਬਹਾਲ ਕਰਨ ਅਤੇ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦਿਵਾਉਣ ਲਈ ਰਾਜਪਾਲ ਪੰਜਾਬ ਦੇ ਨਾਂਅ ਏਡੀਸੀ ਰਾਜੀਵ ਵਰਮਾ ਨੂੰ ਇਕ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਵਿਧਾਇਕ ਨਛੱਤਰ ਪਾਲ ਨੇ ਕਿਹਾ ਕਿ ਜ਼ਿਲ੍ਹਾ ਜਲੰਧਰ ਦੇ ਵਿਧਾਨ ਸਭਾ ਹਲਕਾ ਫਿਲੌਰ ਵਿਚ ਪੈਂਦੇ ਪਿੰਡ ਧੁਲੇਤਾ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਗੁਰੂ ਘਰ ਦੀ ਚਾਰਦੀਵਾਰੀ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਢਾਹ ਕੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਪ੍ਰਸ਼ਾਸਨ ਵੱਲੋਂ ਇਹ ਕਾਰਵਾਈ ਬਿਨਾਂ ਸੋਚੇ ਸਮਝੇ ਕੀਤੀ ਗਈ ਹੈ, ਜਦਕਿ ਜਿੱਥੇ ਗੁਰੂ ਘਰ ਦੀ ਚਾਰਦੀਵਾਰੀ ਬਣੀ ਸੀ, ਉਹ ਜ਼ਮੀਨ ਪਿੰਡ ਵਿਚ ਸ੍ਰੀ ਗੁਰੂ ਰਵਿਦਾਸ ਘਰ ਦੇ ਲਈ ਰਾਖਵੀਂ ਸੀ। ਪਿੰਡ ਦੀ ਪੰਚਾਇਤ ਨੇ ਪਹਿਲਾਂ ਇਸ ਜ਼ਮੀਨ 'ਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਂਅ 'ਤੇ ਕਮਿਊਨਿਟੀ ਹਾਲ ਬਣਾਉਣ ਦਾ ਮਤਾ ਪਾਇਆ। ਜੋ ਕਿ ਸਾਰਿਆਂ ਦੀ ਜਾਣਕਾਰੀ ਵਿਚ ਸੀ। ਇਸ ਤੋਂ ਬਾਅਦ ਆਮ ਲੋਕਾਂ ਦੀ ਜਾਣਕਾਰੀ ਵਿਚ ਲਿਆਂਦੇ ਬਗੈਰ ਇਸ ਦੇ ਵਿਰੋਧ ਵਿਚ ਸਰਕਾਰ ਦੀ ਬਦਨੀਤੀ ਕਾਰਨ ਲਗਾਤਾਰ ਤਿੰਨ ਮਤੇ ਹੋਰ ਪਾ ਦਿੱਤੇ ਗਏ। ਇਸ ਦੇ ਆਧਾਰ 'ਤੇ ਬਲਾਕ ਡਿਵੈਲਪਮੈਂਟ ਤੇ ਪੰਚਾਇਤ ਅਫਸਰ ਫਿਲੌਰ ਨੇ ਬਿਨਾਂ ਤੱਥਾਂ ਦੀ ਪੜਤਾਲ ਕੀਤੇ ਇਸ ਜਗ੍ਹਾ 'ਤੇ ਗੁਰੂ ਘਰ ਦੀ ਬਣੀ ਚਾਰਦੀਵਾਰੀ ਨੂੰ ਢਾਹੁਣ ਲਈ ਰਿਪੋਰਟ ਬਣਾ ਕੇ ਡੀਡੀਪੀਓ ਜਲੰਧਰ ਨੂੰ ਭੇਜ ਦਿੱਤੀ ਅਤੇ ਡੀਸੀ ਜਲੰਧਰ ਨੇ ਪਿੰਡ ਦੇ ਲੋਕਾਂ ਨੂੰ ਬਿਨਾਂ ਸੁਣੇ ਤੇ ਬਿਨਾਂ ਨਿਸ਼ਾਨਦੇਹੀ ਕਰਾਏ ਇਸ ਚਾਰਦੀਵਾਰੀ ਨੂੰ ਢਾਹੁਣ ਦਾ ਆਰਡਰ ਪਾਸ ਕਰ ਦਿੱਤਾ ਤੇ ਭਾਰੀ ਫੋਰਸ ਭੇਜ ਕੇ 21 ਅਗਸਤ ਨੂੰ ਚਾਰਦੀਵਾਰੀ ਨੂੰ ਢਾਹ ਦਿੱਤਾ। ਉਨ੍ਹਾਂ ਕਿਹਾ ਕਿ ਪਟਿਆਲਾ ਦੇ ਪਿੰਡ ਬਠੋਈ ਕਲਾਂ ਵਿਚ ਐੱਸ ਸੀ ਸਮਾਜ ਵੱਲੋਂ ਪੰਚਾਇਤੀ ਜ਼ਮੀਨ ਦੀ ਬੋਲੀ ਦੇਣ ਤੋਂ ਬਾਅਦ 11 ਲੱਖ 50 ਹਜ਼ਾਰ ਰੁਪਏ ਬੀਡੀਪੀਓ ਰਾਹੀਂ ਸਰਕਾਰ ਦੇ ਖਾਤੇ ਵਿਚ ਜਮ੍ਹਾਂ ਕਰਵਾਉਣ ਦੇ ਬਾਵਜੂਦ ਪ੍ਰਸ਼ਾਸਨ ਵੱਲੋਂ 35 ਏਕੜ ਜ਼ਮੀਨ ਦਾ ਕਬਜ਼ਾ ਐੱਸ ਸੀ ਸਮਾਜ ਨੂੰ ਨਹੀਂ ਦਿੱਤਾ ਜਾ ਰਿਹਾ ।ਭੌਂ ਮਾਫੀਆ ਵੱਲੋਂ ਐੱਸ ਸੀ ਸਮਾਜ ਨਾਲ ਕੁੱਟਮਾਰ ਕੀਤੀ ਗਈ। ਇਸ ਮਾਮਲੇ ਵਿਚ ਅੱਜ ਤੱਕ ਕਥਿਤ ਮੁਲਜ਼ਮਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਇਸ ਮਾਮਲੇ ਵਿਚ ਪੀੜਤਾਂ ਨੂੰ ਉਨ੍ਹਾਂ ਦੇ ਨਾਂਅ 'ਤੇ ਅਲਾਟ ਹੋਈ ਜ਼ਮੀਨ ਦਾ ਕਬਜ਼ਾ ਦੁਆਇਆ ਜਾਵੇ ਅਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਖੁਰਾਲਗੜ੍ਹ ਸਾਹਿਬ ਵਿਚ ਸ਼ਰਾਬ ਦੇ ਠੇਕੇ ਖੋਲ੍ਹੇ ਗਏ ਹਨ। ਉਨ੍ਹਾਂ ਨੂੰ ਬੰਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਤਿਗੁਰੂ ਕਬੀਰ ਮੰਦਰ ਬਟਾਲਾ ਵਿਖੇ ਸ਼ਰਾਰਤੀ ਅਨਸਰਾਂ ਵੱਲੋਂ ਤੋੜਿਆ ਗਿਆ ਸੀ, ਇਸ ਦੀ ਮੁੜ ਉਸਾਰੀ ਕੀਤੀ ਜਾਵੇ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਕ ਔੜ ਨੂੰ ਪਿਛਲੇ ਦਿਨੀਂ ਭੰਗ ਕਰ ਦਿੱਤਾ ਗਿਆ ਸੀ। ਇਸ ਨੂੰ ਮੁੜ ਬਹਾਲ ਕੀਤਾ ਜਾਵੇ। ਪੰਜਾਬ ਵਿਚ ਹੜ੍ਹ ਆਉਣ ਦੇ ਕਾਰਨ ਲੋਕਾਂ ਦੇ ਮਕਾਨ ਡਿੱਗ ਗਏ ਹਨ ਅਤੇ ਫਸਲਾਂ ਖਰਾਬ ਹੋ ਗਈਆਂ ਹਨ। ਉਨ੍ਹਾਂ ਨੂੰ ਬਣਦਾ ਮੁਆਵਜ਼ਾ ਜਲਦੀ ਤੋਂ ਜਲਦੀ ਦਿੱਤਾ ਜਾਵੇ। ਇਸ ਮੌਕੇ ਸਾਬਕਾ ਵਿਧਾਇਕ ਹਰਗੋਪਾਲ ਸਿੰਘ, ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ, ਕੌਂਸਲਰ ਗੁਰਮੁੱਖ ਨੌਰਥ, ਰਛਪਾਲ ਮਹਾਲੋਂ, ਕਰਨੈਲ ਦਰਦੀ, ਸਰਵਨ ਰਾਮ, ਕੇਸਰ ਸੱਲਣ, ਹਰਮੇਸ਼ ਨੌਰਥ, ਜੈਪਾਲ ਸੁੰਡਾ, ਵਿਜੇ ਗੁਣਾਚੌਰ, ਸਤਪਾਲ ਰਟੈਂਡਾ, ਮਨਜੀਤ ਸੂਦ, ਭੁਪਿੰਦਰ ਬੇਗਮਪੁਰ, ਸੁਸ਼ੀਲ ਕੁਮਾਰ ਸਮੇਤ ਹੋਰ ਆਗੂ ਅਤੇ ਵਰਕਰ ਹਾਜ਼ਰ ਸਨ।

## ਆਰੀਮਪੁਰ ਕੋ-ਆਪ੍ਰੇਟਿਵ ਸੁਸਾਇਟੀ ਨੂੰ ਮਿਲਿਆ ਪ੍ਰਸ਼ੰਸਾ ਪੱਤਰ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਬਲਾਕ ਦੇ ਨਾਮਵਰ ਪਿੰਡ ਅਗੰਮਪੁਰ ਦੀ ਕੋ-ਆਪ੍ਰੇਟਿਵ ਸੁਸਾਇਟੀ ਨੂੰ ਦੀ ਰੋਪੜ ਸੈਂਟਰਲ ਕੋ-ਆਪ੍ਰੇਟਿਵ ਬੈਂਕ ਵਲੋਂ ਵਧੀਆ ਕਾਰਗੁਜਾਰੀ ਅਤੇ ਸ੍ਰੀ ਅਨੰਦਪੁਰ ਸਾਹਿਬ ਬ੍ਰਾਂਚ ਵਿਚ ਰਿਕਵਰੀ ਕਰਨ ਵਿੱਚ ਪਹਿਲੇ ਨੰਬਰ 'ਤੇ ਆਉਣ ਕਾਰਨ ਪ੍ਰਸੰਸਾ-ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆ ਅਗੰਮਪੁਰ ਕੋ-ਆਪ੍ਰੇਟਿਵ ਸੁਸਾਇਟੀ ਦੇ ਪ੍ਰਧਾਨ ਹਰਮਿੰਦਰ ਸਿੰਘ ਬੜਿੰਗ ਨੇ ਦੱਸਿਆ ਕਿ ਪਿਛਲੇ ਕੁਝ ਸਾਲਾਂ ਦੌਰਾਨ ਅਗੰਮਪੁਰ ਸੁਸਾਇਟੀ ਘਾਟੇ ਵਿੱਚ ਚੱਲਦੀ ਆ ਰਹੀ ਸੀ ਕਿੰਤੂ ਸੁਸਾਇਟੀ ਦੀ ਨਵੀਂ ਬਣੀ ਟੀਮ ਦੀ ਮਿਹਨਤ ਸਦਕਾ ਸੁਸਾਇਟੀ ਘਾਟੇ ਵਿੱਚੋਂ ਉਭਰ ਕੇ ਕਾਮਯਾਬੀ ਦੀਆਂ ਬੁਲੰਦੀਆਂ ਛੂਹਣ ਲਗੀ ਜਿਸਦੀ ਬਦੌਲਤ ਦੀ ਰੋਪੜ ਸੈਂਟਰਲ ਕੋ-ਆਪ੍ਰੇਟਿਵ ਬੈਂਕ ਵਲੋਂ ਵਧੀਆ ਕਾਰ-ਗੁਜਾਰੀ ਤੇ 100% ਰਿਕਵਰੀ ਕਰਨ 'ਤੇ ਪ੍ਰਸੰਸਾ-ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਹਰਮਿੰਦਰ ਸਿੰਘ ਬੜਿੰਗ, ਭਜਨ ਸਿੰਘ ਵਾਈਸ ਪ੍ਰਧਾਨ, ਕੁਲਦੀਪ ਸਿੰਘ ਸੀਨੀਅਰ ਮੀਤ ਪ੍ਰਧਾਨ, ਰਾਮ ਕੁਮਾਰ ਰਾਣਾ, ਇਕਬਾਲ ਸਿੰਘ ਗਰਾਂ ਕਮੇਟੀ ਮੈਂਬਰ, ਸ਼ੁਭਾਸ਼ ਚੰਦਰ ਸਾਬਕਾ ਸੈਕਟਰੀ, ਨਰੇਸ਼ ਕੁਮਾਰ ਸੇਲਜ਼ਮੈਨ, ਸੰਜੀਵਨ ਕੁਮਾਰ ਵਲੰਟੀਅਰ ਤੋਂ ਇਲਾਵਾ ਦੀਪਕ ਕੁਮਾਰ ਲੰਬੜਦਾਰ ਤੇ ਰਾਜੇਸ਼ ਕੁਮਾਰ ਜੱਸੀ ਨੇ ਪੂਰੀ ਟੀਮ ਨੂੰ ਵਧਾਈ ਦਿੱਤੀ।

# 8 ਤੱਕ ਮਨਾਇਆ ਜਾਵੇਗਾ ਅੱਖਾਂ ਦਾਨ ਪੰਦਰਵਾੜਾ



**ਕਾਲਾ ਸੰਘਿਆਂ (ਮਨਜੀਤ ਮਾਨ)** ਪੂਰੇ ਭਾਰਤ ਵਿੱਚ ਹਰ ਸਾਲ ਮਨਾਇਆ ਜਾਣ ਵਾਲਾ ਅੱਖਾਂ ਦਾ ਪੰਦਰਵਾੜਾ ਇਸ ਸਾਲ ਵੀ ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਕਪੂਰਥਲਾ ਡਾ. ਹਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਨ ਹੇਠ ਮੁੱਢਲਾ ਸਿਹਤ ਕੇਂਦਰ ਢਿੱਲਵਾਂ ਵਿਖੇ 25 ਅਗਸਤ ਤੋਂ 8 ਸਤੰਬਰ ਤੱਕ ਮਨਾਇਆ ਜਾਣਾ ਹੈ।ਇਸ ਤਹਿਤ ਮੁੱਢਲਾ ਸਿਹਤ ਢਿੱਲਵਾਂ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ. ਪ੍ਰੇਮ ਕੁਮਾਰ ਦੀ ਅਗਵਾਈ ਹੇਠ ਸਮੂਹ ਸਟਾਫ਼ ਵੱਲੋਂ ਅੱਖਾਂ ਦਾਨ ਪੰਦਰਵਾੜੇ ਤਹਿਤ ਸਹੁੰ ਚੁੱਕੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫ਼ਸਰ ਪੀ.ਐਚ.ਸੀ ਢਿੱਲਵਾਂ ਡਾ. ਪ੍ਰੇਮ ਕੁਮਾਰ ਨੇ ਦੱਸਿਆਂ ਕਿ ਅੱਖਾਂ ਦਾ ਦਾਨ ਇੱਕ ਅੰਨ੍ਹੇ ਮਨੁੱਖ ਨੂੰ ਕੇਵਲ ਅੱਖਾਂ ਹੀ ਨਹੀਂ ਦਿੰਦਾ ਸਗੋਂ ਇੱਕ ਨਵਾਂ ਜੀਵਨ ਵੀ ਦਿੰਦਾ ਹੈ ਜਿਸ ਨਾਲ ਉਹ ਸਾਰੀ ਦੁਨੀਆ ਦੇ ਰੰਗ ਵੇਖ ਸਕਦਾ ਹੈ। ਉਨ੍ਹਾਂ ਦੱਸਿਆ ਕਿ ਅੱਖਾਂ ਦਾਨ ਮੌਤ ਤੋਂ 4 ਤੋਂ 6 ਘੰਟੇ ਵਿੱਚ ਹੀ ਹੋਣੀਆਂ ਚਾਹੀਦੀਆਂ ਹਨ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕੀ ਉਹ ਆਪ ਸਿਹਤ ਵਿਭਾਗ ਨੂੰ ਆਪਣਾ ਸਹਿਯੋਗ ਦਿੰਦਿਆ ਹੋਇਆ ਅੱਖਾਂ ਦਾਨ ਕਰਨ ਲਈ ਅੱਗੇ ਆਉਣ ਅਤੇ ਜਿਹੜੇ ਲੋਕ ਅੱਖਾਂ ਦਾਨ ਕਰਨਾ ਚਾਹੁੰਦੇ ਹਨ ਉਹ ਮੁੱਢਲਾ ਸਿਹਤ ਕੇਂਦਰ ਢਿੱਲਵਾਂ ਵਿਖੇ ਓਪਥੈਲਮਿਕ ਅਫ਼ਸਰ ਜਸਵਿੰਦਰ ਸਿੰਘ ਅਤੇ ਅਧੀਨ ਆਰ.ਐਚ.ਸੀ ਮਕਸੂਦਪੁਰ ਵਿਖੇ ਓਪਥੈਲਮਿਕ ਅਫ਼ਸਰ ਸੰਦੀਪ ਸਿੰਘ ਕੋਲ ਆ ਕਿ ਅੱਖਾਂ ਦਾਨ ਦਾ ਪਰਫਾਮਾ ਭਰਵਾ ਸਕਦੇ ਹਨ।

## ਉਪ ਮੰਡਲ ਮੈਜਿਸਟ੍ਰੇਟ ਵੱਲੋਂ ਹੜ੍ਹ ਪ੍ਰਭਾਵਤ ਖੇਤਰਾਂ ਦਾ ਦੌਰਾ

**ਸ਼ਹੀਦ ਭਗਤ ਸਿੰਘ ਨਗਰ (ਮਨੋਜ ਲਾਡੀ)**- ਉਪ ਮੰਡਲ ਮੈਜਿਸਟ੍ਰੇਟ ਅਨਮਜੋਤ ਕੌਰ ਨੇ ਸਤਲੁਜ ਦਰਿਆ ਨਾਲ ਲੱਗਦੇ ਸੰਭਾਵਿਤ ਹੜ੍ਹ ਵਾਲੇ ਖੇਤਰਾਂ ਦਾ ਦੌਰਾ ਕੀਤਾ ਅਤੇ ਦਰਿਆ ਕੰਢੇ ਵਸੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਹੜ੍ਹ ਵਰਗੇ ਕਿਸੇ ਵੀ ਹਾਲਾਤ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਐੱਸ ਡੀ ਐੱਮ ਨੇ ਤਲਵੰਡੀ ਸਿਬੂ, ਧੈਂਗੜਪੁਰ ਅਤੇ ਬੁਰਜ ਟਹਿਲ ਸਿੰਘ ਆਦਿ ਪਿੰਡਾਂ ਦੇ ਦੌਰੇ ਦੌਰਾਨ ਗੱਲਬਾਤ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਰਿਆ ਨਾਲ ਲੱਗਦੇ ਹੜ੍ਹ ਸੰਭਾਵਿਤ ਖੇਤਰਾਂ ਵਿੱਚ ਸਥਿਤੀ 'ਤੇ 24x7 ਚੌਕਸੀ ਨਾਲ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੰਭਾਵੀ ਹੜ੍ਹਾਂ ਵਰਗੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪਹਿਲਾਂ ਹੀ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਗਏ ਹਨ। ਲੋੜੀਂਦੀ ਮਸ਼ੀਨਰੀ, ਰੈਸਕਿਊ ਟੀਮਾਂ, ਰੇਤੇ ਦੇ ਥੈਲੇ, ਸੁਰੱਖਿਅਤ ਥਾਵਾਂ ਦੀ ਪਛਾਣ ਸਮੇਤ ਹੋਰ ਲੋੜੀਂਦੀਆਂ ਤਿਆਰੀਆਂ ਪਹਿਲਾਂ ਹੀ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਕੰਟਰੋਲ ਰੂਮ ਵੀ ਸਥਾਪਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਦਾ ਨੰਬਰ 01823-220645 ਹੈ। ਇਸ ਤੋਂ ਇਲਾਵਾ ਨਵਾਂਸ਼ਹਿਰ ਤਹਿਸੀਲ ਲਈ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01823-299016, ਬਲਾਚੌਰ ਵਿਖੇ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01885-220075, ਤਹਿਸੀਲ ਬੰਗਾ ਵਿਖੇ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01823-264666 ਹੈ। ਇਸੇ ਤਰ੍ਹਾਂ ਹੜ੍ਹਾਂ ਦੀ ਸਥਿਤੀ ਵਿੱਚ ਸਿਹਤ ਵਿਭਾਗ ਨਾਲ ਸਬੰਧਤ ਸੇਵਾਵਾਂ ਲਈ 01823-227471 ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸੰਤੋਸ਼ ਕਟਾਰੀਆ ਨੇ ਸਤਲੁਜ ਦਰਿਆ ਦੇ ਬੰਨ੍ਹਾਂ ਦਾ ਕੀਤਾ ਦੌਰਾ



**ਬਲਾਚੌਰ (ਜਸਵਿੰਦਰ ਬੈਂਸ)** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਲ ਸਰੋਤਾਂ ਦੇ ਮੌਨਸੂਨ ਤੋਂ ਅਗਾਊਂ ਪ੍ਰਬੰਧਾਂ ਲਈ ਵਚਨਬੱਧ ਹੈ।ਇਸ ਕਰਕੇ ਹੜ੍ਹਾਂ ਵਰਗੀ ਸਥਿਤੀ ਪੈਦਾ ਨਾ ਹੋਵੇ ਉਸ ਸੰਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।ਸੰਤੋਸ਼ ਕਟਾਰੀਆ ਨੇ ਕਿਹਾ ਕਿ ਮੈਂ ਪ੍ਰਸ਼ਾਸ਼ਨ ਨਾਲ ਲਗਾਤਾਰ ਰਾਬਤਾ ਬਣਾਏ ਹੋਇਆ ਹੈ ਤਾਂ ਕਿ ਕੋਈ ਵੀ ਅਣਸੁਖਾਵੀਂ ਘਟਨਾ 'ਤੇ ਤੁਰੰਤ ਕਾਬੂ ਪਾਇਆ ਜਾ ਸਕੇ।ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੇ ਅਧਿਕਾਰੀਆਂ ਨਾਲ ਪਿੰਡ ਔਲੀਆਪੁਰ ਵਿਖੇ ਦਰਿਆ ਸਤਲੁਜ ਦੇ ਵੱਖ ਵੱਖ ਬੰਨ੍ਹਾਂ ਦਾ ਦੌਰਾ ਕੀਤਾ।ਸੰਤੋਸ਼ ਕਟਾਰੀਆ ਨੇ ਦੱਸਿਆ ਕਿ ਸਤਲੁਜ ਦਰਿਆ ਦੇ ਕੰਢਿਆਂ 'ਤੇ ਮਜ਼ਬੂਤੀ ਨਾਲ ਬੰਨ੍ਹ ਬਣਵਾਏ ਗਏ ਹਨ। ਇਸ ਮੌਕੇ ਕਟਾਰੀਆ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਢੁੱਕਵੇਂ ਇੰਤਜਾਮ ਰੱਖੇ ਗਏ ਹਨ। ਇਸ ਮੌਕੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ, ਰਨਵੀਰ ਸਿੰਘ ਬਲਾਕ ਪ੍ਰਧਾਨ,ਹਰਮੇਸ਼ ਸਿੰਘ ਸਾਬਕਾ ਸਰਪੰਚ, ਕਰਮਜੀਤ ਸੈਣੀ, ਹਰਦੇਵ ਸਿੰਘ ਸੈਣੀ, ਰਾਣਾ ਤਰਸੇਮ ਸਿੰਘ ਸਰਪੰਚ, ਪੁਸ਼ਵਿੰਦਰ ਸਿੰਘ ਸਰਪੰਚ, ਜਸਪਾਲ ਸਿੰਘ ਸਰਪੰਚ, ਦਾਰਾ ਸਿੰਘ ਸਰਪੰਚ, ਅਸ਼ੋਕ ਕੁਮਾਰ, ਕਮਲਜੀਤ ਸਰਪੰਚ , ਬਬਲੂ , ਝਲਮਨ ਸਿੰਘ ਸਰਪੰਚ, ਆਦਿ ਸਮੂਹ ਪਿੰਡ ਵਾਸੀ ਹਾਜ਼ਰ ਸਨ।

## ਓਮ ਪ੍ਰਕਾਸ਼ ਮੈਮੋਰੀਅਲ ਇੰਸਟੀਚਿਊਟ ਆਫ ਐਜੂਕੇਸ਼ਨ ਦਿਆਲਪੁਰ ਦਾ ਨਤੀਜਾ ਸ਼ਾਨਦਾਰ



**ਕਰਤਾਰਪੁਰ (ਹਰਮੇਸ਼ ਦੱਤ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਬੀ ਐਡ ਸਮੈਸਟਰ ਦੂਜੇ ਦਾ ਨਤੀਜਾ ਐਲਾਨਿਆ ਗਿਆ ਜਿਸ ਵਿੱਚ ਓਮ ਪ੍ਰਕਾਸ਼ ਮਮੋਰੀਅਲ ਇੰਸਟੀਚਿਊਟ ਆਫ ਐਜੂਕੇਸ਼ਨ ਦਿਆਲਪੁਰ ਜਿਲਾ ਕਪੂਰਥਲਾ ਦਾ ਨਤੀਜਾ ਸ਼ਾਨਦਾਰ ਰਿਹਾ।ਇਸ ਮੌਕੇ ਡੋਲੀ ਰਾਜਪਾਲ ਨੇ 80% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਪ੍ਰੀਆ ਨੇ 77% ਅੰਕ ਪ੍ਰਾਪਤ ਕਰ ਦੂਜਾ ਸਥਾਨ ਹਾਸਿਲ ਕੀਤਾ, ਜਦੋਂਕਿ ਜਸਪ੍ਰੀਤ ਕੌਰ, ਰੁਪਿੰਦਰ ਕੌਰ ਅਤੇ ਆਰੂਸ਼ੀ ਸੇਠ ਨੇ 76 % ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਦੇ ਕੁੱਲ 7 ਵਿਦਿਆਰਥੀਆਂ ਨੇ ਯੂਨੀਵਰਸਿਟੀ ਡਿਸਟਿੰਕਸ਼ਨ ਪ੍ਰਾਪਤ ਕੀਤੀ। ਕਾਲਜ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਡਾਕਟਰ ਵਿਨੋਦ ਕੁਮਾਰ ਅਤੇ ਕਾਲਜ ਸਟਾਫ ਨੇ ਵਧੀਆ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ।

# ਗੁਣਾਤਮਕ ਸਿੱਖਿਆ ਨੂੰ ਪਹਿਲ ਦੇਣਾ ਸੂਬਾ ਸਰਕਾਰ ਦਾ ਮੁੱਖ ਉਦੇਸ਼ : ਚੀਮਾ



● ਸ੍ਰੀ ਚਰਨ ਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ ਕਰਵਾਏ ਸਮਾਗਮ 'ਚ ਕੀਤੀ ਸ਼ਿਰਕਤ

**ਗੜ੍ਹਸ਼ੰਕਰ/ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੂਬੇ ਅੰਦਰ ਗੁਣਾਤਮਕ ਸਿੱਖਿਆ ਨੂੰ ਪਹਿਲ ਦੇਣਾ ਸੂਬਾ ਸਰਕਾਰ ਦਾ ਮੁੱਖ ਉਦੇਸ਼ ਹੈ, ਜਿਸ ਦੀ ਬਦੌਲਤ ਸੂਬੇ ਅੰਦਰ ਖੋਲ੍ਹੇ ਸਕੂਲ ਆਫ ਐਮੀਨੈਂਸ ਸਕੂਲਾਂ ਵਿਚੋਂ 44 ਬੱਚੇ ਜੇ.ਈ.ਈ ਦੀ ਪ੍ਰੀਖਿਆ ਪਾਸ ਕਰਨ ਵਿਚ ਸਫਲ ਹੋਏ ਹਨ। ਇਹ ਪ੍ਰਗਟਾਵਾ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਸ੍ਰੀ ਚਰਨ ਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਬਾਨੀ ਬਾਬਾ ਬੰਤਾ ਰਾਮ ਘੇੜਾ ਅਤੇ ਬਾਬਾ ਸੁਮਨ ਦਾਸ ਦੇ ਜਨਮ ਦਿਹਾੜੇ 'ਤੇ ਕਰਵਾਏ ਸਮਾਗਮ ਮੌਕੇ ਪ੍ਰਗਟ ਕੀਤੇ। ਉਨ੍ਹਾਂ ਸੰਗਤਾਂ ਨੂੰ ਸਮਾਗਮ ਦੀਆਂ ਵਧਾਈਆ ਦਿੰਦਿਆਂ ਸਮੁੱਚੀ ਪ੍ਰਬੰਧਕ ਕਮੇਟੀ ਦੀ ਇਨ੍ਹਾਂ ਉਪਰਾਲਿਆਂ ਲਈ ਪ੍ਰਸੰਸਾ ਵੀ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਦੇ 5 ਹਜ਼ਾਰ ਅਨੁਸੂਚਿਤ ਜਾਤੀ ਪਰਵਾਰਾਂ ਦੇ ਐਸ.ਸੀ.ਕਾਰਪੋਰੇਸ਼ਨ ਦੇ ਕਰਜ਼ੇ ਮੁਆਫ਼ ਕਰਕੇ ਇਨ੍ਹਾਂ ਦਲਿਤ ਪਰਵਾਰਾਂ ਨੂੰ ਵੱਡੀ ਰਾਹਤ ਪ੍ਰਦਾਨ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਗੁਰੂ ਘਰ ਵਿਖੇ ਹਰੇਕ ਸਮੱਸਿਆ ਦਾ ਹੱਲ ਪਹਿਲ ਦੇ ਆਧਾਰ 'ਤੇ ਕਰੇਗੀ, ਤਾਂ ਜੋ ਦੇਸ਼-ਵਿਦੇਸ਼ ਤੋਂ ਗੁਰੂ ਦਰਸ਼ਨਾਂ ਲਈ ਪਹੁੰਚ ਰਹੀਆਂ ਸੰਗਤਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ। ਇਸ ਮੌਕੇ ਕੈਬਨਿਟ ਮੰਤਰੀ ਨੇ ਮਹਾਨ ਦਾਨੀ ਲਾਲਾ ਮਹਿੰਦਰ ਰਾਮ ਚੁੰਬਰ, ਵਾਸੀ ਮੀਰਪੁਰ ਜੱਟਾਂ ਯਾਦਗਾਰੀ ਲਾਇਬ੍ਰੇਰੀ ਦਾ ਉਦਘਾਟਨ ਵੀ ਕੀਤਾ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਅਤੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਪ੍ਰਧਾਨ ਆਪ ਐਸ.ਸੀ ਵਿੰਗ ਪੰਜਾਬ ਨੇ ਕਿਹਾ ਕਿ ਗੁਰੂ ਘਰ ਵਿਖੇ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਸੂਬਾ ਸਰਕਾਰ ਨੇ ਇਸੇ ਅਸਥਾਨ 'ਤੇ ਕਰੀਬ ਇਕ ਕਰੋੜ ਰੁਪਏ ਖ਼ਰਚ ਕਰਕੇ 1100 ਫੁੱਟ ਡੂੰਘਾ ਟਿਊਬਵੈਲ ਲਗਾ ਕੇ ਸੰਗਤਾਂ ਨੂੰ ਵੱਡੀ ਰਾਹਤ ਪ੍ਰਦਾਨ ਕੀਤੀ ਹੈ । ਇਸ ਮੌਕੇ ਰਛਪਾਲ ਰਾਜੂ ਡਾਇਰੈਕਟਰ ਐਸ.ਸੀ ਕਾਰਪੋਰੇਸ਼ਨ, ਗੁਰੂ ਘਰ ਦੇ ਪ੍ਰਧਾਨ ਸੰਤ ਸੁਰਿੰਦਰ ਦਾਸ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਐਲ.ਆਰ.ਵਿਰਦੀ ਨੇ ਜਿਥੇ ਪੰਜਾਬ ਦੇ ਵਿੱਤ ਮੰਤਰੀ, ਡਿਪਟੀ ਸਪੀਕਰ ਅਤੇ ਸੰਗਤਾਂ ਦਾ ਸਮਾਗਮਾਂ 'ਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ, ਉਥੇ ਉਨ੍ਹਾਂ ਗੁਰੂ ਘਰ ਵਿਖੇ ਸੰਗਤਾਂ ਨੂੰ ਦਰਪੇਸ਼ ਸਮੱਸਿਆਵਾਂ ਤੋਂ ਵੀ ਜਾਣੂ ਕਰਵਾਇਆ। ਇਸ ਮੌਕੇ ਸੰਤ ਮਾਂਗਨ ਦਾਸ ਮੱਧ ਪ੍ਰਦੇਸ਼, ਸੰਤ ਬਖਸ਼ੀ ਰਾਮ ਜਗਾਧਰੀ, ਸੰਤ ਸੈਮ ਪ੍ਰਕਾਸ਼ ਨਨਹੇੜੀ ਹਰਿਆਣਾ, ਸੰਤ ਜੀਵਨ ਦਾਸ ਲਲਿਤਪੁਰ ਉੱਤਰ ਪ੍ਰਦੇਸ਼, ਸੰਤ ਸ਼ੀਲ ਪ੍ਰਸਾਦ ਉੱਤਰਾਖੰਡ, ਸੰਤ ਦਿਆਲ ਬੰਗਾ, ਸੰਤ ਗਿਰਧਾਰੀ ਲਾਲ, ਸੰਤ ਕਰਮ ਚੰਦ ਬੀਨੇਵਾਲ, ਮਨਜੀਤ ਮੁਗੋਵਾਲੀਆ ਪ੍ਰਧਾਨ ਡਾ.ਅੰਬੇਡਕਰ ਸਭਾ ਮਹਾਰਾਸ਼ਟਰ, ਐਲ.ਆਰ.ਵਿਰਦੀ ਕੌਮੀ ਪ੍ਰਧਾਨ ਆਦਿ ਧਰਮ ਮਿਸ਼ਨ, ਰਾਹੁਲ ਬੱਧਣ ਨਵੀਂ ਦਿੱਲੀ, ਨਾਜਰ ਰਾਮ ਮਾਨ ਚੇਅਰਮੈਨ ਗੁਰੂ ਘਰ, ਪ੍ਰਿੰਸੀਪਲ ਸਰੂਪ ਚੰਦ ਗੜ੍ਹਸ਼ੰਕਰ, ਸੁਰਜੀਤ ਸਿੰਘ ਖਾਨਪੁਰੀ, ਹਰਬੰਸ ਸਿੰਘ ਇੰਸਪੈਕਟਰ ਪੁਲਸ, ਨਰੰਜਣ ਸਿੰਘ ਪੋਸਟ ਮਾਸਟਰ ਦੁਰਾਹਾ, ਦਲਵੀਰ ਰਾਜ ਮੀਤ ਪ੍ਰਧਾਨ ਆਦਿ ਧਰਮ ਮਿਸ਼ਨ ਭਾਰਤ ਵੀ ਹਾਜ਼ਰ ਸਨ।

## ਡੇਂਗੂ ਤੋਂ ਬਚਾਅ ਲਈ ਦਿੱਤੀ ਜਾਣਕਾਰੀ

**ਨਵਾਂਸ਼ਹਿਰ (ਮਨੋਜ ਲਾਡੀ)** ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ ਜ਼ਿਲ੍ਹੇ ਦੇ ਲੋਕਾਂ ਨੂੰ ਡੇਂਗੂ, ਚਿਕਨਗੁਨੀਆ ਤੇ ਮਲੇਰੀਆ ਵਰਗੀਆਂ ਘਾਤਕ ਬਿਮਾਰੀਆਂ ਤੋਂ ਬਚਾਉਣ ਲਈ ਯਤਨਸ਼ੀਲ ਹੈ।ਇਸੇ ਕੜੀ ਤਹਿਤ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ ਤੇ ਜ਼ਿਲ੍ਹਾ ਹਸਪਤਾਲ ਨਵਾਂਸਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਨੇ ਹਰ ਸ਼ੁੱਕਰਵਾਰ-ਡੇਂਗੂ ਤੇ ਵਾਰ ਮੁਹਿੰਮ ਮੌਕੇ ਆਮ ਲੋਕਾਂ ਨੂੰ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ, ਖਾਸ ਕਰਕੇ ਡੇਂਗੂ ਦੇ ਡੰਗ ਤੋਂ ਬਚਾਉਣ ਲਈ ਬਾਰਾਂਦਰੀ ਗਾਰਡਨ ਦਾ ਦੌਰਾ ਕੀਤਾ ਤੇ ਲਾਰਵੇ ਦੀ ਜਾਂਚ ਕੀਤੀ। ਉਨ੍ਹਾਂ ਨੇ ਆਮ ਲੋਕਾਂ ਨੂੰ ਪੰਜਾਬ ਸਰਕਾਰ ਦੀ ਹਰ ਸ਼ੁੱਕਰਵਾਰ-ਡੇਂਗੂ ਤੇ ਵਾਰ ਮੁਹਿੰਮ ਬਾਰੇ ਦੱਸਿਆ।ਇਸ ਮੌਕੇ ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਨੇ ਦੱਸਿਆ ਕਿ ਭਾਵੇਂ ਡੇਂਗੂ ਦਾ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿਚ ਬਿਲਕੁਲ ਮੁਫ਼ਤ ਹੈ ਪਰ ਅਸੀਂ ਕੁਝ ਸਾਧਾਰਨ ਸਾਵਧਾਨੀਆਂ ਅਪਣਾ ਕੇ ਡੇਂਗੂ ਵਰਗੀਆਂ ਬਿਮਾਰੀਆਂ ਤੋਂ ਆਪਣੇ ਆਪ ਨੂੰ ਬਚਾਅ ਸਕਦੇ ਹਾਂ। ਇਸ ਮੌਕੇ ਹੋਰ ਸਿਹਤ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# ਮੋਹਿੰਦਰ ਭਗਤ ਵੱਲੋਂ ਡਾਇਰੀਆ ਪ੍ਰਭਾਵਤ ਇਲਾਕੇ ਦਾ ਦੌਰਾ



**ਜਲੰਧਰ (ਸੁਰਿੰਦਰ ਕੁਮਾਰ)** ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਸ਼ਹਿਰ ਦੇ ਵਾਰਡ ਨੰ. 60 ਵਿਖੇ ਨਿਊ ਗੌਤਮ ਨਗਰ ਦਾ ਦੌਰਾ ਕੀਤਾ, ਜਿਥੇ ਪਿਛਲੇ ਦਿਨੀਂ ਡਾਇਰੀਆ ਦੇ ਕੇਸ ਸਾਹਮਣੇ ਆਏ ਸਨ।ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੀੜਤ ਪਰਿਵਾਰਾਂ ਨਾਲ ਚੱਟਾਨ ਵਾਂਗ ਖੜ੍ਹੀ ਹੈ ਅਤੇ ਪ੍ਰਭਾਵਿਤਾਂ ਨੂੰ ਇਲਾਜ ਸਮੇਤ ਹੋਰ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।ਸ੍ਰੀ ਭਗਤ ਨੇ ਕਿਹਾ ਕਿ ਡਾਇਰੀਆ ਦੇ ਕੇਸ ਸਾਹਮਣੇ ਆਉਣ 'ਤੇ ਪ੍ਰਸ਼ਾਸਨ ਵੱਲੋਂ ਤੁਰੰਤ ਅਹਿਤਿਆਤੀ ਕਦਮ ਚੁੱਕਦਿਆਂ ਇਲਾਕੇ ਵਿੱਚ ਬਿਮਾਰੀ ਦੀ ਰੋਕਥਾਮ ਲਈ 24 ਘੰਟੇ ਨਿਗਰਾਨੀ ਦੇ ਨਾਲ-ਨਾਲ ਦਵਾਈਆਂ ਅਤੇ ਪੀਣ ਵਾਲਾ ਸਾਫ਼ ਪਾਣੀ ਉਪਲਬਧ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਫੌਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪ੍ਰਭਾਵਿਤ ਇਲਾਕੇ ਵਿੱਚ ਵਿਸ਼ੇਸ਼ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ ਹੈ।ਇਸ ਤੋਂ ਇਲਾਵਾ ਸਿਹਤ ਟੀਮਾਂ ਵੱਲੋਂ ਘਰ-ਘਰ ਜਾ ਸਰਵੇ ਵੀ ਕੀਤਾ ਜਾ ਰਿਹਾ ਹੈ, ਤਾਂ ਜੋ ਪੀੜਤ ਵਿਅਕਤੀਆਂ ਦੀ ਪਛਾਣ ਕਰਕੇ ਉਨ੍ਹਾਂ ਦਾ ਸਮੇਂ ਸਿਰ ਇਲਾਜ ਕੀਤਾ ਜਾ ਸਕੇ।ਇਸ ਦੌਰਾਨ ਕੈਬਨਿਟ ਮੰਤਰੀ ਨੇ ਉਸ ਸਥਾਨ ਦਾ ਜਾਇਜ਼ਾ ਵੀ ਲਿਆ, ਜਿਥੋਂ ਦੂਸ਼ਿਤ ਪਾਣੀ ਦੀ ਸਪਲਾਈ ਕਾਰਨ ਇਹ ਦਿੱਕਤ ਪੈਦਾ ਹੋਈ।ਉਨ੍ਹਾਂ ਨਗਰ ਨਿਗਮ ਨੂੰ ਹਦਾਇਤ ਕਰਦਿਆਂ ਕਿਹਾ ਕਿ ਫਾਲਟ ਨੂੰ ਤੁਰੰਤ ਠੀਕ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਕਰੀਬ 35 ਵਿਅਕਤੀ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ, ਠੀਕ ਹੋ ਚੁੱਕੇ ਹਨ ਅਤੇ 10-15 ਮਰੀਜ਼ ਸਿਵਲ ਹਸਪਤਾਲ ਵਿਖੇ ਰੈਫ਼ਰ ਕੀਤੇ ਗਏ ਹਨ, ਤਾਂ ਜੋ ਉਨ੍ਹਾਂ ਦਾ ਢੁੱਕਵਾਂ ਇਲਾਜ ਹੋ ਸਕੇ।ਸਿਹਤ ਵਿਭਾਗ ਨੂੰ ਡਾਇਰੀਆ ਦੀ ਰੋਕਥਾਮ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਹਦਾਇਤ ਕਰਦਿਆਂ ਸ੍ਰੀ ਭਗਤ ਨੇ ਕਿਹਾ ਕਿ ਮਰੀਜ਼ਾਂ ਦਾ ਸੁਚਾਰੂ ਢੰਗ ਨਾਲ ਇਲਾਜ ਯਕੀਨੀ ਬਣਾਇਆ ਜਾਵੇ ਅਤੇ ਇਲਾਜ ਵਿੱਚ ਕਿਸੇ ਕਿਸਮ ਦੀ ਢਿੱਲ ਨਹੀਂ ਵਰਤੀ ਜਾਣੀ ਚਾਹੀਦੀ।

## COURT NOTICE

(U/O 5 Rule 20 Cpc)
In The Court Of
**Ms. Saru Mehta Kaushik**
Additional District And Sessions Judge,Ludhiana
CNR NO. PBLD01-026230-2023
Next Date:- 17-10-2025
Ajaib Singh Sandhu
Vs.
M/S Dreamland Amusement Park Pvt.

Publication Issued To:
3. Anupma Chawla W/O Rajiv Chawla, Legal Representative Of Rajiv Chawla (Since Deceased) C/O M/S Dreamland Amusement Park Pvt. Ltd. Having Its Registered Office At Sahnewal Khurd, Tehsil And District Ludhiana, R/O 177, Maya Nagar, Ludhiana And Alternatively At Baldev Buildings Pvt. Ltd. Jandu Tower, Near Vishkarma Chowk, Ludhiana. 6. Rahul Chawla Father: :-late Shri Rajiv Chawla Director Of M/S Dreamland Amusement Park Pvt. Ltd. Having Its Registered Office At Sahne, Wal Khurd, Tehsil And District Ludhiana. 7. Rajiv Bassi Director M/S Dreamland Amusement Park Pvt. Ltd. Having Its Registered Office At Sahnewal Khurd, Tehsil And District Ludhiana.

In above titted case the defendant(s)/respondent(s) could not be served. It is ordered that defendant(s)/respondent(s) should appear in person or through counsel on 17-10-2025 at 10:00 a.m.

For details logon to https://highcourtchd.gov.in/?mod=district notice& district=mogacourt

Dated, this day of 25-08-2025
Additional District and Sessions Judge, Ludhiana

## COURT NOTICE

(U/o 5 Rule 20 CPC)
IN THE COURT OF
**Ms. Rana Kanwardeep Kaur Chahal**
Matrimonial Cases Special Courts,Sultanpur Lodhi
CNR No. PBKPF3-000039-2022
Next Date:- 06-10-2025
Sukhjit Singh
Vs.
Paramjit Kaur

PUBLICATION ISSUED TO:
Paramjit Kaur
Spouse: -Sukhjit Singh
D/o Kaura Singh S/o Sadhu Singh R/o Village Yusafpur Darewal, Tehsil shahkot, Distt. Jalandhar.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 06-10-2025 at 10:00 a.m.

For details logon to https://highcourtchd.gov.in/?mod=district_notice&district=Kapurthala

Matrimonial Cases Special Courts Sultanpur Lodhi
Dated, this day of 20-08-2025

## Public Notice

I, Kawaljit Kaur Daughter of No. 4548639, Ex. Hav. Late Balwinder Singh R/o Fauji Karyana Store, New Katehra Mohalla, Basti Bawa Khel, Jalandhar, have corrected my name and Date of Birth from Kawaljit Kaur, 08-08-1985 to Kawaljeet Kaur, Date of Birth 01-05-1985 Vide affidavit dated 07/08/2025 at Jalandhar.

## COURT NOTICE

(U/o 5 Rule 20 CPC)
IN THE COURT OF
**Ms. Dilshad Kaur**
Civil Judge (Junior Division),Ludhiana
CNR No. PBLD02-013396-2024
Next Date:- 03-10-2025
M/S PARVEEN KNITFAB
Vs.
M/S VENSAAR TEX

PUBLICATION ISSUED TO:
1. M/S. Vansaar Tex Through Its Partners (2) Sh.arun & (3) Mrs. Pooja Jain Both R/O 3/32, Avinashi Road, Vanjipalayam, Puthupalayam, Avinashi Tirpur, Tamil Nadu - 641663. 4. Shri Rohit Jain C/O M/S Sharman Udyog 3/1, Krishna Swami Gounder Layout, Muttu Nagar, Tirupur - 641607.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 03-10-2025 at 10:00 a.m.

For details logon to https://highcourtchd.gov.in/?mod=district_notice&district=mogacourt

Dated, this day of 28-08-2025
Civil Judge (Junior Division) Ludhiana

## COURT NOTICE

(U/o 5 Rule 20 CPC)
IN THE COURT OF
**Ms. Moonak Garg**
Civil Judge Junior Division - 2 Nabha
CNR No. PBPTB0-000267-2023
Next Date:- 26-09-2025
M/S KHALSA CEMENT STORE
Vs.
LAKHVIR SINGH

The plaintiff prays for Recovery of Amount of Rs. 100562/-

PUBLICATION ISSUED TO:
LAKHVIR SINGH Son: - Gurcharan Singh Charna Kabadia Bazigar Basti
Resident of PROP OF M/S SEERAT TRADER NABHA ROAD, VILLAGE, KAIDUPUR ADDA, TEH-NABHA, DISTT PATIALA.

In above titled case, the defendant(s)/respondent(s) could not be served. It is ordered tha defendant(s)/respondent(s) should appear in person or through counsel on 26-09-2025 at 10:0 a.m.

For details logon to https://highcourtchd.gov.in/?mod=district_notice&district=patiala

Dated this day of 30-08-2025
Civil Judge Junior Division - 2 Nabha

## Public Notice

I, Manjit Sharma C/o Narinder Kumar R/o H.No. 192, Ranjit Enclave, Nangal Karar Khan, Jalandhar, Punjab declare that my daughter Diksha is out of my control. So I disinherit her from all my moveable and immoveable properties. Anybody deal with her at their own risk & responsibility. I and my family will not have any responsibility. All concerned please note.

## COURT NOTICE

(U/o 5 Rule 20 CPC)
IN THE COURT OF Ms.
**Mandeep Kaur**
Civil Judge (Junior Division), Dasuya
CNR No. PBHOA0-000397-2025
Next Date: 24-09-2025
Jaswinder Singh
Vs.
General Public

PUBLICATION ISSUED TO:
Def. 1. General Public
GENERAL PUBLIC

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 24-09-2025 at 10:00a.m.

For details logon to https://highcourtchd.gov.in/?mod=district notice&district-Hoshiarpur

Civil Judge (Junior Division) Dasuya
Dated, this day of 29-08-2025

## COURT NOTICE

(U/o 5 Rule 20 CPC)
IN THE COURT OF
**Sh. Bhupinder Mittal**
Additional Civil Judge (Senior Division),Khanna
CNR No. PBLDA0-000515-2025
Next Date:- 10-09-2025
HIMMAT KUMAR
Vs.
GENERAL PUBLIC

PUBLICATION ISSUED TO:
GENERAL PUBLIC
KHANNA

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 10-09-2025 at 10:00 a.m.

For details logon to https://highcourtchd.gov.in/?mod=district notice& district=mogacourt

Dated, this day of 28-08-2025
Additional Civil Judge (Senior Division) Khanna

## ਜਨਤਕ ਨੋਟਿਸ

ਇਸ ਦੁਆਰਾ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਸੀਂ ਮੌਜੂਦਾ ਕਾਨੂੰਨੀ ਮਾਲਕਾਂ ਤੋਂ ਜ਼ਮੀਨ ਰਕਬਾ 57 ਬੀ-02-ਬੀ-4.50 ਬੀ, ਪਿੰਡ ਬੋਪਾਰਾਏ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਨੂੰ ਖਰੀਦਣ ਦੀ ਪ੍ਰਕਿਰਿਆ 'ਚ ਹਾਂ, ਜਿਸ ਦਾ ਖੇਵਟ/ਖੱਤਾ ਨੰ. 22/35 ਤੋਂ 41 ਖਸਰਾ ਨੰਬਰ 93(4-0), 1255 /90 (2-10), 1257/90(0-4), 1350/91(0-11), 1352/92(0-6), 91/1(3-16), 1349/91(0-18), 1351/92(3-14), 102 (3-4), 96(4-0), 97(4-0), 1353/95(0-10), 100(3-16), 101(3-18, 94(4-0), 1354/95 (3-10) ਅਤੇ ਖੱਤਾ/ਖੇਵਟ ਨੰਬਰ 24/43 ਤੋਂ 46 ਖਸਰਾ ਨੰਬਰ 1256/90(0-3), 98(4-0), 1335/99 (1-6), 103(2-3), 1336/99(2-14), 89 (4-0) ਹੈ।

ਕੋਈ ਵੀ ਵਿਅਕਤੀ, ਸੰਸਥਾ, ਅਥਾਰਟੀ ਜਾਂ ਇਕਾਈ, ਜਿਸ ਕੋਲ ਉੱਕਤ ਜਾਇਦਾਦ ਦੇ ਸੰਬੰਧ 'ਚ ਕੋਈ ਦਾਅਵਾ, ਅਧਿਕਾਰ, ਸਿਰਲੇਖ, ਹਿੱਸਾ, ਹੱਕ, ਗਿਰਵੀਨਾਮਾ, ਚਾਰਜ, ਬੋਝ, ਲੀਜ਼, ਕਿਰਾਏਦਾਰੀ, ਕਬਜ਼ਾ, ਸਹੂਲਤ ਅਧਿਕਾਰ, ਉੱਤਰਾ ਅਧਿਕਾਰ, ਮੁਕੱਦਮਾ ਕੁਰਕੀ ਜਾਂ ਕੋਈ ਹੋਰ ਹਿੱਤ ਹੈ, ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 15 (ਪੰਦਰਾਂ) ਦਿਨਾਂ ਦੇ ਅੰਦਰ-ਅੰਦਰ ਆਪਣਾ ਦਾਅਵਾ/ਇਤਰਾਜ਼ ਲਿਖਤੀ ਰੂਪ 'ਚ ਸੰਬੰਧਤ ਦਸਤਾਵੇਜ਼ਾਂ ਨਾਲ ਹੇਠ ਹਸਤਾਖਰਾਂ ਨੂੰ ਜਮ੍ਹਾਂ ਕਰਵਾਉਣੇ ਹੋਣਗੇ।

ਜੇਕਰ ਨਿਰਧਾਰਤ ਸਮੇਂ ਦੇ ਅੰਦਰ ਅਜਿਹਾ ਕੋਈ ਦਾਅਵਾ/ਇਤਰਾਜ਼ ਪ੍ਰਾਪਤ ਨਹੀਂ ਹੁੰਦਾ ਤਾਂ ਇਹ ਨਿਰਣਾਇਕ ਤੌਰ 'ਤੇ ਮੰਨਿਆ ਜਾਵੇਗਾ ਕਿ ਉੱਕਤ ਜਾਇਦਾਦ ਸਾਰੇ ਦਾਅਵਿਆਂ, ਅਧਿਕਾਰਾਂ, ਦੋਸ਼ਾਂ, ਬੋਝਾਂ ਜਾਂ ਕਿਸੇ ਕਿਸਮ ਦੇ ਵਿਵਾਦਾਂ ਤੋਂ ਮੁਕਤ ਹੈ ਤਾਂ ਨਿਮਨਹਸਤਾਖਰੀ ਨੂੰ ਉਸ ਅਨੁਸਾਰ ਖਰੀਦ/ਲੈਣ-ਦੇਣ ਦੀ ਪ੍ਰਕਿਰਿਆ ਪੂਰੀ ਕਰਨੀ ਹੋਵੇਗੀ। ਇਸ ਤੋਂ ਬਾਅਦ ਪ੍ਰਾਪਤ ਹੋਏ ਕਿਸੇ ਵੀ ਦਾਅਵੇ/ਇਤਰਾਜ਼ ਨੂੰ ਨਹੀਂ ਮੰਨਿਆ ਜਾਵੇਗਾ ਅਤੇ ਇਸ ਨੂੰ ਤਿਆਗ ਦਿੱਤਾ ਗਿਆ ਮੰਨਿਆ ਜਾਵੇਗਾ।

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਸਤਾਵਿਤ ਖਰੀਦਦਾਰ ਉੱਕਤ ਜਾਇਦਾਦ ਨਾਲ ਸੰਬੰਧਤ ਕਿਸੇ ਵੀ ਪਹਿਲਾਂ, ਲੁਕਵੇਂ, ਮੁਕੱਦਮੇ ਜਾਂ ਬਾਅਦ ਦੇ ਦਾਅਵਿਆਂ, ਬਕਾਇਆ, ਦੇਣਦਾਰੀਆਂ, ਚਾਰਜਿਜ਼, ਗਿਰਵੀਨਾਮੇ ਜਾਂ ਬੋਝਾਂ, ਜੇਕਰ ਕੋਈ ਹਨ, ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਜਾਂ ਜਵਾਬਦੇਹ ਨਹੀਂ ਹੋਣਗੇ ਅਤੇ ਇਹ ਕੇਵਲ ਵੇਚਣ ਵਾਲਿਆਂ ਅਤੇ/ਜਾਂ ਦਾਅਵੇਦਾਰਾਂ ਕੋਲ ਹੀ ਰਹੇਗੀ।

ਖਰੀਦਦਾਰ :
ਨਾਂਅ : ਅਰਥ ਐਨਰਜੀ ਅਸਟੇਟਸ ਐੱਲ ਐੱਲ ਪੀ
ਪਤਾ : ਈ ਐੱਸ-66, ਧੋਬੀ ਮੁਹੱਲਾ, ਜਲੰਧਰ ਸ਼ਹਿਰ, ਪੰਜਾਬ, ਭਾਰਤ-144001
ਮਿਤੀ: 31/08/2025
ਸਥਾਨ : ਜਲੰਧਰ

**AXIS BANK**

**Retail Asset Centre:** AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
**Corporate Office:** 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
**Registered Office:** 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

### [ਰੂਲ 8 (1) ਦਾ ਹਵਾਲਾ ਲਵੋ] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (2002 ਦਾ 54) ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਹਰੇਕ ਖਾਤੇ ਵਿਰੁੱਧ ਦਰਸਾਈਆਂ ਮਿਤੀਆਂ 'ਤੇ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਨ੍ਹਾਂ ਨੂੰ ਦਰਸਾਏ ਰੂਲ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਵਰਨਣ ਜਾਇਦਾਦ ਦਾ ਹਰੇਕ ਖਾਤੇ ਵਿਰੁੱਧ ਦਰਸਾਈਆਂ ਮਿਤੀਆਂ ਨੂੰ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦਾ ਲੈਣ-ਦੇਣ ਕਰਨ 'ਤੇ ਰਕਮ ਅਤੇ ਉਸ ਉਪਰ ਵਿਆਜ ਐਕਸਿਸ ਬੈਂਕ ਲਿ. ਦੀ ਦੇਣਦਾਰੀ ਦਾ ਵਿਸ਼ਾ ਹੋਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ ਅਤੇ ਪਤਾ | ਗਿਰਵੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|---|---|---|
| 1. | 1. ਸ੍ਰੀ ਫਾਰੂਕ ਪੁੱਤਰ ਵਸੀਮ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਜੈਤੂਨ ਪਤਨੀ ਵਸੀਮ (ਸਹਿ-ਕਰਜ਼ਦਾਰ/ਰਹਿਣਕਾਰ) | ਬੈਨਾਮਾ ਦਸਤਾਵੇਜ਼ ਨੰ. 2019-20/ 101/ 1/ 13954 ਮਿਤੀ 10.01.2020 ਅਨੁਸਾਰ ਫਾਰੂਕ ਪੁੱਤਰ ਵਸੀਮ ਅਤੇ ਸ੍ਰੀਮਤੀ ਜੈਤੂਨ ਪਤਨੀ ਵਸੀਮ ਦੇ | 17 ਅਪ੍ਰੈਲ 2021 | 28 ਅਗਸਤ 2025 | ਰੁਪਏ 11,52,859/- (ਗਿਆਰਾਂ ਲੱਖ ਬਵੰਜਾ ਹਜ਼ਾਰ ਅੱਠ ਸੌ ਉਨਾਹਠ ਰੁਪਏ ਕੇਵਲ) |

ਨਾਂਅ ਰਜਿਸਟਰਡ ਜਾਇਦਾਦ/ਪਲਾਟ ਨੰ. 114 'ਚ ਨਿਰਮਤ ਮਕਾਨ ਰਕਬਾ 53.33 ਵਰਗ ਗਜ਼, ਖਸਰਾ ਨੰ. 14//5, 15//1, ਖੱਤਾ ਨੰ. 96/112, ਜਮ੍ਹਾਂਬੰਦੀ ਸਾਲ 2014-2015, ਹੱਦਬਸਤ ਨੰ. 104, ਗੋਲਡਨ ਸਿਟੀ "ਯਸ਼ਵੀ ਇਨਕਲੇਵ" ਪਿੰਡ ਚੂਹੜਪੁਰ, ਤਹਿ. ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ।
ਹੱਦਾਂ (ਦਸਤਾਵੇਜ਼ ਅਨੁਸਾਰ) :
ਉੱਤਰ : ਗਲੀ ਬਾਹੀ 16',
ਦੱਖਣ : ਗੁਆਂਢ ਬਾਹੀ 16',
ਪੂਰਬ : ਪਲਾਟ ਨੰ. 115 ਬਾਹੀ 30',
ਪੱਛਮ : ਪਲਾਟ ਨੰ. 113 ਬਾਹੀ 30'

ਉਪਰੋਕਤ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੂੰ ਰਕਮ ਵਾਪਸ ਮੋੜਨ ਲਈ 30 ਦਿਨਾਂ ਦਾ ਨੋਟਿਸ ਦਿੱਤਾ ਗਿਆ ਹੈ, ਨਹੀਂ ਤਾਂ ਰਹਿਣ ਕੀਤੀਆਂ ਜਾਇਦਾਦਾਂ, ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 30 ਦਿਨ ਗੁਜ਼ਰ ਜਾਣ 'ਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਦੀਆਂ ਵਿਵਸਥਾਵਾਂ ਤਹਿਤ ਵੇਚ ਦਿੱਤੀਆਂ ਜਾਣਗੀਆਂ।

ਮਿਤੀ : 28.08.2025
ਸਥਾਨ : ਲੁਧਿਆਣਾ
ਸਹੀ/- (ਅਧਿਕਾਰਤ ਅਫਸਰ)
ਐਕਸਿਸ ਬੈਂਕ ਲਿਮਟਿਡ

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## Publc Notice

We Tarsem Lal Nayyar S/o Dass Mal Nayyar & Sureshta Nayyar W/o Sh. Tarsem Lal Nayyar R/o H.No. 98, New Jawala Nagar, Maqsudan, Jalandhar, Punjab declare that our daughter Sheenu Nayyar is out of our control. So we disinherit her from all my moveable and immoveable properties. Anybody deal with her at their own risk & responsibility. There will be no responsibility of us and our family. All concerned please note.

# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਗੁਰਜੀਤ ਕੌਰ ਪਤਨੀ ਦਵਿੰਦਰ ਸਿੰਘ ਪਿੰਡ ਮੀਰਪੁਰ ਤਹਿਸੀਲ ਅਨੰਦਪੁਰ ਸਾਹਿਬ ਜ਼ਿਲ੍ਹਾ ਰੂਪਨਗਰ ਨਾਂਅ 'ਤੇ ਪਿੰਡ ਭਲਾਣ ਵਿਖੇ ਚੱਲ ਰਹੇ 3 BHP ਖੇਤੀਬਾੜੀ ਕੁਨੈਕਸ਼ਨ ਖਾਤਾ ਨੰਬਰ AP.05/0305 R ਨੂੰ ਆਪਣੇ ਨਾਂਅ ਕਰਵਾਉਣ ਲਈ ਹਰਵਿੰਦਰ ਸਿੰਘ ਪੁੱਤਰ ਜਗੀਰ ਸਿੰਘ ਪਿੰਡ ਐਲਗਰਾਂ ਨੇ ਅਰਜ਼ੀ ਦਿੱਤੀ ਹੈ। ਅਗਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 30 ਦਿਨਾਂ 'ਚ ਸਹਾਇਕ ਕਾਰਜਕਾਰੀ ਇੰਜੀਨੀਅਰ(ਸੰ) ਉਪ ਮੰਡਲ ਭਲਾਣ ਕਰ ਸਕਦਾ ਹੈ।

ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈਲ ਕੁਨੈਕਸ਼ਨ ਖਾਤਾ ਨੰਬਰ ਐਸ 18 ਏ ਪੀ 161023 ਪੀ ਜੋ ਸੇਵਾ ਸਿੰਘ ਪੁੱਤਰ ਨੰਦ ਸਿੰਘ ਵਾਸੀ ਸ਼ਾਦੀਪੁਰ ਮੋਮੀਆਂ ਦੇ ਨਾਮ ਚੱਲਦਾ ਹੈ ਇਸਨੂੰ ਹਰੀ ਸਿੰਘ ਪੁੱਤਰ ਸੇਵਾ ਸਿੰਘ ਦੇ ਨਾਮ ਤਬਦੀਲ ਕੀਤਾ ਜਾ ਰਿਹਾ ਹੈ। ਅਗਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਵਿੱਚ ਪੇਸ਼ ਕਰੇ। ਸਹਾਇਕ ਇੰਜੀਨੀਅਰ ਸੰਚਾਲਨ ਪਾਵਰਕਾਮ ਸ਼ੁਤਰਾਣਾ।

ਬਲਜੀਤ ਕੌਰ ਪਤਨੀ ਹਰਚੰਦਸਿੰਘ ਜੇਜੀ ਚੂਲੜ ਕਲਾਂਐਚ-536ਦੇ ਨਾਮ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਰਤਨ ਲਾਲ ਪੁੱਤਰ ਸ਼ਿਵ ਚੰਦ ਸਿੰਗਲਾ ਜਾਖਲ ਰਕਬਾ ਚੂਲੜ ਕਲਾਂ ਦੇ ਨਾਮ ਬਦਲੀ ਕਰਨ ਦੀ ਅਰਜੀ ਆਈ ਹੈ ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ 15 ਦਿਨਾ ਵਿੱਚ ਕਰ ਸਕਦਾ ਹੈ ਵੱਲੋਂ:- ਐਸ.ਡੀ.ਓ ਪੰਜਾਬ ਰਾਜਪਾਵਰ ਕਾਰਪੋਰੇਸ਼ਨ ਲਿਮ: ਮੂਨਕ

ਮੈਂ, ਨਿਰਮਲ ਕਪੂਰ ਪਤਨੀ ਗਿਰੀਸ਼ ਕੁਮਾਰ ਕਪੂਰ ਵਾਸੀ ਮਕਾਨ ਨੰ: ਡਬਲਯੂ. ਐਲ 294, ਬਸਤੀ ਗੁਜਾਂ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਪੁੱਤਰ ਵਿਸ਼ਾਲ ਕਪੂਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਕੁੱਝ ਸਮੇਂ ਪਹਿਲਾਂ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਪੁੱਤਰ ਵਿਸ਼ਾਲ ਕਪੂਰ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਆਪਣੀ ਬੇਦਖਲੀ ਵਾਪਸ ਲੈਂਦੀ ਹਾਂ। ਸਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਸਤਨਾਮ ਸਿੰਘ ਪੁੱਤਰ ਸਰਦਾਰ ਸਿੰਘ ਵਾਸੀ ਪਿੰਡ ਦੋਰਾਂਗਲਾ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਪੁੱਤਰ ਸੰਦੀਪ ਸਿੰਘ ਅਤੇ ਉਸ ਦੀ ਪਤਨੀ ਰਾਜ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਵਾਰਿਸ ਮਸੀਹ ਪੁੱਤਰ ਲਾਲ ਮਸੀਹ ਵਾਸੀ ਪਿੰਡ ਕਰਾਲ, ਤਿੱਬੜੀ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਸਾਜਨ ਅਤੇ ਮੇਰੀ ਨੂੰਹ ਰੋਖਾ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਰਜੀਤ ਲਾਲ ਪੁੱਤਰ ਸਰਵਨ ਵਾਸੀ ਪਿੰਡ ਔਜਲਾ, ਫਿਲੌਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗਗਨਦੀਪ ਵਾਲੀਆ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਦਰਸ਼ਨ ਸਿੰਘ ਪੁੱਤਰ ਸਰੂਪ ਸਿੰਘ ਵਾਸੀ ਪਿੰਡ ਦਾਤੇਵਾਸ, ਜ਼ਿਲ੍ਹਾ ਮਾਨਸਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਮ੍ਰਿਤਪਾਲ ਸਿੰਘ ਉਰਫ ਬੱਬੀ ਅਤੇ ਮੇਰੀ ਨੂੰਹ ਪ੍ਰਿਤਪਾਲ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸਧੂ ਸਿੰਘ ਕੋਲੀ ਪੁੱਤਰ ਪਿਆਰਾ ਸਿੰਘ ਵਾਸੀ ਮਕਾਨ ਨੰ. 44/1 ਬਸਤੀ ਮਿੱਠੂ, ਗੁਰੂ ਅਰਜਨ ਨਗਰ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਰਣਜੀਤ ਸਿੰਘ ਉਰਫ ਰਾਜੂ ਅਤੇ ਉਸ ਦੀ ਪਤਨੀ ਜਸਵਿੰਦਰ ਕੌਰ ਉਰਫ ਸੋਨੂੰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ ਰਵੇਲ ਸਿੰਘ ਪੁੱਤਰ ਚਰਨ ਸਿੰਘ ਵਾਸੀ ਪਿੰਡ ਕਸੇਲ ਤਹਿਸੀਲ ਵਾ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੌਰਵਜੀਤ ਸਿੰਘ ਢਿਲੋ ਅਤੇ ਉਸਦੀ ਪਤਨੀ ਹਰਜੀਤ ਕੌਰ ਢਿਲੋ ਜੋ ਕਿ ਮੇਰੇ ਕਹਿਣੇ, ਸੁਨਣੇ ਤੋਂ ਬਾਹਰ ਹੈ, ਮਾੜੀ ਸੰਗਤ ਵਿਚ ਪੈ ਗਏ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਕਸ਼ਮੀਰ ਕੌਰ ਪਤਨੀ ਸ੍ਰ.ਰਵੇਲ ਸਿੰਘ ਵਾਸੀ ਪਿੰਡ ਕਸੇਲ ਤਹਿਸੀਲ ਵਾ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੌਰਵਜੀਤ ਸਿੰਘ ਢਿਲੋ ਅਤੇ ਉਸਦੀ ਪਤਨੀ ਹਰਜੀਤ ਕੌਰ ਢਿਲੋ ਜੋ ਕਿ ਮੇਰੇ ਕਹਿਣੇ,ਸੁਨਣੇ ਤੋਂ ਬਾਹਰ ਹੈ, ਮਾੜੀ ਸੰਗਤ ਵਿਚ ਪੈ ਗਏ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਗੌਰਵਜੀਤ ਸਿੰਘ ਢਿਲੋ ਪੁੱਤਰ ਸ੍ਰ.ਰਵੇਲ ਸਿੰਘ ਵਾਸੀ ਪਿੰਡ ਕਸੇਲ ਤਹਿਸੀਲ ਵਾ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਹਰਜੀਤ ਕੌਰ ਢਿਲੋ ਅਤੇ ਮੇਰੀ ਲੜਕੀ ਅੰਦਲੀਬ ਕੌਰ (9 ਸਾਲ) ਜੋ ਕਿ ਮੇਰੇ ਕਹਿਣੇ,ਸੁਨਣੇ ਤੋਂ ਬਾਹਰ ਹਨ, ਮਾੜੀ ਸੰਗਤ ਵਿਚ ਪੈ ਗਏ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦਾ ਮੈਂ ਜਿੰਮੇਵਾਰ ਨਹੀਂ ਹੋਵਾਂਗਾ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਰੇਸ਼ਮ ਸਿੰਘ ਪੁੱਤਰ ਸਰਦਾਰਾ ਸਿੰਘ ਵਾਸੀ ਪਿੰਡ ਕੋਠਾ, ਬਲਾਕ ਲੋਹੀਆਂ ਖਾਸ, ਤਹਿਸੀਲ ਸ਼ਾਹਕੋਟ, ਜਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮੰਗਾ ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮਨਮਰਜ਼ੀਆਂ ਕਰਦਾ ਹੈ, ਨੂੰ ਮੈਂ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦਾ ਹੁਣ ਸਾਡੇ ਨਾਲ ਕੋਈ ਤਾਲੁਕ ਵਾਸਤਾ ਨਹੀਂ ਅਤੇ ਉਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।

ਮੈ ਪੱਪੂ ਸਿੰਘ ਪੁੱਤਰ ਸਾਈਂ ਸਿੰਘ ਵਾਸੀ ਅਲਾਵਲਪੁਰ ਤਹਿਸੀਲ ਤੇ ਜ਼ਿਲ੍ਹਾ ਤਰਨਤਾਰਨ ਦਾ ਰਹਿਣ ਵਾਲਾ ਹਾਂ। ਮੇਰਾ ਲੜਕਾ ਲਵਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ।ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਮੈਂ ਸਵਿਤਾ ਪਤਨੀ ਕਿਰਨ ਵਾਲੀਆ ਵਾਸੀ ਮਕਾਨ ਨੰਬਰ 16/83, ਭਗਤ ਸਿੰਘ ਸਟਰੀਟ, ਕੋਪਰੇਟਿਵ ਬੈਂਕ ਦੇ ਨੇੜੇ, ਕਪੂਰਥਲਾ ਘੋਸ਼ਣਾ ਕਰਦੀ ਹਾਂ ਕਿ ਮੇਰਾ ਲੜਕਾ ਸੰਜੀਵ ਵਾਲੀਆ ਅਤੇ ਨੂੰਹ ਕਰੀਤੀ ਵਾਲੀਆ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਉਕਤ ਲੜਕੇ ਅਤੇ ਨੂੰਹ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

## Change of Name

I, Kamal Preet Singh Boparai S/o Harpiyar Singh R/o H.No. 23/19, Sunder Bagh Colony Jail Road, Gurdaspur, Tehsil/Distt. Gurdaspur, Pin-143521, Punjab, India, have changed my name from Kamal Preet Singh Boparai to Kamal Preet Singh.

I Balbir Kumari W/O Jagdish Singh R/O 75 Royal Estate, Old Phagwara Road, Near Pg And Park Gate No. 2, Kukar Pind, Nangal Karar Khan, Jalandhar Punjab-144024 Declare That I Have Changed My Name From Balbir Kumari To Balbir Kaur

## ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਹੜ੍ਹ ਪੀੜਤ ਇਲਾਕਿਆਂ 'ਚ ਰਾਹਤ ਸਮੱਗਰੀ ਵੰਡੀ



ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰਾਵੀ ਦਰਿਆ ਨਾਲ ਲਗਦੇ ਹਲਕਾ ਡੇਰਾ ਬਾਬਾ ਨਾਨਕ ਤੇ ਰਮਦਾਸ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਮੁੱਢਲੀਆਂ ਲੋੜਾਂ ਲਈ ਆਪ ਪਿੰਡਾਂ ਵਿਚ ਜਾ ਕੇ ਸ਼੍ਰੋਮਣੀ ਕਮੇਟੀ ਵੱਲੋਂ ਰਾਹਤ ਸਮੱਗਰੀ ਵੰਡੀ।ਇਨ੍ਹਾਂ ਇਲਾਕਿਆਂ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਾ ਸਾਹਿਬਾਨ ਵੱਲੋਂ ਲੰਗਰ ਅਤੇ ਜ਼ਰੂਰੀ ਵਸਤਾਂ ਦੀਆਂ ਸੇਵਾਵਾਂ ਜਿਥੇ ਪਹਿਲਾਂ ਹੀ ਲਗਾਤਾਰ ਜਾਰੀ ਹਨ, ਉਥੇ ਹੀ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਵਿਸ਼ੇਸ਼ ਤੌਰ 'ਤੇ ਹੜ੍ਹ ਪੀੜਤਾਂ ਦਾ ਦੁੱਖ ਵੰਡਾਉਣ ਲਈ ਆਏ ਸਨ ਅਤੇ ਉਨ੍ਹਾਂ ਨੇ ਚੱਲ ਰਹੀਆਂ ਸੇਵਾਵਾਂ ਦਾ ਜਾਇਜ਼ਾ ਲਿਆ।ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਤੋਂ ਡੇਰਾ ਬਾਬਾ ਨਾਨਕ ਹਲਕੇ ਲਈ ਅੱਜ ਭੇਜੀ ਰਾਹਤ ਸਮੱਗਰੀ ਵਿੱਚ 150 ਕੁਇੰਟਲ ਆਟਾ, 30 ਕੁਇੰਟਲ ਦਾਲਾਂ, 5000 ਪੇਟੀ ਪਾਣੀ ਅਤੇ ਹੋਰ ਜ਼ਰੂਰੀ ਵਸਤਾਂ ਸ਼ਾਮਲ ਸਨ।ਇਸੇ ਤਰ੍ਹਾਂ ਰਮਦਾਸ ਏਰੀਏ ਵਿੱਚ ਵੀ ਦੋ ਟਰੱਕ ਰਾਹਤ ਸਮੱਗਰੀ ਲੋਕਾਂ ਤੱਕ ਪਹੁੰਚਾਈ ਗਈ।ਇਸ ਮੌਕੇ ਮੀਡੀਏ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਦੇ ਹਾਲਾਤ ਤਰਸਯੋਗ ਬਣੇ ਹੋਏ ਹਨ।ਉਨ੍ਹਾਂ ਕਿਹਾ ਕਿ ਪਹਿਲਾਂ ਹੀ ਵੱਖ-ਵੱਖ ਗੁਰਦੁਆਰਾ ਸਾਹਿਬਾਨ ਅੰਦਰ ਰਿਹਾਇਸ਼, ਲੰਗਰ ਅਤੇ ਹੋਰ ਲੋੜੀਂਦੇ ਪ੍ਰਬੰਧ ਕੀਤੇ ਗਏ ਸਨ ਅਤੇ ਹੁਣ ਸ਼੍ਰੋਮਣੀ ਕਮੇਟੀ ਮੁਲਾਜ਼ਮ ਪੀੜਤਾਂ ਤੱਕ ਪਹੁੰਚ ਕੇ ਸੇਵਾਵਾਂ ਨਿਭਾ ਰਹੇ ਹਨ।ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਲੋੜ ਅਨੁਸਾਰ ਨੇੜਲੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨਾਲ ਸਹਾਇਤਾ ਲਈ ਸੰਪਰਕ ਕਰਨ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਹਲਕਾ ਇੰਚਾਰਜ ਜਥੇਦਾਰ ਸੁੱਚਾ ਸਿੰਘ ਲੰਗਾਹ, ਸ਼੍ਰੋਮਣੀ ਕਮੇਟੀ ਮੈਂਬਰ ਤੇ ਹਲਕਾ ਇੰਚਾਰਜ ਜੋਧ ਸਿੰਘ ਸਮਰਾ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## Change of Name

I Baljinder Kaur W/O Verinder Singh R/O Vill Salopur, PO Chak Sharif, Distt. Gurdaspur Have Changed My Name To Kaur As Surname And Baljinder As Given name.

I Baljinder Kaur W/O Verinder Singh R/O Vill Salopur, PO Chak Sharif Distt Gurdaspur Have Changed My Minor Son's Name To Singh As Surname And Mankirat As Given name.

I, Arpan W/o Manoj Kumar R/o Gali Kaselian Wali Ward No.14, Tarn Taran-143401 have changed my name from Arpan to Arpan Juneja

**Bandhan Bank**

ਬੰਧਨ ਬੈਂਕ ਲਿਮਟਿਡ
ਸੀਆਈਐਨ: L67190WB2014PLC204622
ਪੰਜੀਕ੍ਰਿਤ ਦਫਤਰ:
ਡੀਐਨ 32, ਸੈਕ-V, ਸਾਲਟ ਲੇਕ ਸਿਟੀ, ਕੋਲਕਾਤਾ-700091

ਅੰਤਿਕਾ IV-ਏ,
[ਪ੍ਰਾਵਧਾਨ ਨਿਯਮ 8(6) ਦੇਖੋ]

### ਅਚੱਲ ਸੰਪੱਤੀ ਦੀ ਵਿਕਰੀ ਲਈ ਵਿਕਰੀ ਨੋਟਿਸ

ਸੁਰੱਖਿਆ ਹਿੱਤ (ਲਾਗੂਕਰਨ) ਨਿਯਮਾਂ, 2002 ਦੇ ਨਿਯਮ 8 (6) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ-ਨਿਰਮਾਣ ਅਤੇ ਸੁਰੱਖਿਆ ਹਿੱਤ ਅਧਿਨਿਯਮ, 2002 ਦੇ ਲਾਗੂਕਰਨ ਦੇ ਤਹਿਤ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ

ਇਸ ਦੁਆਰਾ ਆਮ ਤੌਰ ਤੇ ਜਨਤਾ ਨੂੰ ਅਤੇ ਖਾਸ ਕਰਕੇ ਉਧਾਰਕਰਤਾ(ਵਾਂ) ਅਤੇ ਗਰੰਟਰ(ਰਾਂ) ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਹੇਠਾਂ ਦੱਸੀਆਂ ਗਈਆਂ ਅਚੱਲ ਸੰਪੱਤੀਆਂ ਜੋ ਬੰਧਨ ਬੈਂਕ (ਸੁਰੱਖਿਅਤ ਲੈਣਦਾਰ) ਕੋਲ ਗਿਰਵੀ ਰੱਖੀਆਂ ਗਈਆਂ/ਪਈਆਂ ਹੋਈਆਂ ਹਨ, ਜਿਨ੍ਹਾਂ ਦਾ ਭੌਤਿਕ ਕਬਜ਼ਾ ਸੁਰੱਖਿਅਤ ਲੈਣਦਾਰ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, **ਸਤੰਬਰ 16, 2025** ਨੂੰ ਜਿਵੇਂ ਹੈ ਜਿੱਥੇ ਹੈ, 'ਜਿਵੇਂ ਹੈ ਜੋ ਹੈ', ਅਤੇ 'ਜੋ ਕੁਝ ਵੀ ਹੈ' ਦੇ ਅਧਾਰ ਤੇ ਵੇਚੀਆਂ ਜਾਣਗੀਆਂ। ਜ਼ਰੂਰੀ ਵੇਰਵੇ ਇਸ ਵਿੱਚ ਹੇਠਾਂ ਉੱਲੇਖ ਕੀਤੇ ਮੁਤਾਬਕ ਹਨ:-

| ਲੋਨ ਖਾਤਾ ਨੰਬਰ | ਉਧਾਰਕਰਤਾ/ਗਰੰਟਰ(ਰਾਂ)/ਗਿਰਵੀ ਰੱਖਣ ਵਾਲੇ ਦਾ(ਦੇ) ਨਾਮ ਅਤੇ ਪਤਾ | ਹੇਠ ਦਿੱਤੀ ਮਿਤੀ ਮੁਤਾਬਕ ਕੁੱਲ ਬਕਾਇਆ ਦੇਣਦਾਰੀ (₹) | ਅਚੱਲ ਸੰਪੱਤੀਆਂ ਦਾ ਵਿਵਰਣ |
|---|---|---|---|
| 68230000002600 (ਓਵਰਡ੍ਰਾਫਟ) ਅਤੇ 9016812232730017 (ਕੰਮਕਾਜੀ ਪੂੰਜੀ ਟਰਮ ਲੋਨ ਜੀਈਸੀਐਲ) | 1. **ਮੈਸਰਜ਼ ਬੰਟੀ ਕਰਿਆਨਾ ਸਟੋਰ (ਉਧਾਰਕਰਤਾ)** 0, ਭਾਰਤ ਬਾਕਸ ਫੈਕਟਰੀ ਦੇ ਸਾਮ੍ਹਣੇ, ਭਾਮੀਆ ਕਲਾਂ, ਲੁਧਿਆਣਾ, ਪੰਜਾਬ-141015<br>2. **ਸ਼੍ਰੀਮਾਨ ਵਿਨੇ ਕੁਮਾਰ (ਮਾਲਕ/ਗਰੰਟਰ/ਗਿਰਵੀ ਰੱਖਣ ਵਾਲਾ)** ਪੁੱਤਰ, ਸੱਜਣ ਕੁਮਾਰ, ਮਕਾਨ ਨੰ.156, ਜੈਨ ਵਿਲਾ, ਭਾਮੀਆਂ ਖੁਰਦ, ਲੁਧਿਆਣਾ, ਪੰਜਾਬ-141015<br>3. **ਸ਼੍ਰੀਮਾਨ ਵੇਦ ਪ੍ਰਕਾਸ਼ (ਗਰੰਟਰ/ਗਿਰਵੀ ਰੱਖਣ ਵਾਲਾ)** ਪੁੱਤਰ, ਰਾਧਾ ਕ੍ਰਿਸ਼ਨ, ਮਕਾਨ ਨੰ.156, ਜੈਨ ਵਿਲਾ, ਭਾਮੀਆਂ ਖੁਰਦ, ਲੁਧਿਆਣਾ, ਪੰਜਾਬ-141015<br>4. **ਸ਼੍ਰੀਮਤੀ ਸਰਿਤਾ ਜੈਨ (ਗਰੰਟਰ)** ਪਤਨੀ, ਵਿਨੇ ਕੁਮਾਰ, ਮਕਾਨ ਨੰ.156, ਜੈਨ ਵਿਲਾ, ਭਾਮੀਆਂ ਖੁਰਦ, ਲੁਧਿਆਣਾ, ਪੰਜਾਬ-141015 | **ਸਤੰਬਰ 22, 2024 ਤੱਕ ₹1,60,81,662.00** | 157 ਵਰਗ ਗਜ਼ ਦੇ ਮਾਪ ਦੀ ਸਵੈ-ਕਬਜੇ ਵਾਲੀ ਵਪਾਰਕ ਸੰਪੱਤੀ, ਭਾਮੀਆਂ ਕਲਾਂ, ਤਾਜਪੁਰ ਰੋਡ, ਲੁਧਿਆਣਾ, ਪੰਜਾਬ-141015, ਜੋ ਹੇਠ ਲਿਖੇ ਵੇਰਵੇ ਦੇ ਨਾਲ ਸ਼੍ਰੀਮਾਨ ਵੇਦ ਪ੍ਰਕਾਸ਼ ਅਤੇ ਸ਼੍ਰੀਮਾਨ ਵਿਨੇ ਕੁਮਾਰ ਦੀ ਮਲਕੀਅਤ ਹੈ :<br>**ਸੰਪੱਤੀ 1** : ਪਿੰਡ ਭਾਮੀਆਂ ਕਲਾਂ, ਲੁਧਿਆਣਾ ਵਿੱਚ ਸਥਿਤ 50 ਵਰਗ ਗਜ਼ ਦੇ ਮਾਪ ਦੇ ਪਲਾਟ ਤੇ ਬਣੀ ਸੰਪੱਤੀ ਅਤੇ ਇਸ ਵਿੱਚ ਪਿੰਡ ਭਾਮੀਆਂ ਕਲਾਂ ਹਦਬਸਤ ਨੰ.181 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਦੀ ਸਾਲ 2003-2004 ਦੀ ਜਮ੍ਹਾਂਬੰਦੀ ਵਿੱਚ ਦਰਜ ਕੀਤੇ ਜਾਣ ਵਜੋਂ ਖਾਤਾ ਨੰ.183/189 ਤੋਂ 190/1, 187/194, 195 ਖਸਰਾ ਨੰ.32//2/1, 22, 9, 12, 33//5/2, 7/1, 14/2, 15, 16, 17/1, 32//19, 20, 21, 33//24/2, 25, 37//13, 6, 7/1 ਸ਼ਾਮਲ ਹਨ। **ਸੀਮਾਵਾਂ**: ਪੂਰਬ: ਵੇਚਣ ਵਾਲਾ, 25'0" ਤੱਕ, ਪੱਛਮ: ਵੇਚਣ ਵਾਲਾ, 25'0" ਤੱਕ, ਉੱਤਰ: ਰਸਤਾ; 18'0" ਤੱਕ, ਦੱਖਣ: ਗੁਆਂਢੀ, 18'0" ਤੱਕ 2007 ਦਾ ਵਿਕਰੀ ਡੀਡ ਨੰ. 5495.<br>**ਸੰਪੱਤੀ 2** : ਪਿੰਡ ਭਾਮੀਆਂ ਕਲਾਂ, ਲੁਧਿਆਣਾ ਵਿੱਚ ਸਥਿਤ 82 ਵਰਗ ਗਜ਼ ਦੇ ਮਾਪ ਦੇ ਪਲਾਟ ਤੇ ਬਣੀ ਸੰਪੱਤੀ ਅਤੇ ਇਸ ਵਿੱਚ ਪਿੰਡ ਭਾਮੀਆਂ ਕਲਾਂ ਹਦਬਸਤ ਨੰ.181 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਦੀ ਸਾਲ 2003-2004 ਦੀ ਜਮ੍ਹਾਂਬੰਦੀ ਵਿੱਚ ਦਰਜ ਕੀਤੇ ਜਾਣ ਵਜੋਂ ਖਾਤਾ ਨੰ.183/189 ਤੋਂ 190/1, 187/194, 195 ਖਸਰਾ ਨੰਬਰ 32//2/1, 22, 9, 12, 33//5/2, 7/1, 14/2, 15, 16, 17/1, 32//19, 20, 21, 33//24/2, 25, 37//13, 6, 7/1 ਸ਼ਾਮਲ ਹਨ। **ਸੀਮਾਵਾਂ**: ਪੂਰਬ: ਸੜਕ 40' ਚੌੜੀ, 30'0" ਤੱਕ, ਪੱਛਮ: ਗੁਆਂਢੀ, 20'0" ਤੱਕ, ਉੱਤਰ: ਪਲਵਿੰਦਰ ਸਿੰਘ, 30'0" ਤੱਕ, ਦੱਖਣ: ਗੁਆਂਢੀ, 30'0" ਤੱਕ 2007 ਦਾ ਵਿਕਰੀ ਡੀਡ ਨੰ. 11090.<br>**ਸੰਪੱਤੀ 3** : ਪਿੰਡ ਭਾਮੀਆਂ ਕਲਾਂ, ਲੁਧਿਆਣਾ ਵਿੱਚ ਸਥਿਤ 25 ਵਰਗ ਗਜ਼ ਦੇ ਮਾਪ ਦੀ ਦੁਕਾਨ ਦੀ ਸੰਪੱਤੀ ਅਤੇ ਇਸ ਵਿੱਚ ਪਿੰਡ ਭਾਮੀਆਂ ਕਲਾਂ ਹਦਬਸਤ ਨੰ.181 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਦੀ ਸਾਲ 2003-2004 ਦੀ ਜਮ੍ਹਾਂਬੰਦੀ ਵਿੱਚ ਦਰਜ ਕੀਤੇ ਜਾਣ ਵਜੋਂ ਖਾਤਾ ਨੰ.183/189 ਤੋਂ 190/1, 187/194, 195 ਖਸਰਾ ਨੰ.32//2/1, 22, 9, 12, 33//5/2, 7/1, 14/2, 15, 16, 17/1, 32//19, 20, 21, 33//24/2, 25, 37//13, 6, 7/1 ਸ਼ਾਮਲ ਹਨ। **ਸੀਮਾਵਾਂ**: ਪੂਰਬ: ਸੜਕ 40' ਚੌੜੀ, 25'0" ਤੱਕ, ਪੱਛਮ: ਵੇਦ ਪ੍ਰਕਾਸ਼, 25'0" ਤੱਕ, ਉੱਤਰ: ਸੜਕ, 9'0" ਤੱਕ, ਦੱਖਣ: ਗੁਆਂਢੀ, 9'0" ਤੱਕ 2009 ਦਾ ਵਿਕਰੀ ਡੀਡ ਨੰ. 3970. |

ਜ਼ਰੂਰੀ ਵੇਰਵਾ ਅਤੇ ਨਿਲਾਮੀ ਦੀ ਅਨੁਸੂਚੀ ਇਸ ਵਿੱਚ ਹੇਠਾਂ ਦੱਸੇ ਮੁਤਾਬਕ ਹੈ:

| ਉਧਾਰਕਰਤਾ ਦਾ ਨਾਮ | ਰਿਜ਼ਰਵ ਕੀਮਤ/ਕਮਾਏ ਪੈਸੇ ਦਾ ਡਿਪਾਜ਼ਿਟ(₹ ਵਿੱਚ) |
|---|---|
| ਮੈਸਰਜ਼ ਬੰਟੀ ਕਰਿਆਨਾ ਸਟੋਰ | ਰਿਜ਼ਰਵ ਕੀਮਤ **₹1,20,02,940 ਰੁਪਏ ਹੋਵੇਗੀ (ਸਿਰਫ ਇੱਕ ਕਰੋੜ ਵੀਹ ਲੱਖ ਦੋ ਹਜ਼ਾਰ ਨੌਂ ਸੌ ਚਾਲੀ ਰੁਪਏ)** |
| | ਅਰਨੈਸਟ ਮਨੀ ਡਿਪਾਜ਼ਿਟ - ਰਿਜ਼ਰਵ ਕੀਮਤ ਦਾ 10% **₹12,00,294 ਰੁਪਏ (ਸਿਰਫ ਬਾਰਾਂ ਲੱਖ ਦੋ ਸੌ ਚੁਰਾਨਵੇਂ ਰੁਪਏ)** ਹੋਵੇਗਾ ਜੋ ਕਿ ਕੋਲਕਾਤਾ ਵਿਖੇ/ਐਟ ਪਾਰ ਭੁਗਤਾਨਯੋਗ **"Bandhan Bank Ltd."** ਦੇ ਹੱਕ ਵਿੱਚ ਡੀਡੀ ਰਾਹੀਂ ਜਮ੍ਹਾਂ ਕੀਤਾ ਜਾਣਾ ਚਾਹੀਦਾ ਹੈ। |
| | ਬੰਧਨ ਬੈਂਕ ਲਿ. ਲਈ ਗਿਆਤ, ਕਿਸੇ ਵੀ ਤਰ੍ਹਾਂ ਦੇ ਰਿਣਭਾਰ ਦੇ ਵੇਰਵੇ, ਜਿਸ ਦੇ ਪ੍ਰਤੀ ਸੰਪੱਤੀ ਦੇਣਦਾਰ ਹੈ: ਸਿਫਰ |
| **ਨਿਲਾਮੀ ਦੀ ਅਨੁਸੂਚੀ ਦੇ ਵੇਰਵੇ** | |
| ਸੰਪੱਤੀ ਦੇ ਭੌਤਿਕ ਨਿਰੀਖਣ ਦੀ ਮਿਤੀ ਅਤੇ ਸਮਾਂ | **ਸਤੰਬਰ 8, 2025 ਤੋਂ ਸਤੰਬਰ 9, 2025** ਨੂੰ ਸਵੇਰੇ 11:00 ਵਜੇ ਤੋਂ ਦੁਪਹਿਰ 3:00 ਵਜੇ ਤੱਕ, ਅਧਿਕਾਰਤ ਅਧਿਕਾਰੀ ਨਾਲ ਸੰਪਰਕ ਕਰਕੇ ਪਹਿਲਾਂ ਤੋਂ ਮੁਲਾਕਾਤ ਨਿਰਧਾਰਤ ਕਰਨ ਦੇ ਅਧੀਨ |
| ਬੋਲੀ ਜਮ੍ਹਾਂ ਕਰਨ ਦੀ ਆਖਿਰੀ ਮਿਤੀ, ਸਮਾਂ ਅਤੇ ਸਥਾਨ | **ਸਤੰਬਰ 15, 2025** ਤੱਕ, ਵੱਧ ਤੋਂ ਵੱਧ ਸ਼ਾਮ 4:00 ਵਜੇ ਤੱਕ 12ਵੀਂ ਮੰਜ਼ਿਲ, ਐਡਵੈਂਟਜ਼ ਇੰਫਿਨਿਟੀ, ਬੀਐਨ-5, ਸੈਕਟਰ V, ਸਾਲਟ ਲੇਕ ਸਿਟੀ, ਕੋਲਕਾਤਾ, ਪੱਛਮ ਬੰਗਾਲ 700091 ਤੇ ਅਧਿਕਾਰਤ ਅਧਿਕਾਰੀ, ਬੰਧਨ ਬੈਂਕ ਲਿ. ਨੂੰ ਸੰਬੋਧਿਤ ਕੀਤਾ ਜਾਵੇਗਾ। |
| ਜਨਤਕ ਨਿਲਾਮੀ (ਈ-ਨਿਲਾਮੀ) ਲਈ ਮਿਤੀ, ਸਮਾਂ ਅਤੇ ਸਥਾਨ | **ਸਤੰਬਰ 16, 2025** ਨੂੰ, ਦੁਪਹਿਰ 3:00 ਵਜੇ ਤੋਂ ਸ਼ਾਮ 4:00 ਵਜੇ ਤੱਕ, ਵੈਬ ਪੋਰਟਲ ਤੇ 5 ਮਿੰਟ ਦੇ ਅਸੀਮਿਤ ਐਕਸਟੈਂਸ਼ਨ ਦੇ ਨਾਲ, ਜਿਸ ਵਿੱਚ ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ-ਪੱਤਰ ਆਦਿ ਸ਼ਾਮਲ ਹਨ, ਹੇਠਾਂ ਦੱਸੇ ਮੁਤਾਬਕ ਸੇਵਾ ਪ੍ਰਦਾਤਾ ਦੀ ਵੈਬਸਾਈਟ ਤੇ ਉਪਲਬਧ ਹਨ। |
| ਬੋਲੀ ਵਿੱਚ ਵਾਧਾ ਰਕਮ (₹ ਵਿੱਚ) | ₹5,000 (ਸਿਰਫ ਪੰਜ ਹਜ਼ਾਰ ਰੁਪਏ) |

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਬੈਂਕ/ਸੁਰੱਖਿਅਤ ਲੈਣਦਾਰ ਦੀ ਵੈਬਸਾਈਟ: **https://bandhanbank.com,** ਅਤੇ ਬੈਂਕ ਦੇ ਮਨਜ਼ੂਰਸ਼ੁਦਾ ਸੇਵਾ ਪ੍ਰਦਾਤਾ **ਮੈਸਰਜ਼ ਈ-ਪ੍ਰੋਕਿਊਰਮੈਂਟ ਟੈਕਨੋਲੋਜੀਜ਼ ਲਿਮਟਿਡ (ਆਕਸ਼ਨਟਾਈਗਰ) ਦੇ ਵੈਬ ਪੋਰਟਲ: https://sarfaesi.auctiontiger.net/EPROC/**ਤੇ ਦਿੱਤੇ ਗਏ ਲਿੰਕ ਨੂੰ ਵੇਖੋ।

ਇਹ ਨਿਲਾਮੀ ਬੈਂਕ ਦੇ ਮਨਜ਼ੂਰਸ਼ੁਦਾ ਸੇਵਾ ਪ੍ਰਦਾਤਾ **ਮੈਸਰਜ਼ ਈ-ਪ੍ਰੋਕਿਊਰਮੈਂਟ ਟੈਕਨੋਲੋਜੀਜ਼ ਲਿਮਟਿਡ (ਆਕਸ਼ਨਟਾਈਗਰ) ਦੁਆਰਾ ਉਨ੍ਹਾਂ ਦੇ ਵੈਬ ਪੋਰਟਲ: https://sarfaesi.auctiontiger.net/EPROC/**ਰਾਹੀਂ ਆਨਲਾਈਨ ਕੀਤੀ ਜਾਵੇਗੀ।

ਕਿਸੇ ਵੀ ਹੋਰ ਸਹਾਇਤਾ ਲਈ, ਜਿਵੇਂ ਕਿ ਇੱਛੁਕ ਬੋਲੀਕਾਰਾਂ ਦੁਆਰਾ ਨਿਲਾਮੀ ਅਧੀਨ ਸੰਪੱਤੀ ਦਾ ਨਿਰੀਖਣ, ਉਹ ਬੈਂਕ ਦੇ ਅਧਿਕਾਰਤ ਅਧਿਕਾਰੀ ਸ਼੍ਰੀਮਾਨ **ਗੌਰਵ ਮਿਸ਼ਰਾ (ਮੋਬਾਈਲ: 7080014353)** ਨਾਲ ਕੰਮਕਾਜੀ ਦਿਨਾਂ ਦੇ ਦਫਤਰੀ ਸਮੇਂ ਦੇ ਦੌਰਾਨ ਸਵੇਰੇ 9:00 ਵਜੇ ਤੋਂ ਦੁਪਹਿਰ 3:30 ਵਜੇ ਤੱਕ ਸੰਪਰਕ ਕਰ ਸਕਦੇ ਹਨ।

ਇਸ ਨੋਟਿਸ ਨੂੰ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਪ੍ਰਾਵਧਾਨ ਨਿਯਮ 8(6) ਦੇ ਤਹਿਤ ਉਧਾਰਕਰਤਾਵਾਂ ਨੂੰ 15 ਦਿਨਾਂ ਦਾ ਨੋਟਿਸ ਮੰਨਿਆ ਜਾਣਾ ਚਾਹੀਦਾ ਹੈ।

ਮਿਤੀ: ਅਗਸਤ 31, 2025
ਸਥਾਨ: ਲੁਧਿਆਣਾ, ਪੰਜਾਬ

ਹਸਤਾਖਰਕਰਤਾ/-
ਅਧਿਕਾਰਤ ਅਧਿਕਾਰੀ,
ਬੰਧਨ ਬੈਂਕ ਲਿਮਟਿਡ

# ATAM VALVES LIMITED

Regd Off:1051, INDUSTRIAL AREA, JALANDHAR, PUNJAB
Ph. No : +91 181 5001111,CIN:L27109PB1985PLC006476, Email ID:cs@atamfebi.com, Website: www.atamvalves.in

## 40ਵੀਂ ਸਾਲਾਨਾ ਜਨਰਲ ਮੀਟਿੰਗ ਦਾ ਨੋਟਿਸ

ਨੋਟਿਸ ਦਿੱਤਾ ਜਾਂਦਾ ਹੈ ਕਿ ਕੰਪਨੀ ਦੀ 40ਵੀਂ ਸਾਲਾਨਾ ਜਨਰਲ ਮੀਟਿੰਗ ("ਏ ਜੀ ਐੱਮ") ਵੀਰਵਾਰ 25 ਸਤੰਬਰ 2025 ਨੂੰ ਦੁਪਹਿਰ 01.00 ਵਜੇ (ਭਾਰਤੀ ਸਮੇਂ ਅਨੁਸਾਰ) ਇਲੈਕਟ੍ਰਾਨਿਕ ਮੋਡ, ਜੋ ਕਿ ਵੀਡੀਓ ਕਾਨਫਰੰਸ ਜਾਂ ਹੋਰ ਆਡੀਓ ਵਿਜ਼ੂਅਲ ਮੀਨਜ਼ ("ਵੀ ਸੀ/ਓ ਏ ਵੀ ਐੱਮ") ਰਾਹੀਂ ਏ ਜੀ ਐੱਮ ਦੇ ਸੱਦੇ ਨੋਟਿਸ 'ਚ ਉਲੇਖ ਕਾਰੋਬਾਰ ਦੇ ਨਿਪਟਾਰੇ ਲਈ ਕੀਤੀ ਜਾਵੇਗੀ। ਕਾਰਪੋਰੇਟ ਮਾਮਲੇ ਮੰਤਰਾਲਾ ਵੱਲੋਂ ਜਾਰੀ ਸਰਕੂਲਰ ("ਐੱਮ ਸੀ ਏ ਸਰਕੂਲਰਜ਼") ਅਨੁਸਾਰ ਏ ਜੀ ਐੱਮ ਇਲੈਕਟ੍ਰਾਨਿਕ ਮੋਡ ਰਾਹੀਂ ਕੀਤੀ ਜਾਵੇਗੀ।

ਐੱਮ ਸੀ ਏ ਸਰਕੂਲਰਜ਼ ਅਤੇ ਸੇਬੀ ਸਰਕੂਲਰ, ਕੰਪਨੀਜ਼ ਐਕਟ, 2013 ਦੀਆਂ ਢੁਕਵੀਆਂ ਵਿਵਸਥਾਵਾਂ ਮੁਤਾਬਕ ਅਤੇ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨ 2015 ਦੀ ਪਾਲਣਾ ਵਿੱਚ 40ਵੀਂ ਏ ਜੀ ਐੱਮ ਦਾ ਨੋਟਿਸ ਵਿੱਤੀ ਵਰ੍ਹੇ 2024-2025 ਦੀ ਸਾਲਾਨਾ ਰਿਪੋਰਟ ਕੇਵਲ ਇਲੈਕਟ੍ਰਾਨਿਕ ਮੋਡ 'ਚ ਉਨ੍ਹਾਂ ਮੈਂਬਰਾਂ ਨੂੰ ਭੇਜਿਆ ਜਾਵੇਗਾ, ਜਿਨ੍ਹਾਂ ਦੇ ਈਮੇਲ ਪਤੇ ਕੰਪਨੀ/ਰਜਿਸਟਰਾਰ ਅਤੇ ਸ਼ੇਅਰ ਟਰਾਂਸਫਰ ਏਜੰਟ ("ਆਰ ਟੀ ਏ") ਜਾਂ ਡਿਪਾਜ਼ਟਰੀ ਪਾਰਟੀਸੀਪੈਂਟ ("ਡੀ ਪੀ")/ਡਿਪਾਜ਼ਟਰੀ ਕੋਲ ਰਜਿਸਟਰਡ ਹੋਣਗੇ।

ਨੋਟਿਸ ਪ੍ਰਾਪਤ ਹੋਣ ਅਤੇ ਇਲੈਕਟ੍ਰਾਨਿਕ ਮੋਡ ਰਾਹੀਂ ਰਿਪੋਰਟ ਪ੍ਰਾਪਤ ਕਰਨ ਦੇ ਸੀਮਤ ਮੰਤਵ ਲਈ ਜੇਕਰ ਡਿਪਾਜ਼ਟਰੀ ਪਾਰਟੀਸੀਪੈਂਟਸ (ਡੀ ਪੀਜ਼) ਕੰਪਨੀ/ਆਰ ਟੀ ਏ ਕੋਲ ਰਜਿਸਟਰਡ ਨਹੀਂ ਕਰਵਾਏ, ਉਹ ਕੰਪਨੀ ਨੂੰ cs@atamfebi.com 'ਤੇ ਈਮੇਲ ਭੇਜ ਕੇ ਆਪਣੀਆਂ ਈਮੇਲ ਆਈਡੀਜ਼ ਰਜਿਸਟਰਡ ਕਰਵਾਉਣ।

ਵਿੱਤੀ ਵਰ੍ਹੇ 2024-2025 ਦੀ ਸਾਲਾਨਾ ਰਿਪੋਰਟ ਲਈ ਵੈੱਬ ਲਿੰਕ ਤੇ ਪਤਾ ਉਨ੍ਹਾਂ ਸ਼ੇਅਰ ਧਾਰਕਾਂ ਨੂੰ ਭੇਜਿਆ ਜਾਵੇਗਾ, ਜਿਨ੍ਹਾਂ ਨੇ ਅਜੇ ਤੱਕ ਆਪਣੇ ਈਮੇਲ ਪਤੇ ਕੰਪਨੀ/ਡਿਪਾਜ਼ਟਰੀਜ਼ ਕੋਲ ਜਮ੍ਹਾਂ ਨਹੀਂ ਕਰਵਾਏ।

ਡੀਮਟੀਰੇਲਾਈਜ਼ਡ ਫਾਰਮ 'ਚ ਸ਼ੇਅਰ ਹੋਣ ਦੀ ਸੂਰਤ 'ਚ ਜਿਨ੍ਹਾਂ ਮੈਂਬਰਾਂ ਨੇ ਆਪਣੇ ਈਮੇਲ ਪਤੇ ਅਜੇ ਰਜਿਸਟਰਡ ਨਹੀਂ ਕਰਵਾਏ, ਨੂੰ ਉਨ੍ਹਾਂ ਦੇ ਡੀਪੀਜ਼ ਕੋਲ ਰਜਿਸਟਰਡ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ।

**ਲਾਭਅੰਸ਼ ਅਤੇ ਇਸ 'ਤੇ ਅਦਾਇਗੀ ਲਈ ਰਿਕਾਰਡ ਮਿਤੀ :**

(ਏ) ਸ਼ੇਅਰ ਧਾਰਕ ਨੋਟ ਕਰਨ ਕਿ 26 ਮਈ 2025 ਨੂੰ ਬੋਰਡ ਦੇ ਡਾਇਰੈਕਟਰਾਂ ਦੀ ਮੀਟਿੰਗ 'ਚ 31 ਮਾਰਚ 2025 ਨੂੰ ਖਤਮ ਹੋਏ ਵਿੱਤੀ ਵਰ੍ਹੇ ਲਈ ਰੁਪਏ 0.85/- ਪ੍ਰਤੀ ਇਕੁਇਟੀ ਸ਼ੇਅਰ ਅੰਤਮ ਲਾਭਅੰਸ਼ ਦੀ ਸਿਫਾਰਸ਼ ਕੀਤੀ ਗਈ ਸੀ। ਅੰਤਮ ਲਾਭਅੰਸ਼ ਦੇ ਮੰਤਵ ਲਈ ਰਿਕਾਰਡ ਮਿਤੀ 18 ਸਤੰਬਰ 2025 ਹੈ।

ਏ ਜੀ ਐੱਮ ਲਈ ਅੰਤਮ ਲਾਭਅੰਸ਼, ਜੋ ਸ਼ੇਅਰਧਾਰਕਾਂ ਵੱਲੋਂ ਇੱਕ ਵਾਰ ਮਨਜ਼ੂਰ ਕਰ ਲਿਆ, 25 ਅਕਤੂਬਰ ਨੂੰ ਜਾਂ ਪਹਿਲਾਂ ਕਈ ਢੰਗਾਂ ਰਾਹੀਂ ਮੁਹੱਈਆ ਕਰਵਾਇਆ ਜਾਵੇਗਾ। ਲਾਭਅੰਸ਼ ਦੀ ਦੇਰੀ ਤੋਂ ਬਚਣ ਲਈ ਸ਼ੇਅਰ ਧਾਰਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਲਾਭਅੰਸ਼ ਨੂੰ ਸਿੱਧਿਆਂ ਆਪਣੇ ਬੈਂਕ ਖਾਤੇ 'ਚ ਪ੍ਰਾਪਤ ਕਰਨ ਲਈ ਅਦਾਇਗੀ ਮਿਤੀ 'ਤੇ ਪ੍ਰਾਪਤ ਕਰਨ ਲਈ ਆਪਣੇ ਡਿਪਾਜ਼ਟਰੀਜ਼ ਕੋਲ ਆਪਣੀ ਕੇ ਵਾਈ ਸੀ ਅਪਡੇਟ ਕਰਵਾਉਣ।

(ਬੀ) ਸ਼ੇਅਰ ਧਾਰਕਾਂ ਨੂੰ ਆਪਣੇ ਡਿਪਾਜ਼ਟਰੀ ਪਾਰਟੀਸੀਪੈਂਟਸ (ਡੀਪੀਜ਼) ਕੋਲ ਆਪਣੇ ਪਤੇ 'ਚ ਤਬਦੀਲੀ ਜਾਂ ਬੈਂਕ ਵੇਰਵਿਆਂ ਲਈ ਅਪਡੇਟ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ।

ਏ ਜੀ ਐੱਮ ਦਾ ਨੋਟਿਸ ਅਤੇ ਵਿੱਤੀ ਵਰ੍ਹੇ 2024-2025 ਦੀ ਸਾਲਾਨਾ ਰਿਪੋਰਟ ਕੰਪਨੀ ਦੀ ਵੈੱਬਸਾਈਟ www. atamvalves.in ਜਾਂ ਬੀ ਐੱਸ ਈ ਲਿਮਟਿਡ ਦੀ ਵੈੱਬਸਾਈਟ www. bseindia.com ਅਤੇ ਨੈਸ਼ਨਲ ਸਟਾਕ ਐਕਸਚੇਂਜ ਆਫ ਇੰਡੀਆ ਲਿਮਟਿਡ ਦੀ ਵੈੱਬਸਾਈਟ www. nseindia.com 'ਤੇ ਉਪਲੱਬਧ ਹੈ, ਨੋਟਿਸ ਸੀ ਡੀ ਐੱਸ ਐੱਲ ਦੀ ਵੈੱਬਸਾਈਟ www. evotingindia.com 'ਤੇ ਵੀ ਉਪਲੱਬਧ ਹੈ।

ਮੈਂਬਰ ਏ ਜੀ ਐੱਮ 'ਚ ਕੇਵਲ ਵੀ ਸੀ/ਓ ਵੀ ਏ ਐੱਮ ਰਾਹੀਂ ਹੀ ਸ਼ਾਮਲ ਹੋ ਸਕਦੇ ਹਨ।

ਵੀ ਸੀ/ਓ ਵੀ ਏ ਐੱਮ ਰਾਹੀਂ ਏ ਜੀ ਐੱਮ 'ਚ ਸ਼ਾਮਲ ਹੋਣ ਦੀ ਵਿਧੀ ਅਤੇ ਹਦਾਇਤਾਂ ਨੋਟਿਸ 'ਚ ਦੱਸੀਆਂ ਗਈਆਂ ਹਨ।

ਏ ਜੀ ਐੱਮ ਦੌਰਾਨ ਸਾਰੇ ਮੈਂਬਰਾਂ (ਮੈਂਬਰ, ਜਿਨ੍ਹਾਂ ਦੇ ਈ-ਮੇਲ ਪਤੇ ਡੀਪੀਜ਼/ਕੰਪਨੀ/ਆਰ ਟੀ ਏ ਕੋਲ ਰਜਿਸਟਰਡ ਨਹੀਂ ਹਨ, ਸ਼ਾਮਲ) ਨੂੰ ਰਿਮੋਟ ਈ-ਵੋਟਿੰਗ ਰਾਹੀਂ ਵੋਟ ਪਾਉਣ ਦੀ ਵਿਧੀ ਅਤੇ ਹਦਾਇਤਾਂ ਨੋਟਿਸ 'ਚ ਦੱਸੀਆਂ ਗਈਆਂ ਹਨ।

ਸਥਾਨ : ਜਲੰਧਰ
ਮਿਤੀ : 31/08/2025

ਵਾਸਤੇ ਆਤਮ ਵਾਲਵਜ਼ ਲਿਮਟਿਡ
ਸਹੀ/-
ਨਤੀਸ਼ਾ ਚੌਧਰੀ
ਕੰਪਨੀ ਸੈਕਟਰੀ

31 Aug Page 8.qxd 8/30/2025 10:36 PM Page 1



## ਸੀਤਾ ਰਾਮ ਯੇਚੁਰੀ ਦੀ ਬਰਸੀ 7 ਨੂੰ

**ਬਲਾਚੌਰ (ਜਸਵਿੰਦਰ ਬੈਂਸ)** ਸੀਪੀਆਈ (ਐਮ) ਦੀ ਕੇਂਦਰੀ ਕਮੇਟੀ ਦੇ ਫ਼ੈਸਲੇ ਅਨੁਸਾਰ ਪਾਰਟੀ ਆਪਣੇ ਮਹਿਬੂਬ ਆਗੂ ਮਰਹੂਮ ਸੀਤਾ ਰਾਮ ਯੇਚੁਰੀ ਸਾਬਕਾ ਜਨਰਲ ਸਕੱਤਰ ਦੀ ਪਹਿਲੀ ਬਰਸੀ ਸਾਰੇ ਦੇਸ਼ ਅੰਦਰ ਮਨਾ ਰਹੀ ਹੈ।ਇਸ ਕੜੀ ਵਜੋਂ ਸੀ ਪੀ ਆਈ (ਐਮ)



ਤਹਿਸੀਲ ਕਮੇਟੀ ਬਲਾਚੌਰ ਵਲੋਂ 7 ਸਤੰਬਰ ਨੂੰ ਪਿੰਡ ਰੱਕੜਾਂ ਢਾਹਾ ਵਿਖੇ ਬਰਸੀ ਮਨਾਉਣ ਦਾ ਫੈਸਲਾ ਕੀਤਾ ਹੈ।ਇਸ ਸਬੰਧੀ ਇਥੇ ਬਾਬਾ ਵਤਨ ਸਿੰਘ ਟੱਪਰੀਆਂ ਭਵਨ ਵਿਖੇ ਸਾਥੀ ਹੁਸਨ ਚੰਦ ਮਝੌਟ ਕਿਸਾਨ ਆਗੂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਫੈਸਲਾ ਲਿਆ ਗਿਆ।ਇਹ ਜਾਣਕਾਰੀ ਸੀਪੀਆਈ (ਐਮ) ਦੇ ਤਹਿਸੀਲ ਕਮੇਟੀ ਸਕੱਤਰ ਪ੍ਰੇਮ ਰੱਕੜ ਨੇ ਦਿੱਤੀ।ਮੀਟਿੰਗ ਨੂੰ ਸਾਥੀ ਮਹਾਂ ਸਿੰਘ ਰੌੜੀ, ਰਣਜੀਤ ਸਿੰਘ ਰਾਣਾ, ਭੁਪਿੰਦਰ ਸਿੰਘ ਕੱਲਗੜ੍ਹ, ਚੌਧਰੀ ਸੋਮਨਾਥ, ਕਾਮਰੇਡ ਗੁਰਮੇਲ ਰਾਮ ਮੰਗੂਪੁਰ ਨੇ ਸੰਬੋਧਨ ਕੀਤਾ।

## ਨੇਤਰਦਾਨ ਪੱਖਵਾੜੇ ਸੰਬੰਧੀ ਕੀਤਾ ਜਾਗਰੂਕ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਆਮ ਲੋਕਾਂ ਦੀ ਤੰਦਰੁਸਤ ਸਿਹਤ ਲਈ ਸਿਹਤ ਵਿਭਾਗ ਨੂੰ ਜਰੂਰੀ ਨਿਰਦੇਸ਼ ਦਿੱਤੇ ਗਏ ਹਨ।ਕੈਬਨਿਟ ਮੰਤਰੀ



ਹਰਜੋਤ ਸਿੰਘ ਬੈਂਸ ਵੱਲੋਂ ਵੀ ਲੋਕਾਂ ਦੀ ਸਿਹਤ ਸੁਧਾਰ ਤੇ ਸੁਰੱਖਿਆ ਲਈ ਉਪਰਾਲੇ ਕਰਨ ਦੇ ਨਿਰੰਤਰ ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ। ਡਾ.ਬਲਵਿੰਦਰ ਕੌਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾ ਤਹਿਤ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਕੇ.ਪੀ. ਸਿੰਘ ਦੀ ਅਗਵਾਈ ਹੇਠ ਅੱਜ ਨੇਤਰਦਾਨ ਪਖਵਾੜਾ ਜੋ ਕਿ 25 ਅਗਸਤ ਤੋਂ 8 ਸੰਤਬਰ ਤੱਕ ਮਨਾਇਆ ਜਾ ਰਿਹਾ ਹੈ, ਦੇ ਸੰਬੰਧ ਵਿੱਚ ਜਾਗਰੂਕ ਪ੍ਰੋਗਰਾਮ ਮਨਾਇਆ ਗਿਆ।ਇਸ ਮੌਕੇ ਅਪਥਾਲਮਿਕ ਅਫਸਰ ਗੌਰਵ ਸੈਣੀ ਨੇ ਮਰੀਜਾਂ ਅਤੇ ਉਹਨਾਂ ਦੇ ਰਿਸ਼ਤੇਦਾਰਾ ਨੂੰ ਨੇਤਰ ਦਾਨ ਦੀ ਮਹੱਤਤਾ ਸੰਬੰਧੀ ਜਾਗਰੂਕ ਕਰਦੇ ਹੋਏ ਕਿਹਾ ਕਿ ਅੱਖਾ ਦਾਨ ਸਭ ਤੋਂ ਉੱਤਮ ਦਾਨ ਹੈ।ਕੋਈ ਵੀ ਮਨੁੱਖ ਆਪਣੀ ਮੌਤ ਤੋਂ ਬਾਅਦ ਆਪਣੇ ਕੋਰਨੀਆਂ ਦਾਨ ਕਰ ਸਕਦਾ ਹੈ।ਇਸ ਮੌਕੇ ਡਾ.ਕੇ.ਪੀ ਸਿੰਘ ਐਸ.ਐਮ.ਓ ਨੇ ਕਿਹਾ ਕਿ ਸਾਨੂੰ ਸਾਰੀਆਂ ਨੂੰ ਵੀ ਨੇਤਰ ਦਾਨ ਕਰਨ ਲਈ ਆਪਣੇ ਰਿਸ਼ਤੇਦਾਰਾਂ ਅਤੇ ਮਿੱਤਰ ਸੱਜਣਾ ਨੂੰ ਵੀ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਮੌਕੇ ਹਸਪਤਾਲ ਦੇ ਸਟਾਫ, ਮਰੀਜ ਹਾਜਰ ਸਨ।

## ਆਸ਼ਾ ਵਰਕਰਾਂ ਦੀ ਸੰਗਰੂਰ ਰੈਲੀ ਮੁਲਤਵੀ : ਗਿੱਲਾਂ



**ਜਲੰਧਰ (ਰਾਜੇਸ਼ ਥਾਪਾ)** ਆਸ਼ਾ ਵਰਕਰਜ਼ ਫੈਸਿਲੀਟੇਟਰ ਸਾਂਝਾ ਮੋਰਚਾ ਦੇ ਕਨਵੀਨਰ ਰਾਣੋ ਖੇੜੀ ਗਿੱਲਾਂ, ਸੁਖਵਿੰਦਰ ਕੌਰ ਸੁੱਖੀ, ਅਮਰਜੀਤ ਕੌਰ ਰਣ ਸਿੰਘ ਵਾਲਾ, ਹਰਿੰਦਰ ਕੌਰ, ਸੰਤੋਸ਼ ਕੁਮਾਰੀ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਆਪਣੀਆਂ ਮੰਗਾਂ ਦੀ ਪ੍ਰਾਪਤੀ ਅਤੇ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਉਲੀਕੇ ਗਏ ਸੰਘਰਸ਼ ਦੇ ਤਹਿਤ 25 ਤੋਂ 31 ਅਗਸਤ ਤੱਕ ਸਾਰੇ ਪੰਜਾਬ ਅੰਦਰ ਕੰਮ ਦਾ ਬਾਈਕਾਟ ਕਰਕੇ ਸਫਲ ਰੋਸ ਪ੍ਰਦਰਸ਼ਨ ਕੀਤੇ ਗਏ ਹਨ ਅਤੇ ਸੰਘਰਸ਼ ਦੇ ਅਗਲੇ ਪੜਾਅ ਵਜੋਂ ਅੱਜ 31 ਅਗਸਤ ਨੂੰ ਸੰਗਰੂਰ ਵਿਖੇ ਸੂਬਾ ਪੱਧਰੀ ਰੈਲੀ ਕਰਨ ਅਤੇ ਇੱਕ ਸਤੰਬਰ ਤੋਂ ਮੁਖ ਮੰਤਰੀ ਦੀ ਰਿਹਾਇਸ਼ ਅੱਗੇ ਪੱਕਾ ਮੋਰਚਾ ਲਗਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ।ਆਗੂਆਂ ਨੇ ਪੰਜਾਬ ਭਰ ਦੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਉਹਨਾਂ ਵੱਲੋਂ ਕੀਤੇ ਗਏ ਰੋਹ ਭਰਪੂਰ ਐਕਸ਼ਨਾਂ ਸਦਕਾ ਸਿਹਤ ਮੰਤਰੀ ਪੰਜਾਬ ਨਾਲ ਮੀਟਿੰਗ ਫਿਕਸ ਕਰਕੇ ਲਿਖਤੀ ਤੌਰ 'ਤੇ ਪੱਤਰ ਸਾਂਝੇ ਮੋਰਚੇ ਨੂੰ ਭੇਜਿਆ ਗਿਆ ਹੈ। ਆਗੂਆਂ ਨੇ ਕਿਹਾ ਸੰਘਰਸ਼ ਦੇ ਦਬਾਅ ਹੇਠ ਸਿਹਤ ਮੰਤਰੀ ਵਲੋਂ ਦਿੱਤੀ ਗਈ ਲਿਖਤੀ ਮੀਟਿੰਗ ਕਾਰਣ ਸਾਂਝੇ ਫਰੰਟ ਵਲੋਂ ਸੰਗਰੂਰ ਵਿਖੇ ਅੱਜ 31 ਅਗਸਤ ਨੂੰ ਕੀਤੀ ਜਾਣ ਵਾਲੀ ਸੂਬਾਈ ਰੈਲੀ ਨੂੰ ਹਾਲ ਦੀ ਘੜੀ ਮੁਲਤਵੀ ਕਰਨ ਦਾ ਫੈਸਲੀ ਕੀਤਾ ਗਿਆ ਹੈ।

## ਪੀਰ ਬਾਬਾ ਬੁੱਢੇ ਸ਼ਾਹ ਦਾ ਫਰੀਦਪੁਰ 'ਚ ਮੇਲਾ 5 ਤੇ 6 ਸਤੰਬਰ ਨੂੰ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਪੀਰ ਬਾਬਾ ਬੁੱਢੇ ਸ਼ਾਹ ਦੇ ਦਰਬਾਰ ਤੇ ਪਿੰਡ ਫਰੀਦਪੁਰ ਵਿਖੇ ਸਾਲਾਨਾ ਜੋੜ ਮੇਲਾ 5 ਅਤੇ 6 ਸਤੰਬਰ ਨੂੰ ਬੜੀ ਸ਼ਰਧਾ ਪੂਰਵਕ ਢੰਗ ਨਾਲ ਕਰਵਾਇਆ ਜਾ ਰਿਹਾ ਹੈ! ਮੇਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕਾਂ ਨੇ ਦੱਸਿਆ ਕਿ 4 ਨੂੰ ਸਤੰਬਰ ਨੂੰ ਸ਼ਾਮ ਨੂੰ ਮਹਿੰਦੀ ਅਤੇ ਝੰਡੇ ਦੀ ਰਸਮ ਹੋਵੇਗੀ ਅਤੇ 5 ਸਤੰਬਰ ਨੂੰ ਮਲਕੀਤ ਕਾਦਰੀ ਕਵਾਲ ਅਤੇ ਸਾਥੀਆਂ ਵੱਲੋਂ ਅਤੇ ਗਿੱਲ ਸਿਸਟਰਜ਼ ਵੱਲੋਂ ਸੂਫੀਆਨਾ ਮਹਿਫਲ ਸਜਾਈ ਜਾਵੇਗੀ। ਮੇਲੇ ਦੇ ਦੂਸਰੇ ਦਿਨ 6 ਸਤੰਬਰ ਨੂੰ ਸਾਬ੍ਹ ਮਿਊਜ਼ੀਕਲ ਗਰੁੱਪ ਅਤੇ ਪੰਮੀ ਨੱਕਾਲ ਪਾਰਟੀ ਵਲੋਂ ਆਪਣਾ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਲੰਗਰ ਅਟੁੱਟ ਵਰਤਾਏ ਜਾਣਗੇ।

## ਇੰਡੀਅਨ ਏਅਰ ਫੋਰਸ ਓਪਨ ਭਰਤੀ ਰੈਲੀ ਉਮੀਦਵਾਰਾਂ ਦੀ ਲਿਖ਼ਤੀ ਪ੍ਰੀਖਿਆ ਤੇ ਗਰੁੱਪ ਡਿਸਕਸ਼ਨ ਕਰਵਾਈ




**ਜਲੰਧਰ (ਸੁਰਿੰਦਰ ਕੁਮਾਰ)**- ਜਲੰਧਰ ਦੇ ਸਥਾਨਕ ਸਰਕਾਰੀ ਆਰਟਸ ਤੇ ਸਪੋਰਟਸ ਕਾਲਜ ਵਿੱਚ ਇੰਡੀਅਨ ਏਅਰ ਫੋਰਸ ਦੀ ਚੱਲ ਰਹੀ ਓਪਨ ਭਰਤੀ ਰੈਲੀ ਦੌਰਾਨ ਉਮੀਦਵਾਰਾਂ ਦੀ ਲਿਖ਼ਤੀ ਪ੍ਰੀਖਿਆ ਤੋਂ ਇਲਾਵਾ ਗਰੁੱਪ ਡਿਸਕਸ਼ਨ ਕਰਵਾਈ ਗਈ। ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਉੱਤਪਤੀ, ਹੁਨਰ ਵਿਕਾਸ ਤੇ ਸਿਖ਼ਲਾਈ ਬਿਊਰੋ ਨੀਲਮ ਮਹੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਹੜੇ ਉਮੀਦਵਾਰਾਂ ਵੱਲੋਂ ਲਿਖ਼ਤੀ ਪ੍ਰੀਖਿਆ ਪਾਸ ਕਰ ਲਈ ਗਈ ਹੈ, ਉਨ੍ਹਾਂ ਨੂੰ ਗਰੁੱਪ ਡਿਸਕਸ਼ਨ ਲਈ ਬੁਲਾਇਆ ਗਿਆ ਸੀ। ਇਸ ਦੌਰਾਨ ਉਮੀਦਵਾਰਾਂ ਦੇ ਮੈਂਟਲ ਐਬਿਲਿਟੀ ਅਤੇ ਮਨੋਵਿਗਿਆਨ ਟੈਸਟ ਆਦਿ ਵੀ ਲਏ ਗਏ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਾਰੇ ਟੈਸਟਾਂ ਤੋਂ ਬਾਅਦ ਉਮੀਦਵਾਰਾਂ ਨੂੰ ਮੈਡੀਕਲ ਟੈਸਟ ਲਈ ਮਿਤੀ ਦਿੱਤੀ ਜਾਵੇਗੀ।

## ਸੰਯੁਕਤ ਮੁੱਖ ਚੋਣ ਅਫ਼ਸਰ ਨੇ ਈ ਵੀ ਐੱਮ ਵੇਅਰਹਾਊਸ ਦੀ ਕੀਤੀ ਪੜਤਾਲ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਭਾਰਤ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪੱਧਰ 'ਤੇ ਬਣਾਏ ਗਏ ਈ ਵੀ ਐਮ ਵੇਅਰਹਾਊਸ ਦੀ ਅਗਸਤ 2025 ਦੀ ਮਹੀਨਾਵਾਰ ਪੜਤਾਲ ਸੰਯੁਕਤ ਮੁੱਖ ਚੋਣ ਅਫ਼ਸਰ ਪੰਜਾਬ, ਸਕੱਤਰ ਸਿੰਘ ਬੱਲ ਵੱਲੋਂ ਕੀਤੀ ਗਈ। ਇਹ ਪੜਤਾਲ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਅਮਰਬੀਰ ਕੌਰ ਭੁੱਲਰ ਦੀ ਹਾਜ਼ਰੀ ਵਿਚ ਕੀਤੀ ਗਈ, ਜਿਸ ਵਿਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਵੀ ਮੌਜੂਦ ਸਨ। ਪੜਤਾਲ ਪ੍ਰਕਿਰਿਆ ਤਹਿਤ ਵੇਅਰਹਾਊਸ ਨੂੰ ਖੋਲ੍ਹ ਕੇ ਈ ਵੀ ਐੱਮ ਤੇ ਵੀ ਵੀ ਪੈਟ ਮਸ਼ੀਨਾਂ ਦੀ ਸਥਿਤੀ, ਸੁਰੱਖਿਆ ਪ੍ਰਬੰਧ, ਸੀਲਿੰਗ ਪ੍ਰਣਾਲੀ ਤੇ ਸੀ ਸੀ ਟੀ ਵੀ ਨਿਗਰਾਨੀ ਪ੍ਰਣਾਲੀ ਨੂੰ ਨੇੜਿਓਂ ਦੇਖਿਆ ਗਿਆ। ਸਾਰੇ ਸਬੰਧਤ ਰਿਕਾਰਡ, ਲੌਗ ਬੁੱਕ ਅਤੇ ਐਂਟਰੀ ਰਜਿਸਟਰਾਂ ਦੀ ਵੀ ਜਾਂਚ ਕੀਤੀ ਗਈ, ਤਾਂ ਜੋ ਪਾਰਦਰਸ਼ਤਾ ਨੂੰ ਯਕੀਨੀ ਬਣਾਇਆ ਜਾ ਸਕੇ।




ਵਿਧਾਨ ਸਭਾ ਹਲਕਾ ਆਦਮਪੁਰ ਤੋਂ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੀ ਸੰਵਿਧਾਨ ਬਚਾਓ ਰੈਲੀ ਵਿਚ ਸ਼ਾਮਲ ਹੋਣ ਲਈ ਜਲੰਧਰ ਤੋਂ ਰਵਾਨਾ ਹੋਏ ਕਾਂਗਰਸੀ ਵਰਕਰਾਂ ਵਿਚ ਦਰਸ਼ਨ ਸਿੰਘ ਕਰਵਲ ਪ੍ਰਧਾਨ ਨਗਰ ਕੌਂਸਲ ਆਦਮਪੁਰ, ਬਪਜੀਤ ਸਿੰਘ ਹਰੀਪੁਰ, ਨਿਧੀ ਤਿਵਾੜੀ, ਪਰਮਜੀਤ ਸਿੰਘ ਸੋਢੀ, ਵਰੁਣ ਚੋਡਾ, ਅਜੈ ਸ਼ਿੰਗਾਰੀ, ਕਮਲਜੀਤ ਕੌਰ, ਜਸਵੰਤ ਕੌਰ, ਸਿਲਾਨੀ ਕਪੂਰ, ਰਾਜਨੀ ਕੁਮਾਰੀ, ਜੋਤੀ, ਸਿੰਗਾਰਾ ਸਿੰਘ ਜਿੰਦੂ, ਰਾਜ ਕੁਮਾਰ ਆਦਿ।
(ਫੋਟੋ ਅਤੇ ਵੇਰਵਾ : ਪਰਮਜੀਤ ਸਿੰਘ, ਆਦਮਪੁਰ)



ਪਿਛਲੇ ਦਿਨ ਮਾਤਾ ਵੈਸ਼ਨੋ ਦੇਵੀ ਕਟਰਾ ਵਿੱਚ ਬਾਰਿਸ਼ ਨਾਲ ਲੈਂਡ ਸਲੈਡਿੰਗ ਹੋਣ ਕਾਰਨ ਕਈ ਸ਼ਰਧਾਲੂਆਂ ਦੀ ਮੌਤ ਹੋਈ ਹੈ। ਉਨ੍ਹਾਂ ਦੀ ਆਤਮ ਸ਼ਾਂਤੀ ਲਈ ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ ਖਾਸ ਵੱਲੋਂ ਉਨਾਂ ਸ਼ਰਧਾਲੂਆਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਪ੍ਰਾਚੀਨ ਸ਼ਿਵ ਮੰਦਿਰ ਦੇ ਸੇਵਾਦਾਰ। (ਫੋਟੋ ਤੇ ਵੇਰਵਾ : ਯੋਗੇਸ਼ਵਰ, ਰੀਨਾ ਸ਼ਰਮਾ : ਲੋਹੀਆਂ ਖਾਸ)

## ਪੰਜਾਬ ਪੁਲਸ ਨੇ ਖਰੜ ਤੋਂ ਸ਼ੂਟਰ ਕੀਤਾ ਗ੍ਰਿਫ਼ਤਾਰ, ਪਿਸਤੌਲ ਬਰਾਮਦ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸੰਗਠਿਤ ਅਪਰਾਧ ਵਿਰੁੱਧ ਵੱਡੀ ਸਫਲਤਾ ਹਾਸਲ ਕਰਦਿਆਂ, ਐਂਟੀ ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐੱਫ) ਪੰਜਾਬ ਨੇ ਹਿਮਾਚਲ ਪ੍ਰਦੇਸ਼ ਦੇ ਊਨਾ ਦੇ ਪਿੰਡ ਖਵਾਜਾ ਬਸਾਲ ਵਿੱਚ ਰਾਕੇਸ਼ ਕੁਮਾਰ ਉਰਫ ਗੱਗੀ ਦੇ ਸਨਸਨੀਖੇਜ਼ ਕਤਲ ਵਿੱਚ ਸ਼ਾਮਲ ਮੁੱਖ ਸ਼ੂਟਰਾਂ ਵਿੱਚੋਂ ਇੱਕ ਨੂੰ ਗ੍ਰਿਫ਼ਤਾਰ ਕਰਕੇ ਉਸਦੇ ਕਬਜ਼ੇ ਵਿੱਚੋਂ ਇੱਕ .32 ਬੋਰ ਦਾ ਦੇਸੀ ਪਿਸਤੌਲ ਸਮੇਤ 6 ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਵਿਪਨ ਕੁਮਾਰ ਵਾਸੀ ਬੱਸੀ ਮੁੱਡਾ, ਬਾਗਪੁਰ ਮੰਦਰ, ਹੁਸ਼ਿਆਰਪੁਰ ਵਜੋਂ ਹੋਈ ਹੈ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਵਾਰਦਾਤ (ਰਾਕੇਸ਼ ਗੱਗੀ ਕਤਲ) ਵਿਦੇਸ਼ੀ ਗੈਂਗਸਟਰਾਂ ਲਾਡੀ ਬਜਲ ਉਰਫ਼ ਕੁਨਰ ਅਤੇ ਮੋਨੂੰ ਗੁੱਜਰ (ਰਵੀ ਬਲਾਚੌਰੀਆ ਗੈਂਗ) ਅਤੇ ਬੱਬੀ ਰਾਣਾ (ਸੋਨੂੰ ਖੱਤਰੀ ਗੈਂਗ) ਵਿਚਕਾਰ ਗੈਂਗ ਰੰਜਿਸ਼ ਦਾ ਸਿੱਧਾ ਨਤੀਜਾ ਸੀ। ਉਨ੍ਹਾਂ ਦੱਸਿਆ ਕਿ



ਮ੍ਰਿਤਕ ਰਾਕੇਸ਼ ਕੁਮਾਰ ਉਰਫ ਗੱਗੀ ਦੇ ਵਿਦੇਸ਼ੀ ਗੈਂਗਸਟਰ ਬੱਬੀ ਰਾਣਾ, ਜੋ ਸੋਨੂੰ ਖੱਤਰੀ ਦਾ ਸਾਥੀ ਹੈ, ਨਾਲ ਨਜ਼ਦੀਕੀ ਸਬੰਧ ਸਨ। ਡੀ ਜੀ ਪੀ ਨੇ ਕਿਹਾ ਕਿ ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ। ਹੋਰ ਵੇਰਵੇ ਸਾਂਝੇ ਕਰਦਿਆਂ, ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਏਜੀਟੀਐਫ ਪ੍ਰਮੋਦ ਬਾਨ ਨੇ ਦੱਸਿਆ ਕਿ ਭਰੋਸੇਯੋਗ ਜਾਣਕਾਰੀ ਤੇ ਕਾਰਵਾਈ ਕਰਦਿਆਂ, ਡੀਐਸਪੀ ਏਜੀਟੀਐਫ ਰਾਜਨ ਪਰਮਿੰਦਰ ਦੀ ਅਗਵਾਈ ਹੇਠ ਏਜੀਟੀਐਫ ਦੀਆਂ ਪੁਲਿਸ ਟੀਮਾਂ ਨੇ ਮੁਲਜ਼ਮ ਨੂੰ ਖਰੜ ਦੇ ਪਿੰਡ ਖਾਨਪੁਰ ਨੇੜਿਓਂ ਗ੍ਰਿਫ਼ਤਾਰ ਕਰ ਲਿਆ। ਏ ਡੀ ਜੀ ਪੀ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਦਾ ਅਪਰਾਧਿਕ ਪਿਛੋਕੜ ਹੈ। ਉਨ੍ਹਾਂ ਦੱਸਿਆ ਕਿ ਰਾਕੇਸ਼ ਗੱਗੀ ਦੇ ਕਤਲ ਕੇਸ ਵਿੱਚ ਸ਼ਾਮਲ ਹੋਣ ਤੋਂ ਇਲਾਵਾ, ਉਸ ਵਿਰੁੱਧ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿੱਚ ਫਿਰੌਤੀ ਕਤਲ, ਅਸਲਾ ਐਕਟ ਅਤੇ ਐਨ ਡੀ ਪੀ ਐਸ ਐਕਟ ਨਾਲ ਸਬੰਧਤ ਕਈ ਮਾਮਲੇ ਦਰਜ ਹਨ। ਇਸ ਸਬੰਧੀ ਐਫ ਆਈ ਆਰ ਨੰਬਰ 326 ਮਿਤੀ 28/08/2025 ਨੂੰ ਅਸਲਾ ਐਕਟ ਦੀ ਧਾਰਾ 25 ਤਹਿਤ ਐਸਏਐਸ ਨਗਰ ਦੇ ਥਾਣਾ ਸਿਟੀ ਖਰੜ ਵਿਖੇ ਨਵਾਂ ਮਾਮਲਾ ਦਰਜ ਕੀਤਾ ਗਿਆ ਹੈ।

## ਹਰਜੋਤ ਬੈਂਸ ਨੇ ਹੜ੍ਹ ਪ੍ਰਭਾਵਤ ਇਲਾਕੇ ਦੇ ਲੋੜਵੰਦਾਂ ਲਈ ਰਾਹਤ ਸਮੱਗਰੀ ਦਾ ਟਰੱਕ ਕੀਤਾ ਰਵਾਨਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਦੇ ਇਸ ਵੇਲੇ ਵੱਡੇ ਖੇਤਰ ਦੇ ਲੋਕ ਹੜ੍ਹਾਂ ਦੀ ਮਾਰ ਨਾਲ ਜੂਝ ਰਹੇ ਹਨ।ਪੰਜਾਬ ਸਰਕਾਰ ਇਨ੍ਹਾਂ ਇਲਾਕਿਆਂ ਵਿਚ ਵਿਆਪਕ ਪੱਧਰ 'ਤੇ ਰਾਹਤ ਤੇ ਬਚਾਓ ਦਾ ਕੰਮ ਕਰ ਰਹੀ



ਹੈ, ਜਿਸ ਵਿੱਚ ਸਮੁੱਚੇ ਪੰਜਾਬ ਵਾਸੀ ਸਹਿਯੋਗ ਦੇ ਰਹੇ ਹਨ, ਇਹ ਪੰਜਾਬ ਦੀ ਭਾਈਚਾਰਕ ਸਾਂਝ ਦੀ ਅਸਲ ਤਸਵੀਰ ਹੈ। ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿਚ ਆਪ ਵਰਕਰਾਂ ਵੱਲੋ ਸਹਿਯੋਗੀਆਂ ਨਾਲ ਮਿਲ ਕੇ ਰਾਹਤ ਸਮੱਗਰੀ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਲੋੜਵੰਦ ਲੋਕਾਂ ਲਈ ਭੇਜੀ ਗਈ ਹੈ। ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਟਾਂਡਾਂ ਜ਼ਿਲ੍ਹਾ ਹੁਸ਼ਿਆਰਪੁਰ ਲਈ 800 ਰਾਸ਼ਨ ਕਿੱਟ ਨਾਲ ਭਰਿਆ ਟਰੱਕ ਰਵਾਨਾ ਕਰਨ ਮੌਕੇ ਕੀਤਾ। ਉਨ੍ਹਾਂ ਨੇ ਰਾਹਤ ਸਮੱਗਰੀ ਦੇ ਭਰੇ ਟਰੱਕ ਨੂੰ ਝੰਡੀ ਵਿਖਾ ਕੇ ਰਵਾਨਾ ਕਰਨ ਉਪਰੰਤ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰ ਪੂਰੀ ਮਿਹਨਤ ਅਤੇ ਤਨਦੇਹੀ ਨਾਲ ਆਫਤ ਦੀ ਘੜ੍ਹੀ ਵਿੱਚ ਹਰ ਸਮੇਂ ਲੋੜਵੰਦ ਲੋਕਾਂ ਦੀ ਸੇਵਾ ਕਰਦੇ ਹਨ। ਸਮਾਜ ਸੇਵੀ ਸੰਗਠਨਾਂ ਵੱਲੋਂ ਵੀ ਇਸ ਵਿਚ ਪੂਰੀ ਸਹਿਯੋਗ ਦਿੱਤਾ ਜਾ ਰਿਹਾ ਹੈ, ਅਸੀ ਨਿਰੰਤਰ ਰਾਹਤ ਸਮਗਰੀ ਭੇਜ ਰਹੇ ਹਾਂ, ਹੋਰ ਵੀ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਜਿਸ ਤਰਾਂ ਦੀ ਸਮੱਗਰੀ ਦੀ ਜਰੂਰਤ ਹੋਵੇਗੀ, ਉਹ ਸ੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਉਪਲੱਬਧ ਕਰਵਾਈ ਜਾਵੇਗੀ। ਇਸ ਮੌਕੇ ਜਸਪ੍ਰੀਤ ਸਿੰਘ ਐਸ.ਡੀ.ਐਮ, ਸਚਿਨ ਪਾਠਕ ਐਸ.ਡੀ.ਐਮ, ਡਾ.ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ, ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਰੂਪਨਗਰ, ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ, ਕਮਿਕਰ ਸਿੰਘ ਡਾਢੀ ਹਲਕਾ ਕੋਆਰਡੀਨੇਟਰ, ਦਲੀਪ ਚੰਦ ਮੈਂਬਰ ਦਲਿਤ ਵਿਕਾਸ ਬੋਰਡ, ਇਸ਼ਤਰੀਤ ਅਫ਼ਜ਼ਾ ਪ੍ਰਧਾਨ ਵਪਾਰ ਮੰਡਲ, ਦੀਪਕ ਆਂਗਰਾਂ ਪ੍ਰਧਾਨ ਵਪਾਰ ਮੰਡਲ, ਤਰਲੋਚਨ ਸਿੰਘ ਲੋਚੀ ਪ੍ਰਧਾਨ ਟਰੱਕ ਯੂਨੀਅਨ, ਦਇਆ ਸਿੰਘ ਸਿੱਖਿਆ ਕੋਆਰਡੀਨੇਟਰ, ਸੁਖੇਦਵ ਬੀਟੀ, ਮੋਹਿਤ ਦੀਵਾਨ, ਸ਼ੰਮੀ ਬਰਾਰੀ, ਅਭਿਜੀਤ ਸਿੰਘ, ਧਰਮ ਸਿੰਘ ਰਾਣਾ, ਬਚਿੱਤਰ ਬੈਂਸ ਤੇ ਵੱਡੀ ਗਿਣਤੀ ਵਿਚ ਵਰਕਰ ਹਾਜ਼ਰ ਸਨ।

## ਆਰ ਟੀ ਆਈ ਕਮਿਸ਼ਨਰ ਸੰਦੀਪ ਸਿੰਘ ਧਾਲੀਵਾਲ ਵੱਲੋਂ 175 ਕੇਸਾਂ ਦਾ ਨਿਪਟਾਰਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਕਮਿਸ਼ਨਰ ਸੰਦੀਪ ਸਿੰਘ ਧਾਲੀਵਾਲ ਨੇ ਇਕ ਵਿਅਕਤੀ ਵਲੋਂ ਆਰ ਟੀ ਆਈ ਐਕਟ ਅਧੀਨ ਦਾਇਰ 175 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਕਮਿਸ਼ਨਰ ਸੰਦੀਪ ਸਿੰਘ ਧਾਲੀਵਾਲ ਦੇ ਬੈਂਚ ਕੋਲ ਲੁਧਿਆਣਾ ਦੇ ਡਾਬਾ-ਲੋਹਾਰਾ ਮਾਰਗ ਸਥਿਤ ਮਹਾ ਸਿੰਘ ਨਗਰ ਨਿਵਾਸੀ ਸਰਬਜੀਤ ਸਿੰਘ ਗਿੱਲ ਵਲੋਂ ਦਾਇਰ 175 ਮਾਮਲੇ ਅਗਸਤ ਮਹੀਨੇ ਦੀਆਂ ਵੱਖ ਵੱਖ ਤਰੀਕਾਂ ਨੂੰ ਸੁਣਵਾਈ ਲਈ ਲੱਗੇ ਸਨ। ਉਨ੍ਹਾਂ ਦੱਸਿਆ ਕਿ ਸਰਬਜੀਤ ਸਿੰਘ ਗਿੱਲ ਵਲੋਂ ਦਾਇਰ ਕੇਸਾਂ ਵਿਚੋਂ 5 ਅਗਸਤ ਨੂੰ 36 ਕੇਸ,6 ਅਗਸਤ ਨੂੰ 26 ਅਤੇ 7 ਅਗਸਤ ਨੂੰ 35 ਕੇਸ,19 ਅਗਸਤ ਨੂੰ 30 ਕੇਸ, 20 ਅਗਸਤ ਨੂੰ 26 ਕੇਸ ਸੁਣਵਾਈ ਲਈ ਲੱਗੇ ਸਨ ਜਿਨ੍ਹਾਂ ਵਿੱਚ ਸਬੰਧਤ ਧਿਰਾਂ ਜਾਣਕਾਰੀ ਸਮੇਤ ਹਾਜ਼ਰ ਸਨ ਅਤੇ ਕਮਿਸ਼ਨਰ ਵਲੋਂ ਸਾਰੇ ਕੇਸ ਇਕੱਲੇ ਇਕੱਲੇ ਸੁਣੇ ਗਏ। ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਕੇਸਾਂ ਦੀ ਸੁਣਵਾਈ ਦੌਰਾਨ ਮੁਦਈ ਸਰਬਜੀਤ ਸਿੰਘ ਗਿੱਲ ਪੇਸ਼ ਨਹੀਂ ਹੋਇਆ ਜਿਸ 'ਤੇ ਕਮਿਸ਼ਨ ਵਲੋਂ ਮੁਦਈ ਨੂੰ ਆਪਣਾ ਪੱਖ ਰੱਖਣ ਲਈ 10 ਦਿਨ ਦਾ ਸਮਾਂ ਦਿੱਤਾ ਗਿਆ ਪ੍ਰੰਤੂ ਮੁਦਈ ਨੇ ਇਸ ਸਮੇਂ ਵਿੱਚ ਵੀ ਆਪਣਾ ਪੱਖ ਪੇਸ਼ ਨਹੀਂ ਕੀਤਾ। ਬੁਲਾਰੇ ਨੇ ਦੱਸਿਆ ਕਿ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਕਮਿਸ਼ਨਰ ਸੰਦੀਪ ਸਿੰਘ ਧਾਲੀਵਾਲ ਇਨ੍ਹਾਂ ਮਾਮਲਿਆਂ ਦੀ 20 ਅਗਸਤ ਅਤੇ 28 ਅਗਸਤ 2025 ਨੂੰ ਮੁੜ ਸੁਣਵਾਈ ਕੀਤੀ ਗਈ ਤਾਂ ਸਰਬਜੀਤ ਸਿੰਘ ਗਿੱਲ ਵਲੋਂ ਦਾਇਰ 175 ਕੇਸਾਂ ਦਾ ਨਿਪਟਾਰਾ ਕਰ ਦਿੱਤਾ ਗਿਆ।

## ਜੰਡਿਆਲਾ ਵਿਖੇ ਹਾਕੀ ਦੇ ਮੇਜਰ ਧਿਆਨ ਚੰਦ ਦੀ ਯਾਦ 'ਚ ਮਨਾਇਆ ਰਾਸ਼ਟਰੀ ਖੇਡ ਦਿਵਸ




**ਗੁਰਾਇਆ (ਬਿੰਦਰ ਸੁੰਮਨ)**: ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਮੰਜਕੀ (ਜਲੰਧਰ) ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਉਪ ਕੁਲਪਤੀ ਪ੍ਰੋ. ਡਾ. ਕਰਮਜੀਤ ਸਿੰਘ ਦੀ ਰਹਿਨੁਮਾਈ, ਕਾਲਜ਼ ਪ੍ਰਿੰਸੀਪਲ ਜਗਸੀਰ ਸਿੰਘ ਬਰਾੜ ਦੀ ਯੋਗ ਅਗਵਾਈ ਅਤੇ ਐਨ ਐਸ ਐਸ ਵਿਭਾਗ ਦੇ ਸਹਿਯੋਗ ਨਾਲ ਹਾਕੀ ਦੇ ਮਹਾਨ ਖਿਡਾਰੀ ਮੇਜਰ ਧਿਆਨ ਚੰਦ ਦੀ ਯਾਦ ਵਿੱਚ ਰਾਸ਼ਟਰੀ ਖੇਡ ਦਿਵਸ ਮਨਾਇਆ। ਇਸ ਖੇਡ ਦਿਵਸ ਦੌਰਾਨ ਵਿਦਿਆਰਥੀਆ ਦਰਮਿਆਨ ਵੱਖ ਵੱਖ ਖੇਡ ਮੁਕਾਬਲੇ ਕਰਵਾਏ। ਇਸ ਮੌਕੇ ਬਤੌਰ ਮੁੱਖ ਮਹਿਮਾਨ ਰੋਸ਼ਨ ਖੇੜਾ (ਸਟੇਟ ਅਵਾਰਡੀ ਸਰੀਰਿਕ ਸਿੱਖਿਆ ਵਿਭਾਗ) ਨੇ ਸ਼ਮੂਲੀਅਤ ਕੀਤੀ। ਉਹਨਾਂ ਨੇ ਆਪਣੇ ਸੰਬੋਧਨ ਵਿੱਚ ਖੇਡਾਂ ਰਾਹੀਂ ਚੰਗੀ ਸਿਹਤ ਬਣਾਈ ਰੱਖਣ ਦੀ ਮਹੱਤਤਾ ਦਾ ਜ਼ਿਕਰ ਕੀਤਾ। ਇਸ ਤੋਂ ਇਲਾਵਾ ਮੱਖਣ ਲਾਲ ਪੱਲਣ (ਚੇਅਰਮੈਨ ਸੈਣ ਸਮਾਜ ਵੈਲਫ਼ੇਅਰ ਬੋਰਡ ਪੰਜਾਬ) ਨੇ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਖੇਡਾਂ ਨੂੰ ਸੰਤੁਲਿਤ ਕਰਨ ਦੇ ਤਰੀਕੇ ਬਾਰੇ ਦੱਸਿਆ। ਪ੍ਰਿੰਸੀਪਲ ਚੰਦਰ ਸ਼ੇਖਰ ਵਰਮਾ (ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਬੰਡਾਲਾ) ਨੇ ਵਿਦਿਆਰਥੀਆਂ ਨੂੰ ਖੇਡਾਂ ਰਾਹੀਂ ਅਕਾਦਮਿਕ ਤਣਾਅ ਨੂੰ ਘੱਟ ਕਰਨ ਅਤੇ ਰੋਜ਼ਾਨਾ ਰੁਟੀਨ ਨੂੰ ਕੁਸ਼ਲਤਾ ਨਾਲ ਪ੍ਰਬੰਧਿਤ ਕਰਨ ਬਾਰੇ ਮਾਰਗ ਦਰਸ਼ਨ ਕੀਤਾ ਅਤੇ ਜਸਵਿੰਦਰ ਸਿੰਘ (ਲੋਕ ਭਲਾਈ ਮੰਚ) ਨੇ ਖੇਡਾਂ ਵਿੱਚ ਹਿੱਸਾ ਲੈਣ ਵਾਲਿਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿਚ ਵੀ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ ਤੇ ਕਾਲਜ ਦੇ ਸਮੂਹ ਵਿਭਾਗਾਂ ਦੇ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ ਹਾਜ਼ਰ ਸਨ।

## ਪਹਿਲੀ ਸਤੰਬਰ ਨੂੰ ਅਰੰਭ ਹੋਵੇਗੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਰੋਵਰ 'ਚੋਂ ਗਾਰ ਕੱਢਣ ਦੀ ਕਾਰ ਸੇਵਾ : ਚਾਵਲਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਖ਼ਾਲਸਾ ਪੰਥ ਦੇ ਜਨਮ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪਵਿੱਤਰ ਸਰੋਵਰ ਵਿਚੋਂ ਗਾਰ ਕੱਢਣ ਦੀ ਕਾਰ ਸੇਵਾ 1 ਸਤੰਬਰ ਨੂੰ ਅਰੰਭ ਹੋਵੇਗੀ। ਸ੍ਰੀ ਅਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ



ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਮੁੱਖ ਰੱਖ ਕੇ ਪਵਿੱਤਰ ਸਰੋਵਰ ਵਿਚੋਂ ਗਾਰ ਕੱਢਣ ਦੀ ਕਾਰ ਸੇਵਾ ਬਾਬਾ ਬਚਨ ਸਿੰਘ ਕਾਰ ਸੇਵਾ ਦਿੱਲੀ ਵਾਲਿਆਂ ਵਲੋਂ ਕੀਤੀ ਜਾਵੇਗੀ।ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾਖੰਡ ਆਦਿ ਸੂਬਿਆਂ ਦੀ ਸੰਗਤ ਵੀ ਸਰੋਵਰ ਦੀ ਕਾਰ ਸੇਵਾ ਵਿਚ ਸਹਿਯੋਗ ਕਰੇਗੀ। ਕਾਰ ਸੇਵਾ ਦੀ ਅਰੰਭਤਾ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਬਾਬਾ ਸੁੱਚਾ ਸਿੰਘ ਕਾਰ ਸੇਵਾ ਵਾਲੇ, ਬਾਬਾ ਸਤਨਾਮ ਸਿੰਘ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ, ਬਾਬਾ ਤੀਰਥ ਸਿੰਘ ਤਪ ਅਸਥਾਨ ਬਾਬਾ ਜੀਵਨ ਸਿੰਘ ਜੀ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਬਾਬਾ ਸੁਖਵਿੰਦਰ ਸਿੰਘ ਹਲਕੇ ਦੇ ਅਤੇ ਵੱਡੀ ਗਿਣਤੀ ਵਿਚ ਹੋਰ ਧਾਰਮਿਕ ਸ਼ਖ਼ਸੀਅਤਾਂ ਵੀ ਸ਼ਾਮਿਲ ਹੋਣਗੀਆਂ। ਉਨ੍ਹਾਂ ਦੱਸਿਆ ਕਿ ਇਹ ਇਤਿਹਾਸਕ ਕਾਰ ਸੇਵਾ ਇਕ ਹਫਤੇ ਤੋਂ ਘੱਟ ਸਮੇਂ ਵਿੱਚ ਮੁਕੰਮਲ ਕਰ ਲਈ ਜਾਵੇਗੀ।

## ਤਹਿਸੀਲ ਕੰਪਲੈਕਸ ਦੇ ਨੇੜੇ ਮੇਨ ਸੜਕ ਨੇ ਛੱਪੜ ਦਾ ਰੂਪ ਕੀਤਾ ਧਾਰਨ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਗੜ੍ਹਸ਼ੰਕਰ-ਹੁਸ਼ਿਆਰਪੁਰ ਰੋਡ ਨੇੜੇ ਤਹਿਸੀਲ ਕੰਪਲੈਕਸ ਗੜ੍ਹਸ਼ੰਕਰ ਦੇ ਨਜ਼ਦੀਕ ਮੇਨ ਸੜਕ ਦੀ ਗੱਲ ਕੀਤੀ ਜਾਵੇ ਤਾਂ ਇਥੇ ਪਿੱਛਲੇ ਦਿਨਾ ਤੋਂ ਪਏ ਟੋਇਆ ਨੇ ਛੱਪੜ ਦਾ ਰੂਪ ਧਾਰਨ ਕਰ ਲਿਆ ਹੈ ਜਿਸ ਨਾਲ ਆਣ ਜਾਣ ਵਾਲੇ ਵਾਹਨਾਂ ਦਾ ਲੰਘਣਾ ਔਖਾ ਹੋਇਆ ਹੈ।ਇਸ ਸੜਕ 'ਤੇ ਪੈ ਚੁੱਕੇ ਟੋਇਆ ਨਾਲ ਨਜ਼ਦੀਕ ਆ ਕੇ ਹੀ ਪਤਾ ਲੱਗਦਾ ਹੈ। ਇਸ ਸੜਕ ਦੀ ਹਾਲਤ ਨੂੰ ਦੇਖ ਕੇ ਇਹ ਵੀ ਲੱਗਦਾ ਹੈ ਕਿ ਸਥਾਨਕ ਪ੍ਰਸ਼ਾਸਨ ਕੁੰਭਕਾਲੀ ਨੀਂਦ ਵਿੱਚ ਹੈ ਅਤੇ ਕਿਸੇ ਜਾਨਲੇਵਾ ਹਾਦਸੇ ਦੀ ਉਡੀਕ ਕਰ ਰਿਹਾ ਹੈ।ਇੱਥੇ ਇਹ ਦੱਸਣਾ ਬਣਦਾ ਹੈ ਕਿ ਇਸ ਸੜਕ ਤੋਂ ਟੂ ਵੀਲਰ ਜਾਂ ਛੋਟੇ ਵਾਹਨਾਂ ਦਾ ਲੰਘਣਾ ਬੇਹੱਦ ਔਖਾ ਹੋ ਗਿਆ ਹੈ। ਸਮਾਜ ਸੇਵੀ ਧਰਮਜੀਤ ਸਿੰਘ ਰਾਜਾ ਨੇ ਕਿਹਾ ਭਾਵੇਂ ਕਿ ਇਹ ਸੜਕ ਦੀ ਖਸਤਾ ਹਾਲਤ ਬੀਤੇ ਦਿਨਾਂ ਤੋਂ ਹੋ ਰਹੇ ਭਾਰੀ ਮੀਂਹ ਦਾ ਕਾਰਨ ਵੀ ਹੋ ਸਕਦੀ ਹੈ, ਪਰ ਪ੍ਰਸ਼ਾਸਨ ਨੂੰ ਕੁਝ ਨਾ ਕੁਝ ਇਸ ਸੜਕ 'ਤੇ ਪੈ ਚੁੱਕੇ ਟੋਇਆ ਨੂੰ ਭਰਨ ਸੰਬੰਧੀ ਕਾਰਵਾਈ ਕਰਨੀ ਚਾਹੀਦੀ ਸੀ।ਇਸ ਸੰਬੰਧੀ ਜਦੋਂ ਸੜਕੀ ਵਿਭਾਗ ਦੇ ਐਸ ਡੀ ਓ ਬਰਿੰਦਰ ਕੁਮਾਰ ਨਾਲ ਗੱਲ ਕੀਤੀ ਤਾਂ ਕਿਹਾ ਕਿ ਐਸਟੀਮੇਟ ਬਨਾਉਣ ਦਾ ਕੰਮ ਜਾਰੀ ਹੈ ਫੰਡ ਆਉਣ 'ਤੇ ਬਰਸਾਤ ਨਿਕਲਣ ਤੋਂ ਬਾਅਦ ਪੈਚਵਰਕ ਦਾ ਕੰਮ ਕੀਤਾ ਜਾ ਸਕਦਾ ਹੈ।

## ਝੰਡਾ ਸਾਹਿਬ ਦਾ ਸਾਲਾਨਾ ਮੇਲਾ ਅੱਜ

**ਅਲਾਵਲਪੁਰ (ਮਦਨ ਬੰਗੜ)**- ਸਥਾਨਕ ਡੇਰਾ ਸ਼੍ਰੀ ਝੰਡਾ ਸਾਹਿਬ (ਸਮਾਧ ਬਾਬਾ ਮਾੜੂ ਦਾਸ) ਇਤਿਹਾਸਕ ਸਾਲਾਨਾ ਮੇਲਾ 31 ਅਗਸਤ ਦਿਨ ਐਤਵਾਰ ਨੂੰ ਤਪਸਥਾਨ ਸ਼੍ਰੀ ਗੁਰੂ ਰਾਮ ਰਾਏ ਦੇ ਦਰਬਾਰ ਵਿਖੇ ਮਹੰਤ ਦਵਿੰਦਰ ਦਾਸ ਦੇਹਰਾਦੂਨ ਦੀ ਸਰਪ੍ਰਸਤੀ ਹੇਠ ਆਯੋਜਿਤ ਕੀਤਾ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਜੀਤਪਾਲ ਰਾਣਾ ਨੇ ਦੱਸਿਆ ਕਿ ਇਸ ਦਿਨ ਸਵੇਰੇ ਸ਼੍ਰੀ ਝੰਡੇ ਸਾਹਿਬ ਨੂੰ ਵਿਧੀਵਤ ਰੂਪ ਵਿੱਚ ਉਤਾਰਿਆ ਜਾਵੇਗਾ। ਇਸ ਤੋਂ ਬਾਅਦ ਵਿਸ਼ੇਸ਼ ਪੂਜਾ ਤੋਂ ਬਾਅਦ ਸ਼੍ਰੀ ਝੰਡੇ ਸਾਹਿਬ ਨੂੰ ਬੈਂਡ-ਬਾਜੇ ਨਾਲ ਚੜ੍ਹਾਇਆ ਜਾਵੇਗਾ।ਇਸ ਸਬੰਧੀ ਜਾਣਕਾਰੀ ਦੇਣ ਮੌਕੇ ਪ੍ਰਿੰਸੀਪਲ ਜੀਤਪਾਲ ਰਾਣਾ, ਗ੍ਰੰਥੀ ਅਮਰਜੀਤ, ਅਨੂਪ ਚੋਡਾ, ਜੈ ਸਿੰਘ, ਮਨੋਜ ਕੁਮਾਰ, ਸੌਰਭ, ਵਿਕਾਸ, ਨੀਲਮ, ਗੁਰਮੀਤ, ਪ੍ਰਮਿਲਾ ਰੀਨਾ ਆਦਿ ਹਾਜ਼ਰ ਸਨ।

## ਰਾਜਸਥਾਨ ਦੀ ਭਾਜਪਾ ਸਰਕਾਰ ਸਿੱਖ ਵਿਰੋਧੀ ਹਰਕਤਾਂ ਤੋਂ ਬਾਜ਼ ਆਵੇ : ਟਿੰਮਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਾਜਸਥਾਨ ਦੀ ਭਾਜਪਾ ਸਰਕਾਰ ਸਿੱਖ ਭਾਈਚਾਰੇ ਨੂੰ ਡਰਾਉਣ ਲਈ ਪੁਲਸ ਦੀ ਵਰਤੋਂ ਕਰ ਰਹੀ ਹੈ, ਜੋ ਕਿ ਸਿੱਖ ਭਾਈਚਾਰੇ ਨੂੰ ਇੱਕ ਆਜ਼ਾਦ ਦੇਸ਼ ਵਿੱਚ ਗੁਲਾਮਾਂ ਵਾਂਗ ਮਹਿਸੂਸ ਕਰਵਾਉਣ ਦੇ ਬਰਾਬਰ ਹੈ।ਜਿਸ ਤਰ੍ਹਾਂ ਸਿੱਖ ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਥਾਣੇ ਬੁਲਾ ਕੇ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ, ਉਹ ਬਹੁਤ ਨਿੰਦਣਯੋਗ ਹੈ। ਇਹ ਵਿਚਾਰ ਧਰਮ ਪ੍ਰਚਾਰ ਕਮੇਟੀ ਰਾਜਸਥਾਨ ਦੇ ਚੇਅਰਮੈਨ ਅਤੇ ਸਿੱਖ ਸਲਾਹਕਾਰ ਕਮੇਟੀ ਦੇ ਕਨਵੀਨਰ ਤੇਜਿੰਦਰ ਪਾਲ ਸਿੰਘ ਟਿੰਮਾ ਨੇ ਪ੍ਰਗਟ ਕਰਦਿਆਂ ਰਾਜਸਥਾਨ ਸਰਕਾਰ ਉੱਪਰ ਦੋਸ਼ ਲਾਇਆ ਇੱਕ ਸਾਜ਼ਿਸ਼ ਤਹਿਤ ਸੂਬੇ ਵਿੱਚ ਸਿੱਖ ਹਿੱਤਾਂ ਦਾ ਘਾਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਜਸਥਾਨ ਦੀ ਭਾਜਪਾ ਸਰਕਾਰ ਦੀਆਂ ਸਿੱਖ ਵਿਰੋਧੀ ਨੀਤੀਆਂ ਕਾਰਨ ਸੂਬੇ ਵਿੱਚ ਸਿੱਖ ਲਗਾਤਾਰ ਭਾਜਪਾ ਦਾ ਜ਼ੋਰਦਾਰ ਵਿਰੋਧ ਕਰ ਰਹੇ ਹਨ ਅਤੇ ਇਸ ਵਿਰੋਧ ਨੂੰ ਦਬਾਉਣ ਲਈ ਹੀ ਭਾਜਪਾ ਨੇ ਇੱਕ ਅਣਐਲਾਨੀ ਐਮਰਜੈਂਸੀ ਦਾ ਸਹਾਰਾ ਲਿਆ ਹੈ। ਅਤੇ ਇਸ ਅਣਐਲਾਨੀ ਐਮਰਜੈਂਸੀ ਤਹਿਤ, 40-40 ਸਾਲ ਪਹਿਲਾਂ ਮਾਮਲਿਆਂ ਵਿੱਚੋਂ ਬਰੀ ਹੋਏ ਸਿੱਖਾਂ




ਨੂੰ ਥਾਣੇ ਬੁਲਾ ਕੇ ਉਨ੍ਹਾਂ ਨੂੰ ਘੰਟਿਆਂਬੱਧੀ ਉੱਥੇ ਬਿਠਾਉਣਾ ਨਾ ਸਿਰਫ਼ ਗੈਰ-ਕਾਨੂੰਨੀ ਹੈ ਸਗੋਂ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਵੀ ਹੈ। ਟਿੰਮਾ ਨੇ ਕਿਹਾ ਕਿ 1983 ਵਿੱਚ ਵਿਨੋਬਾ ਬਸਤੀ ਨਿਵਾਸੀ ਬਲਜੀਤ ਸਿੰਘ ਵਿਰੁੱਧ ਝੂਠਾ ਕੇਸ ਦਰਜ ਕੀਤਾ ਗਿਆ ਸੀ, ਜਿਸ ਵਿੱਚ ਉਸਨੂੰ 25 ਸਾਲ ਪਹਿਲਾਂ ਬਰੀ ਕਰ ਦਿੱਤਾ ਗਿਆ ਸੀ, ਹੁਣ 40 ਸਾਲ ਬਾਅਦ ਪੁਲਸ ਉਸ ਨੂੰ ਦੁਬਾਰਾ ਥਾਣੇ ਬੁਲਾ ਕੇ ਤੰਗ ਕਰ ਰਹੀ ਹੈ, ਪਿੰਡ ਲਾਟਰੀ ਕੇਸਰੀਸਿੰਘਪੁਰ ਦੇ ਦਰਸ਼ਨ ਸਿੰਘ ਬਰਾੜ ਦੀ ਉਮਰ ਅੱਜ 76 ਸਾਲ ਹੈ, ਨੂੰ ਬਰੀ ਹੋਏ ਕਈ ਸਾਲ ਬੀਤ ਗਏ ਹਨ, ਕਾਰਜ ਸਿੰਘ 2 ਐਲ ਸੀ ਨੂੰ 25 ਸਾਲ ਪਹਿਲਾਂ ਬਰੀ ਕਰ ਦਿੱਤਾ ਗਿਆ ਸੀ, 1984 ਦੇ ਦੌਰ ਦੇ ਉਨ੍ਹਾਂ ਸਾਰੇ ਲੋਕਾਂ ਨੂੰ 40 ਸਾਲ ਬਾਅਦ ਥਾਣੇ ਬੁਲਾ ਕੇ ਉਨ੍ਹਾਂ ਨੂੰ ਤੰਗ ਕਰਨਾ ਬਹੁਤ ਨਿੰਦਣਯੋਗ ਹੈ ਅਤੇ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਟਿੰਮਾ ਰਾਜਸਥਾਨ ਸਰਕਾਰ ਨੂੰ ਚੇਤਾਵਨੀ ਵੀ ਦਿੱਤੀ ਕਿ ਭਾਜਪਾ ਆਪਣੀਆਂ ਘਟੀਆ ਹਰਕਤਾਂ ਬੰਦ ਕਰੇ। ਉਹਨਾਂ ਰਾਜਸਥਾਨ ਦੀ ਭਾਜਪਾ ਸਰਕਾਰ ਨੂੰ ਸੁਝਾਓ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਸਿੱਖਾਂ ਦੇ ਦਿਲ ਜਿੱਤਣਾ ਚਾਹੁੰਦੀ ਹੈ, ਤਾਂ ਉਸਨੂੰ ਸਿੱਖ ਭਾਵਨਾਵਾਂ ਦਾ ਸਤਿਕਾਰ ਕਰਨਾ ਪਵੇਗਾ। ਅਸੀਂ ਜ਼ੁਲਮ ਤੋਂ ਨਹੀਂ ਡਰਦੇ, ਸਗੋਂ ਅਸੀਂ ਚੱਟਾਨ ਵਾਂਗ ਮਜ਼ਬੂਤ ਹਾਂ।

## ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਐੱਚ ਪੀ ਵੀ ਬਾਰੇ ਜਾਗਰੂਕਤਾ ਸੈਮੀਨਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਅਲਾਈਡ ਐਂਡ ਹੈਲਥ ਕੇਅਰ ਸਾਇੰਸਿਜ਼ ਵਿਭਾਗ ਵਿੱਚ ਇੱਕ ਜਾਗਰੂਕਤਾ ਸੈਮੀਨਾਰ ਕੀਤਾ ਗਿਆ। ਇਸ ਮੌਕੇ ਡਾ. ਨੀਤੂ ਸਰੀਨ ਨੇ ਵਿਦਿਆਰਥੀਆਂ ਨੂੰ ਮਨੁੱਖੀ ਪੈਪੀਲੋਮਾ ਵਾਇਰਸ (ਐਚ ਪੀ ਵੀ) ਅਤੇ ਇਸ ਨਾਲ ਸਬੰਧਤ ਸਿਹਤ ਸਮੱਸਿਆਵਾਂ ਬਾਰੇ ਜਾਣਕਾਰੀ ਦਿੱਤੀ। ਸੈਮੀਨਾਰ ਪ੍ਰਧਾਨਾਚਾਰਯ ਡਾ. ਹਰਿੰਦਰ ਗਿੱਲ ਅਤੇ ਵਿਭਾਗ ਮੁਖੀ ਡਾ. ਸੁਖਮੀਤ ਬੇਦੀ ਦੀ



ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਡਾ. ਨੀਤੂ ਸਰੀਨ ਨੇ ਕਿਹਾ ਕਿ ਐਚ ਪੀ ਵੀ ਇੱਕ ਆਮ ਜਿਨਸੀ ਤੌਰ 'ਤੇ ਫੈਲਣ ਵਾਲਾ ਸੰਕਰਮਣ ਹੈ, ਜਿਸ ਦੀਆਂ ਕੁਝ ਕਿਸਮਾਂ ਸਰਵਾਈਕਲ ਕੈਂਸਰ ਸਮੇਤ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਐਚ ਪੀ ਵੀ ਟੀਕੇ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਅਤੇ ਕਿਹਾ ਕਿ ਇਹ ਕੈਂਸਰ ਨੂੰ ਰੋਕਣ ਵਿੱਚ ਬਹੁਤ ਪ੍ਰਭਾਵਸ਼ਾਲੀ ਹੈ।ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਸਰਵਾਈਕਲ ਕੈਂਸਰ ਲਈ ਸਮੇਂ ਸਿਰ ਜਾਂਚ ਅਤੇ ਟੀਕਾਕਰਨ ਦੀ ਲੋੜ ਬਾਰੇ ਵਿਸ਼ੇਸ਼ ਤੌਰ 'ਤੇ ਜਾਣੂ ਕਰਵਾਇਆ ਗਿਆ। ਡਾ. ਨੀਤੂ ਨੇ ਕਿਹਾ ਕਿ ਇਸ ਬਿਮਾਰੀ ਦੀ ਰੋਕਥਾਮ ਸਮੇਂ ਸਿਰ ਜਾਣਕਾਰੀ ਅਤੇ ਬਚਾਅ ਦੇ ਉਪਾਅ ਅਪਣਾ ਕੇ ਸੰਭਵ ਹੈ। ਡਾ. ਸੁਖਮੀਤ ਨੇ ਕਿਹਾ ਕਿ ਹਰ ਕਿਸੇ ਨੂੰ ਐਚ ਪੀ ਵੀ ਟੀਕੇ ਦੀ ਮਹੱਤਤਾ ਤੋਂ ਜਾਣੂ ਹੋਣਾ ਚਾਹੀਦਾ ਹੈ। ਇਹ ਟੀਕਾ ਕੈਂਸਰ ਨੂੰ ਰੋਕਣ ਲਈ ਬਹੁਤ ਪ੍ਰਭਾਵਸ਼ਾਲੀ ਹੈ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਇਸ ਦਾ ਲਾਭ ਲੈਣਾ ਚਾਹੀਦਾ ਹੈ।ਅੰਤ ਵਿੱਚ ਵਿਭਾਗ ਮੁਖੀ ਡਾ. ਸੁਖਮੀਤ ਬੇਦੀ ਨੇ ਡਾ. ਨੀਤੂ ਸਰੀਨ ਦਾ ਧੰਨਵਾਦ ਕੀਤਾ। ਇਸ ਮੌਕੇ, ਵਿਦਿਆਰਥੀਆਂ ਦੇ ਨਾਲ, ਸਹਾਇਕ ਅਧਿਆਪਕਾ ਪੂਜਾ ਸਮਿਆਲ, ਸਹਾਇਕ ਅਧਿਆਪਕਾ ਅਦਿਤੀ ਅਤੇ ਨਵਨੀਤ ਵੀ ਮੌਜੂਦ ਸਨ।

## ਗੈਰ-ਕਾਨੂੰਨੀ ਮਾਈਨਿੰਗ ਕਾਰਨ ਹੜ੍ਹਾਂ ਦੀ ਭੇਟ ਚੜ੍ਹ ਰਹੀ ਹਰ ਸਾਲ ਸੈਂਕੜੇ ਏਕੜ ਜ਼ਮੀਨ

**ਨੰਗਲ (ਸੁਰਜੀਤ ਸਿੰਘ ਢੇਰ)** ਸਵਾਂ ਨਦੀ ਵਿੱਚ ਹੋਈ ਗੈਰ ਕਾਨੂੰਨੀ ਮਾਈਨਿੰਗ ਦੇ ਕਾਰਨ ਹਰ ਸਾਲ ਸੈਂਕੜੇ ਏਕੜ ਜ਼ਮੀਨ ਬਰਬਾਦ ਹੋ ਰਹੀ ਹੈ।ਅੱਜ ਸੀ ਪੀ ਆਈ ਐਮ ਦੇ ਜਿਲ੍ਹਾ ਸਕੱਤਰ ਬਜਿੰਦਰ ਪੰਡਤ, ਜਗੀਰ ਸਿੰਘ ਰੌਲੀ ਅਤੇ ਇਲਾਕਾ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਅ ਐਲਗਰਾਂ ਨੇ ਹੜ੍ਹਾ ਨਾਲ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਨ ਤੋਂ ਬਾਅਦ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰ ਸਾਲ ਸਵਾਂ ਨਦੀ ਵਿੱਚ ਆਏ ਬੇਹਤਾਸ਼ਾ ਪਾਣੀ ਨੇ ਨਾਲ ਲੱਗਦੀ ਕਿਸਾਨਾਂ ਦੀ ਸੈਂਕੜੇ ਉਪਜਾਊ ਜਮੀਨ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ।ਕਿਉਂਕਿ ਪਿਛਲੇ ਲੰਬੇ ਸਮੇਂ ਤੋਂ ਸਵਾਂ ਨਦੀ ਵਿੱਚ ਗੈਰ ਕਾਨੂੰਨੀ ਮਾਈਨਿੰਗ ਹੋਣ ਦੇ ਕਾਰਨ 50 ਫੁੱਟ ਤੋਂ ਉੱਪਰ ਪਿਆ ਪਾੜ ਸਾਫ ਦਿਖਾਈ ਦੇ ਰਿਹਾ ਹੈ।ਆਗੂਆਂ ਨੇ ਕਿਹਾ ਕਿ ਕਦੇ ਸਵਾਂ ਨਦੀ ਉਪਜਾਊ ਜਮੀਨ ਦੇ ਬਰਾਬਰ ਹੋਇਆ



ਕਰਦਾ ਸੀ।ਪਰ ਹੁਣ 50 ਫੁੱਟ ਤੋਂ ਲੈ ਕੇ 100 ਫੁੱਟ ਤੱਕ ਸਵਾਂ ਡੂੰਘਾ ਹੋ ਗਿਆ ਹੈ।ਹੁਣ ਜਦੋਂ ਸਵਾਂ ਨਦੀ ਵਿੱਚ ਜਿਆਦਾ ਪਾਣੀ ਆਉਂਦਾ ਤਾਂ ਨਾਲ ਲੱਗਦੀ ਉਪਜਾਊ ਜਮੀਨ ਨੂੰ ਖੋਰਾ ਲੱਗਦਾ ਹੈ।ਜਿਸ ਦੇ ਕਾਰਨ ਹਰ ਸਾਲ ਕਿਸਾਨਾਂ ਦੀ ਸੈਂਕੜੇ ਏਕੜ ਜਮੀਨ ਬਰਬਾਦ ਹੁੰਦੀ ਜਾ ਰਹੀ ਹੈ।ਆਗੂਆਂ ਨੇ ਕਿਹਾ ਕਿ ਭਾਖੜਾ ਡੈਮ ਤੋਂ ਛੱਡੇ ਵਾਧੂ ਪਾਣੀ ਨੇ ਫਸਲਾਂ ਦੀ ਬਰਬਾਦੀ ਕਰ ਦਿੱਤੀ ਹੈ।ਸਰਕਾਰ ਨੂੰ ਚਾਹੀਦਾ ਕਿ ਉਹ ਫੌਰੀ ਤੌਰ 'ਤੇ ਸਪੈਸ਼ਲ ਗਿਰਦਾਵਰੀਆਂ ਕਰਵਾ ਕੇ ਹੜਾਂ ਨਾਲ ਹੋਏ ਨੁਕਸਾਨ ਦੀ ਕਿਸਾਨਾਂ ਦੀ ਤੁਰੰਤ ਭਰਵਾਈ ਕਰੇ ਅਤੇ ਬਰਬਾਦ ਫ਼ਸਲ ਦਾ 80000 ਰੁਪਏ ਪ੍ਰਤੀ ਏਕੜ ਮੁਆਵਜ਼ਾ ਕਿਸਾਨਾਂ ਨੂੰ ਅਤੇ ਮਜ਼ਦੂਰਾਂ ਨੂੰ 10000 ਰੁਪਏ ਮੁਆਵਜ਼ਾ ਦਿੱਤਾ ਜਾਵੇ।ਪੰਜਾਬ ਸਰਕਾਰ ਗੈਰ ਕਾਨੂੰਨੀ ਮਾਈਨਿੰਗ ਰੋਕਣ ਲਈ ਪੁਖਤਾ ਇੰਤਜ਼ਾਮ ਕਰੇ।

## ਆਰ ਬੀ ਜੀ ਆਈ ਨੇ ਯੂ ਐੱਸ ਏ ਦੇ ਐਜੂਕੇਸ਼ਨ ਸੈਂਟਰ ਨਾਲ ਐੱਮ ਓ ਯੂ 'ਤੇ ਸਾਈਨ ਕੀਤੇ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਅਮਰੀਕਾ ਦੇ ਐਜੂਕੇਸ਼ਨ ਸੈਂਟਰ ਨਾਲ ਇੱਕ ਮਹੱਤਵਪੂਰਨ ਸਮਝੌਤਾ ਪੱਤਰ 'ਤੇ ਹਸਤਾਖਰ ਕੀਤੇ ਹਨ। ਇਸ ਸਮਝੌਤੇ ਨਾਲ ਗਰੁੱਪ ਨੇ ਆਪਣੇ ਵਿਦਿਆਰਥੀਆਂ ਲਈ ਵਿਸ਼ਵ ਪੱਧਰ 'ਤੇ ਸਿੱਖਣ ਅਤੇ ਵਿਕਾਸ ਦੇ ਨਵੇਂ ਮੌਕੇ ਖੋਲ੍ਹੇ



ਹਨ। ਇਸ ਐੱਮ ਓਯੂ 'ਤੇ ਰਸਮੀ ਤੌਰ 'ਤੇ ਰਿਆਤ ਬਾਹਰਾ ਗਰੁੱਪ ਦੇ ਵਾਈਸ-ਚੇਅਰਮੈਨ ਗੁਰਿੰਦਰ ਸਿੰਘ ਬਾਹਰਾ ਅਤੇ ਐਜੂਕੇਸ਼ਨ ਸੈਂਟਰ ਆਫ ਯੂ ਐੱਸ ਏ ਦੇ ਚੇਅਰਮੈਨ ਰਾਜਨ ਕੁਮਾਰ ਨੇ ਹਸਤਾਖਰ ਕੀਤੇ। ਇਸ ਭਾਈਵਾਲੀ ਦਾ ਮੁੱਖ ਉਦੇਸ਼ ਰਿਆਤ ਬਾਹਰਾ ਯੂਨੀਵਰਸਿਟੀ, ਬਾਹਰਾ ਯੂਨੀਵਰਸਿਟੀ ਅਤੇ ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਹੁਸ਼ਿਆਰਪੁਰ ਦੇ ਵਿਦਿਆਰਥੀਆਂ ਲਈ ਅਕਾਦਮਿਕ ਰਿਸ਼ਤਿਆਂ ਨੂੰ ਮਜ਼ਬੂਤ ਕਰਨਾ, ਸੱਭਿਆਚਾਰਕ ਅਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਨਾ ਤੇ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਤਜਰਬਾ ਪ੍ਰਦਾਨ ਕਰਨਾ ਹੈ।

## ਨੌਜਵਾਨ ਸਿੱਖਿਆ ਨੂੰ ਜੀਵਨ ਦਾ ਮੁੱਖ ਆਧਾਰ ਬਣਾਉਣ : ਮੁੱਖ ਮੰਤਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਨੌਜਵਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਆਪਣੇ ਪੁਰਖਿਆਂ ਦੀ ਗੌਰਵਸ਼ਾਲੀ ਰਿਵਾਇਤਾਂ ਨੂੰ ਸੰਭਾਲਦੇ ਹੋਏ ਸਿੱਖਿਆ ਨੂੰ ਆਪਣੇ ਜੀਵਨ ਦਾ ਮੁੱਖ ਆਧਾਰ ਬਣਾਉਣ। ਸਿਰਫ ਸਿੱਖਿਆ ਹੀ ਉਹ ਮਜਬੂਤ ਸਾਧਨ ਹੈ, ਜਿਸ ਦੇ ਰਾਹੀਂ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਇਆ ਜਾ ਸਕਦਾ ਹੈ। ਸਿਖਿਆ ਨਾਲ ਹੀ ਨਵੀਂ ਸੋਚ, ਆਤਮਵਿਸ਼ਵਾਸ ਅਤੇ ਪ੍ਰਗਤੀ ਦੇ ਮੌਕੇ ਪ੍ਰਾਪਤ ਹੁੰਦੇ ਹਨ। ਮੁੱਖ ਮੰਤਰੀ ਸ਼ੁੱਕਰਵਾਰ ਨੂੰ ਰਾਜਸਤਥਾਨ ਦੇ ਜੋਧਪੁਰ ਵਿੱਚ ਸ੍ਰੀ ਸੁਮੇਰ ਵਿਦਿਅਕ ਸੰਸਥਾਨ ਦੇ 128ਵੇਂ ਸਥਾਪਨਾ ਸਮਾਰੋਹ ਨੂੰ ਬਤੌਰ ਮੁੱਖ ਮਹਿਮਾਨ ਸੰਬੋਧਿਤ ਕਰ ਰਹੇ ਸਨ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਸਿਖਿਆ ਤੇ ਹੋਰ ਸਮਾਜਿਕ ਖੇਤਰਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ 800 ਲੋਕਾਂ ਨੂੰ ਸਨਮਾਨਤ ਕੀਤਾ।

## ਸਰਬ ਨੌਜਵਾਨ ਸਭਾ ਨੇ ਬਜ਼ੁਰਗ ਦੀ ਅੱਖ ਦਾ ਕਰਵਾਇਆ ਫਰੀ ਅਪ੍ਰੇਸ਼ਨ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਅਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਵਲੋਂ 'ਆਓ ਪੁੰਨ ਕਮਾਈਏ' ਲੜੀ ਤਹਿਤ ਇਕ ਹੋਰ ਲੋੜਵੰਦ ਦੀ ਅੱਖ ਦਾ ਫਰੀ ਓਪਰੇਸ਼ਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਅਤੇ ਉਦਯੋਗਪਤੀ ਜਤਿੰਦਰ ਸਿੰਘ ਕੁੰਦੀ ਵੱਲੋਂ ਮਿਲੇ ਆਰਥਕ ਸਹਿਯੋਗ ਸਦਕਾ ਕਰਵਾਇਆ ਗਿਆ। ਇਸ ਦੌਰਾਨ ਅੱਖਾਂ ਦੇ ਮਾਹਿਰ ਡਾ: ਤੁਸ਼ਾਰ ਅਗਰਵਾਲ ਨੇ ਮੋਤੀਆਬਿੰਦ ਨਾਲ ਪੀੜ੍ਹਤ ਬਜ਼ੁਰਗ ਮਦਨ ਲਾਲ ਦੀ ਅੱਖ ਦਾ ਸਫਲ ਆਪ੍ਰੇਸ਼ਨ ਕਰਦਿਆਂ ਲੈਂਜ ਪਾ ਕੇ ਨਵੀਂ ਰੌਸ਼ਨੀ ਦਿੱਤੀ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਜਸ਼ਨਜੀਤ ਸਿੰਘ ਐੱਸ.ਡੀ.ਐੱਮ. ਫਗਵਾੜਾ ਨੇ ਸ਼ਿਰਕਤ ਕੀਤੀ ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਜਤਿੰਦਰ ਸਿੰਘ ਕੁੰਦੀ (ਇੰਟਰਨੈਸ਼ਨਲ ਡਾਇਰੈਕਟਰ ਅਲਾਇੰਸ ਕਲੱਬ) ਅਤੇ ਸਮਾਜ ਸੇਵਕ ਮਦਨ ਲਾਲ ਕੋਰੋਟਾਨੀਆ ਸ਼ਾਮਲ ਹੋਏ। ਐੱਸ.ਡੀ.ਐੱਮ. ਜਸ਼ਨਜੀਤ ਸਿੰਘ ਨੇ ਨੇਤਰ ਰੋਗੀ ਮਰੀਜ਼ ਨੂੰ ਦਵਾਈਆਂ ਭੇਂਟ ਕਰਦੇ ਹੋਏ ਕਿਹਾ ਕਿ ਸਮਾਜ ਦੀ ਅਸਲ ਸੇਵਾ ਉਹੀ ਹੈ ਜਦੋਂ ਅਸੀਂ ਕਿਸੇ ਲੋੜਵੰਦ ਦੇ ਦਰਦ ਨੂੰ ਮਹਿਸੂਸ ਕਰਕੇ ਉਸਨੂੰ ਰਾਹਤ ਦੇਣ ਲਈ ਯਤਨ ਕਰਦੇ ਹਾਂ। ਨੇਤਰ ਰੋਗਾਂ ਦੇ ਮਾਹਿਰ ਡਾ: ਤੁਸ਼ਾਰ ਅਗਰਵਾਲ ਨੇ ਅੱਖਾਂ ਦੀ ਸੰਭਾਲ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ 50 ਸਾਲ ਤੋਂ ਵੱਧ ਉਮਰ ਦੇ ਵਿਅਕਤੀ 'ਚ ਆਮ ਤੌਰ 'ਤੇ ਮੋਤੀਆਬਿੰਦ ਵਿਕਸਿਤ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਮੌਕੇ ਨਰਿੰਦਰ ਸਿੰਘ ਸੈਣੀ, ਗੁਰਦੀਪ ਸਿੰਘ ਤੁਲੀ ਕੋਆਰਡੀਨੇਟਰ ਵਪਾਰ ਸੈਲ ਫਗਵਾੜਾ, ਰਮਨ ਨਹਿਰਾ ਸਮਾਜ ਸੇਵਕ ਤੋਂ ਇਲਾਵਾ ਸਭਾ ਦੇ ਜਨਰਲ ਸਕੱਤਰ ਡਾ. ਵਿਜੇ ਕੁਮਾਰ, ਰਾਜ ਕੁਮਾਰ ਕਨੌਜੀਆ, ਡਾ. ਕੁਲਦੀਪ ਸਿੰਘ ਆਦਿ ਹਾਜ਼ਰ ਸਨ।

## ਮੇਜਰ ਧਿਆਨ ਚੰਦ ਦੇ ਜਨਮ ਦਿਨ ਨੂੰ ਸਮਰਪਿਤ ਰਾਸ਼ਟਰੀ ਖੇਡ ਦਿਵਸ ਮਨਾਇਆ

**ਜਲੰਧਰ (ਸ਼ੈਲੀ ਐਲਬਰਟ)** ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਨ ਨੂੰ ਸਮਰਪਿਤ ਰਾਸ਼ਟਰੀ ਖੇਡ ਦਿਵਸ ਕਾਲਜ ਵਿਖੇ ਸਰੀਰਕ ਸਿਖਿਆ ਅਤੇ ਖੇਡ ਵਿਭਾਗ, ਜ਼ੁਆਲੋਜੀ ਅਤੇ ਬੋਟਨੀ ਵਿਭਾਗ, ਇਤਿਹਾਸ ਵਿਭਾਗ, ਐੱਨ. ਐੱਸ. ਐੱਸ. ਅਤੇ ਐੱਨ.ਸੀ.ਸੀ. ਦੇ ਸਹਿਯੋਗ ਨਾਲ ਮਨਾਇਆ ਗਿਆ। ਜਿਸ ਵਿਚ ਮਿਉਂਸੀਪਲ ਕਾਰਪੋਰੇਸ਼ਨ ਜਲੰਧਰ ਦੇ ਮੇਅਰ ਵਨੀਤ ਧੀਰ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਪ੍ਰਿੰਸੀਪਲ ਡਾ. ਸੁਮਨ ਚੋਪੜਾ, ਡਾ. ਰਛਪਾਲ ਸਿੰਘ ਡੀਨ ਸਪੋਰਟਸ, ਪ੍ਰੋ. ਸਿਮਰਨਜੀਤ ਸਿੰਘ ਮੁਖੀ



ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਅਤੇ ਕਾਲਜ ਦੀ ਸਪੋਰਟਸ ਕਮੇਟੀ ਮੈਂਬਰ ਸਹਿਬਾਨਾਂ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਅਤੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਇਸ ਮੌਕੇ ਮੁੱਖ ਮਹਿਮਾਨ ਦਾ ਸੁਆਗਤ ਕਰਦੇ ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਖੇਡਾਂ ਦੇ ਖੇਤਰ ਵਿੱਚ ਲਾਇਲਪੁਰ ਖ਼ਾਲਸਾ ਕਾਲਜ ਦੇ ਯੋਗਦਾਨ ਅਤੇ ਭਵਿੱਖ ਦੇ ਟੀਚਿਆਂ ਸੰਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹਾਕੀ ਦੇ ਜਾਦੂਗਰ ਧਿਆਨ ਚੰਦ ਦੇ ਖੇਡਾਂ ਵਿੱਚ ਪਾਏ ਯੋਗਦਾਨ ਤੋਂ ਜਾਣੂ ਕਰਵਾਇਆ ਅਤੇ ਆਪਣੇ ਜੀਵਨ ਵਿਚ ਉਨ੍ਹਾਂ ਤੋਂ ਪ੍ਰੇਰਨਾ ਲੈਣ ਲਈ ਕਿਹਾ। ਮੁੱਖ ਮਹਿਮਾਨ ਵਨੀਤ ਧੀਰ ਨੇ ਵਿਦਿਆਰਥੀਆਂ ਨੂੰ ਨਿੱਜੀ ਟੀਚੇ ਨਿਰਧਾਰਤ ਕਰਕੇ ਦ੍ਰਿੜਤਾ ਦੇ ਨਾਲ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਸਫਲਤਾ ਪ੍ਰਾਪਤ ਕਰਨ ਲਈ ਪ੍ਰੇਰਿਆ। ਇਸ ਮੌਕੇ ਵਿਦਿਆਰਥੀ ਖਿਡਾਰੀਆਂ ਦੇ ਕਰਾਸ ਕੰਟਰੀ ਦੌੜ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਲੜਕਿਆਂ ਵਿੱਚੋਂ ਪਹਿਲੇ 10 ਸਥਾਨਾਂ ਤੇ ਆਉਣ ਵਾਲੇ ਦੌੜਾਕਾਂ ਨੂੰ ਅਤੇ ਲੜਕੀਆਂ ਵਿੱਚੋਂ ਪਹਿਲੇ 5 ਸਥਾਨਾਂ ਤੇ ਅਉਣ ਵਾਲੇ ਦੋੜਾਕਾਂ ਨੂੰ ਇਨਾਮ ਦਿੱਤੇ ਗਏ। ਅੰਤ ਵਿਚ ਡਾ. ਰਛਪਾਲ ਸਿੰਘ ਸੰਧੂ ਡੀਨ ਸਪੋਰਟਸ ਨੇ ਸਾਰਿਆਂ ਦਾ ਧੰਨਵਾਦ ਕੀਤਾ।

## ਸੀ ਟੀ ਗਰੁੱਪ ਨੇ ਗਣੇਸ਼ ਵਿਸਰਜਨ ਜ਼ਰੀਏ ਸਮਾਜ ਨੂੰ ਦਿੱਤਾ ਸੰਦੇਸ਼

**ਜਲੰਧਰ (ਸ਼ੈਲੀ ਐਲਬਰਟ)** ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਭਗਤੀ, ਸੰਗੀਤ ਅਤੇ ਸੱਭਿਆਚਾਰ ਨਾਲ ਭਰਪੂਰ ਇੱਕ ਪਰਿਵਰਣ-ਅਨੁਕੂਲ ਵਿਸਰਜਨ ਸਮਾਰੋਹ ਦੇ ਨਾਲ ਦੋ-ਦਿਨਾਂ ਦੇ ਗਣੇਸ਼ ਚਤੁਰਥੀ ਦੇ ਜਸ਼ਨਾਂ ਦਾ ਸਮਾਪਨ ਕੀਤਾ।ਜਸ਼ਨਾਂ ਦੀ ਸ਼ੁਰੂਆਤ ਭਗਵਾਨ ਗਣੇਸ਼ ਦੀ ਸਥਾਪਨਾ ਨਾਲ ਹੋਈ ਸੀ ਅਤੇ ਪਰਿਵਰਣ ਪ੍ਰਤੀ ਇੱਕ ਸੱਚੇ ਪਿਆਰ ਅਤੇ ਜ਼ਿੰਮੇਵਾਰੀ ਨਾਲ ਵਿਦਾਇਗੀ ਦਿੱਤੀ ਗਈ।ਦਿਨ ਦੀ ਸ਼ੁਰੂਆਤ ਪੂਜਾ ਅਤੇ ਆਰਤੀ ਨਾਲ ਹੋਈ, ਜਿਸਦੇ ਬਾਅਦ ਇੱਕ ਉਤਸ਼ਾਹਿਤ ਜਲੂਸ ਕੱਢਿਆ ਗਿਆ। ਇਸ ਮੌਕੇ ਸੰਯੁਕਤ ਮੈਨੇਜਿੰਗ ਡਾਇਰੈਕਟਰ ਸ੍ਰੀਮਤੀ ਤਾਨਿਕਾ ਚੰਨੀ, ਕੈਂਪਸ ਡਾਇਰੈਕਟਰ ਡਾਕਟਰ ਸ਼ਿਵ ਕੁਮਾਰ ਅਤੇ ਅਕਾਦਮਿਕ ਆਪਰੇਸ਼ਨਜ਼ ਡਾਇਰੈਕਟਰ ਡਾਕਟਰ ਸੰਗਰਾਮ ਸਿੰਘ ਨੇ ਸ਼ਿਰਕਤ ਕਰਕੇ ਕਾਰਜਕ੍ਰਮ ਦੀ ਸ਼ੋਭਾ ਵਧਾਈ, ਜਿਨ੍ਹਾਂ ਨੇ ਵਿਦਿਆਰਥੀਆਂ ਅਤੇ ਫੈਕਲਟੀ ਨਾਲ ਮਿਲਕੇ ਪ੍ਰਾਰਥਨਾ ਕੀਤੀ।ਭਗਵਾਨ ਗਣੇਸ਼ ਦੇ ਆਸ਼ੀਰਵਾਦ ਨਾਲ, ਵਿਸਰਜਨ ਇੱਕ ਪਰਿਵਰਣ-ਜਾਗਰੂਕ ਤਰੀਕੇ ਨਾਲ ਕੀਤਾ ਗਿਆ। ਮੈਨੇਜਿੰਗ ਡਾਇਰੈਕਟਰ ਸ੍ਰੀਮਤੀ ਤਾਨਿਕਾ ਚੰਨੀ ਨੇ ਕਿਹਾ, ਇਹ ਜਸ਼ਨ ਪ੍ਰਕ੍ਰਿਤੀ ਪ੍ਰਤੀ ਭਗਤੀ, ਸੱਭਿਆਚਾਰ ਅਤੇ ਜ਼ਿੰਮੇਵਾਰੀ ਦਾ ਇੱਕ ਸਹੀ ਮੇਲ ਰਿਹਾ ਹੈ।ਪਰਿਵਰਣ-ਅਨੁਕੂਲ ਵਿਸਰਜਨ ਨਾ ਸਿਰਫ਼ ਸਾਡੇ ਵਿਸ਼ਵਾਸ ਨੂੰ ਮਜ਼ਬੂਤ ਕਰਦਾ ਹੈ, ਬਲਕਿ ਨੌਜਵਾਨ ਪੀੜ੍ਹੀ ਲਈ ਟਿਕਾਊਤਾ ਦੀ ਇੱਕ ਮਿਸਾਲ ਵੀ ਪੇਸ਼ ਕਰਦਾ ਹੈ। ਭਗਵਾਨ ਗਣੇਸ਼ ਸਾਡੇ ਸੀ.ਟੀ. ਪਰਿਵਾਰ ਨੂੰ ਬੁੱਧੀ, ਖੁਸ਼ਹਾਲੀ ਅਤੇ ਖੁਸ਼ੀਆਂ ਨਾਲ ਆਸ਼ੀਰਵਾਦ ਦਿੰਦੇ ਰਹੇ।



## ਸ਼੍ਰੋਮਣੀ ਅਕਾਲੀ ਦਲ ਹੜ੍ਹ ਪ੍ਰਭਾਵਿਤ ਲੋਕਾਂ ਦੇ ਨਾਲ : ਮਾਹਲਾ, ਸੰਨੀ ਗਿੱਲ

**ਮੋਗਾ (ਇਕਬਾਲ ਸਿੰਘ ਖਹਿਰਾ)-** ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਮੋਗਾ ਦੇ ਸੀਨੀਅਰ ਆਗੂਆਂ ਦੀ ਇੱਕ ਅਹਿਮ ਮੀਟਿੰਗ ਸੰਨੀ ਟਾਵਰ ਵਿਖੇ ਹੋਈ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਭੁੱਲਰ ਤਲਵੰਡੀ ਭੰਗੇਰੀਆਂ, ਕੋਰ ਕਮੇਟੀ ਮੈਂਬਰ ਜਥੇਦਾਰ ਤੀਰਥ ਸਿੰਘ ਮਾਹਲਾ, ਅਬਜ਼ਰਵਰ ਰਾਜਵਿੰਦਰ ਸਿੰਘ ਧਰਮਕੋਟ, ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ, ਹਲਕਾ ਨਿਹਾਲ ਸਿੰਘ ਵਾਲਾ ਤੋਂ ਖਣਮੁੱਖ ਭਾਰਤੀ ਪੱਤੋ, ਸੀਨੀਅਰ ਆਗੂ ਰਣਵਿੰਦਰ ਸਿੰਘ ਪੱਪੂ ਰਾਮੂਵਾਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਤੀਰਥ ਸਿੰਘ ਮਾਹਲਾ ਨੇ ਕਿਹਾ ਕਿ ਅੱਜ ਹੜ੍ਹਾਂ ਦੀ ਸਥਿਤੀ ਨੂੰ ਲੈ ਕੇ ਸਾਡੇ ਕਿਸਾਨਾਂ ਅਤੇ ਹੋਰ ਵਰਗਾਂ ਦੇ ਲੋਕ ਸੰਕਟ ਦੀ ਘੜੀ ਨਾਲ ਜੂਝ ਰਹੇ ਹਨ।ਇਸੇ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੋਗਾ ਦੀ ਫਤਿਹ ਰੈਲੀ ਮੁਲਤਵੀ ਕਰਕੇ ਉਹ ਪੰਜਾਬ ਦੇ ਵੱਖ ਵੱਖ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਲੋਕਾਂ ਨੂੰ ਮਿਲ ਕੇ ਉਨ੍ਹਾਂ ਦਾ ਦੁੱਖ ਦਰਦ ਜਾਣ ਰਹੇ ਹਨ ਤੇ ਆਪਣੇ ਤੌਰ 'ਤੇ ਹੜ੍ਹ ਪ੍ਰਭਾਵਿਤ ਕਿਸਾਨਾਂ ਦੀ ਆਰਥਿਕ ਮੱਦਦ ਵੀ ਕਰ ਰਹੇ ਹਨ ਅਤੇ ਉਨ੍ਹਾਂ ਨੇ ਸਮੁੱਚੇ ਪੰਜਾਬ ਦੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਨੂੰ ਇਹ ਆਦੇਸ਼ ਜਾਰੀ ਕੀਤਾ ਹੈ ਕਿ ਉਹ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜਾ ਕੇ ਕਿਸਾਨਾਂ ਤੇ ਹੋਰ ਵਰਗਾਂ ਦੀ ਹਰ ਤਰ੍ਹਾਂ ਦੀ ਸੰਭਵ ਮੱਦਦ ਕਰਨ, ਇਸ ਲਈ ਮੋਗਾ ਜ਼ਿਲ੍ਹੇ ਦਾ ਸਮੁੱਚਾ ਅਕਾਲੀ ਦਲ ਆਪਣੇ ਵਰਕਰਾਂ ਨੂੰ ਨਾਲ ਲੈ ਕੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜਾ ਰਿਹਾ ਹੈ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਹਰ ਸੰਭਵ ਮੱਦਦ ਕਰੇਗਾ। ਸੰਨੀ ਗਿੱਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੜ੍ਹ ਪ੍ਰਭਾਵਿਤ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹਾ ਹੈ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਆਦੇਸ਼ਾਂ 'ਤੇ ਹਰ ਮੱਦਦ ਕਰੇਗਾ।



## ਆਹਲੀ ਕਲਾਂ ਨੇੜੇ ਆਰਜ਼ੀ ਬੰਨ੍ਹ 'ਚ ਪਿਆ ਇੱਕ ਹੋਰ ਪਾੜ

**ਸੁਲਤਾਨਪੁਰ ਲੋਧੀ (ਹਨੀ)** ਮੰਡ ਇਲਾਕੇ 'ਚ ਆਏ ਹੜ੍ਹ ਦੇ ਪਾਣੀ ਦਾ ਪੱਧਰ ਫਿਰ ਤੋਂ ਵੱਧਣ ਕਾਰਨ ਪਿਛਲੇ 20 ਦਿਨਾਂ ਤੋਂ ਹੜ੍ਹ ਵਿੱਚ ਫਸੇ ਲੋਕਾਂ ਦੀਆਂ ਸਮੱਸਿਆਵਾਂ ਘੱਟਦੀਆਂ ਨਜ਼ਰ ਨਹੀਂ ਆ ਰਹੀਆਂ।ਸ਼ਨੀਵਾਰ ਸਵੇਰੇ 7 ਵਜੇ ਤੋਂ ਬਿਆਸ ਦਰਿਆ ਦਾ ਪੱਧਰ ਵੱਧਣਾ ਸ਼ੁਰੂ ਹੋ ਗਿਆ ਸੀ ਜੋ ਲਗਾਤਾਰ ਵਧਾ ਜਾ ਰਿਹਾ ਹੈ।ਪਹਿਲਾਂ ਬਿਆਸ ਦਰਿਆ ਵਿੱਚ 02 ਲੱਖ ਕਿਊਸਿਕ ਪਾਣੀ ਵੱਗ ਰਿਹਾ ਸੀ ਜਿਹੜਾ ਸਵੇਰੇ 7 ਵਜੇ ਪਹਿਲਾਂ 2 ਲੱਖ 4 ਹਜ਼ਾਰ ਹੋ ਗਿਆ ਤੇ ਫਿਰ ਬਾਅਦ ਦੁਪਹਿਰ 2 ਲੱਖ 17 ਹਜ਼ਾਰ ਕਿਊਸਿਕ ਹੋ ਗਿਆ ਹੈ।ਬਿਆਸ ਦਰਿਆ ਵਿੱਚ ਲਾਇਆ ਆਰਜ਼ੀ ਬੰਨ੍ਹ ਦੇਰ ਰਾਤ ਚੱਕਪੱਤੀ ਬਾਲੂ ਬਹਾਦਰ ਕੋਲੋਂ ਟੁੱਟ ਜਾਣ ਕਾਰਨ ਕਿਸਾਨਾਂ ਦੀ 50 ਤੋਂ 60 ਏਕੜ ਝੋਨੇ ਦੀ ਫਸਲ ਡੁੱਬਣ ਦਾ ਖਦਸ਼ਾ ਪੈਦਾ ਹੋ ਗਿਆ ਹੈ।ਉਧਰ ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ 20 ਦਿਨਾਂ ਤੋਂ ਲਗਾਤਾਰ ਹੜ੍ਹ ਪੀੜਤਾਂ ਦੀ ਸੇਵਾ ਵਿੱਚ ਹੀ ਡਟੇ ਹੋਏ ਹਨ।ਲੰਘੀ 10 ਅਗਸਤ ਨੂੰ ਪਹਿਲਾਂ ਆਰਜ਼ੀ ਬੰਨ੍ਹ ਵਿੱਚ ਪਾੜ ਪਿਆ ਸੀ ਤੇ ਖੇਤਾਂ ਵਿੱਚ ਪਾਣੀ ਭਰ ਗਿਆ ਸੀ।ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੇ ਇਸ ਇਲਾਕੇ ਵਿੱਚ 11 ਅਗਸਤ ਤੋਂ ਮੋਰਚਾ ਸੰਭਾਲ ਲਿਆ ਸੀ।ਉਹ ਅੱਜ ਪਹਿਲਾਂ ਅਹਾਲੀ ਕਲਾਂ ਤੇ ਖੁਰਦ ਪਿੰਡਾਂ ਦੇ ਲੋਕਾਂ ਨੂੰ ਮਿਲੇ ਜਿੱਥੇ ਚੱਕਪੱਤੀ ਬਾਲੂ ਬਹਾਦਰ ਕੋਲੋਂ ਆਰਜ਼ੀ ਬੰਨ੍ਹ ਟੁੱਟਣ ਨਾਲ ਪਾਣੀ ਝੋਨੇ ਦੇ ਖੇਤਾਂ ਵਿੱਚ ਭਰਨਾ ਸ਼ੁਰੂ ਹੋ ਗਿਆ ਸੀ। ਇਸ 20 ਕਿਲੋਮੀਟਰ ਲੰਮੇ ਆਰਜ਼ੀ ਬੰਨ੍ਹ ਨੂੰ ਬਚਾਉਣ ਲਈ ਇਲਾਕੇ ਦੇ ਲੋਕ ਪਿਛਲੇ ਕਈ ਦਿਨਾਂ ਤੋਂ ਲੱਗੇ ਹੋਏ ਸਨ।ਸੰਤ ਸੀਚੇਵਾਲ ਨੇ ਲਗਾਤਾਰ ਪਾਣੀ ਵਿੱਚ ਘਿਰੇ ਪਿੰਡਾਂ ਤੇ ਡੇਰੇ ਵਾਲਿਆਂ ਨੂੰ ਪ੍ਰਸ਼ਾਦੇ ਪਹੁੰਚਦੇ ਕੀਤੇ।ਹੜ੍ਹ ਪੀੜਤ ਪਿਛਲੇ 20 ਦਿਨਾਂ ਤੋਂ ਪਾਣੀ ਵਿੱਚ ਘਿਰ ਜਾਣ ਕਾਰਨ ਉਨ੍ਹਾਂ ਦੇ ਜਿੱਥੇ ਰਸੋਈ ਗੈਸ ਸਿਲੰਡਰ ਖਤਮ ਹੋਣ ਕਾਰਨ ਉਨ੍ਹਾਂ ਨੂੰ ਪ੍ਰੇਸ਼ਾਨੀਆਂ ਆ ਰਹੀਆਂ ਹਨ ਉਥੇ ਘਰਾਂ ਵਿੱਚ ਅਜੇ ਵੀ ਪਾਣੀ ਹੋਣ ਕਾਰਨ ਉਥੇ ਆਮ ਜਿੰਦਗੀ ਜਿਊਣੀ ਅਜੇ ਔਖੀ ਦੱਸੀ ਜਾ ਰਹੀ ਹੈ।



## ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਮਾਹਿਲਪੁਰ (ਸਫਰੀ)-** ਇੰਸਪੈਕਟਰ ਜੈਪਾਲ ਮੁੱਖ ਅਫਸਰ ਥਾਣਾ ਮਾਹਿਲਪੁਰ ਦੇ ਯਤਨਾ ਸਦਕਾ ਅਤੇ ਏ ਐਸ ਆਈ ਦਿਲਬਾਗ ਸਿੰਘ ਸਮੇਤ ਪੁਲਸ ਪਾਰਟੀ ਚੈਕਿੰਗ ਦੌਰਾਨ ਜਦੋਂ ਮਹਿਲਪੁਰ ਤੋਂ ਪਿੰਡ ਟੂਟੋ ਮੁਜਾਰਾ ਵੱਲ ਜਾ ਰਹੇ ਸਨ ਤਾਂ ਇਕ ਵਿਅਕਤੀ ਜੋ ਟੂਟੋ ਮੁਜਾਰਾ ਵਾਲੇ ਪਾਸੇ ਤੋਂ ਪੈਦਲ ਆ ਰਿਹਾ ਸੀ ਜਿਸ ਨੂੰ ਸ਼ੱਕ ਦੇ ਅਧਾਰ 'ਤੇ ਏ ਐਸ ਆਈ ਦਿਲਬਾਗ ਸਮੇਤ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਵਿਅਕਤੀ ਨੂੰ ਕਾਬੂ ਕਰਕੇ ਉਸਦਾ ਨਾਮ ਪਤਾ ਪੁੱਛਿਆ । ਜਿਸਨੇ ਆਪਣਾ ਨਾਮ ਬੂਟਾ ਸਿੰਘ ਪੁੱਤਰ ਦਿਲਬਾਗ ਸਿੰਘ ਵਾਸੀ ਪਿੰਡ ਮੋਘੋਵਾਲ ਦੁਆਬਾ ਥਾਣਾ ਮਾਹਿਲਪੁਰ ਤਹਿਸੀਲ ਗੜ੍ਹਸ਼ੰਕਰ ਗੜ ਸ਼ੰਕਰ ਜਿਲਾ ਹੁਸ਼ਿਆਰਪੁਰ ਦੱਸਿਆ । ਜਿਸ ਦੀ ਤਲਾਸ਼ੀ ਕਰਨ ਤੇ ਉਸ ਦੀ ਜੇਬ ਵਿੱਚੋਂ ਇੱਕ ਕਾਲੇ ਰੰਗ ਦਾ ਮੋਮੀ ਲਿਫਾਫਾ ਮਿਲਿਆ ਜਿਸ ਨੂੰ ਖੋਲ ਕੇ ਚੈੱਕ ਕੀਤਾ ਤਾਂ ਉਸ ਵਿੱਚੋਂ ਖੁੱਲੀਆਂ ਫਿਕੇ ਰੰਗ ਦੀਆਂ 38 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ। ਥਾਣਾ ਮਾਹਿਲਪੁਰ ਦੀ ਪੁਲਿਸ ਨੇ ਮਕੱਦਮਾ ਰਜਿਸਟਰ ਕਰ ਕੇ ਅਗਲੇਰੀ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



## ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਡਿਪਟੀ ਡੀ ਈ ਓ (ਐਲੀਮੈਂਟਰੀ) ਚਾਰਜ ਸੰਭਾਲਣ 'ਤੇ ਸਨਮਾਨਿਤ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੰਜਾਬ ਸਰਕਾਰ ਵੱਲੋਂ ਪ੍ਰਿੰਸੀਪਲਾਂ ਦੀਆਂ ਬਦਲੀਆਂ ਅਤੇ ਤੈਨਾਤੀਆਂ ਕੀਤੀਆਂ ਗਈਆਂ ਹਨ।ਇਹਨਾਂ ਬਦਲੀਆਂ ਅਤੇ ਤੈਨਾਤੀਆਂ ਤਹਿਤ ਪੰਜਾਬ ਸਰਕਾਰ ਵਲੋਂ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੂੰ ਉੱਪ-ਜਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ ਸਿੱਖਿਆ) ਹੁਸ਼ਿਆਰਪੁਰ ਦਾ ਚਾਰਜ ਦਿੱਤਾ ਗਿਆ।ਪ੍ਰਿੰਸੀਪਲ ਅਮਨਦੀਪ ਸ਼ਰਮਾਂ ਨੂੰ ਉਕਤ ਅਹੁਦੇ ਦਾ ਚਾਰਜ ਸੰਭਾਲਣ ਤੇ ਗੌਰਮਿੰਟ ਟੀਚਰਜ ਯੂਨੀਅਨ ਹੁਸ਼ਿਆਰਪੁਰ ਅਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਹੁਸ਼ਿਆਰਪੁਰ ਦੀ ਟੀਮ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਵਾਈਸ ਪ੍ਰਧਾਨ ਪ੍ਰਿੰ: ਪਲਿਆਲ ਗੜ੍ਹਦੀਵਾਲਾ ਅਤੇ (ਸੀਨੀਅਰ ਆਗੂ) ਜਗਵਿੰਦਰ ਸਿੰਘ, ਦਵਿੰਦਰ ਹੁਸ਼ਿਆਰਪੁਰ, ਲੈ: ਗੁਰਨਾਮ ਸਿੰਘ, ਗੁਰਮੁੱਖ ਸਿੰਘ ਬਲਾਲਾ, ਪ੍ਰਿਤਪਾਲ ਸਿੰਘ ਚੌਟਾਲਾ, ਸੁਖਦੇਵ ਸਿੰਘ, ਗੁਰਪ੍ਰੀਤ ਸਿੰਘ। ਜਥੇਬੰਦਕ ਟੀਮ ਵਲੋਂ ਉੱਪ-ਜਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਅਮਨਦੀਪ ਸ਼ਰਮਾ ਨੂੰ ਇੱਕ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਉਪਰੋਕਤ ਆਗੂਆਂ ਵਲੋਂ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਉਹਨਾ ਦੀ ਧਰਮ ਪਤਨੀ ਮੈਡਮ ਪਵਨ ਸ਼ਰਮਾ ਨੂੰ ਵਧਾਈਆਂ ਦਿੱਤੀਆਂ ਗਈਆਂ।

## 1 ਕਿਲੋ ਭੁੱਕੀ ਤੇ 117 ਗ੍ਰਾਮ ਹੈਰੋਇਨ ਸਮੇਤ 6 ਗ੍ਰਿਫ਼ਤਾਰ

**ਜਲੰਧਰ (ਸੁਰਿੰਦਰ ਕੁਮਾਰ)** ਪੰਜਾਬ ਸਰਕਾਰ ਵੱਲੋਂ ਸ਼ੁਰੂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ ਲਗਾਤਾਰ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਜਿਸ ਦੌਰਾਨ ਪੁਲਸ ਵੱਲੋਂ 1 ਕਿਲੋ ਭੁੱਕੀ ਅਤੇ 117 ਗ੍ਰਾਮ ਹੈਰੋਇਨ ਬਰਾਮਦ ਕਰਦੇ ਹੋਏ 6 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।ਇਸ ਬਾਰੇ ਜਾਣਕਾਰੀ ਦਿੰਦਿਆਂ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਦੇ ਉਦੇਸ਼ ਅਧੀਨ ਜਲੰਧਰ ਪੁਲਸ ਵਲੋਂ ਪੁਲਿਸ ਸਟੇਸ਼ਨਾਂ ਦੀਆਂ ਟੀਮਾਂ ਬਣਾ ਕੇ ਲਗਾਤਾਰ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਹਾਲੀਆ ਕਾਰਵਾਈ ਦੌਰਾਨ ਐਨ ਡੀ ਪੀ ਐਸ ਐਕਟ ਅਧੀਨ 4 ਮੁਕੱਦਮੇ ਦਰਜ ਕਰਕੇ 6 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮਾਂ ਦੇ ਕਬਜ਼ੇ 'ਚੋਂ 1 ਕਿਲੋ ਭੁੱਕੀ ਅਤੇ 117 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ।ਸੀ ਪੀ ਜਲੰਧਰ ਨੇ ਦੱਸਿਆ ਕਿ ਉਪਰੋਕਤ ਕਾਰਵਾਈਆਂ ਦੌਰਾਨ ਥਾਣਾ ਸਦਰ ਦੀ ਪੁਲਸ ਟੀਮ ਵੱਲੋਂ 1 ਦੋਸ਼ੀ ਨੂੰ 1 ਕਿਲੋ ਭੁੱਕੀ ਅਤੇ ਥਾਣਾ ਬਸਤੀ ਬਾਵਾ ਖੇਲ ਵੱਲੋਂ 2 ਦੋਸ਼ੀਆਂ ਨੂੰ 7 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਗਿਆ।ਇਸੇ ਤਰ੍ਹਾਂ, ਕਰਾਇਮ ਬ੍ਰਾਂਚ ਜਲੰਧਰ ਦੀ ਪੁਲਸ ਟੀਮ ਵੱਲੋਂ ਇੱਕ ਮਹਿਲਾ ਡਰੱਗ ਪੈਡਲਰ ਨੂੰ 100 ਗ੍ਰਾਮ ਹੈਰੋਇਨ ਅਤੇ ਸ਼ਪੈਸ਼ਲ ਸੈਲ ਦੀ ਪੁਲਸ ਟੀਮ ਵੱਲੋਂ 2 ਮੁਲਜ਼ਮਾਂ ਨੂੰ 10 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ।



## ਅਮਿਤ ਕੁਮਾਰ ਸੇਠੀ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ

**ਬਲਾਚੌਰ (ਜਸਵਿੰਦਰ ਬੈਂਸ)** ਹਲਕਾ ਬਲਾਚੌਰ ਤੋਂ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ।ਆਮ ਆਦਮੀ ਪਾਰਟੀ ਦੇ ਵੱਡੇ ਆਗੂ ਅਤੇ ਗੁੱਜਰ ਭਾਈਚਾਰੇ ਦੇ ਸਿਰਕੱਢ ਅਤੇ ਨੁਮਾਇੰਦੇ ਅਮਿਤ ਕੁਮਾਰ ਸੇਠੀ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ।ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਅਮਿਤ ਕੁਮਾਰ ਸੇਠੀ ਨੇ ਆਪਣੇ ਸੈਂਕੜੇ ਸਾਥੀਆਂ ਨਾਲ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ।ਹਲਕਾ ਬਲਾਚੌਰ ਵਿਖੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਜਿੱਥੇ ਮਜ਼ਬੂਤ ਵੇਖਣਾ ਚਾਹੁੰਦੇ ਹਨ ਉਥੇ ਹੀ ਸ਼੍ਰੋਮਣੀ ਅਕਾਲੀ ਦਲ ਤੋਂ ਹੀ ਆਸ ਕਰਦੇ ਹਨ। ਅਮਿਤ ਕੁਮਾਰ ਸੇਠੀ ਨੇ ਜਿੱਥੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦਾ ਸਵਾਗਤ ਕੀਤਾ ਉਥੇ ਹੀ ਭਰੋਸਾ ਦਿਵਾਇਆ ਕਿ ਪਾਰਟੀ ਦੇ ਨੀਤੀਗਤ ਪ੍ਰੋਗਰਾਮ ਨੂੰ ਘਰ ਘਰ ਤੱਕ ਲੈ ਕੇ ਜਾਣ ਲਈ ਤਨਦੇਹੀ ਨਾਲ ਕੰਮ ਕਰਨਗੇ।



## ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਦਿਵਸ ਨੂੰ ਸਮਰਪਤ ਸਮਾਗਮ

**ਚੀਮਾ ਮੰਡੀ (ਰਵਿੰਦਰ ਚੀਮਾ)** ਕਲਗੀਧਰ ਟਰਸਟ ਬੜੂ ਸਾਹਿਬ ਅਧੀਨ ਚੱਲ ਰਹੀ ਅਕਾਲ ਅਕੈਡਮੀ ਚੀਮਾ ਸਾਹਿਬ ਵੱਲੋਂ ਧੰਨ-ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਦਿਵਸ ਨੂੰ ਸਮਰਪਤ ਗੁਰਮਤਿ ਸਮਾਗਮ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਗਿਆ।ਇਸ ਪਵਿੱਤਰ ਅਵਸਰ 'ਤੇ ਅਕਾਲ ਅਕੈਡਮੀ ਦੇ ਸਾਰੇ ਸਟਾਫ ਮੈਂਬਰਾਂ ਨੇ ਹਾਜ਼ਰੀ ਲਾਈ ਅਤੇ ਗੁਰੂ ਘਰ ਵਿੱਚ ਨਤਮਸਤਕ ਹੋ ਕੇ ਅਰਦਾਸ ਕੀਤੀ।ਇਸ ਮੌਕੇ ਮੌਜੂਦਾ ਹੜ੍ਹਾਂ ਦੀ ਮਾਰ ਸਹਿ ਰਹੇ ਪਰਵਾਰਾਂ ਦੀ ਚੜ੍ਹਦੀ ਕਲਾ ਲਈ ਬੇਨਤੀ ਕੀਤੀ ਗਈ।ਅਕਾਲ ਅਕੈਡਮੀ ਦੇ ਸਟਾਫ ਵੱਲੋਂ ਇਕਜੁੱਟ ਹੋ ਕੇ ਗੁਰੂ ਸਾਹਿਬ ਅੱਗੇ ਅਰਦਾਸਾਂ ਕੀਤੀਆਂ ਗਈਆਂ।ਸਮਾਗਮ ਦੌਰਾਨ ਸ਼੍ਰੀ ਸਹਿਜ ਪਾਠ ਦੇ ਭੋਗ ਪਾਏ ਗਏ, ਜਿਸ ਤੋਂ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰ ਵੀ ਕੀਤੇ ਗਏ।ਇਸ ਵਿੱਚ ਅਕਾਲ ਅਕੈਡਮੀ ਦੇ ਸਾਰੇ ਅਧਿਆਪਕਾਂ ਤੇ ਕ੍ਰਮਚਾਰੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਇਹ ਪ੍ਰੇਰਨਾਦਾਇਕ ਸਮਾਗਮ ਸਿੱਖੀ ਦੇ ਸਿਧਾਂਤਾਂ, ਸੇਵਾ ਤੇ ਸਿਮਰਨ ਦੇ ਪਵਿੱਤਰ ਸੰਦੇਸ਼ ਨੂੰ ਅੱਗੇ ਵਧਾਉਣ ਵੱਲ ਇੱਕ ਮਹੱਤਵਪੂਰਨ ਯਤਨ ਸਾਬਤ ਹੋਇਆ।



## ਐੱਸ ਡੀ ਕਾਲਜ 'ਚ ਨਸ਼ਾ ਮੁਕਤ ਭਾਰਤ ਮੁਹਿੰਮ ਸੰਬੰਧੀ ਲੈਕਚਰ

**ਸੁਲਤਾਨਪੁਰ ਲੋਧੀ (ਹਨੀ)** ਐੱਸ ਡੀ ਕਾਲਜ ਫਾਰ ਵੂਮੈਨ ਵਿਖੇ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਕਾਲਜ ਦੇ ਬੱਡੀ ਗਰੁੱਪ ਵੱਲੋਂ ਨਸ਼ਾ ਮੁਕਤ ਭਾਰਤ ਅੰਦੋਲਨ ਤਹਿਤ ਇੱਕ ਲੈਕਚਰ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਮੈਡਮ ਸੁਨੀਤਾ ਕਲੇਰ ਨੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਉਨ੍ਹਾਂ ਤੋਂ ਦੂਰ ਰਹਿਣ ਦੇ ਤਰੀਕਿਆਂ 'ਤੇ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ।ਉਨ੍ਹਾਂ ਕਿਹਾ ਕਿ ਮਜ਼ਬੂਤ ਇੱਛਾ ਸ਼ਕਤੀ ਨਸ਼ਿਆਂ ਦਾ ਵਿਰੋਧ ਕਰਨ ਦੀ ਕੁੰਜੀ ਹੈ।ਉਨ੍ਹਾਂ ਦੱਸਿਆ ਕਿ ਇਹ ਸਾਡੇ ਸਮਾਜ ਦੀਆਂ ਜੜ੍ਹਾਂ ਨੂੰ ਹੌਲੀ-ਹੌਲੀ ਕਿਵੇਂ ਖੋਰਾ ਲਗਾ ਰਿਹਾ ਹੈ।ਉਨ੍ਹਾਂ ਇਸ ਬੁਰਾਈ ਵਿਰੁੱਧ ਲੜਨ ਲਈ ਸਮਾਜ ਦੀ ਸਮੂਹਿਕ ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ।ਉਨ੍ਹਾਂ ਸਾਰਿਆਂ ਨੂੰ ਨੌਜਵਾਨ ਪੀੜ੍ਹੀ ਦਾ ਮਾਰਗਦਰਸ਼ਨ ਅਤੇ ਸਮਰਥਨ ਕਰਨ ਦੀ ਅਪੀਲ ਕੀਤੀ, ਜੋ ਕਿ ਨਸ਼ਿਆਂ ਦੀ ਦੁਰਵਰਤੋਂ ਦਾ ਸਭ ਤੋਂ ਵੱਧ ਸ਼ਿਕਾਰ ਹਨ।ਇਸ ਮੌਕੇ ਬੱਡੀ ਗਰੁੱਪ ਦੇ ਇੰਚਾਰਜ ਮੈਡਮ ਰਜਨੀ ਬਾਲਾ ਆਦਿ ਸਟਾਫ ਮੈਂਬਰ ਹਾਜ਼ਰ ਸਨ।



## ਗੁਰਦੁਆਰਾ ਘੰਟਾ ਘਰ ਆਲਮਗੀਰ ਵਿਖੇ ਸ਼ਹੀਦੀ ਸਮਾਗਮ 8 ਨੂੰ

**ਕਾਲਾ ਸੰਘਿਆਂ (ਮਨਜੀਤ ਮਾਨ)** ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਇਲਾਕਾ ਕਾਲਾ ਸੰਘਿਆਂ ਕਮੇਟੀ ਦੀ ਇੱਕ ਵਿਸ਼ੇਸ਼ ਮੀਟਿੰਗ ਜੱਥੇਬੰਦੀ ਦੇ ਜਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਬਾਜਵਾ ਦੀ ਪ੍ਰਧਾਨਗੀ ਹੇਠ ਕੀਤੀ ਗਈ।ਜਿਸ ਵਿੱਚ ਕਾਲਾ ਸੰਘਿਆ ਨਕਸਲੀ ਘੋਲ - 1971 ਦੇ ਸ਼ਹੀਦ ਹੋਏ ਸੱਤ ਸਾਥੀਆਂ ਦੀ ਸਾਲਾਨਾ ਯਾਦ ਮਨਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਬਾਬਤ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਬਾਜਵਾ ਤੇ ਇਲਾਕਾ ਪ੍ਰਧਾਨ ਪਲਵਿੰਦਰ ਸਿੰਘ ਸੰਘਾ ਨੇ ਦੱਸਿਆ ਕਿ ਕੀਰਤੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਸਤ ਸ਼ਹੀਦਾਂ ਦੀ ਯਾਦ 8 ਸਤੰਬਰ ਨੂੰ ਗੁਰਦੁਆਰਾ ਘੰਟਾ-ਘਰ ਆਲਮਗੀਰ ਕਾਲਾ ਸੰਘਿਆ ਵਿਖੇ ਮਨਾਈ ਜਾ ਰਹੀ ਹੈ, ਜਿਸ ਦੌਰਾਨ ਜਿਥੇ ਇਕ ਵਿਸ਼ਾਲ ਕੀ ਕਾਨਫਰੰਸ ਕੀਤੀ ਜਾਵੇਗੀ। ਉਥੇ ਹੀ ਇਨਕਲਾਬੀ ਨਾਟਕ ਵੀ ਨਾਟਕ ਮੰਡਲੀ ਵੱਲੋਂ ਖੇਡੇ ਜਾਣਗੇ। ਉਹਨਾਂ ਨੇ ਵੱਖ-ਵੱਖ ਕਿਸਾਨ ਜਥੇਬੰਦੀਆਂ ਤੇ ਹੋਰ ਹਮਖਿਆਲੀ ਜਥੇਬੰਦੀਆਂ ਨੂੰ ਇਸ ਸਮਾਗਮ ਵਿੱਚ ਹੁੰਮ-ਹੁਮਾ ਕੇ ਪੁੱਜਣ ਦੀ ਪੁਰਜ਼ੋਰ ਸ਼ਬਦਾਂ ਵਿੱਚ ਅਪੀਲ ਕੀਤੀ ਹੈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪਰਮਿੰਦਰ ਸਿੰਘ, ਅਮਰੀਕ ਸਿੰਘ, ਕੁਲਵਿੰਦਰ ਕਿੰਦੀ, ਗੁਰਮੀਤ ਸਿੰਘ ਮੰਡੇਰ, ਹਰਜਿੰਦਰ ਸਿੰਘ, ਗੁਰਮੇਲ ਸਿੰਘ, ਸਰਵਣ ਸਿੰਘ ਸੰਘਾ, ਸੋਢੀ ਕਾਲਾ ਸੰਘਿਆਂ, ਜੋਗਾ, ਹੁਕਮ ਸਿੰਘ ਕੋਹਾਲਾ, ਸਿੰਗਾਰਾ ਸਿੰਘ ਬੈਂਸ ਤੇ ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ



## ਸਮਰਿਧੀ ਕੌਸ਼ਲ ਨੂੰ ਥਲ ਸੈਨਾ ਕੈਂਪ ਲਈ ਚੁਣਿਆ

**ਜਲੰਧਰ (ਸ਼ੈਲੀ ਐਲਬਰਟ)** ਲਾਇਲਪੁਰ ਖ਼ਾਲਸਾ ਕਾਲਜ ਦੀ ਬੀ ਏ ਤੀਜੇ ਸਮੈਸਟਰ ਦੀ ਵਿਦਿਆਰਥਣ ਕੈਡਿਟ ਸਮਰਿਧੀ ਕੌਸ਼ਲ ਨੂੰ 2 ਸਤੰਬਰ ਤੋਂ ਨਵੀਂ ਦਿੱਲੀ ਵਿੱਚ ਹੋਣ ਵਾਲੇ ਥਲ ਸੈਨਾ ਕੈਂਪ ਵਿੱਚ ਹਿੱਸਾ ਲੈਣ ਲਈ ਚੁਣਿਆ ਗਿਆ ਹੈ। ਸਮਰਿਧੀ ਦੀ ਚੋਣ ਐਨ.ਸੀ.ਸੀ. ਅਕੈਡਮੀ, ਰੂਪਨਗਰ ਵਿਖੇ ਆਯੋਜਿਤ ਪ੍ਰੀ-ਆਰਮੀ ਕੈਂਪ-2 ਵਿੱਚ ਹੋਈ ਹੈ। ਇਸ ਕੈਂਪ ਨੂੰ ਨੈਸ਼ਨਲ ਕੈਡੇਟ ਕੋਰ ਦੇ ਸਭ ਤੋਂ ਵੱਕਾਰੀ ਕੈਂਪਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਜੋ ਅਨੁਸ਼ਾਸਨ, ਲੀਡਰਸ਼ਿਪ, ਫੀਲਡ ਕਰਾਫ਼ਟ, ਹਥਿਆਰ ਸਿਖਲਾਈ, ਨਕਸ਼ਾ ਪੜ੍ਹਨਾ ਅਤੇ ਫੌਜੀ ਸਿਖਲਾਈ ਦੇ ਹੋਰ ਪਹਿਲੂਆਂ 'ਤੇ ਕੇਂਦ੍ਰਿਤ ਹੈ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਕੈਡਿਟ ਸਮਰਿਧੀ ਨੂੰ ਉਸਦੀ ਪ੍ਰਾਪਤੀ 'ਤੇ ਵਧਾਈ ਦਿੱਤੀ।



## ਪੰਜਾਬ ਸਟੇਟ ਡਿਵੈੱਲਪਮੈਂਟ ਐਕਟ ਅਧੀਨ ਰਜਿਸਟ੍ਰੇਸ਼ਨ ਸੰਬੰਧੀ ਕੈਂਪ ਲਾਇਆ

**ਜਲਾਲਾਬਾਦ (ਜੀਤ ਕੁਮਾਰ/ਜੰਗੀਰ ਕੌਰ)** ਮਾਰਕਿਟ ਕਮੇਟੀ ਦਫ਼ਤਰ ਵਿਖੇ ਕਰ ਵਿਭਾਗ ਪੰਜਾਬ ਵੱਲੋਂ ਪੰਜਾਬ ਸਟੇਟ ਡਿਵੈਲਪਮੈਂਟ ਐਕਟ ਅਧੀਨ ਰਜਿਸਟ੍ਰੇਸ਼ਨ ਸਬੰਧੀ ਇੱਕ ਕੈਂਪ ਲਾਇਆ ਗਿਆ। ਕੈਂਪ ਦੀ ਪ੍ਰਧਾਨਗੀ ਮਾਰਕਿਟ ਕਮੇਟੀ ਚੇਅਰਮੈਨ ਦੇਵਰਾਜ ਸ਼ਰਮਾ ਤੇ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਮਨਜੀਤ ਸਿੰਘ ਦਰਗਨ ਵੱਲੋਂ ਕੀਤੀ ਗਈ। ਮੀਟਿੰਗ ਵਿੱਚ ਕਰ ਵਿਭਾਗ ਵੱਲੋਂ ਪਹੁੰਚੇ ਕੁਲਵਿੰਦਰ ਸਿੰਘ ਰਾਜ ਕਰ ਅਫ਼ਸਰ ਤੇ ਸੁਖਵਿੰਦਰ ਸਿੰਘ ਕਰ ਨਿਰੀਖਣ ਵੱਲੋਂ ਆੜ੍ਹਤੀਆ ਨੂੰ ਪੀ.ਐਸ.ਡੀ.ਟੀ ਐਕਟ ਸਬੰਧੀ ਜਾਣਕਾਰੀ ਦਿੱਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆ ਰਾਜ ਕਰ ਅਫ਼ਸਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਡਿਵੈਲਪਮੈਂਟ ਲਈ 200 ਰੁਪਏ ਪ੍ਰਤੀ ਮਹੀਨੇ ਦਾ ਟੈਕਸ ਲਾਇਆ ਗਿਆ ਹੈ। ਕੋਈ ਵੀ ਵਪਾਰੀ ਪ੍ਰੋਫੈਸ਼ਨਲ ਜਾਂ ਆਮ ਨਾਗਰਿਕ ਜੋਕਿ ਇਨਕਮ ਟੈਕਸ ਭਰਦਾ ਹੈ, ਉਸ ਲਈ ਇਹ ਟੈਕਸ ਭਰਨਾ ਜ਼ਰੂਰੀ ਹੈ। ਰਾਜ ਕਰ ਅਫਸਰ ਵੱਲੋਂ ਇਹ ਵੀ ਦੱਸਿਆ ਗਿਆ ਕਿ ਜੇਕਰ ਕੋਈ ਸਾਲ ਦਾ ਯਕਮੁਸ਼ਤ ਟੈਕਸ ਇਕੱਠਾਂ ਜਮ੍ਹਾਂ ਕਰਾਉਂਦਾ ਹੈ ਤਾਂ ਉਸ ਨੂੰ ਇਕ ਮਹੀਨੇ ਦੇ ਟੈਕਸ ਦੀ ਛੋਟ ਹੋਵੇਗੀ। ਮੀਟਿੰਗ 'ਚ ਮਾਰਕਿਟ ਕਮੇਟੀ ਦੇ ਚੇਅਰਮੈਨ ਦੇਵਰਾਜ ਸ਼ਰਮਾ ਤੇ ਆੜ੍ਹਤੀਆ ਯੂਨੀਅਨ ਦੇ ਪ੍ਰਧਾਨ ਮਨਜੀਤ ਸਿੰਘ ਵੱਲੋਂ ਆਏ ਸਾਰਿਆਂ ਦਾ ਧੰਨਵਾਦ ਕਰਦਿਆ ਸਾਰਿਆਂ ਨੂੰ ਪੰਜਾਬ ਸਰਕਾਰ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ। ਇਸ ਮੀਟਿੰਗ ਵਿੱਚ ਆੜ੍ਹਤੀਆ ਐਸੋਸੀਏਸ਼ਨ ਦੇ ਜਨਰਲ ਸਕੱਤਰ ਗੋਪਾਲ ਬਜਾਜ, ਸਚਿਨ ਮਿੱਡਾ, ਨਿਸ਼ੂ ਕੁੱਕੜ, ਕਾਲਾ ਸਿਡਾਨਾ, ਹਨੀ ਪੁਪਨੇਜਾ, ਨਿਤਿਨ ਛਾਬੜਾ, ਜਤਿੰਦਰ ਬਜਾਜ, ਦੀਪੂ ਠੇਕੇਦਾਰ, ਰਮੇਸ਼ ਬਗੋਰੀਆ ਆਦਿ ਮੌਜੂਦ ਸਨ।



## 'ਤੇਰੀ ਸੋਚ ਮੇਰੇ ਲਫ਼ਜ਼' ਲੋਕ ਅਰਪਣ

**ਗੜ੍ਹਸ਼ੰਕਰ/ਸੈਲਾ ਖੁਰਦ (ਫੂਲਾ ਸਿੰਘ ਬੀਰਮਪੁਰ)** ਨੌਜਵਾਨ ਸ਼ਾਇਰ ਵਿਸ਼ਾਲ ਪੁਆਰ ਟੂਟੋਮਜਾਰਵੀ ਦੀ ਪਲੇਠੀ ਪੁਸਤਕ 'ਤੇਰੀ ਸੋਚ ਮੇਰੇ ਲਫ਼ਜ਼' ਸਾਹਿਤਕਾਰ ਬਲਜਿੰਦਰ ਮਾਨ ਅਤੇ ਡਾਕਟਰ ਅਜੇ ਬੰਗਾ ਵੱਲੋਂ ਜਾਰੀ ਕੀਤੀ ਗਈ।ਉਹਨਾਂ ਪੁਸਤਕ ਨੂੰ ਜਾਰੀ ਕਰਦਿਆਂ ਕਿਹਾ ਕਿ ਇਸ ਨਵੇਂ ਸ਼ਾਇਰ ਕੋਲ ਸਾਹਿਤ ਸਿਰਜਣਾ ਦੀਆਂ ਅਸੀਮ ਸੰਭਾਵਨਾਵਾਂ ਹਨ ਜਿਨ੍ਹਾਂ ਸਦਕਾ ਉਹ ਉੱਚ ਕੋਟੀ ਦੇ ਸ਼ਾਇਰਾਂ ਵਿੱਚ ਆਪਣਾ ਨਾਮ ਦਰਜ ਕਰਵਾਉਣਗੇ। ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸੇਵਾ ਮੁਕਤ ਸਿੱਖਿਆ ਅਧਿਕਾਰੀ ਬੱਗਾ ਸਿੰਘ ਆਰਟਿਸਟ, ਸਾਹਿਤਕਾਰ ਰਘੁਵੀਰ ਸਿੰਘ ਕਲੋਆ, ਪ੍ਰਿੰ. ਸਰਬਜੀਤ ਸਿੰਘ, ਜਸਵੀਰ ਬੇਗਮਪੁਰੀ ਅਤੇ ਹਰਕੇਸ਼ ਕੁਮਾਰ ਨੇ ਪੁਸਤਕ ਦੀ ਸਮੀਖਿਆ ਕਰਦਿਆਂ ਕੁਝ ਰਚਨਾਵਾਂ ਪ੍ਰੋਫੈਸਰ ਮੋਹਨ ਸਿੰਘ ਅਤੇ ਸ਼ਿਵ ਕੁਮਾਰ ਬਟਾਲਵੀ ਦੇ ਹਾਣ ਦੀਆਂ ਰਚਨਾਵਾਂ ਐਲਾਨਿਆ। ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ ਵੱਲੋਂ ਆਯੋਜਿਤ ਇਸ ਲੋਕ ਅਰਪਣ ਸਮਾਗਮ ਦਾ ਮੰਚ ਸੰਚਾਲਨ ਨੌਜਵਾਨ ਸਾਹਿਤਕਾਰ ਤੇ ਚਿੱਤਰਕਾਰ ਸੁਖਮਨ ਸਿੰਘ ਨੇ ਕਲਾਤਮਿਕ ਵਿਚਾਰਾਂ ਨਾਲ ਕੀਤਾ। ਇਸ ਪੁਸਤਕ ਦੇ ਪ੍ਰਕਾਸ਼ਨ ਵਿੱਚ ਅਹਿਮ ਭੂਮਿਕਾ ਅਦਾ ਕਰਨ ਵਾਲੇ ਅਧਿਆਪਕ ਅਜੈ ਕੁਮਾਰ ਨੇ ਸਭ ਦਾ ਸਵਾਗਤ ਕਰਦਿਆਂ ਕਿਹਾ ਕਿ ਉਸ ਲਈ ਇਹ ਮਾਣ ਵਾਲੀ ਗੱਲ ਹੈ ਕਿ ਵਿਸ਼ਾਲ ਪੁਆਰ ਉਸਦਾ ਨਿੱਘਾ ਦੋਸਤ ਹੈ।ਸ਼ਾਇਰ ਵਿਸ਼ਾਲ ਪੁਆਰ ਟੂਟੋਮਜਾਰਵੀ ਨੂੰ ਸੁਰ ਸੰਗਮ ਵਿੱਦਿਅਕ ਟਰੱਸਟ ਵੱਲੋਂ ਸ਼ਾਨਦਾਰ ਪ੍ਰਾਪਤੀਆਂ ਲਈ ਸਨਮਾਨਿਤ ਵੀ ਕੀਤਾ ਗਿਆ। ਵੀ ਜੇ ਫੀਜੀਓ ਥਰੈਪੀ ਐਂਡ ਹੈਲਥ ਕੇਅਰ ਸੈਂਟਰ ਦੇ ਪੈਟਰਨ ਦਰਸ਼ਨ ਸਿੰਘ ਦਰਸ਼ੀ ਨੇ ਸਭ ਦਾ ਧੰਨਵਾਦ ਕਰਦਿਆਂ ਇਸ ਪ੍ਰਾਪਤੀ ਤੇ ਮਾਣ ਮਹਿਸੂਸ ਕੀਤਾ। ਇਸ ਮੌਕੇ ਮਾਤਾ ਸਤਵੀਰ ਕੌਰ, ਜਸਕਰਨ ਪੁਆਰ, ਗੁਰਵਿੰਦਰ, ਗੁਲਰਫੀਆ ਪੁਆਰ, ਦਵਿੰਦਰ ਸਿੰਘ, ਬਲਵਿੰਦਰ ਕੌਰ, ਮਦਨ ਲਾਲ ਮੱਦੋ, ਹਰਪ੍ਰੀਤ ਝੱਲੀ, ਸਰਪੰਚ ਨਛੱਤਰ ਸਿੰਘ, ਬਲਜੀਤ ਸਿੰਘ, ਹਰਵੀਰ ਮਾਨ, ਹਰਮਨਪ੍ਰੀਤ ਕੌਰ ਅਤੇ ਰੇਸ਼ਮ ਸਿੰਘ ਸਮੇਤ ਸਾਹਿਤ ਪ੍ਰੇਮੀ ਸ਼ਾਮਿਲ ਹੋਏ।



## ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੀ ਮੀਟਿੰਗ ਹੋਈ



**ਬੰਗਾ (ਅਵਤਾਰ ਕਲੇਰ)** ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਕਾਰ ਸਿੰਘ ਦੀ ਅਗਵਾਈ ਵਿੱਚ ਗੁਰਦੁਆਰਾ ਚਰਨ ਕੰਵਲ ਸਾਹਿਬ ਬੰਗਾ ਵਿਖੇ ਹੋਈ।ਇਸ ਮੌਕੇ ਵੱਖ ਵੱਖ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ। ਜਿਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਬਲਕਾਰ ਸਿੰਘ ਢੀਂਡਸਾ ਨੇ ਦੱਸਿਆ ਕਿ ਕੁਲਵਿੰਦਰ ਸਿੰਘ ਕਲੇਰਾਂ ਨੂੰ ਸਰਕਲ ਪ੍ਰਧਾਨ ਬੰਗਾ, ਸੁਖਮਨ ਕੱਟ ਨੂੰ ਬਹਿਰਾਮ ਸਰਕਲ ਪ੍ਰਧਾਨ, ਬੂਟਾ ਸਿੰਘ ਨੂੰ ਕੱਟ ਨੂੰ ਇਕਾਈ ਪ੍ਰਧਾਨ ਨਿਯੁਕਤ ਕੀਤਾ ਗਿਆ।ਉਨ੍ਹਾਂ ਕਿਹਾ ਕਿ ਜਦੋਂ ਤੱਕ ਐਮ ਐਸ ਪੀ ਤੇ ਗਰੰਟੀ ਕਾਨੂੰਨ, ਕਿਸਾਨ ਤੇ ਮਜ਼ਦੂਰ ਦੀ ਕਰਜ਼ਾ ਮੁਆਫੀ ਅਤੇ ਸੁਆਮੀਨਾਥਨ ਦੀ ਰਿਪੋਰਟ ਲਾਗੂ ਨਹੀਂ ਹੁੰਦੀ ਉਨੀ ਦੇਰ ਤੱਕ ਸਾਡੀ ਲੜਾਈ ਜਾਰੀ ਰਹੇਗੀ।ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਦੇ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ।ਉਹਨਾਂ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਕਿਸਾਨ ਤੇ ਮਜ਼ਦੂਰ ਜੋ ਇਹਨਾਂ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਹਨ ਉਨ੍ਹਾਂ ਦੀ ਹਰ ਤਰ੍ਹਾਂ ਸੰਭਵ ਮਦਦ ਕਰਨ ਦੀ ਕੋਸ਼ਿਸ਼ ਕਰੇਗੀ।ਹੜ੍ਹ ਪ੍ਰਭਾਵਿਤ ਲੋਕਾਂ ਦੀ ਮੱਦਦ ਵਿੱਚ ਸਰਕਾਰ ਦਾ ਨਾ ਮਾਤਰ ਸਹਿਯੋਗ ਹੈ। ਹੜ੍ਹਾਂ ਦੇ ਮਾਹੌਲ ਨੂੰ ਨਾ ਸੰਭਾਲਣ ਤੇ ਉਹਨਾਂ ਕਿਹਾ ਕਿ ਇਹ ਸਰਕਾਰ ਦੀ ਇੱਕ ਵੱਡੀ ਨਾਕਾਮੀ ਹੈ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਬਲਕਾਰ ਸਿੰਘ ਢੀਂਡਸਾ, ਰਾਜਾ ਨਿੱਝਰ, ਅਸ਼ਪਾਲ ਸਿੰਘ, ਗੁਰਦੀਪ ਸਿੰਘ ਬਸਰਾ, ਬਲਜਿੰਦਰ ਸਿੰਘ, ਹਰਜਿੰਦਰ ਸਿੰਘ, ਬਲਕਾਰ ਸਿੰਘ ਲੱਖਾ, ਸੁਖਮਨ ਕੱਤ, ਕੁਲਵਿੰਦਰ ਸਿੰਘ ਕਲੇਰਾਂ, ਲਾਡੀ ਘੁੰਮਣ ਆਦਿ ਕਿਸਾਨ ਹਾਜ਼ਰ ਸਨ।

## ਮੀਂਹ ਦੇ ਮੌਸਮ 'ਚ ਬਿਲਕੁੱਲ ਫੇਲ੍ਹ ਹੋਇਆ ਮੋਗਾ ਜ਼ਿਲ੍ਹੇ ਦਾ ਡਰੇਨਜ਼ ਵਿਭਾਗ

**ਬੱਧਨੀ ਕਲਾਂ (ਲਵਲੀ ਕੁਮਾਰ)-** ਕਾਗਜ਼ੀ ਕਾਰਵਾਈ ਪੂਰੀ ਤਰ੍ਹਾਂ ਫੁੱਲ, ਉਂਝ ਡਰੇਨਜ਼ ਵਿਭਾਗ ਦਾ ਦੀਵਾ ਗੁੱਲ। ਸਰਕਾਰੀ ਖ਼ਬਰਾਂ ਦਸਦੀਆਂ ਹਨ ਕਿ ਪ੍ਰਸ਼ਾਸਨ ਵੱਲੋਂ ਹੜ੍ਹਾਂ ਵਰਗੇ ਹਾਲਾਤਾਂ ਨਾਲ ਨਜਿੱਠਣ ਲਈ ਪੂਰੇ ਪ੍ਰਬੰਧ ਕੀਤੇ ਹੋਏ ਹਨ, ਜ਼ਿਲ੍ਹੇ ਦੀਆਂ ਸਾਰੀਆਂ ਡਰੇਨਾਂ ਦੀ ਸਫ਼ਾਈ ਕੀਤੀ ਹੋਈ ਹੈ, ਪਰ ਜ਼ਮੀਨੀ ਪੱਧਰ 'ਤੇ ਥੋੜ੍ਹਾ ਜਿਹਾ ਪਿਆ ਮੀਂਹ ਸਰਕਾਰੀ ਪ੍ਰਬੰਧਾਂ ਦੀਆਂ ਖ਼ਬਰਾਂ ਨੂੰ ਲੀਰੋ ਲੀਰ ਕਰਦਾ ਨਜ਼ਰ ਆ ਰਿਹਾ ਹੈ। ਲੋਪੋ, ਦੌਧਰ, ਮੱਲੇਆਣਾ, ਬੱਧਨੀ ਖੁਰਦ ਤੇ ਇਸ ਪੱਟੀ ਦੇ ਅਨੇਕਾਂ ਪਿੰਡ ਪਾਣੀ ਦੀ ਮਾਰ ਤੋਂ ਬਚ ਸਕਦੇ ਸਨ, ਜੇਕਰ ਪ੍ਰਸ਼ਾਸਨ ਵੱਲੋਂ ਗੌਰ ਕੀਤੀ ਹੁੰਦੀ।ਸੂਤਰ ਦੱਸਦੇ ਹਨ ਕਿ ਇਸ ਪੱਟੀ ਵਿੱਚ ਦਸ ਹਜ਼ਾਰ ਏਕੜ ਦੇ ਲਗਭਗ ਨੁਕਸਾਨ ਹੋਇਆ ਹੈ, ਜਿਹੜਾ ਪਹਿਲਾਂ ਤੋਂ ਆਰਥਿਕ ਔਕੜਾਂ ਨਾਲ ਜੂਝ ਰਹੀ ਕਿਸਾਨੀ ਵਾਸਤੇ ਨਾ ਸਹਿਣਯੋਗ ਹੈ।ਇਸ ਤੋਂ ਬਾਅਦ ਗੱਲ ਕਰਦੇ ਹਾਂ ਬਰਨਾਲਾ ਜ਼ਿਲ੍ਹੇ ਨਾਲ ਖਹਿੰਦੇ ਪਿੰਡਾਂ ਦੀ।ਮੋਗੇ ਜ਼ਿਲ੍ਹੇ ਦੇ ਸਭ ਤੋਂ ਅਖੀਰਲੇ ਪਿੰਡ ਹਿੰਮਤਪੁਰਾ, ਭਾਗੀਕੇ, ਮਾਛੀਕੇ ਤੇ ਮੰਡੀ ਨਿਹਾਲ ਸਿੰਘ ਵਾਲਾ ਦੇ ਛਿਪਦੇ ਪਾਸੇ ਵਾਲੇ ਪਿੰਡ ਕਦੇ ਵੀ ਹੜ੍ਹਾਂ ਦੀ ਮਾਰ ਹੇਠ ਆ ਸਕਦੇ ਹਨ, ਕਿਉਂਕਿ ਇਨ੍ਹਾਂ ਪਿੰਡਾਂ ਦੀ ਪਾਣੀ ਦੀ ਨਿਕਾਸੀ ਵਾਲੀ ਡਰੇਨ ਬੂਟੀ ਨੇ ਲੱਗਭੱਗ ਦੱਬ ਲਈ ਹੈ, ਜਿਸ ਵੱਲ ਪ੍ਰਸ਼ਾਸਨ ਦੀ ਸਵੱਲੀ ਨਜ਼ਰ ਪਈ ਹੀ ਨਹੀਂ।ਖੁਦਾ ਨਾ ਖਾਸਤਾ ਜੇਕਰ ਮੀਂਹਾਂ ਦੀ ਲਗਾਤਾਰਤਾ ਬਣੀ ਰਹੀ ਤਾਂ ਇਸ ਇਲਾਕੇ ਦੀਆਂ ਫ਼ਸਲਾਂ ਦਾ ਵਿੱਤੋਂ ਬਾਹਰਾ ਨੁਕਸਾਨ ਹੋਵੇਗਾ।ਜੇਕਰ ਸਾਰੇ ਮਸਲੇ ਸਿਰਫ਼ ਖ਼ਬਰਾਂ ਲਵਾਉਣ ਨਾਲ ਹੀ ਹੱਲ ਹੋ ਜਾਂਦੇ ਹੁੰਦੇ ਤਾਂ ਬੜਾ ਸੋਹਣਾ ਕੰਮ ਹੋਣਾ ਸੀ, ਇਸ ਮਸਲੇ ਨਾਲ ਸਬੰਧਤ ਵਿਭਾਗ ਨੂੰ ਇੱਕ ਸਲਾਹ ਹੈ ਕਿ ਰੋਟੀ ਨੂੰ ਦੇਖਣ ਨਾਲ ਢਿੱਡ ਨਹੀਂ ਭਰਦਾ ਹੁੰਦਾ ਤੇ ਢਿੱਡ ਭਰਨ ਲਈ ਰੋਟੀ ਖਾਣੀ ਪੈਂਦੀ ਹੈ, ਬਿਲਕੁੱਲ ਇਸ ਨਾਲ ਸਬੰਧਤ ਗੱਲ ਹੈ ਕਿ ਖ਼ਬਰਾਂ ਲਗਵਾਉਣ ਨਾਲ ਸਰਕਾਰੀ ਰਿਉੜੀਆਂ ਤਾਂ ਖਾਧੀਆਂ ਜਾ ਸਕਦੀਆਂ ਹਨ, ਪਰ ਜ਼ਮੀਨੀ ਪੱਧਰ 'ਤੇ ਕੰਮ ਨਹੀਂ ਹੁੰਦੇ ਤੇ ਇਸ ਦੇ ਨਤੀਜੇ ਬੇਕਸੂਰੇ ਲੋਕਾਂ ਨੂੰ ਹੜ੍ਹਾਂ ਵਰਗੀ ਸਥਿਤੀ ਵਿੱਚ ਧੱਕਣ ਦੇ ਰੂਪ ਵਿੱਚ ਸਾਹਮਣੇ ਆ ਰਹੇ ਹਨ।ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਮਾਮਲੇ ਵਿੱਚ ਹੋਈ ਕੁਤਾਹੀ ਕਰਨ ਵਾਲੇ ਅਧਿਕਾਰੀਆਂ ਦੀ ਕਾਰਗੁਜ਼ਾਰੀ ਵੱਲ ਮੇਹਰ ਦੀ ਨਿਗ੍ਹਾ ਮਾਰ ਕੇ ਬਣਦਾ ਸਰਦਾ ਮਾਣ ਤਾਣ ਜ਼ਰੂਰ ਕਰੇ।



## ਸ਼ਿਵ ਮੰਦਰ 'ਚ ਅੱਜ ਮਨਾਈ ਜਾਵੇਗੀ ਰਾਧਾ ਅਸ਼ਟਮੀ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** ਬ੍ਰਹਮਲੀਨ ਮਹੰਤ ਸ਼੍ਰੀ ਸ਼ਾਂਤੀ ਗਿਰੀ ਮਹਾਰਾਜ ਜੀ, ਬ੍ਰਹਮਲੀਨ ਮਹੰਤ ਰਵਿੰਦਰਾ ਗਿਰੀ ਮਹਾਰਾਜ ਜੀ ਦੀ ਅਪਾਰ ਕਿਰਪਾ ਨਾਲ ਅਤੇ ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ ਖਾਸ ਦੇ ਗੱਦੀਨਸ਼ੀਨ ਸ਼੍ਰੀ 1008 ਮਹਾਂ ਮੰਡਲੇਸ਼ਵਰ ਮਹੰਤ ਸ਼੍ਰੀ ਸ਼ਿਪਰਾ ਗਿਰੀ ਮਹਾਰਾਜ ਦੇ ਆਸ਼ੀਰਵਾਦ ਤੇ ਅਗਵਾਈ ਹੇਠ ਸ਼੍ਰੀ ਰਾਧਾ ਅਸ਼ਟਮੀ ਉਤਸਵ 31 ਅਗਸਤ ਦਿਨ ਐਤਵਾਰ ਨੂੰ ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ ਖਾਸ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਮੌਕੇ ਮਹਾਂ ਮੰਡਲੇਸ਼ਵਰ ਮਹੰਤ ਸ਼੍ਰੀ ਸ਼ਿਪਰਾ ਗਿਰੀ ਮਹਾਰਾਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਤ 8 ਵਜੇ ਤੋਂ ਸ਼੍ਰੀ ਰਾਧਾ ਰਾਣੀ ਦਾ ਗੁਣਗਾਨ ਅੰਗਦ ਭਈਆ ਵੱਲੋਂ ਕੀਤਾ ਜਾਵੇਗਾ ਅਤੇ ਰਾਤ 10 ਵਜੇ ਲੰਗਰ ਪ੍ਰਸ਼ਾਦ ਅਤੁੱਟ ਵਰਤਾਇਆ ਜਾਵੇਗਾ।



## ਝਾੜ ਸਾਹਿਬ ਕਾਲਜ 'ਚ ਨੈਸ਼ਨਲ ਸਪੋਰਟਸ ਦਿਵਸ ਮਨਾਇਆ

**ਸਮਰਾਲਾ (ਸੁਰਜੀਤ ਸਿੰਘ)-** ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ, ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਨਿਰਦੇਸ਼ਨਾ ਹੇਠ ਕਾਲਜ ਦੇ ਖੇਡ ਵਿਭਾਗ ਦੇ ਮੁਖੀ ਰਣਬੀਰ ਸਿੰਘ ਸੋਮਲ ਦੀ ਅਗਵਾਈ ਹੇਠ ਨੈਸ਼ਨਲ ਸਪੋਰਟਸ ਦਿਵਸ ਨੂੰ ਸਮਰਪਤ ਗੈਸਟ ਲੈਕਚਰ ਕਰਾਇਆ ਗਿਆ, ਜਿਸ ਵਿੱਚ ਪ੍ਰੋ. ਨਿਰਮਲ ਸਿੰਘ ਧਾਰਨੀ ਨੈਸ਼ਨਲ ਵਾਲੀਵਾਲ ਖਿਡਾਰੀ ਨੇ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ। ਡਾ.ਸੁਨੀਤਾ ਕੌਸ਼ਲ ਮੁਖੀ ਸੋਸ਼ੋਲੋਜੀ ਵਿਭਾਗ ਨੇ ਮਹਿਮਾਨਾਂ ਦਾ ਸਵਾਗਤ ਕੀਤਾ।ਮੁੱਖ ਬੁਲਾਰੇ ਨੇ ਵਿਦਿਅਰਥਣਾਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਖੇਡਾਂ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਸਹਾਈ ਹੁੰਦੀਆਂ ਹਨ ਤੇ ਨਾਲ ਹੀ ਧੀਰਜ, ਅਨੁਸ਼ਾਸਨ, ਸਹਿਣਸ਼ੀਲਤਾ, ਮਿਲਵਰਤਨ ਤੇ ਦ੍ਰਿੜਤਾ ਜਿਹੇ ਗੁਣਾਂ ਦਾ ਸਹਿਜ ਸੁਭਾਅ ਹੀ ਸੰਚਾਰ ਕਰਕੇ ਮਨੁੱਖੀ ਸਖਸ਼ੀਅਤ ਨੂੰ ਪ੍ਰਭਾਵਸ਼ਾਲੀ ਬਣਾਉਣ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ। ਖੇਡਾਂ ਨਾਲ ਖਿਡਾਰੀ ਦਾ ਵਿਕਾਸ ਹੁੰਦਾ ਹੈ ਤੇ ਮਾਨਸਿਕ ਇਕਾਗਰਤਾ ਬਣਦੀ ਹੈ।ਇਸ ਲਈ ਵਿਦਿਆਰਥਣਾਂ ਨੂੰ ਖੇਡਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ।ਰਾਣਾ ਓਮਵੀਰ ਡਾਇਰੈਕਟਰ ਗੁਰੂ ਗੋਬਿੰਦ ਸਿੰਘ ਸਕੂਲ ਸ੍ਰੀ ਚਮਕੌਰ ਸਾਹਿਬ, ਜਰਨੈਲ ਸਿੰਘ ਡੀ.ਪੀ. ਸ੍ਰੀ ਚਮਕੌਰ ਸਾਹਿਬ, ਮਾਸਟਰ ਸੁਰਿੰਦਰਪਾਲ ਸਿੰਘ ਉੱਘੇ ਸਮਾਜ ਸੇਵੀ ਨੇ ਵੀ ਆਪਣੇ ਵਿਚਾਰ ਵਿਦਿਆਰਥਣਾਂ ਨਾਲ ਸਾਂਝੇ ਕੀਤੇ ਅਤੇ ਖੇਡਾਂ ਪ੍ਰਤੀ ਪ੍ਰੇਰਿਤ ਕੀਤਾ।ਪ੍ਰੋਗਰਾਮ ਦੇ ਅੰਤ ਵਿੱਚ ਖੇਡ ਵਿਭਾਗ ਦੇ ਮੁਖੀ ਰਣਬੀਰ ਸਿੰਘ ਸੋਮਲ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।



## ਕੌਂਸਲਰ ਮਨਚੰਦਾ ਵੱਲੋਂ ਸ਼ਹਿਰ ਦੀ ਸੁੰਦਰਤਾ ਲਈ ਲੋਕਾਂ ਨੂੰ ਸਹਿਯੋਗ ਦਾ ਸੱਦਾ

**ਬਾਘਾ ਪੁਰਾਣਾ (ਮਨੀ ਸਿੰਗਲਾ)-** ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਤੇ ਕੌਂਸਲਰ ਗੁਰਪ੍ਰੀਤ ਮਨਚੰਦਾ ਨੇ ਮੀਡੀਆ ਦੇ ਨਾਲ ਗੱਲਬਾਤ ਕਰਦਿਆਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਅਸੀਂ ਬਾਘਾ ਪੁਰਾਣਾ ਸ਼ਹਿਰ ਨੂੰ ਸਾਫ ਸਫਾਈ ਪੱਖੋਂ ਸੁੰਦਰ ਦੇਖਣਾ ਚਾਹੁੰਦੇ ਹਾਂ ਅਤੇ ਸ਼ੁੱਧ ਵਾਤਾਵਰਣ ਵਿੱਚ ਰਹਿਣਾ ਚਾਹੁੰਦੇ ਹਾਂ ਤਾਂ ਉਹ ਨਗਰ ਕੌਂਸਲ ਬਾਘਾ ਪੁਰਾਣਾ ਦਾ ਸਹਿਯੋਗ ਜ਼ਰੂਰ ਕਰਨ, ਕਿਉਂਕਿ ਨਗਰ ਕੌਂਸਲ ਬਾਘਾ ਪੁਰਾਣਾ ਦੇ ਅਧਿਕਾਰੀ ਤੇ ਕਰਮਚਾਰੀ ਦੇ ਇਲਾਵਾ ਆਮ ਆਦਮੀ ਪਾਰਟੀ ਦੀ ਸਮੁੱਚੀ ਨਗਰ ਕੌਂਸਲ ਦੀ ਕਮੇਟੀ ਤਾਂ ਆਪਣੀ ਡਿਊਟੀ ਨਿਭਾਅ ਹੀ ਰਹੀ ਹੈ ਅਤੇ ਸ਼ਹਿਰ ਵਾਸੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਉਨ੍ਹਾਂ ਦਾ ਸਹਿਯੋਗ ਕਰਨ ਤਾਂ ਹੀ ਅਸੀਂ ਬਾਘਾ ਪੁਰਾਣਾ ਸ਼ਹਿਰ ਨੂੰ ਦੂਸਰੇ ਸ਼ਹਿਰਾਂ ਨਾਲੋਂ ਸੋਹਣਾ ਬਣਾ ਸਕਦੇ ਹਾਂ।ਕੌਂਸਲਰ ਮਨਚੰਦਾ ਨੇ ਆਖਿਆ ਕਿ ਜੇਕਰ ਸ਼ਹਿਰ ਵਾਸੀ ਆਪਣੇ ਘਰਾਂ ਦਾ ਕੂੜਾ ਤੇ ਸਾਰੇ ਦੁਕਾਨਦਾਰ ਆਪਣੀਆਂ ਦੁਕਾਨਾਂ ਦਾ ਕੂੜਾ ਕਰਕਟ ਨਾਲੀਆਂ ਵਿੱਚ ਨਾ ਸੁੱਟਣ ਤਾਂ ਗੰਦੇ ਨਾਲਿਆਂ ਦੀ ਨਿਕਾਸੀ ਕਦੇ ਵੀ ਨਾ ਰੁਕੇ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਵੱਲੋਂ ਹਰ ਮੁਹੱਲੇ ਤੇ ਵਾਰਡ ਵਿੱਚ ਕੂੜਾ ਕੁਲੈਕਟ ਕਰਨ ਵਾਲੀਆਂ ਰੇਹੜੀਆਂ ਤੇ ਛੋਟੀਆਂ ਗੱਡੀਆਂ ਚੱਲਦੀਆਂ ਹਨ, ਉਹ ਆਪਣਾ ਆਪਣਾ ਕੂੜਾ ਘਰ ਆਉਣ ਵਾਲੇ ਸਫਾਈ ਕਰਮਚਾਰੀਆਂ ਦੀਆਂ ਰੇਹੜੀਆਂ ਵਿੱਚ ਸੁੱਟਣ। ਉਨ੍ਹਾਂ ਕਿਹਾ ਕਿ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਸ਼ਹਿਰ ਨੂੰ ਸਾਫ ਸੁੱਥਰਾ ਰੱਖਣ ਲਈ ਨਗਰ ਕੌਂਸਲ ਬਾਘਾ ਪੁਰਾਣਾ ਦਾ ਸਹਿਯੋਗ ਕਰੀਏ।



## ਬਾਬਾ ਸ੍ਰੀ ਚੰਦ ਦੇ 531ਵੇਂ ਪ੍ਰਕਾਸ਼ ਦਿਹਾੜੇ ਮੌਕੇ ਗੁਰਮਤਿ ਸਮਾਗਮ



**ਮੇਹਟਿਆਣਾ (ਜਗਤਾਰ ਭੁੰਗਰਨੀ)** ਪਿੰਡ ਚਿੱਤੋਂ ਵਿਖੇ ਅਸਥਾਨ ਬਾਬਾ ਸ਼੍ਰੀ ਚੰਦ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਸ਼੍ਰੀ ਚੰਦ ਦੇ 531ਵੇਂ ਪ੍ਰਕਾਸ਼ ਦਿਹਾੜੇ ਮੌਕੇ ਅਤੇ ਸਮੂਹ ਸੰਤ ਮਹਾਂਪੁਰਸ਼ਾਂ ਦੀ ਯਾਦ ਵਿੱਚ ਮਹਾਨ ਗੁਰਮਤਿ ਸਮਾਗਮ 01 ਸਤੰਬਰ ਨੂੰ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੁੱਚਾ ਸਿੰਘ ਚਿੱਤੋਂ ਦੀ ਅਗਵਾਈ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ।ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੁੱਚਾ ਸਿੰਘ ਚਿੱਤੋਂ, ਜਥੇਦਾਰ ਬਾਬਾ ਤਰਲੋਕ ਸਿੰਘ ਨਸੀਰਾਬਾਦ (ਅਮਰੀਕਾ ) ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 01 ਸਤੰਬਰ ਨੂੰ ਸਾਲਾਨਾ ਸਮਾਗਮ ਦੌਰਾਨ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੁੱਚਾ ਸਿੰਘ ਜੀ ਚਿੱਤੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ ਅਤੇ ਸੰਗਤਾਂ ਦਾ ਭਾਰੀ ਉਤਸਾਹ ਦੇਖਣ ਨੂੰ ਮਿਲ ਰਿਹਾ ਹੈ।

## ਸਰਕਾਰ ਐੱਨ ਐੱਸ ਕਿਊ ਐੱਫ਼ ਅਧਿਆਪਕਾਂ 'ਤੇ ਦਰਜ ਕੇਸ ਤੁਰੰਤ ਲਵੇ ਵਾਪਸ : ਤਾਮਕੋਟ

**ਮਾਨਸਾ (ਆਤਮਾ ਸਿੰਘ ਪਮਾਰ)** ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਵਿੱਤ ਮੰਤਰੀ ਹਰਪਾਲ ਚੀਮਾਂ ਦੇ ਹਲਕੇ ਦਿੜ੍ਹਬਾ ਵਿਖੇ ਰੋਸ ਪ੍ਰਦਰਸ਼ਨ ਕਰ ਰਹੇ ਐੱਨ.ਐੱਸ.ਕਿਊ ਐਫ਼ ਅਧਿਆਪਕਾਂ 'ਤੇ ਪੁਲਸ ਕੇਸ ਪਾ ਦਿੱਤੇ ਗਏ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ.ਟੀ.ਐਫ਼ ਦੇ ਜਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਅਤੇ ਹਰਜਿੰਦਰ ਅਨੂਪਗੜ੍ਹ ਨੇ ਦੱਸਿਆ ਕਿ ਕਾਰਪੋਰੇਟ ਕੰਪਨੀਆਂ ਹੇਠ ਸਰਕਾਰੀ ਸਕੂਲਾਂ ਵਿੱਚ ਕੰਮ ਕਰ ਰਹੇ ਐੱਨ.ਐੱਸ.ਕਿਊ ਐਫ਼ ਅਧਿਆਪਕ ਵੋਕੇਸ਼ਨਲ ਅਧਿਆਪਕ ਆਪਣੀਆਂ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਕਰ ਰਹੇ ਸਨ ਤਾਂ ਪੁਲਸ ਨੇ ਦੋ ਔਰਤ ਅਧਿਆਪਕਾਵਾਂ ਸਮੇਤ 10 ਮਰਦ ਅਧਿਆਪਕਾਂ ਉੱਪਰ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ, ਜਿਨ੍ਹਾਂ ਨੂੰ ਬਾਅਦ ਵਿੱਚ ਜ਼ਮਾਨਤ ਤੇ ਬਾਹਰ ਆਉਣਾ ਪਿਆ। ਡੀ.ਟੀ.ਐਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਕਿਹਾ ਕਿ ਪੰਜਾਬ ਇੱਕ ਪੁਲਿਸ ਸਟੇਟ ਬਣ ਗਈ ਹੈ, ਜਿੱਥੇ ਕਿਸੇ ਨੂੰ ਵੀ ਆਪਣੀ ਗੱਲ ਰੱਖਣ ਦਾ ਅਧਿਕਾਰ ਨਹੀਂ ਹੈ। ਆਪਣੀਆਂ ਹੱਕੀ ਮੰਗਾਂ ਲਈ ਲੜਦੇ ਲੋਕਾਂ ਨੂੰ ਜੇਲ੍ਹਾਂ, ਥਾਣਿਆ ਵਿੱਚ ਡੱਕ ਦਿੱਤਾ ਜਾਂਦਾ ਹੈ। ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਪੰਜਾਬ ਦੇ ਸੰਘਰਸ਼ਸ਼ੀਲ ਲੋਕ ਕਦੇ ਵੀ ਜੇਲ੍ਹਾਂ ਥਾਣਿਆਂ ਦੇ ਡਰ ਤੋਂ ਨਹੀਂ ਦੱਬਣਗੇ ਤੇ ਆਉਣ ਵਾਲੇ ਸਮੇਂ 'ਚ ਸਰਕਾਰ ਨੂੰ ਮੂੰਹ ਦੀ ਖਾਣੀ ਪਵੇਗੀ।

## ਭਾਈ ਗੁਰਦੀਪ ਸਿੰਘ ਵੱਲੋਂ ਸੀਮਾ ਰਾਮ ਦੀਪਕ ਨਾਲ ਪੰਥਕ ਵਿਚਾਰਾਂ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਯੂਨਾਈਟਿਡ ਅਕਾਲੀ ਦਲ ਦੇ ਪਾਰਟੀ ਪ੍ਰਧਾਨ ਭਾਈ ਗੁਰਦੀਪ ਸਿੰਘ ਬਠਿੰਡਾ ਤੇ ਯੂਥ ਪ੍ਰਧਾਨ ਪੰਜਾਬ ਨਵਦੀਪ ਸਿੰਘ ਢੱਡੇ ਨੇ ਦੱਸਿਆ ਕਿ ਉਹ ਕੌਮੀ ਇਨਸਾਫ ਮੋਰਚੇ ਵਿਖੇ ਵੱਡੇ ਕਾਫ਼ਲੇ ਨਾਲ ਜਾ ਰਹੇ ਸੀ। ਰਸਤੇ ਵਿੱਚ ਡਰਾਈਵਰ ਦੀ ਸਿਹਤ ਖਰਾਬ ਹੋਣ ਕਰਕੇ ਉਹਨਾਂ ਨੂੰ ਵਾਪਸ ਆਉਣਾ ਪਿਆ।ਭਾਈ ਗੁਰਦੀਪ ਸਿੰਘ ਨੇ ਦੱਸਿਆ ਕਿ ਵਾਪਸ ਆਉਂਦੇ ਸਮੇਂ ਬਰਨਾਲਾ ਵਿਖੇ ਗੁਰਸੇਵਕ ਸਿੰਘ ਧੂਰਕੋਟ ਤੇ ਵੱਡੀ ਗਿਣਤੀ ਵਿੱਚ ਸਿੱਖ ਨੌਜਵਾਨਾਂ ਨਾਲ ਵਿਚਾਰਾਂ ਕੀਤੀਆਂ ਅਤੇ ਨੌਜਵਾਨਾਂ ਵੱਲੋਂ ਪਾਰਟੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਤੁਰਨ ਦੀ ਗੱਲ ਆਖੀ ਗਈ। ਵਾਪਸੀ ਵੇਲੇ ਨਵ ਨਿਯੁਕਤ ਯੂਨਾਈਟਿਡ ਅਕਾਲੀ ਦਲ ਪੰਜਾਬ ਵਪਾਰ ਮੰਡਲ ਦੇ ਪ੍ਰਧਾਨ ਸੀਤਾ ਰਾਮ ਦੀਪਕ ਦੇ ਗ੍ਰਹਿ ਵਿਖੇ ਰੁਕੇ।ਇਸ ਸਮੇਂ ਭਾਈ ਗੁਰਦੀਪ ਸਿੰਘ ਬਠਿੰਡਾ ਅਤੇ ਨਵਦੀਪ ਸਿੰਘ ਢੱਡੇ ਵੱਲੋਂ ਸੀਤਾ ਰਾਮ ਦੀਪਕ ਨਾਲ ਪੰਥਕ ਤੇ ਹੋਰ ਮੁੱਦਿਆਂ 'ਤੇ ਵਿਚਾਰਾਂ ਹੋਈਆਂ ਅਤੇ ਆਉਣ ਵਾਲੇ ਦਿਨਾਂ ਵਿੱਚ ਕੁਝ ਪ੍ਰੋਗਰਾਮ ਉਲੀਕੇ ਗਏ, ਜਿਸ ਵਿੱਚ ਯੂਨਾਈਟਿਡ ਅਕਾਲੀ ਦਲ ਨੂੰ ਵੱਡਾ ਹੁੰਗਾਰਾ ਮਿਲਿਆ ਤੇ ਆਉਣ ਵਾਲੇ ਦਿਨਾਂ ਵਿੱਚ ਰਾਮਪੁਰਾ ਫੂਲ ਵਿਖੇ ਵੱਡੀਆਂ ਮੀਟਿੰਗਾਂ ਕਰਕੇ ਲੋਕਾਂ ਨੂੰ ਸਰਕਾਰ ਵੱਲੋਂ ਕੀਤੇ ਜਾ ਰਹੇ ਧੱਕਿਆਂ ਵਿਰੁੱਧ ਜਾਗਰੂਕ ਕੀਤਾ ਜਾਵੇਗਾ। ਪੰਜਾਬ ਵਪਾਰ ਮੰਡਲ ਪ੍ਰਧਾਨ ਸੀਤਾ ਰਾਮ ਦੀਪਕ ਨੇ ਕਿਹਾ ਯੂਨਾਈਟਿਡ ਅਕਾਲੀ ਦਲ ਉਹ ਦਲ ਹੈ, ਜੋ ਹਮੇਸ਼ਾ ਹੀ ਧੱਕੇਸ਼ਾਹੀ ਖਿਲਾਫ਼ ਲੜਦਾ ਆ ਰਿਹਾ ਹੈ।



## ਚੱਕ ਰੋੜਾਂਵਾਲਾ 'ਚ ਨਸ਼ਿਆਂ ਪ੍ਰਤੀ ਜਾਗਰੂਕਤਾ ਕੈਂਪ ਲਾਇਆ



**ਜਲਾਲਾਬਾਦ (ਜੀਤ ਕੁਮਾਰ)** ਨਸ਼ਿਆਂ ਦੀ ਰੋਕਥਾਮ ਲਈ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਐਸ.ਐਸ.ਪੀ. ਗੁਰਮੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜਲਾਲਾਬਾਦ ਉਪਮੰਡਲ ਦੇ ਡੀ.ਐਸ.ਪੀ. ਜਤਿੰਦਰ ਸਿੰਘ ਦੀ ਰਹਿਨੁਮਈ ਹੇਠ 'ਨਸ਼ਿਆਂ ਵਿਰੁੱਧ ਜੰਗ' ਮੁਹਿੰਮ ਦੇ ਤਹਿਤ ਥਾਣਾ ਵੈਰੋਕੇ ਦੇ ਐਸ.ਐਚ.ਓ. ਪਰਮਜੀਤ ਸਿੰਘ ਦੀ ਅਗੁਵਾਈ ਹੇਠ ਏ.ਐਸ.ਆਈ. ਸਵਾਰ ਸਿੰਘ ਵੱਲੋਂ ਪਿੰਡ ਚੱਕ ਰੋੜਾਂਵਾਲਾ (ਤੰਬੂਵਾਲਾ) ਵਿਖੇ ਨਸ਼ਿਆ ਪ੍ਰਤੀ ਜਾਗਰੂਕਤਾ ਕੈਂਪ ਲਾਇਆ ਗਿਆ। ਏ.ਐਸ.ਆਈ. ਸਵਾਰ ਸਿੰਘ ਨੇ ਕਿਹਾ ਕਿ ਨਸ਼ਿਆ ਤੋਂ ਨੌਜਵਾਨ ਵਰਗ ਨੂੰ ਬਚਾਉਣ ਲਈ ਪੰਜਾਬ ਸਰਕਾਰ ਤੇ ਪੰਜਾਬ ਪੁਲਸ ਵੱਲੋਂ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੋ ਵਿਅਕਤੀ ਨਸ਼ਾ ਕਰਨ ਦਾ ਆਦੀ ਹੈ, ਉਹ ਛੱਡਣਾ ਚਾਹੁੰਦਾ ਹੈ ਤਾਂ ਉਹ ਆਪਣੇ ਪਿੰਡ ਦੇ ਸਰਪੰਚ ਜਾਂ ਪੁਲਸ ਨਾਲ ਤਾਲਮੇਲ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸਮਾਜ ਵਿਰੋਧੀ ਅਨਸਰ ਜੋ ਨਸ਼ੇ ਦਾ ਕਾਰੋਬਾਰ ਕਰਦਾ ਹੈ, ਉਸ ਬਾਰੇ ਪੁਲਸ ਨੂੰ ਜਾਣਕਾਰੀ ਦਿੱਤੀ ਜਾਵੇ, ਉਸ ਵਿਅਕਤੀ ਦਾ ਨਾਂਅ ਗੁਪਤ ਰੱਖਿਆ ਜਾਵੇਗਾ। ਸਰਪੰਚ ਬਲਜਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਨਸ਼ਿਆਂ ਵਿੱਚ ਠੱਲ੍ਹ ਪਈ ਹੈ। ਉਨ੍ਹਾਂ ਕਿਹਾ ਕਿ ਸਾਡੇ ਪਿੰਡ ਦੀ ਪੰਚਾਇਤ ਵੱਲੋਂ ਨਸ਼ਿਆ ਦੇ ਖਾਤਮੇ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।


# ਸ੍ਰੀ ਗੁਰੂ ਨਾਨਕ ਦੇਵ ਜੀ ਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ 'ਤੇ ਬਟਾਲਾ ਵਿਸ਼ੇਸ਼ ਸਪਲੀਮੈਂਟ

## ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀਆਂ ਲੱਖ-ਲੱਖ ਵਧਾਈਆਂ



ਇੰਦਰ ਸੇਖੜੀ
ਭਾਜਪਾ ਨੇਤਾ

ਅਸ਼ੋਕ ਕੁਮਾਰ
ਸਮਾਜ ਸੇਵੀ



ਨਰਿੰਦਰ ਮੋਦੀ
ਪ੍ਰਧਾਨ ਮੰਤਰੀ

ਜੇ. ਪੀ. ਨੱਡਾ
ਰਾਸ਼ਟਰੀ ਪ੍ਰਧਾਨ

ਸੁਨੀਲ ਜਾਖੜ
ਪੰਜਾਬ ਪ੍ਰਧਾਨ ਭਾਜਪਾ

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀਆਂ ਲੱਖ-ਲੱਖ ਵਧਾਈਆਂ




ਹਰਸਿਮਰਨ ਸਿੰਘ ਹੀਰਾ ਵਾਲੀਆ, ਜ਼ਿਲ੍ਹਾ ਪ੍ਰਧਾਨ ਬਟਾਲਾ

## ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀਆਂ ਲੱਖ-ਲੱਖ ਵਧਾਈਆਂ

Ph. No. : 01871-249423

# R.D. KHOSLA
# D.A.V. Model Sr. Sec. School

Ram Tirath Road, Batala
(Affiliated to C.B.S.E., Delhi)



ਅਰਵਿੰਦ ਖੋਸਲਾ
ਚੇਅਰਮੈਨ

ਅਜੇ ਖੋਸਲਾ
ਪ੍ਰਧਾਨ

ਡਾ. ਸ੍ਰੀਮਤੀ ਬਿੰਦੂ ਭੱਲਾ
ਪ੍ਰਿੰਸੀਪਲ

## ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀਆਂ ਲੱਖ-ਲੱਖ ਵਧਾਈਆਂ



ਨੀਰਜ ਸਲਹੋਤਰਾ | ਪਰਮਿੰਦਰ ਕੁਮਾਰ ਯੂ ਕੇ | ਰਣਬੀਰ ਬਟਾਲਾ



ਹਰਿੰਦਰ ਸਿੰਘ ਕੌਂਸਲਰ | ਗੁਰਪ੍ਰੀਤ ਸਿੰਘ ਗੋਪੀ | ਰਾਜਿੰਦਰ ਸ਼ਰਮਾ



ਤ੍ਰਿਪਤ ਰਜਿੰਦਰ ਸਿੰਘ ਬਾਜਵਾ
ਵਿਧਾਇਕ

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀਆਂ ਲੱਖ-ਲੱਖ ਵਧਾਈਆਂ



ਜਗਪਾਲ ਰਾਏ
ਹੈੱਲਥ ਇੰਸਪੈਕਟਰ



ਕੁਸ਼ਲ ਸ਼ਰਮਾ ਠੇਕੇਦਾਰ | ਅਵਿਰਾਜ | ਲਵ ਕੈਨੇਡਾ

## ਧੰਨਵਾਦ

ਮੈਂ ਆਪਣੇ ਉਨ੍ਹਾਂ ਸੱਜਣਾਂ-ਮਿੱਤਰਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੇਰੀ ਇੱਕ ਆਵਾਜ਼ 'ਤੇ ਅਦਾਰਾ 'ਨਵਾਂ ਜ਼ਮਾਨਾ' 'ਚ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੇ ਮੌਕੇ 'ਤੇ ਬਟਾਲਾ ਵਿਸ਼ੇਸ਼ ਸਪਲੀਮੈਂਟ ਕੱਢਣ ਲਈ ਵਿਸ਼ੇਸ਼ ਸਹਿਯੋਗ ਦਿੱਤਾ ਹੈ ਅਤੇ ਆਸ ਕਰਦਾ ਹਾਂ ਕਿ ਅੱਗੋਂ ਤੋਂ ਵੀ ਇਸੇ ਤਰ੍ਹਾਂ ਉਨ੍ਹਾਂ ਦਾ ਪਿਆਰ ਤੇ ਸਹਿਯੋਗ ਮਿਲਦਾ ਰਹੇਗਾ।

ਤਰਲੋਕ ਬੱਗਾ ਪੱਤਰਕਾਰ ਬਟਾਲਾ
ਮੋਬਾਇਲ : 99886-99703



## ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀਆਂ ਲੱਖ-ਲੱਖ ਵਧਾਈਆਂ



ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ

ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਐੱਮ ਐੱਲ ਏ ਬਟਾਲਾ



ਡੀ. ਐੱਸ. ਪੀ.
ਰਵਿੰਦਰ ਪਾਲ ਸਿੰਘ ਗਰੇਵਾਲ

ਡੀ. ਐੱਸ. ਪੀ.
ਸੰਦੀਪ ਸਿੰਘ

ਡੀ. ਐੱਸ. ਪੀ.
ਸੁੱਚਾ ਸਿੰਘ ਬੱਲ

ਇੰਸਪੈਕਟਰ
ਪ੍ਰਭਜੋਤ ਸਿੰਘ ਅਟਵਾਲ

ਇੰਸਪੈਕਟਰ
ਅਨਿਲ ਪਵਾਰ

## ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀਆਂ ਲੱਖ-ਲੱਖ ਵਧਾਈਆਂ



ਸੁਖਜਿੰਦਰ ਸਿੰਘ ਰੰਧਾਵਾ
ਮੈਂਬਰ ਪਾਰਲੀਮੈਂਟ

ਤ੍ਰਿਪਤ ਰਜਿੰਦਰ ਸਿੰਘ ਬਾਜਵਾ
ਵਿਧਾਇਕ

ਐਡਵੋਕੇਟ
ਅਮਨਦੀਪ ਦੀਪੂ

ਅਨਿਲ ਸੇਖੜੀ
ਕੌਂਸਲਰ

## ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀਆਂ ਲੱਖ-ਲੱਖ ਵਧਾਈਆਂ



ਤ੍ਰਿਪਤ ਰਜਿੰਦਰ ਸਿੰਘ ਬਾਜਵਾ
ਵਿਧਾਇਕ

ਮੇਅਰ
ਸੁਖਦੀਪ ਸਿੰਘ ਤੇਜਾ

ਗੌਤਮ ਸੇਠ (ਗੁੱਡੂ)
ਕਾਂਗਰਸੀ ਆਗੂ

ਕੌਂਸਲਰ
ਹਰਨੇਕ ਸਿੰਘ ਨੇਕੀ

ਸਿਟੀ ਪ੍ਰਧਾਨ ਕਾਂਗਰਸ
ਸੰਜੀਵ ਸ਼ਰਮਾ

## ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀਆਂ ਲੱਖ-ਲੱਖ ਵਧਾਈਆਂ



ਕਾਮਰੇਡ ਸ਼ਮਸ਼ੇਰ ਸਿੰਘ | ਗੁਰਪ੍ਰੀਤ ਸਿੰਘ ਰੰਗੀਲਪੁਰਾ | ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ | ਸੁਪਰਡੈਂਟ ਨਿਰਮਲ ਸਿੰਘ | ਸੌਰਵ ਵਰਮਾ | ਸ਼ਵਾਂਗੀ ਵਰਮਾ | ਗੁਰਵੰਸ਼ ਵਰਮਾ | ਰਾਘਵ ਕਾਦੀਆਂ | ਜਸਬੀਰ ਕਾਦੀਆਂ | ਕੁਲਵੰਤ ਸਿੰਘ



ਸੁਰਿੰਦਰ ਮਲਹੋਤਰਾ | ਕਾਮਰੇਡ ਮਨਜੀਤ ਰਾਜ | ਦਰਸ਼ਨ ਸਿੰਘ ਭੱਟੀ | ਅਮਨਦੀਪ ਸਿੰਘ | ਸੁਖਦੇਵ ਸਿੰਘ ਭੋਲਾ ਅਕਾਲੀ ਆਗੂ | ਗੁਰਪ੍ਰੀਤ ਸਿੰਘ ਚਾਵਲਾ ਬੀ ਬੀ ਸੀ ਚੈਨਲ | ਰਮੇਸ਼ ਕੁਮਾਰ ਕਾਦੀਆਂ | ਵਿਕਾਸ਼ ਸ਼ਰਮਾ | ਜਨਕ ਰਾਜ | ਤਰਸੇਮ ਕੁਮਾਰ ਸਮਾਜ ਸੇਵੀ



ਭਾਈ ਬਾਲਾ ਤੇ ਬਾਲੇ ਵਾਲੀ ਜਨਮ ਸਾਖੀ ਦਾ ਅਸਲ ਨਿਸਤਾਰਾ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ
## ਐਤਵਾਰਤਾ

ਲਾਹੌਰ ਸਾਥੋਂ ਖੁੱਸਿਆ ਚਨਾਬ ਦੂਰ ਹੋ ਗਿਆ
ਸੱਜਣਾ ਪੰਜਾਬ ਤੋਂ ਪੰਜਾਬ ਦੂਰ ਹੋ ਗਿਆ
ਹਾਲੇ ਤੀਕ ਕੰਨਾਂ ਵਿੱਚ ਗੂੰਜ ਪਵੇ ਵੈਣਾਂ ਦੀ
ਪੱਤ ਰੁਲੀ ਕਿੰਨੀਆਂ ਹੀ ਧੀਆਂ, ਮਾਵਾਂ, ਭੈਣਾਂ ਦੀ
ਨਿਸ਼ਾਨ ਛੱਡ ਝੰਡੇ ਦਾ ਪੈਗ਼ਾਮ ਕਿਵੇਂ ਦੇ ਦਈਏ
ਉਜੜਿਆਂ ਨੂੰ ਜਸ਼ਨਾਂ ਦਾ ਨਾਮ ਕਿਵੇਂ ਦੇ ਦਈਏ।

- ਨਵਾਬ ਖਾਨ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 31 ਅਗਸਤ 2025 | www.nawanzamana.in | ਕੀਮਤ 5.00 ਰੁਪਏ


CENTENARY OF STRUGGLES & SACRIFICES

# ਏ ਕੇ ਗੋਪਾਲਨ : ਕੇਰਲ 'ਚ ਵਿਰੋਧੀ ਧਿਰ ਦੇ ਨੇਤਾ ਤੇ ਜਥੇਬੰਦਕ




ਅਨਿਲ ਰਾਜੀਮਵਾਲੇ

ਅਨੁਵਾਦ : ਐੱਮ ਐੱਸ ਭਾਟੀਆ

ਅਇਲਿਆਥ ਕੁਟਿਆਰੀ ਗੋਪਾਲਨ (ਏਕੇਜੀ) ਦਾ ਜਨਮ 1 ਅਕਤੂਬਰ, 1904 ਨੂੰ ਉੱਤਰੀ ਮਾਲਾਬਾਰ (ਕੇਰਲਾ) ਦੇ ਕੰਨੂਰ ਜ਼ਿਲ੍ਹੇ ਦੇ ਪੇਰਾਲਾਸੇਰੀ, ਉਪ-ਜ਼ਿਲ੍ਹਾ ਚਿਰੱਕਲ, ਮਾਵਿਲਈ ਦੇ ਪਿੰਡ ਮਖੇੜੀ ਵਿੱਚ ਹੋਇਆ ਸੀ। ਉਹ ਇੱਕ ਸਾਂਝੇ ਨਾਇਰ ਪਰਵਾਰ ਨਾਲ ਸੰਬੰਧਤ ਸਨ, ਜੋ ਇੱਕ ਸਾਸਕ ਪਰਵਾਰ ਸੀ, ਜਿਸ ਨੂੰ ਪਹਿਲਾਂ ਈਸਟ ਇੰਡੀਆ ਕੰਪਨੀ ਦੁਆਰਾ ਕਈ ਸਹੂਲਤਾਂ ਅਤੇ ਦਰਜਾਬੰਦੀ ਵਾਲੇ ਅਹੁਦੇ ਦਿੱਤੇ ਜਾਂਦੇ ਸਨ, ਜਿਵੇਂ ਕਿ 'ਪੂਰਾ ਸਤਿਕਾਰ', 'ਅੱਧਾ ਸਤਿਕਾਰ' ਆਦਿ। ਇਸ ਦਾ ਮਤਲਬ ਸੀ ਕਿ ਉਨ੍ਹਾਂ ਦੀਆਂ ਕੁਝ ਜਾਇਦਾਦਾਂ 'ਤੇ ਬਿਲਕੁਲ ਵੀ ਟੈਕਸ ਨਹੀਂ ਲਗਾਇਆ ਜਾਂਦਾ ਸੀ ਅਤੇ ਕੁਝ ਹੋਰਾਂ 'ਤੇ ਅੰਸ਼ਕ ਤੌਰ 'ਤੇ ਟੈਕਸ ਲਗਾਇਆ ਜਾਂਦਾ ਸੀ।

ਪਰਵਾਰ ਨੇ ਵੱਖ-ਵੱਖ ਪੱਧਰਾਂ 'ਤੇ ਵੱਡੀ ਗਿਣਤੀ ਵਿੱਚ ਅਧਿਕਾਰੀਆਂ ਦਾ ਯੋਗਦਾਨ ਪਾਇਆ। ਪਰਵਾਰ ਇੰਨਾ ਵੱਡਾ ਸੀ ਕਿ ਭਰਾਵਾਂ ਨੂੰ ਵੀ ਇੱਕ-ਦੂਜੇ ਨਾਲ ਆਪਣੀ ਜਾਣ-ਪਛਾਣ ਕਰਵਾਉਣੀ ਪੈਂਦੀ ਸੀ! ਉਸ ਦਾ ਪਰਵਾਰ ਮਾਤ-ਪ੍ਰਧਾਨ ਪਰਵਾਰ ਸੀ। ਇਹ ਪਰਵਾਰ ਦਾ ਮੁਖੀ ਸੀ, ਜੋ ਜ਼ਮੀਨ ਟੈਕਸ ਇਕੱਠਾ ਕਰਦਾ ਸੀ। ਹਰੇਕ ਮੈਂਬਰ ਨੂੰ 265 ਸੀਰ ਚੌਲ ਅਤੇ 25 ਰੁਪਏ ਸਾਲਾਨਾ ਮਿਲਦੇ ਸਨ। ਪਰਵਾਰ ਦਾ ਆਪਣਾ ਵੈਦ, ਨਾਈ ਅਤੇ ਧੋਬੀ ਸੀ।

ਗੋਪਾਲਨ ਆਪਣੇ ਪਿਤਾ, ਵੀ.ਕੇ. ਰੈਰੂ ਨੰਬਿਆਰ, ਜੋ ਕਿ ਇੱਕ ਵੱਖਰੇ ਕਿਸਮ ਦੇ ਵਿਅਕਤੀ ਸਨ, ਨਾਲ ਰਹਿੰਦੇ ਸਨ। ਉਹ ਆਪਣੇ ਸਮੇਂ ਦੇ ਸਮਾਜ ਸੁਧਾਰਕਾਂ ਵਿੱਚੋਂ ਇੱਕ ਸਨ। ਉਨ੍ਹਾਂ ਦੇ ਕਾਰਨ ਹੀ ਗੋਪਾਲਨ ਜਨਤਕ ਜੀਵਨ ਵਿੱਚ ਆਏ। ਉਨ੍ਹਾਂ ਨੇ ਉੱਤਰੀ ਮਾਲਾਬਾਰ (ਕੰਨੂਰ ਜ਼ਿਲ੍ਹਾ) ਦੇ ਕਦਾਚਿਰਾ ਵਿੱਚ ਇੱਕ ਅੰਗਰੇਜ਼ੀ ਮਿਡਲ ਸਕੂਲ ਸਥਾਪਤ ਕੀਤਾ। ਉਨ੍ਹਾਂ ਦੀਆਂ ਭੈਣਾਂ ਵੀ ਉੱਥੇ ਪੜ੍ਹਨ ਲਈ ਜਾਂਦੀਆਂ ਸਨ, ਜਿਸ ਦਾ ਸਮਾਜ ਨੇ ਵਿਰੋਧ ਕੀਤਾ। ਉਨ੍ਹਾਂ ਦੇ ਪਿਤਾ ਨੇ ਜਾਤ-ਪਾਤ ਦੇ ਵਿਰੁੱਧ ਲੜਾਈ ਲੜੀ ਅਤੇ ਇੱਕ ਅਖਬਾਰ ਦਾ ਸੰਪਾਦਨ ਵੀ ਕੀਤਾ। ਮਾਂ ਇੱਕ ਸਧਾਰਨ ਘਰੇਲੂ ਔਰਤ ਸੀ।

ਗੋਪਾਲਨ ਨੂੰ ਪੜ੍ਹਾਈ ਵਿੱਚ ਬਹੁਤੀ ਦਿਲਚਸਪੀ ਨਹੀਂ ਸੀ। ਗੁਰੂਵਯੂਰ ਮੰਦਰ ਪ੍ਰਵੇਸ਼ ਅੰਦੋਲਨ ਦਾ ਇੱਕ ਜੱਥਾ ਉਨ੍ਹਾਂ ਦੇ ਪਿੰਡ ਵਿੱਚੋਂ ਲੰਘਿਆ। ਗੋਪਾਲਨ ਬਹੁਤ ਪ੍ਰਭਾਵਿਤ ਹੋਏ।

ਗੋਪਾਲਨ ਨੇ ਬੇਸਲ ਇਵੈਂਜਲੀਕਲ ਮਿਸ਼ਨ ਪਾਰਸੀ ਹਾਈ ਸਕੂਲ, ਤੇਲੀਚੇਰੀ (ਹੁਣ ਥੈਲੇਸਰੀ) ਅਤੇ ਸਰਕਾਰੀ ਬ੍ਰੇਨਨ ਕਾਲਜ ਤੇਲੀਚੇਰੀ ਵਿੱਚ ਸਿੱਖਿਆ ਪ੍ਰਾਪਤ ਕੀਤੀ। ਆਪਣੇ ਵਿਦਿਆਰਥੀ ਜੀਵਨ ਦੌਰਾਨ ਉਨ੍ਹਾਂ ਨੇ 'ਸਾਹਿਤਕ ਸੋਸਾਇਟੀਜ਼' ਦਾ ਆਯੋਜਨ ਕੀਤਾ, ਜਿਸ ਵਿੱਚ ਵਿਦਿਆਰਥੀਆਂ ਨੇ ਹਿੱਸਾ ਲਿਆ। ਉਨ੍ਹਾਂ ਨੇ ਹੱਥ ਲਿਖਤ ਅਖਬਾਰ ਵੀ ਸ਼ੁਰੂ ਕੀਤੇ। ਉਹ ਪੜ੍ਹਾਈ 'ਤੇ ਸਮਾਂ ਬਿਤਾਉਣ ਦੀ ਬਜਾਏ ਲੋਕਾਂ ਵਿੱਚ ਕੰਮ ਕਰਨਾ ਚਾਹੁੰਦਾ ਸੀ। ਇਸ ਲਈ ਉਨ੍ਹਾਂ ਨੇ ਸਕੂਲ ਜਾਣਾ ਬੰਦ ਕਰ ਦਿੱਤਾ। ਪਿਤਾ ਦੇ ਦਬਾਅ ਹੇਠ ਉਨ੍ਹਾਂ ਨੂੰ ਅਧਿਆਪਕ ਦੀ ਨੌਕਰੀ ਕਰਨੀ ਪਈ।

ਆਪਣੇ ਵਿਦਿਆਰਥੀ ਜੀਵਨ ਦੌਰਾਨ ਇੱਕ ਘਟਨਾ ਨੇ ਉਨ੍ਹਾਂ 'ਤੇ ਡੂੰਘਾ ਪ੍ਰਭਾਵ ਪਾਇਆ ਅਤੇ ਉਨ੍ਹਾਂ ਦੀ ਦਿਸ਼ਾ ਤੈਅ ਕਰਨ ਵਿੱਚ ਮਦਦ ਕੀਤੀ। ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਕਾਂਗਰਸੀ ਨੇਤਾ ਯਾਕੂਬ ਹਸਨ, ਗੋਪਾਲ ਮੈਨਨ, ਮਾਧਵਨ ਨਾਇਰ ਅਤੇ ਹੋਰ ਲੋਕ ਤੇਲਚੇਰੀ ਗਏ, ਜਿੱਥੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਗੋਪਾਲਨ ਅਤੇ ਉਨ੍ਹਾਂ ਦੇ ਦੋਸਤ ਆਪਣੀਆਂ ਕਲਾਸਾਂ ਛੱਡ ਕੇ ਸਮੁੰਦਰ ਕਿਨਾਰੇ ਭੱਜ ਗਏ, ਜਿੱਥੇ ਜਨਤਕ ਮੀਟਿੰਗ ਚੱਲ ਰਹੀ ਸੀ। ਉਨ੍ਹਾਂ ਨੂੰ ਆਪਣੇ ਅਧਿਆਪਕਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ।

ਗੋਪਾਲਨ ਨੇ 7 ਸਾਲ ਪੜ੍ਹਾਇਆ। ਉਨ੍ਹਾਂ ਨੂੰ ਇਹ ਕੰਮ ਪਸੰਦ ਆਇਆ। ਉਨ੍ਹਾਂ ਨੇ ਪੇਰਾਲਾਸੇਰੀ ਬੋਰਡ ਸਕੂਲ ਵਿੱਚ ਦੋ ਸਾਲ ਪੜ੍ਹਾਇਆ। ਉਨ੍ਹਾਂ ਦਾ ਵੱਡਾ ਭਰਾ ਉੱਥੇ ਹੈੱਡਮਾਸਟਰ ਸੀ। ਗੋਪਾਲਨ ਵਿਦਿਆਰਥੀਆਂ ਨੂੰ ਡੰਡਿਆਂ ਨਾਲ ਵੀ ਕੁੱਟਦਾ ਸੀ!

'ਨਾਂਬਿਆਰ ਮਾਸਟਰ' ਦੇ ਪ੍ਰਭਾਵ ਹੇਠ ਉਹਨਾਂ ਨੇ ਵਿਦਿਆਰਥੀਆਂ ਨੂੰ ਕੁੱਟਣ ਦੀ ਆਪਣੀ ਆਦਤ ਛੱਡ ਦਿੱਤੀ। ਉਹ ਕ੍ਰਿਸ਼ਨਾ ਪਾਨੀਕਰ ਦੇ ਸੰਪਰਕ ਵਿੱਚ ਆਏ ਅਤੇ ਉਸਦੇ ਨਾਲ ਕਾਂਗਰਸ ਅਤੇ ਕਾਂਗਰਸ ਸੋਸ਼ਲਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ।

ਗੋਪਾਲਨ ਨੂੰ ਖਾਦੀ ਅਤੇ ਗਾਂਧੀ ਟੋਪੀ ਬਹੁਤ ਪਸੰਦ ਸੀ। 1924 ਵਿੱਚ ਉਹ 'ਵੈਕੋਮ ਸੱਤਿਆਗ੍ਰਹਿ' ਵਿੱਚ ਸ਼ਾਮਲ ਹੋਣਾ ਚਾਹੁੰਦੇ ਸਨ। ਉਨ੍ਹਾਂ ਦੀ ਅਰਜ਼ੀ ਸਵੀਕਾਰ ਵੀ ਕਰ ਲਈ ਗਈ ਸੀ, ਪਰ ਪਰਵਾਰਕ ਦਬਾਅ ਹੇਠ ਉਨ੍ਹਾਂ ਨੂੰ ਪਿੱਛੇ ਹਟਣਾ ਪਿਆ।

ਗੋਪਾਲਨ ਨੇ ਖਾਦੀ ਦੇ ਪ੍ਰਚਾਰ ਅਤੇ ਵਿਦੇਸ਼ੀ ਕੱਪੜਿਆਂ ਦੇ ਬਾਈਕਾਟ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਛੁੱਟੀਆਂ ਦੌਰਾਨ ਉਹ ਪਿੰਡਾਂ ਵਿੱਚ ਖਾਦੀ ਅਤੇ ਸਵਦੇਸੀ ਦਾ ਪ੍ਰਚਾਰ ਕਰਦੇ ਸਨ। ਉਹਨਾਂ ਨੂੰ ਸ੍ਰੀਧਰਨ ਤੋਂ ਸਰਗਰਮ ਸਹਿਯੋਗ ਮਿਲਿਆ। ਉਹ ਖੱਦਰ ਕੱਤਦੇ ਸਨ ਅਤੇ ਇਸ ਨੂੰ ਹੈੱਡਕੁਆਰਟਰ ਭੇਜਦੇ ਸਨ।

### ਕਾਂਗਰਸ ਅੰਦੋਲਨ, 1930

1930-32 ਦੇ ਸਿਵਲ ਨਾਫਰਮਾਨੀ ਅੰਦੋਲਨ ਨੇ ਗੋਪਾਲਨ ਦੇ ਮਨ 'ਤੇ ਡੂੰਘੀ ਛਾਪ ਛੱਡੀ। ਗਾਂਧੀ ਜੀ ਨੇ 12 ਮਾਰਚ, 1930 ਨੂੰ ਆਪਣਾ ਮਸ਼ਹੂਰ ਡਾਂਡੀ ਮਾਰਚ ਸ਼ੁਰੂ ਕੀਤਾ। ਕੇਰਲਾ ਵਿੱਚ ਵੀ, ਕੇ.ਕੇਲਾਪਨ ਦੀ ਅਗਵਾਈ ਹੇਠ ਇੱਕ ਜੱਥਾ ਕਾਲੀਕਟ ਤੋਂ ਪਯਾਨੂਰ ਗਿਆ। ਚੋਨਵਾ ਨਾਮਕ ਜਗ੍ਹਾ 'ਤੇ ਗੋਪਾਲਨ ਨੇ ਇੱਕ ਵੱਡਾ ਸਵਾਗਤ ਸਮਾਗਮ ਕੀਤਾ ਅਤੇ ਗੋਪਾਲਨ ਜੱਥੇ ਵਿੱਚ ਸ਼ਾਮਲ ਹੋਏ। ਵੱਡੀਆਂ ਜਨਤਕ ਮੀਟਿੰਗਾਂ ਹੋਈਆਂ। ਉਹਨਾਂ ਦੇ ਮਨ ਵਿੱਚ ਵਿਰੋਧਾਭਾਸ ਵਧਣ ਲੱਗੇ। ਉਹ 'ਭਾਰਤ ਮਾਤਾ ਦਾ ਯੋਗ ਪੁੱਤਰ' ਬਣਨਾ ਚਾਹੁੰਦੇ ਸਨ!

ਗੋਪਾਲਨ ਨੇ ਆਪਣੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਸਿਵਲ ਨਾਫਰਮਾਨੀ ਵਿੱਚ ਸਰਗਰਮੀ ਨਾਲ ਸ਼ਾਮਲ ਹੋ ਗਏ। ਉਹਨਾਂ ਨੇ ਆਪਣੇ ਪਰਵਾਰਕ ਮੈਂਬਰਾਂ ਤੋਂ ਛੁੱਟੀ ਲੈ ਲਈ। ਪਰਵਾਰ ਦੇ ਬਹੁਤ ਸਾਰੇ ਮੈਂਬਰਾਂ ਨੂੰ ਉਹਨਾਂ ਦਾ ਫੈਸਲਾ ਪਸੰਦ ਨਾ ਆਇਆ।

ਆਪਣੀ ਨੌਕਰੀ ਤੋਂ ਅਸਤੀਫਾ ਦੇਣ ਤੋਂ ਦੋ ਦਿਨ ਬਾਅਦ ਗੋਪਾਲਨ ਗੁਪਤ ਰੂਪ ਵਿੱਚ ਕੈਨਨੋਰ ਚਲੇ ਗਏ ਅਤੇ ਸੱਤਿਆਗ੍ਰਹਿ ਵਿੱਚ ਸ਼ਾਮਲ ਹੋ ਗਏ। ਉਹਨਾਂ ਨੇ ਬਹੁਤ ਸਾਰੇ ਨੌਜਵਾਨਾਂ ਨੂੰ ਲਾਮਬੰਦ ਕੀਤਾ। ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਪਹਿਲਾਂ ਕੈਨਨੋਰ ਜੇਲ੍ਹ ਅਤੇ ਫਿਰ ਵੈਲੋਰ ਜੇਲ੍ਹ ਭੇਜ ਦਿੱਤਾ ਗਿਆ। ਡਾਕਟਰ, ਵਕੀਲ, ਬੇਰੁਜ਼ਗਾਰ, ਅਮੀਰ ਪਰਵਾਰਾਂ ਦੇ ਲੋਕਾਂ ਸਮੇਤ ਲੱਗਭੱਗ 400 ਰਾਜਨੀਤਕ ਕੈਦੀ ਸਨ। ਕੇਲਾਪਨ ਉਨ੍ਹਾਂ ਵਿੱਚੋਂ ਇੱਕ ਸੀ ਅਤੇ ਗੋਪਾਲਨ ਉਸ ਦਾ ਬਹੁਤ ਸਤਿਕਾਰ ਕਰਦੇ ਸਨ।

ਗੋਪਾਲਨ ਦੇ ਪਿੰਡ ਦੇ ਵਿਦਿਆਰਥੀਆਂ ਨੇ ਉਹਨਾਂ ਦੀ ਗ੍ਰਿਫਤਾਰੀ ਬਾਰੇ ਪਤਾ ਲੱਗਦੇ ਹੀ ਹੜਤਾਲ ਕਰ ਦਿੱਤੀ। ਉਹਨਾਂ ਨੂੰ ਅਤੇ ਹੋਰਾਂ ਨੂੰ 1932 ਵਿੱਚ ਗਾਂਧੀ-ਇਰਵਿਨ ਸਮਝੌਤੇ ਤੋਂ ਬਾਅਦ ਰਿਹਾ ਕਰ ਦਿੱਤਾ ਗਿਆ। ਉਹਨਾਂ ਦੇ ਕੋਲ ਪੈਸੇ ਨਹੀਂ ਸਨ, ਸਹੀ ਕੱਪੜੇ ਅਤੇ ਖਾਣਾ ਵੀ ਨਹੀਂ ਸੀ। ਉਹਨਾਂ ਨੂੰ ਹਰ ਰੋਜ਼ ਲੱਗਭੱਗ 25 ਤੋਂ 30 ਮੀਲ ਪੈਦਲ ਤੁਰਨਾ ਪੈਂਦਾ ਸੀ, ਕਿਉਂਕਿ ਉਹ ਬੱਸ ਦਾ ਕਿਰਾਇਆ ਨਹੀਂ ਦੇ ਸਕਦੇ ਸਨ।

### ਮੰਦਰ ਪ੍ਰਵੇਸ਼ ਅੰਦੋਲਨ

ਕੇਰਲ ਪ੍ਰਦੇਸ਼ ਕਾਂਗਰਸ ਕਮੇਟੀ (ਕੇ ਪੀ ਸੀ ਸੀ) ਨੇ ਕੇਲਾਪਨ ਦੀ ਅਗਵਾਈ ਹੇਠ ਮੰਦਰ ਪ੍ਰਵੇਸ਼ ਅੰਦੋਲਨ ਸ਼ੁਰੂ ਕੀਤਾ। ਗੋਪਾਲਨ ਨੂੰ ਵਲੰਟੀਅਰਾਂ ਦਾ 'ਕੈਪਟਨ' ਨਿਯੁਕਤ ਕੀਤਾ ਗਿਆ। ਉਹਨਾਂ ਨੇ ਪਯਨੂਰ ਜਾਂਦੇ ਹੋਏ ਕੈਂਡੋਥ ਵਿੱਚ ਹਰੀਜਨਾਂ ਦਾ ਇੱਕ ਮਾਰਚ ਆਯੋਜਿਤ ਕੀਤਾ। ਹਰੀਜਨਾਂ ਨੂੰ ਸੜਕ 'ਤੇ ਚੱਲਣ ਦਾ ਅਧਿਕਾਰ ਨਹੀਂ ਸੀ, ਕਿਉਂਕਿ ਮੰਦਰ ਨੇੜੇ ਸੀ। ਲੋਕਾਂ ਨੇ ਗੋਪਾਲਨ, ਕੇਰਲੇਯਨ ਅਤੇ ਹੋਰਾਂ ਨੂੰ ਕੁੱਟਿਆ। ਦੋਵੇਂ ਬੇਹੋਸ਼ ਹੋ ਗਏ।

ਏਕੇਜੀ ਦੀ ਪਹਿਲਕਦਮੀ 'ਤੇ ਹੀ ਕੇ ਪੀ ਸੀ ਸੀ ਨੇ 1931 ਵਿੱਚ ਗੁਰੂਵਯੂਰ ਮੰਦਰ ਪ੍ਰਵੇਸ਼ 'ਤੇ ਮਤਾ ਪਾਸ ਕੀਤਾ। ਸੱਤਿਆਗ੍ਰਹੀਆਂ ਨੇ ਮੰਦਰ ਦੇ ਸਾਹਮਣੇ ਤੰਬੂ ਲਗਾਏ। ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ 6 ਮਹੀਨਿਆਂ ਲਈ ਕੈਨਨੋਰ ਜੇਲ੍ਹ ਭੇਜ ਦਿੱਤਾ ਗਿਆ ਅਤੇ ਬੁਰੀ ਤਰ੍ਹਾਂ ਕੁੱਟਿਆ ਗਿਆ।

ਰਿਹਾਈ ਤੋਂ ਬਾਅਦ ਗੋਪਾਲਨ ਨੇ ਪੂਰੇ ਕੇਰਲਾ ਵਿੱਚ ਇੱਕ ਹਜ਼ਾਰ ਮੀਲ ਲੰਮੇ ਮਾਰਚ ਵਿੱਚ ਹਿੱਸਾ ਲਿਆ। ਗ੍ਰਿਫਤਾਰ ਕੀਤੇ ਜਾਣ 'ਤੇ ਉਹਨਾਂ ਨੂੰ ਬੇੜੀਆਂ ਪਾ ਦਿੱਤੀਆਂ ਗਈਆਂ ਅਤੇ ਸਖਤ ਕੰਮ ਕਰਨ ਲਈ ਮਜਬੂਰ ਕੀਤਾ ਗਿਆ। ਉਹਨਾਂ ਨੂੰ 1933 ਵਿੱਚ ਵੇਲੋਰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ।

### ਸਮਾਜਵਾਦ ਵੱਲ

ਹੁਣ ਤੱਕ ਏ ਕੇ ਜੀ ਗਾਂਧੀਵਾਦੀ ਰਾਜਨੀਤੀ ਤੋਂ ਦੂਰ ਹੋਣਾ ਸ਼ੁਰੂ ਹੋ ਗਏ। ਉਹ ਕ੍ਰਿਸ਼ਨਾ ਪਿੱਲਈ, ਕੇ ਪੀ ਆਰ ਗੋਪਾਲਨ, ਈ ਐੱਮ ਐੱਸ ਅਤੇ ਹੋਰਾਂ ਨੂੰ ਜੇਲ੍ਹ ਵਿੱਚ ਮਿਲੇ। ਰਿਹਾਈ ਤੋਂ ਬਾਅਦ ਉਨ੍ਹਾਂ ਨੇ ਕੇਰਲਾ ਵਿੱਚ ਕਾਂਗਰਸ ਸਮਾਜਵਾਦੀ ਪਾਰਟੀ ਦਾ ਗਠਨ ਕੀਤਾ, ਜਿਸ ਨੇ ਮਾਲਾਬਾਰ ਵਿੱਚ ਮਜ਼ਦੂਰਾਂ ਦੇ ਅੰਦੋਲਨ ਦੀ ਅਗਵਾਈ ਕੀਤੀ। ਬੁਣਕਰਾਂ ਦੀ ਯੂਨੀਅਨ ਦਾ ਆਯੋਜਨ ਕੀਤਾ ਗਿਆ। ਗੋਪਾਲਨ ਨੇ ਬੀੜੀ, ਕੱਪੜਾ, ਕੋਇਰ, ਟਾਈਲਾਂ, ਸਾਬਣ, ਨਗਰਪਾਲਿਕਾ ਅਤੇ ਹੋਰ ਉਦਯੋਗਾਂ ਦੇ ਮਜ਼ਦੂਰਾਂ ਵਿੱਚ ਰਹਿਣਾ ਅਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਐੱਸ ਏ ਡਾਂਗੇ, ਸੁੰਦਰੱਈਯਾ ਵਰਗੇ ਨੇਤਾ ਮਜ਼ਦੂਰਾਂ ਦੀਆਂ ਹੜਤਾਲਾਂ ਵਿੱਚ ਮਦਦ ਕਰਨ ਲਈ ਕੇਰਲਾ ਗਏ।

ਗੋਪਾਲਨ ਇਸ ਸਮੇਂ ਏ ਆਈ ਸੀ ਸੀ ਵਿੱਚ ਵੀ ਸਨ ਅਤੇ ਇਸ ਦੇ ਹਰੀਪੁਰਾ ਅਤੇ ਤ੍ਰਿਪੁਰੀ ਸੈਸ਼ਨਾਂ ਵਿੱਚ ਸ਼ਾਮਲ ਹੋਏ ਸਨ। ਉਹਨਾਂ ਨੂੰ ਆਲ ਇੰਡੀਆ ਸੀ ਐੱਸ ਪੀ ਦੀ ਕੇਂਦਰੀ ਕਾਰਜਕਾਰੀ ਕਮੇਟੀ ਵਿੱਚ ਵੀ ਸ਼ਾਮਲ ਕੀਤਾ ਗਿਆ ਸੀ। ਉਹਨਾਂ ਨੂੰ 1934 ਵਿੱਚ ਕੇਰਲਾ ਪ੍ਰਦੇਸ਼ ਕਾਂਗਰਸ ਦਾ ਸੰਯੁਕਤ ਸਕੱਤਰ ਚੁਣਿਆ ਗਿਆ ਸੀ। ਇਸ ਹੈਸੀਅਤ ਵਿੱਚ ਉਹਨਾਂ ਨੇ ਮੈਂਬਰਾਂ ਨੂੰ ਭਰਤੀ ਕਰਨ ਲਈ ਤ੍ਰਾਵਣਕੋਰ ਅਤੇ ਕੋਚੀਨ ਦੀਆਂ ਰਿਆਸਤਾਂ ਦੀ ਯਾਤਰਾ ਕੀਤੀ।

ਉਹਨਾਂ ਨੇ ਮਜ਼ਦੂਰਾਂ, ਕਿਸਾਨਾਂ, ਬੇਰੁਜ਼ਗਾਰਾਂ ਆਦਿ ਵਰਗੇ ਵੱਖ-ਵੱਖ ਵਰਗਾਂ ਨੂੰ ਜਥੇਬੰਦ ਕੀਤਾ। ਉਹਨਾਂ ਨੇ ਤੇਲੀਚੇਰੀ ਡਵੀਜ਼ਨਲ ਅਫਸਰ ਦੇ ਦਫਤਰ ਦੇ ਸਾਹਮਣੇ ਬੇਰੁਜ਼ਗਾਰਾਂ ਦੀ ਇੱਕ ਸਮੂਹਿਕ ਮੀਟਿੰਗ ਦਾ ਆਯੋਜਨ ਕੀਤਾ। ਬਾਅਦ ਵਿੱਚ ਸਮੁੰਦਰੀ ਕੰਢੇ 'ਤੇ ਇੱਕ ਜਨਤਕ ਮੀਟਿੰਗ ਕੀਤੀ, ਜਿੱਥੇ 'ਮਦਰਾਸ ਮਾਰਚ' ਦਾ ਐਲਾਨ ਕੀਤਾ ਗਿਆ। ਇਹ 1936 ਵਿੱਚ ਸੀ। ਵੱਖ-ਵੱਖ ਰਸਤਿਆਂ ਰਾਹੀਂ ਉਹਨਾਂ ਨੇ ਕਈ ਹਫਤਿਆਂ ਵਿੱਚ ਮਦਰਾਸ ਤੱਕ ਪੈਦਲ 966 ਕਿਲੋਮੀਟਰ ਦਾ ਸਫਰ ਤੈਅ ਕੀਤਾ, ਜਿੱਥੇ ਉਹਨਾਂ ਨੇ ਵਿਧਾਨ ਸਭਾ ਨੂੰ ਘੇਰ ਲਿਆ ਅਤੇ ਘੋੜ ਸਵਾਰ ਪੁਲਸ ਦਾ ਸਾਹਮਣਾ ਕੀਤਾ। ਤਾਮਿਲਨਾਡ ਸਮਾਜਵਾਦੀ ਪਾਰਟੀ ਨੇ ਜਨਤਕ ਮੀਟਿੰਗ ਦਾ ਆਯੋਜਨ ਕੀਤਾ। ਏ ਕੇ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਬਾਅਦ ਵਿੱਚ ਮੱਤਭੇਦਾਂ ਕਾਰਨ ਏ ਕੇ ਜੀ ਅਤੇ ਚੰਦਰੋਥ ਨੇ ਸੀ ਐੱਸ ਪੀ ਤੋਂ ਅਸਤੀਫਾ ਦੇ ਦਿੱਤਾ।

### ਕਮਿਊਨਿਸਟ ਪਾਰਟੀ ਵਿੱਚ

1938 ਦਾ ਸਾਲ ਤ੍ਰਾਵਣਕੋਰ ਅਤੇ ਕੋਚੀਨ ਲਈ ਮਹੱਤਵਪੂਰਨ ਸੀ। ਏ ਕੇ ਜੀ ਨੇ ਤ੍ਰਾਵਣਕੋਰ ਰਿਆਸਤ ਵਿੱਚ ਦਮਨ ਵਿਰੁੱਧ ਇੱਕ ਜਥੇ ਦੀ ਅਗਵਾਈ ਕੀਤੀ ਅਤੇ ਅਲਵੇ ਵਿੱਚ ਗ੍ਰਿਫਤਾਰ ਕੀਤੇ ਗਏ। ਰਿਹਾਈ ਤੋਂ ਬਾਅਦ ਉਹ ਸਿਲੋਨ, ਸਿੰਗਾਪੁਰ ਅਤੇ ਮਲਾਇਆ ਲਈ ਰਵਾਨਾ ਹੋ ਗਏ ਤਾਂ ਜੋ ਅਖਬਾਰ 'ਪ੍ਰਭਾਤਮ' ਲਈ ਫੰਡਾਂ ਦਾ ਪ੍ਰਬੰਧ ਕੀਤਾ ਜਾ ਸਕੇ।

1938 ਵਿੱਚ ਪਿਨਾਰਾਈ ਵਿੱਚ ਕੇਰਲਾ ਸੀ ਐੱਸ ਪੀ ਦੀ ਇੱਕ ਮੀਟਿੰਗ ਵਿੱਚ ਇਸ ਨੂੰ ਸੀ ਪੀ ਆਈ ਦੀ ਇੱਕ ਇਕਾਈ ਵਿੱਚ ਬਦਲਣ ਦਾ ਫੈਸਲਾ ਕੀਤਾ ਗਿਆ। ਕ੍ਰਿਸ਼ਨ ਪਿੱਲਈ, ਏ ਕੇ ਜੀ ਅਤੇ ਈ ਐੱਮ ਐੱਸ ਮੌਜੂਦ ਲੋਕਾਂ ਵਿੱਚ ਸ਼ਾਮਲ ਸਨ। ਏ ਕੇ ਜੀ ਵਰਕਰਾਂ ਵਿੱਚ ਕੰਮ ਕਰਨ ਲਈ ਕਾਨ੍ਹਪੁਰ ਅਤੇ ਬੰਗਾਲ ਵੀ ਗਏ ਸਨ। ਉਹ 1940 ਵਿੱਚ ਰੂਪੋਸ਼ ਹੋ ਗਏ ਅਤੇ 24 ਮਾਰਚ, 1941 ਨੂੰ ਤਿਰੂਚਿਰਾਪੱਲੀ ਵਿੱਚ ਗ੍ਰਿਫਤਾਰ ਕਰ ਲਿਆ ਗਿਆ। ਉਹਨਾਂ ਨੂੰ ਇੱਕ ਵਾਰ ਫਿਰ ਵੈਲੋਰ ਜੇਲ੍ਹ ਲਿਜਾਇਆ ਗਿਆ। ਉੱਥੇ ਉਹ ਕੇ. ਦਾਮੋਦਰਨ, ਡਾ. ਕੇ ਬੀ ਕ੍ਰਿਸ਼ਨਨ, ਪੀ ਕੇ ਬਾਲਨ, ਬਾਲਚੰਦਰ ਮੈਨਨ ਅਤੇ ਹੋਰਾਂ ਨੂੰ ਮਿਲੇ।

### ਜੇਲ੍ਹ ਤੋਂ ਭੱਜਣਾ

ਏ ਕੇ ਜੀ ਨੂੰ ਚੰਦਰੋਥ ਦੇ ਨਾਲ ਸਤੰਬਰ 1941 ਵਿੱਚ ਕਿਸੇ ਹੋਰ ਜੇਲ੍ਹ ਵਿੱਚ ਤਬਦੀਲ ਕੀਤਾ ਜਾਣਾ ਸੀ। ਉਨ੍ਹਾਂ ਨੇ ਹੋਰਨਾਂ ਦੇ ਨਾਲ ਮਿਲ ਕੇ ਉਸੇ ਰਾਤ ਭੱਜਣ ਦੀ ਇੱਕ ਵੱਡੀ ਯੋਜਨਾ ਬਣਾਈ। ਕੁਝ ਔਜ਼ਾਰ ਇਕੱਠੇ ਕਰਕੇ, ਉਹ ਪੱਥਰ ਦੀ ਕੰਧ ਵਿੱਚ ਇੱਕ ਵੱਡਾ ਟੋਆ ਪੁੱਟਣ ਵਿੱਚ ਕਾਮਯਾਬ ਹੋ ਗਏ, ਜੋ ਪਾਰ ਕਰਨ ਲਈ ਕਾਫੀ ਵੱਡਾ ਸੀ। ਕਾਫੀ ਸਮੇਂ ਤੋਂ ਭਾਰੀ ਮੀਂਹ ਪੈ ਰਿਹਾ ਸੀ, ਜਿਸ ਨੇ ਇੱਕ ਚੰਗਾ ਮਾਹੌਲ ਪ੍ਰਦਾਨ ਕੀਤਾ। ਸਾਰੇ ਚੌਕੀਦਾਰ ਸੁੱਤੇ ਪਏ ਸਨ। ਫਿਰ ਉਨ੍ਹਾਂ ਨੇ ਕਿਸੇ ਤਰ੍ਹਾਂ ਕੰਡਿਆਲੀ ਤਾਰ ਦੀਆਂ ਵਾੜਾਂ ਨੂੰ ਪਾਰ ਕੀਤਾ, ਇਸ ਪ੍ਰਕਿਰਿਆ ਵਿੱਚ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਉਹ ਤੇਜ਼ੀ ਨਾਲ ਭੱਜੇ ਅਤੇ ਲੱਗਭੱਗ 14 ਦਿਨਾਂ ਤੱਕ ਹਨੇਰੀਆਂ ਰਾਤਾਂ ਅਤੇ ਜੰਗਲਾਂ ਵਿੱਚ ਤੁਰਦੇ ਰਹੇ। ਫਿਰ ਏ ਕੇ ਜੀ ਪੂਰੇ 4 ਸਾਲਾਂ ਲਈ ਭੂਮੀਗਤ ਹੋ ਗਏ। 1945 ਵਿੱਚ ਉਹਨਾਂ ਨੂੰ ਇੱਕ ਵਾਰ ਫੇਰ ਗ੍ਰਿਫਤਾਰ ਕੀਤਾ ਗਿਆ।

### ਆਜ਼ਾਦੀ ਤੋਂ ਬਾਅਦ : ਗੋਪਾਲਨ ਬਨਾਮ ਮਦਰਾਸ ਹਾਈ ਕੋਰਟ

ਗੋਪਾਲਨ 15 ਅਗਸਤ 1947 ਨੂੰ ਜੇਲ੍ਹ ਵਿੱਚ ਸਨ। ਮਦਰਾਸ ਵਿੱਚ ਕਾਂਗਰਸ ਸਰਕਾਰ ਬਣਨ ਤੋਂ ਬਾਅਦ ਉਹਨਾਂ ਨੂੰ ਅਕਤੂਬਰ 1947 ਵਿੱਚ ਰਿਹਾਅ ਕਰ ਦਿੱਤਾ ਗਿਆ ਸੀ, ਪਰ ਮਦਰਾਸ ਮੇਨਟੇਨੈਂਸ ਆਫ ਪਬਲਿਕ ਆਰਡਰ ਐਕਟ, ਜੋ ਕਿ ਇੱਕ ਬਸਤੀਵਾਦੀ ਕਾਨੂੰਨ ਸੀ, ਦੇ ਤਹਿਤ ਦੁਬਾਰਾ ਗ੍ਰਿਫਤਾਰ ਕਰ ਲਿਆ ਗਿਆ ਸੀ। ਗੋਪਾਲਨ ਨੇ ਸੁਪਰੀਮ ਕੋਰਟ ਵਿੱਚ ਇੱਕ ਰਿੱਟ ਪਟੀਸ਼ਨ ਦਾਇਰ ਕੀਤੀ, ਜਿਸ ਨੂੰ ਰੱਦ ਕਰ ਦਿੱਤਾ ਗਿਆ। ਫਿਰ ਉਹਨਾਂ ਨੇ ਮਦਰਾਸ ਹਾਈ ਕੋਰਟ ਵਿੱਚ ਇੱਕ ਰਿੱਟ ਪਟੀਸ਼ਨ ਦਾਇਰ ਕੀਤੀ ਅਤੇ ਆਪਣੇ ਕੇਸ ਦੀ ਦਲੀਲ ਦਿੱਤੀ। ਇਸ ਦੀ ਸੁਣਵਾਈ ਜਸਟਿਸ ਸੱਤਿਆਨਾਰਾਇਣ ਰਾਓ ਦੁਆਰਾ ਕੀਤੀ ਗਈ। ਉਹਨਾਂ ਨੇ ਸੰਵਿਧਾਨ ਵਿੱਚ ਮੌਲਿਕ ਅਧਿਕਾਰਾਂ ਦੀ ਉਲੰਘਣਾ ਦਾ ਸਵਾਲ ਉਠਾਇਆ, ਜੋ ਕਿ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੋਵਾਂ ਵਿੱਚ ਐਕਟ ਦੁਆਰਾ ਕੀਤਾ ਜਾ ਰਿਹਾ ਹੈ। ਉਹਨਾਂ ਨੂੰ ਸੁਣਵਾਈ ਦੇ ਆਖਰੀ ਦਿਨ ਰਿਹਾਅ ਕਰ ਦਿੱਤਾ, ਪਰ ਦਰਵਾਜ਼ੇ ਦੇ ਬਾਹਰ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਕੁਡਲੋਰ ਜੇਲ੍ਹ ਭੇਜ ਦਿੱਤਾ ਗਿਆ। ਉਹਨਾਂ ਨੂੰ 1951 ਵਿੱਚ ਇੱਕ ਹੋਰ ਰਿੱਟ ਪਟੀਸ਼ਨ 'ਤੇ ਰਿਹਾਅ ਕਰ ਦਿੱਤਾ ਗਿਆ। ਅਦਾਲਤ ਨੇ ਪੁਲਸ ਨੂੰ ਉਹਨਾਂ ਨੂੰ ਨਾ ਛੂਹਣ ਦਾ ਹੁਕਮ ਦਿੱਤਾ।

### ਵਿਆਹ

ਉਨ੍ਹਾਂ ਦਾ ਵਿਆਹ 10 ਸਤੰਬਰ, 1952 ਨੂੰ ਸੁਸ਼ੀਲਾ ਨਾਲ ਹੋਇਆ। 1951 ਵਿੱਚ ਉਨ੍ਹਾਂ ਨੂੰ ਆਲ ਇੰਡੀਆ ਕਿਸਾਨ ਸਭਾ ਦਾ ਪ੍ਰਧਾਨ ਚੁਣਿਆ ਗਿਆ। ਉਨ੍ਹਾਂ ਨੇ 1950 ਦੇ ਦਹਾਕੇ ਵਿੱਚ ਸੰਯੁਕਤ ਮਹਾਰਾਸ਼ਟਰ ਅਤੇ ਮਹਾਂ ਗੁਜਰਾਤ ਅੰਦੋਲਨਾਂ ਵਿੱਚ ਵੀ ਹਿੱਸਾ ਲਿਆ।

### ਟਰੇਡ ਯੂਨੀਅਨ ਅੰਦੋਲਨ ਵਿੱਚ

ਗੋਪਾਲਨ ਨੇ ਉੱਤਰੀ ਕੇਰਲ ਦੇ ਬੀੜੀ ਮਜ਼ਦੂਰਾਂ ਵਿੱਚ ਕੰਮ ਕੀਤਾ। ਲੋਕ ਸਭਾ ਮੈਂਬਰ ਹੋਣ ਦੇ ਨਾਤੇ ਉਨ੍ਹਾਂ ਨੇ 1966 ਵਿੱਚ ਬੀੜੀ ਅਤੇ ਸਿਗਾਰ ਵਰਕਰ (ਰੁਜ਼ਗਾਰ ਦੀਆਂ ਸ਼ਰਤਾਂ) ਬਿੱਲ ਪਾਸ ਕਰਨ ਵਿੱਚ ਸਹਾਇਤਾ ਕੀਤੀ। ਉਨ੍ਹਾਂ ਨੇ ਇੱਕ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ।

ਦੇਸ਼ ਵਿੱਚ ਸੰਸਦ ਦੇ ਸਾਹਮਣੇ ਪਹਿਲਾ ਦਿੱਲੀ ਮਾਰਚ 13 ਸਤੰਬਰ, 1962 ਨੂੰ ਹੋਇਆ। ਇੱਕ ਕਰੋੜ ਤੋਂ ਵੱਧ ਦਸਤਖਤ ਇਕੱਠੇ ਕੀਤੇ ਗਏ ਅਤੇ ਲੱਗਭੱਗ ਦੋ ਲੱਖ ਲੋਕਾਂ ਨੇ ਸੰਸਦ ਵੱਲ ਮਾਰਚ ਕੀਤਾ। ਰੈਲੀ ਨੂੰ ਸੀ ਪੀ ਆਈ ਦੇ ਚੇਅਰਮੈਨ ਐੱਸ ਏ ਡਾਂਗੇ ਅਤੇ ਲੋਕ ਸਭਾ ਵਿੱਚ ਕਮਿਊਨਿਸਟ ਸਮੂਹ ਦੇ ਨੇਤਾ ਏ ਕੇ ਗੋਪਾਲਨ ਨੇ ਸੰਬੋਧਨ ਕੀਤਾ।

### ਸੰਸਦ ਵਿੱਚ

ਏ ਕੇ ਗੋਪਾਲਨ 1952 ਅਤੇ 1957 ਦੀਆਂ ਚੋਣਾਂ ਵਿੱਚ ਕੰਨੂਰ ਤੋਂ ਲੋਕ ਸਭਾ ਲਈ ਚੁਣੇ ਗਏ ਸਨ। ਉਹ 1977 ਤੱਕ ਸੰਸਦ ਮੈਂਬਰ ਰਹੇ। ਉਹ ਲੰਬੇ ਸਮੇਂ ਤੱਕ ਵਿਰੋਧੀ ਧਿਰ ਦੇ ਨੇਤਾ ਅਤੇ ਪਹਿਲੀ ਲੋਕ ਸਭਾ ਵਿੱਚ ਕਮਿਊਨਿਸਟ ਸਮੂਹ ਦੇ ਨੇਤਾ ਰਹੇ। ਉਹ ਇੱਕ ਪ੍ਰਭਾਵਸ਼ਾਲੀ ਬੁਲਾਰੇ ਸਨ।

ਉਨ੍ਹਾਂ ਨੇ ਸੋਵੀਅਤ ਸੰਘ ਅਤੇ ਚੀਨ ਸਮੇਤ ਕਈ ਦੇਸ਼ਾਂ ਦੀ ਯਾਤਰਾ ਕੀਤੀ। ਉਨ੍ਹਾਂ ਨੇ ਕਈ ਕਿਤਾਬਾਂ ਵੀ ਲਿਖੀਆਂ।

ਇੱਕ ਕਿਤਾਬ ਲਾਰੈਂਸ ਐਂਡ ਵਿਸਾਰਟ ਦੁਆਰਾ 'ਕੇਰਲ : ਪਾਸਟ ਐਂਡ ਪ੍ਰੈਜ਼ੈਂਟ' (1959) ਸਿਰਲੇਖ ਹੇਠ ਪ੍ਰਕਾਸ਼ਿਤ ਕੀਤੀ ਗਈ ਸੀ।

### ਪਾਰਟੀ ਵਿੱਚ ਸਥਿਤੀ

ਏ ਕੇ ਜੀ ਨੂੰ ਸੀ ਪੀ ਆਈ ਦੀ ਦੂਜੀ ਪਾਰਟੀ ਕਾਂਗਰਸ (1948) ਵਿੱਚ ਕੇਂਦਰੀ ਕਮੇਟੀ ਲਈ ਚੁਣਿਆ ਗਿਆ ਸੀ, ਭਾਵੇਂ ਉਹ ਜੇਲ੍ਹ ਵਿੱਚ ਹੋਣ ਕਰਕੇ ਇਸ ਵਿੱਚ ਸ਼ਾਮਲ ਨਹੀਂ ਹੋ ਸਕੇ ਸਨ। 1951 ਦੀ ਵਿਸ਼ੇਸ਼ ਕਾਨਫਰੰਸ ਵਿੱਚ ਉਨ੍ਹਾਂ ਨੂੰ ਦੁਬਾਰਾ ਕੇਂਦਰੀ ਕਮੇਟੀ ਲਈ ਚੁਣਿਆ ਗਿਆ ਸੀ। 1954 ਅਤੇ 1956 ਦੀਆਂ ਪਾਰਟੀ ਕਾਂਗਰਸਾਂ ਵਿੱਚ ਉਹ ਦੁਬਾਰਾ ਕੇਂਦਰੀ ਕਮੇਟੀ ਲਈ ਚੁਣੇ ਗਏ ਸਨ।

ਸੰਗਠਨ ਦੇ ਪੁਨਰਗਠਨ ਤੋਂ ਬਾਅਦ, ਉਹ ਅੰਮ੍ਰਿਤਸਰ ਪਾਰਟੀ ਕਾਂਗਰਸ (1958) ਵਿੱਚ ਸਕੱਤਰੇਤ ਲਈ ਚੁਣੇ ਗਏ। ਉਹ ਵਿਜੇਵਾੜਾ (1961) ਵਿੱਚ ਕੇਂਦਰੀ ਕਾਰਜਕਾਰੀ ਕਮੇਟੀ ਵਿੱਚ ਸਨ। 1964 ਵਿੱਚ ਸੀ ਪੀ ਆਈ ਵਿੱਚ ਵੰਡ ਤੋਂ ਬਾਅਦ, ਏ ਕੇ ਜੀ ਸੀ ਪੀ ਐੱਮ ਵਿੱਚ ਸ਼ਾਮਲ ਹੋ ਗਏ। ਉਹ ਲਗਾਤਾਰ ਸੀ ਪੀ ਐੱਮ ਦੇ ਪੋਲਿਟ ਬਿਊਰੋ ਮੈਂਬਰ ਰਹੇ।

### ਮੌਤ

22 ਮਾਰਚ, 1977 ਨੂੰ ਉਨ੍ਹਾਂ ਦੀ ਮੌਤ ਹੋ ਗਈ। ਭਾਰਤ ਸਰਕਾਰ ਨੇ ਅਕਤੂਬਰ 1990 ਵਿੱਚ ਉਨ੍ਹਾਂ ਦੀ ਯਾਦ ਵਿੱਚ ਇੱਕ ਡਾਕ ਟਿਕਟ ਜਾਰੀ ਕੀਤੀ। ਉਨ੍ਹਾਂ ਨੂੰ ਵਿਆਪਕ ਤੌਰ 'ਤੇ ਯਾਦ ਕੀਤਾ ਜਾਂਦਾ ਸੀ।

*+91 99884-91002*

ਸ਼ਬਦ ਚਿੱਤਰ

ਰਾਮ ਸਰੂਪ ਅਣਖੀ

# ਮਹਿਤਾਬੀ ਡੱਬੀ ਦਾ ਚਾਨਣ


ਗੁਰਚਰਨ ਦੀਆਂ ਕਹਾਣੀਆਂ ਮੈਨੂੰ ਚੰਗੀਆਂ ਲੱਗਦੀਆਂ ਸਨ, ਕਿਉਂਕਿ ਉਨ੍ਹਾਂ ਦਾ ਪਿਛੋਕੜ, ਉਨ੍ਹਾਂ ਦਾ ਧਰਾਤਲ ਉਹ ਮਿੱਟੀ ਸੀ, ਜਿਸ ਮਿੱਟੀ ਵਿਚੋਂ ਮੇਰੀਆਂ ਕਹਾਣੀਆਂ ਪੈਦਾ ਹੋ ਰਹੀਆਂ ਸਨ । 'ਚੰਨ ਬੱਦਲਾਂ ਓਹਲੇ' ਸੰਗ੍ਰਹਿ ਛਪਿਆ ਤਾਂ ਮਨ ਬੜਾ ਖੱਟਾ ਹੋਇਆ। ਇਹ ਬੜੀ ਭੈੜੀ ਤਰ੍ਹਾਂ ਛਪੀ ਹੋਈ ਕਿਤਾਬ ਸੀ । ਬੇਸ਼ੁਮਾਰ ਪਰੂਫ ਦੀਆਂ ਗਲਤੀਆਂ ਸਨ। ਛਪਾਈ ਜਿਵੇਂ ਕੋਈ ਕਿੱਸਾ ਛਾਪਿਆ ਹੋਵੇ। ਬਾਅਦ ਵਿਚ ਪਤਾ ਲੱਗਿਆ ਕਿ ਇਹ ਮੁੰਡਾ ਤਾਂ ਸਾਡੇ ਪਿੰਡ ਦਾ ਜੁਆਈ ਹੈ। ਉਹ ਮੈਨੂੰ ਹੋਰ ਵੀ ਪਿਆਰਾ ਲੱਗਣ ਲੱਗਿਆ ।

ਅਸੀਂ ਸਮਾਂਤਰ ਕਹਾਣੀ-ਗੋਸ਼ਟੀਆਂ ਰਾਤਾਂ ਨੂੰ ਕਰਨ ਲੱਗੇ ਅਤੇ ਪਹਿਲੀ ਗੋਸ਼ਟੀ ਗੁਰਚਰਨ ਦੇ ਪਿੰਡ ਉਹਦੇ ਘਰ ਹੀ ਕੀਤੀ । ਪੰਦਰਾਂ-ਵੀਹ ਕਹਾਣੀਕਾਰ ਜਿਹੜੇ ਆਏ, ਉਨ੍ਹਾਂ ਵਿੱਚੋਂ ਬਹੁਤੇ ਉਹੀ ਸੀ, ਜਿਹੜੇ 'ਨਾਗਮਣੀ' ਵਿਚ ਛਪਦੇ ਹੁੰਦੇ । ਉਨ੍ਹਾਂ ਦਿਨਾਂ ਵਿਚ ਸਿੱਧੂ ਦਮਦਮੀ ਅਤੇ ਸ਼ਮਸ਼ੇਰ ਸੰਧੂ ਦੀਆਂ ਕਹਾਣੀਆਂ ਚਰਚਾ ਵਿਚ ਸਨ । ਕਿਰਪਾਲ ਕਜ਼ਾਕ ਕਹਾਣੀ ਡੁੱਬ ਕੇ ਲਿਖਦਾ ਸੀ। ਉਹ ਕਹਾਣੀ ਪੜ੍ਹਦਾ ਵੀ ਬੜੇ ਨਾਟਕੀ ਅੰਦਾਜ਼ ਵਿਚ। ਅਸੀਂ ਅਜਿਹੀਆਂ ਕਿੰਨੀਆਂ ਸਾਰੀਆਂ ਗੋਸ਼ਟੀਆਂ ਕੀਤੀਆਂ ਸਨ। ਨਵੇਂ-ਨਵੇਂ ਕਹਾਣੀਕਾਰ ਜੁੜਦੇ ਗਏ ਅਤੇ ਕਾਫਲਾ ਬਣਦਾ ਗਿਆ । ਹੁਣ ਯਾਦ ਆਉਂਦਾ ਹੈ ਕਿ ਕਿੰਨਾ ਚੰਗਾ ਲਗਦੈ ਕਿ ਅਸੀਂ ਪੰਦਰਾਂ ਵੀਹ ਦਿਨਾਂ ਬਾਅਦ ਹੀ ਇਕੱਠੇ ਹੁੰਦੇ । ਕਦੇ ਭੀਖੀ, ਕਦੇ ਫਤਿਹਪੁਰ ਰਾਜਪੂਤਾਂ, ਕਦੇ ਧੌਲੇ, ਕਦੇ ਸੇਖੇ, ਜਿਵੇਂ ਕਹਾਣੀ ਹੀ ਸਾਡਾ ਮਿਸ਼ਨ ਸੀ । ਮੈਂ ਜਿੱਥੇ ਕਿਤੇ ਵੀ ਜਾਂਦਾ, ਗੁਰਚਰਨ ਮੇਰੇ ਨਾਲ ਹੁੰਦਾ । ਹੋਰਾਂ ਨੂੰ ਚਾਹੇ ਉਹ ਕਿੰਨੀਆਂ ਟਿੱਚਰਾਂ ਕਰਦਾ, ਮੇਰਾ ਸਤਿਕਾਰ ਕਰਦਾ ਸੀ । ਉਮਰ ਵਿਚ ਵੱਡਾ ਹੋਣ ਕਰਕੇ ਜਾਂ ਧੌਲੇ ਵਾਲੀ ਸਕੀਰੀ ਕਰਕੇ । ਕਿਰਪਾਲ ਕਜ਼ਾਕ ਚੁਸਤ ਸੀ । ਇਕ ਵਾਰ ਉਹ ਦੋਵੇਂ ਧੌਲੇ ਆ ਗਏ । ਗੁਰਚਰਨ ਦੇ ਸਹੁਰੀਂ ਰੋਟੀ-ਟੁੱਕ ਖਾ ਕੇ ਅਗਾਂਹ ਮੇਰੇ ਕੋਲ ਆ ਧਮਕੇ । ਉਸ ਰਾਤ ਕਜ਼ਾਕ ਨੇ ਮੈਥੋਂ ਪੂਰੀਆਂ ਬਾਰਾਂ ਕਹਾਣੀਆਂ ਸੁਣੀਆਂ । ਇਕ ਕਹਾਣੀ ਸੁਣ ਕੇ ਉਹ ਮੇਰੀ ਤਾਰੀਫ ਕਰਦਾ ਤੇ ਮੈਂ ਇਕ ਕਹਾਣੀ ਹੋਰ ਸੁਣਾਉਣ ਲਈ ਉਤੇਜਿਤ ਹੋ ਜਾਂਦਾ । ਉਸ ਰਾਤ ਗੁਰਚਰਨ ਨੇ ਕਹਾਣੀਆਂ ਸੁਣੀਆਂ ਹੀ ਸਨ, ਟਿੱਪਣੀ ਕੋਈ ਨਹੀਂ ਕੀਤੀ ਸੀ ।

ਪਰ ਕਜ਼ਾਕ ਦਾ ਮੈਂ ਦੇਣਦਾਰ ਵੀ ਹਾਂ । 1976 ਵਿਚ ਮੇਰੀ ਪਤਨੀ ਬਰੇਨ-ਟਿਊਮਰ ਦੀ ਨਾਮੁਰਾਦ ਬਿਮਾਰੀ ਕਰਕੇ ਗੁਜ਼ਰ ਗਈ ਸੀ । ਮੇਰਾ ਸੰਸਾਰ ਉੱਜੜ ਗਿਆ । ਬੱਚੇ ਰੁਲਣ ਲੱਗੇ । ਮੈਂ ਕਿਸੇ ਵੀ ਔਰਤ ਲਈ ਸਹਿਕਦਾ ਫਿਰਦਾ ਸਾਂ । ਹਰ ਕਿਸੇ ਨੂੰ ਆਪਣਾ ਦੁੱਖ ਦੱਸਦਾ । ਕਜ਼ਾਕ ਨੇ ਉਨ੍ਹਾਂ ਦਿਨਾਂ ਵਿਚ 'ਨਾਗਮਣੀ' ਵਿਚ ਮੇਰਾ ਰੇਖਾ ਚਿੱਤਰ ਛਪਵਾਇਆ 'ਪਿਆਸੇ ਖੂਹ ਦਾ ਪਾਣੀ'। ਇਕ ਵਾਰ ਅਸੀਂ ਭੀਖੀ ਇਕੱਠੇ ਹੋਏ । ਅਜਮੇਰ (ਰਾਜਸਥਾਨ) ਦੀ ਇਕ ਲੜਕੀ ਸ਼ੋਭਾ ਪਾਟਿਲ ਮੈਨੂੰ ਚਿੱਠੀਆਂ ਲਿਖਦੀ ਹੁੰਦੀ । ਸਾਡੀ ਲੱਗਭੱਗ ਸਹਿਮਤੀ ਹੋ ਚੁੱਕੀ ਸੀ । ਫੇਰ ਵੀ ਮੇਰਾ ਮਨ ਨਹੀਂ ਸੀ । ਕਜ਼ਾਕ ਕਹਿੰਦਾ, 'ਭਾਅ ਜੀ, ਆਪਣਾ ਸੱਜਾ ਹੱਥ ਕੱਢ ਮੇਰੇ ਹੱਥ ਉੱਤੇ ਹੱਥ ਮਾਰ ਕੇ ਮੈਥੋਂ ਉਹਨੇ ਵਾਅਦਾ ਲਿਆ ਕਿ ਮੈਂ ਕੱਲ੍ਹ ਨੂੰ ਹੀ ਉਹਨੂੰ ਚਿੱਠੀ ਲਿਖਾਂਗਾ, 'ਤੈਨੂੰ ਲੈਣ ਆ ਰਿਹਾ ਹਾਂ।' ਜੇ ਕਜ਼ਾਕ ਉਸ ਰਾਤ ਮੈਨੂੰ ਤਿਆਰ ਨਾ ਕਰਦਾ, ਮੈਂ ਸ਼ੋਭਾ ਨੂੰ ਨਾ ਲੈ ਕੇ ਆਉਂਦਾ ਤਾਂ ਮੇਰੀ ਦੁਨੀਆ ਪਤਾ ਨਹੀਂ ਕਿਹੋ ਜਿਹੀ ਹੋਣੀ ਸੀ । ਕੀ ਪਤਾ, ਕਿੱਧਰ ਤੁਰ ਜਾਂਦਾ ਮੈਂ ?

ਇਹ 1977 ਦੇ ਸ਼ੁਰੂ ਦੇ ਦਿਨਾਂ ਦੀ ਗੱਲ ਹੈ, ਚਿੱਠੀ ਤਾਂ ਮੈਂ ਲਿਖ ਦਿੱਤੀ, ਪਰ ਮੈਨੂੰ ਕਈ ਅੜਿੱਕੇ ਲੱਗ ਰਹੇ ਸਨ । ਓਧਰ ਸ਼ੋਭਾ ਲਈ ਵੀ ਮੁਸ਼ਕਿਲਾਂ ਖੜ੍ਹੀਆਂ ਹੋ ਗਈਆਂ ਸਨ । ਆਖਰ ਸਾਡਾ ਰਾਹ ਸਾਫ ਹੋ ਗਿਆ । ਪਰ ਜੂਨ ਵਿੱਚ ਲੋਕ ਸਭਾ ਚੋਣਾਂ ਆ ਗਈਆਂ । ਮੇਰੀ ਡਿਊਟੀ ਸੀ। ਅਖੀਰ ਮੈਂ ਇਕ ਦਿਨ ਤਿੰਨ ਸੌ ਰੁਪਿਆ ਲੈ ਕੇ ਪਿਛਲੇ ਪਹਿਰ ਭੀਖੀ ਜਾ ਵੜਿਆ । ਗੁਰਚਰਨ ਨੂੰ ਸਾਰੀ ਗੱਲ ਦੱਸੀ। ਉਹਨੂੰ ਕਿਹਾ ਕਿ ਉਹ ਮੇਰੇ ਨਾਲ ਚਲੇ । ਇਕੱਲਾ ਬੰਦਾ ਫੇਰ ਵੀ ਇਕੱਲਾ ਹੁੰਦੈ। ਉਹਨੂੰ ਕੁਝ ਪੈਸੇ ਆਪਣੇ ਕੋਲੋਂ ਲਿਜਾਣ ਲਈ ਵੀ ਕਿਹਾ। ਘਰ ਵਿੱਚ ਡੇਢ ਸੌ ਰੁਪਿਆ ਸੀ । ਗੁਰਚਰਨ ਚਾਂਭੜਾ ਪਾ ਰਿਹਾ ਸੀ । ਬਿੰਦੇ-ਬਿੰਦੇ ਮੇਲੋ ਨੂੰ ਹਦਾਇਤਾਂ ਦਿੰਦਾ, 'ਰੋਟੀ ਛੇਤੀ ਬਣਾ ਦੇ ਕੇਰਾਂ ਖਾ ਕੇ ਤੁਰਾਂਗੇ, ਰਾਤ ਦੀ ਗੱਡੀ ਐ । ਮਖੌਲ ਦੀ ਘੱਗਰੀ ਨ੍ਹੀ ਬਰਾਤ ਚੱਲੇ ਆਂ ਬਾਈ ਦੀ । ਨਵੇਂ ਧੋਤੇ ਕੱਪੜੇ ਦੇਹ ਮੈਨੂੰ।'

ਅਸੀਂ ਮਾਨਸਾ ਤੋਂ ਗੱਡੀ ਚੜ੍ਹੇ, ਤੜਕੇ ਨੂੰ ਦਿੱਲੀ ਜਾ ਪਹੁੰਚੇ । ਉਥੋਂ ਇਕ ਟਰੇਨ ਮਿਲ ਗਈ, ਜਿਹੜੀ ਅਜਮੇਰ ਹਨੇਰੇ ਹੋਏ ਪਹੁੰਚੀ । ਰਾਤ ਅਸੀਂ ਸਟੇਸ਼ਨ 'ਤੇ ਹੀ ਕੱਟ ਲਈ । ਗੁਰਚਰਨ ਲਗਾਤਾਰ ਬੋਲਦਾ ਰਿਹਾ ਸੀ । ਮਾਨਸਾ ਤੋਂ ਦਿੱਲੀ ਅਤੇ ਦਿੱਲੀ ਤੋਂ ਅਜਮੇਰ ਤੱਕ । ਮੇਰਾ ਹੌਸਲਾ ਕਾਇਮ ਰੱਖਦਾ। ਕਦੇ ਕੋਈ ਗੀਤ ਗਾਉਣ ਲੱਗਦਾ। ਉਹ ਸਾਰੇ ਰਾਹ ਮੈਨੂੰ ਆਖਦਾ ਆਇਆ ਸੀ, 'ਜਦੋਂ ਜੱਟ ਤੇਰੇ ਨਾਲ ਐ ਤੂੰ ਭੋਰਾ ਸੰਸਾ ਨਾ ਮਨ ਬਾਈ । ਵਾਹਣੀ ਪਾ ਦਿਆਂਗੇ, ਤੂੰ ਜੱਟ ਦਾ ਪੈਂਤਰਾ ਦੇਖੀਂ।'



ਸ਼ੋਭਾ ਨੇ ਜਿਸ ਹੋਟਲ ਸਾਹਮਣੇ ਆ ਕੇ ਮਿਲਣ ਲਈ ਮੈਨੂੰ ਲਿਖਿਆ ਸੀ, ਉਹ ਦਸ ਵਜੇ ਤੱਕ ਆਈ ਹੀ ਨਾ । ਅਸੀਂ ਨਿਰਾਸ਼-ਪ੍ਰੇਸ਼ਾਨ ਹੋਟਲ ਦੇ ਕਦੇ ਅੱਗੇ ਜਾ ਖੜ੍ਹਦੇ, ਕਦੇ ਦੂਰ ਚਲੇ ਜਾਂਦੇ । ਅਖੀਰ ਗੁਰਚਰਨ ਬੋਲਿਆ, 'ਬਾਈ, ਤੈਨੂੰ ਘਰ ਦਾ ਪਤਾ ?'

'ਹਾਂ, ਮੈਂ ਦਸੰਬਰ 'ਚ ਆ ਕੇ ਗਿਆ ਉਨ੍ਹਾਂ ਦੇ ਘਰ।' ਮੈਂ ਦੱਸਿਆ।

'ਤਾਂ ਚੱਲ ਫੇਰ, ਆਪ ਈ ਚੱਲਦੇ ਆਂ।'

'ਨਹੀਂ, ਐਂ ਨਹੀਂ ਠੀਕ।'

'ਹੋਰ ਫੇਰ, ਜੇ ਉਹ ਨਾ ਆਈ ਤਾਂ ਕੀ ਪਿੰਡ ਨੂੰ ਮੁੜੇਂਗਾ ?'

ਅਸੀਂ ਇਕ ਰਿਕਸ਼ਾ ਲਿਆ ਅਤੇ ਪਾਲ ਬੀਚਲਾਂ ਨੂੰ ਚੱਲ ਪਏ । ਰਾਹ ਵਿੱਚ ਮੈਂ ਉਹਨੂੰ ਪੱਕਾ ਕੀਤਾ, 'ਦੇਖ ਗੁਰਚਰਨ, ਜੇ ਸ਼ੋਭਾ ਦੇ ਪਿਓ ਨੇ ਆਪਾਂ ਨੂੰ ਘਰ ਨਾ ਵੜਨ ਦਿੱਤਾ, ਤਾਂ ਕੋਈ ਝਗੜਾ ਖੜ੍ਹਾ ਨਹੀਂ ਕਰਨਾ । ਆਪਣਾ ਇਥੇ ਅਜਮੇਰ 'ਚ ਕੋਈ ਨਹੀਂ ਹੈ । ਐਵੇਂ ਨਾ ਕਿਤੇ ਪੁਲਸ ਦੇ ਹੱਥ ਆ ਜੀਏ।'

'ਨਹੀਂ ਬਾਈ, ਤੂੰ ਡਰ ਨਾ । ਕੁਝ ਨਹੀਂ ਹੁੰਦਾ। ਜਦੋਂ ਜੱਟ ਤੇਰੇ ਨਾਲ ਐ। ਆਪਾਂ ਉਹਨੂੰ ਲੈ ਕੇ ਤੁਰਾਂਗੇ।'

ਅਸੀਂ ਘਰ ਪਹੁੰਚੇ ਤਾਂ ਉਨ੍ਹਾਂ ਨੇ ਬਿਠਾ ਤਾਂ ਲਿਆ, ਚਾਹ ਪਿਆ ਦਿੱਤੀ, ਪਰ ਪਤਾ ਨਾ ਲੱਗੇ ਕਿ ਅੱਗੇ ਕੀ ਹੋਵੇਗਾ। ਖੈਰ ਹੌਲੀ-ਹੌਲੀ ਗੱਲਾਂ ਖੁੱਲ੍ਹਣ ਲੱਗੀਆਂ। ਰਾਹ ਸਾਫ ਹੋ ਗਿਆ। ਸ਼ੋਭਾ ਦੇ ਪਿਤਾ ਦੇ ਕਹਿਣ 'ਤੇ ਉਸੇ ਸ਼ਾਮ ਮੈਂ ਤੇ ਸੋਭਾ ਤਾਂ ਗੁਰਦੁਆਰਾ ਸਾਹਿਬ ਚਲੇ ਗਏ। ਅਗਲੇ ਦਿਨ ਭਾਈ ਜੀ ਨਾਲ ਅਨੰਦ ਕਾਰਜ ਦੀ ਗੱਲ ਤੈਅ ਕਰਨੀ ਸੀ । ਉਥੋਂ ਫੇਰ ਅਸੀਂ ਦੋਲਤਬਾਗ ਜਾ ਪਹੁੰਚੇ ਤਾਂ ਕਿ ਕੁਝ ਗੱਲਾਂ ਬੈਠ ਕੇ ਖੋਲ੍ਹ ਲਈਆਂ ਜਾਣ। ਅਸੀਂ ਮੁੜੇ ਤਾਂ ਗਹਿਰੀ ਸ਼ਾਮ ਉਤਰ ਆਈ ਸੀ । ਗੁਰਚਰਨ ਦੇ ਆਲੇ-ਦੁਆਲੇ ਚਾਰ-ਪੰਜ ਨੌਜਵਾਨ ਲੜਕੀਆਂ ਬੈਠੀਆਂ ਉਹਦੀਆਂ ਗੱਲਾਂ ਬੜੇ ਧਿਆਨ ਨਾਲ ਸੁਣ ਰਹੀਆਂ ਸਨ । ਵਿੱਚ-ਵਿੱਚ ਦੀ ਉਹ ਉੱਚੀ ਹੱਸਦੀਆਂ ਵੀ। ਉਨ੍ਹਾਂ ਵਿੱਚ ਤਿੰਨ ਕੁੜੀਆਂ ਸ਼ੋਭਾ ਦੀਆਂ ਛੋਟੀਆਂ ਭੈਣਾਂ ਸਨ । ਮੈਨੂੰ ਸ਼ੱਕ ਹੋਇਆ ਕਿ ਉਹ ਪਤਾ ਨਹੀਂ ਉਨ੍ਹਾਂ ਨਾਲ ਕੀ ਗੱਲਾਂ ਕਰਦਾ ਰਿਹਾ ਹੋਵੇਗਾ । ਮੈਂ ਉੱਚਾ ਬੋਲ ਕੇ ਪੁੱਛਿਆ, ਕੀ ਭਕਾਈ ਮਾਰੀ ਜਾਨੈਂ ਓਏ ? ਕੋਈ ਐਸੀ-ਵੈਸੀ ਗੱਲ ਤਾਂ ਨਹੀਂ ਆਖ' ਤੀ ਇਨ੍ਹਾਂ ਨੂੰ ?'

'ਨਾ, ਜਮ੍ਹਾਂ ਨ੍ਹੀ, ਮੈਂ ਤਾਂ ਹਿੰਦੀ ਬੋਲ-ਬੋਲ ਦੇਖਦਾਂ।' ਉਹ ਹੱਸਣ ਲੱਗਿਆ। ਫੇਰ ਕਹਿੰਦਾ, 'ਬਾਈ, ਤੈਨੂੰ ਖਤਰੈ । ਇਹ ਤਾਂ ਸਾਰਾ ਟੱਬਰ ਮੇਰੇ ਕੰਨੀ ਹੋਇਆ ਪਿਐ। ਮੈਨੂੰ ਲਗਦੈ, ਇਕ ਮੇਰੇ ਨਾਲ ਵੀ ਤੋਰਨਗੇ।'

ਅਗਲੇ ਦਿਨ ਅਜਮੇਰ ਦੇ ਹਾਥੀਭਾਟਾ ਗੁਰਦੁਆਰੇ ਵਿੱਚ ਸਾਡੇ ਆਨੰਦ ਕਾਰਜ ਹੋ ਗਏ । ਕੁਝ ਰਸਮਾਂ ਮੇਰੇ ਪਰਵਾਰ ਵੱਲੋਂ ਵੀ ਹੋਈਆਂ ਸਨ । ਪਰ ਮੇਰਾ ਉਥੇ ਕੌਣ ਸੀ । ਮੇਰਾ ਤਾਂ ਗੁਰਚਰਨ ਚਾਹਲ ਭੀਖੀ ਸੀ। ਉਸੇ ਨੇ ਸਭ ਕੀਤਾ। ਓਹੀ ਮੇਰਾ ਪਿਤਾ ਬਣਿਆ, ਉਹੀ ਮੇਰਾ ਨਾਈ। ਗੁਰਦੁਆਰਾ ਸਾਹਿਬ ਵੱਲੋਂ ਮਿਲੇ ਮੈਰਿਜ ਸਰਟੀਫਿਕੇਟ ਉਤੇ ਗੁਰਚਰਨ ਦੇ ਦਸਤਖ਼ਤ ਵੀ ਹੋਏ ਸਨ-ਗਵਾਹ ਵਜੋਂ ।

ਉਸੇ ਦਿਨ ਸ਼ਾਮ ਨੂੰ ਸਾਨੂੰ ਦਿੱਲੀ ਦੀ ਇਕ ਐਕਸਪ੍ਰੈੱਸ ਟਰੇਨ ਮਿਲ ਗਈ । ਮਾਨਸਾ ਪਹੁੰਚੇ ਤਾਂ ਆਥਣ ਉੱਤਰ ਆਈ ਸੀ । 'ਸਾਰਿਕਾ' ਦਾ ਦੁਸ਼ਯੰਤ ਕੁਮਾਰ ਵਿਸ਼ੇਸ਼-ਅੰਕ ਉਨ੍ਹਾਂ ਦਿਨਾਂ ਵਿੱਚ ਹੀ ਛਪਿਆ ਸੀ । ਉਸ ਵਿੱਚ ਉਹਦੀਆਂ ਜਿੰਨੀਆਂ ਵੀ ਗ਼ਜ਼ਲਾਂ ਸਨ, ਸਭ ਗੁਰਚਰਨ ਦੇ ਜ਼ੁਬਾਨੀ ਯਾਦ ਸਨ । ਅਜਮੇਰ ਤੋਂ ਮਾਨਸਾ ਤੱਕ ਉਹ ਇਹ ਗ਼ਜ਼ਲਾਂ ਇਕ-ਇਕ ਕਰਕੇ ਸ਼ੋਭਾ ਨੂੰ ਸੁਣਾਉਂਦਾ ਆਇਆ । ਮੈਂ ਵੀ ਕੋਲ ਬੈਠਾ ਸੁਣਦਾ ਸੀ । ਸ਼ੋਭਾ ਗ਼ਜ਼ਲ ਸੁਣ ਕੇ ਵਾਹ-ਵਾਹ ਕਰਨ ਲਗਦੀ, ਗੁਰਚਰਨ ਹੋਰ ਲਾ 'ੜ ਜਾਂਦਾ ਅਤੇ ਨਵੀਂ ਗ਼ਜ਼ਲ ਸੁਣਾਉਣ ਲਗਦਾ । ਉਹਨੇ ਸ਼ੋਭਾ ਨਾਲ ਮੇਰੇ ਨਾਲੋਂ ਵੱਧ ਵਾਕਫੀਅਤ ਬਣਾ ਲਈ ਸੀ, ਪਰ ਉਹ ਮਰਯਾਦਾ ਵਿੱਚ ਰਹਿੰਦਾ ਸੀ । ਧੌਲੇ ਵਾਲੀ ਰਿਸ਼ਤੇਦਾਰੀ ਕਰਕੇ ਉਹ ਸ਼ੋਭਾ ਦਾ ਨਣਦੋਈਆ ਹੀ ਤਾਂ ਸੀ । ਇਸ ਕਰਕੇ ਸਾਡੀ ਮਲਵਈ ਕਲਚਰ ਅਧੀਨ ਉਹ ਸ਼ੋਭਾ ਨੂੰ ਭੈਣ ਆਖਦਾ ਸੀ । ਬਾਅਦ ਵਿੱਚ ਵੀ ਉਹ ਜਿੰਨਾ ਚਿਰ ਬਰਨਾਲੇ ਸਾਡੇ ਘਰ ਆਉਂਦਾ ਰਿਹਾ, ਸ਼ੋਭਾ ਨੂੰ ਕਦੇ ਕੋਈ ਮਜ਼ਾਕ ਨਹੀਂ ਕਰਦਾ ਸੀ।

ਇਕ ਵਾਰ ਅਸੀਂ ਪਟਿਆਲੇ ਗਏ । ਸ਼ਾਇਦ ਅਗਾਂਹ ਕਜ਼ਾਕ ਦੇ ਪਿੰਡ ਜਾਣਾ ਸੀ । ਉਹ ਮੈਨੂੰ ਕਹਿੰਦਾ ਕਿ ਆਪਾਂ ਰਾਜਿੰਦਰਾ ਹਸਪਤਾਲ ਹੋ ਲਈਏ। ਓਥੇ ਸਾਡੇ ਭੀਖੀ ਦਾ ਬਾਣੀਆਂ ਦਾ ਮੁੰਡਾ ਡਾਕਟਰ ਹੈ। ਉਹਨੂੰ ਮਿਲਣੈ । ਮੇਰੇ ਸਾਹਮਣੇ ਹੀ ਉਹਨੇ ਉਸ ਡਾਕਟਰ ਮੁੰਡੇ ਨੂੰ ਆਪਣਾ ਗੁਪਤ ਅੰਗ ਦਿਖਾਇਆ, ਜਿਸ ਉਤੇ ਇਕ ਨਿੱਕੀ ਜਿਹੀ ਫਿਨਸੀ ਸੀ, ਇਸ ਫਿਨਸੀ ਵਿੱਚੋਂ ਚਿੱਟਾ ਪਾਣੀ ਨਿਕਲਦਾ ਰਹਿੰਦਾ । ਤਕਲੀਫ ਕੋਈ ਨਹੀਂ ਸੀ । ਉਸ ਡਾਕਟਰ ਮੁੰਡੇ ਨੇ ਉਹਨੂੰ ਇਕ ਟਿਊਬ ਦਿੱਤੀ ਅਤੇ ਕਿਹਾ ਕਿ ਇਹ ਦੋ-ਤਿੰਨ ਵਾਰ ਦਿਨ ਵਿੱਚ ਲਾ ਲਿਆ ਕਰੋ । ਇਹ ਕੋਈ ਖਾਸ ਨਹੀਂ । ਦੋ ਚਾਰ ਦਿਨਾਂ 'ਚ ਠੀਕ ਹੋ ਜਾਊ। ਪਤਾ ਨਹੀਂ ਉਹਨੇ ਉਹ ਟਿਊਬ ਵਰਤੀ ਸੀ ਜਾਂ ਨਹੀਂ । ਪਰ ਰੋਗ ਵਧਦਾ ਜਾ ਰਿਹਾ ਸੀ ।

1981 ਵਿੱਚ ਰਾਮ ਸਿੰਘ ਚਾਹਲ ਦਾ ਵਿਆਹ ਸੀ । ਜੰਨ ਚੜ੍ਹਨ ਤੋਂ ਇਕ ਦਿਨ ਪਹਿਲਾਂ ਅਸੀਂ ਸਾਰੇ ਉਹਦੇ ਪਿੰਡ ਅਲੀਸ਼ੇਰ ਖੁਰਦ ਸ਼ਾਮ ਨੂੰ ਪਹੁੰਚ ਗਏ । ਘਰ ਦੀ ਕੱਢੀ ਦਾਰੂ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਪਿੰਡ ਨੂੰ ਅੱਗ ਲੱਗੀ, ਲੋਕ ਬੁਝਾਉਣ ਰੁੱਝੇ ਤੇ ਚੋਰਾਂ ਦੀ ਧਾੜ...

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਬੜਾ ਚਿਰ ਪਹਿਲਾਂ ਅਤੇ ਇਹ ਵੀ ਹੋ ਸਕਦਾ ਹੈ ਕਿ ਬਚਪਨ ਵਿੱਚ ਇਹ ਕਹਾਣੀ ਸੁਣੀ ਹੋਵੇ ਕਿ ਪਿੰਡ ਨੂੰ ਅੱਗ ਲੱਗੀ ਤਾਂ ਲੋਕ ਬੁਝਾਉਣ ਰੁੱਝੇ ਸਨ ਤੇ ਚੋਰਾਂ ਦੀ ਨਜ਼ਰ ਇਸ ਗੱਲ ਉੱਤੇ ਲੱਗੀ ਸੀ ਕਿ ਅੱਗ ਬੁਝਾ ਕੇ ਪਿੰਡ ਵਾਲਿਆਂ ਦੇ ਵਿਹਲੇ ਹੋਣ ਤੱਕ ਮਾਲ ਕਿੰਨਾ ਤੇ ਕਿੱਥੋਂ ਲੁੱਟਿਆ ਜਾ ਸਕਦਾ ਹੈ? ਜਦੋਂ ਅਫਗਾਨਿਸਤਾਨ ਦੇ ਲੋਕਾਂ ਸਿਰ ਮੁਸੀਬਤ ਪਈ ਤੇ ਅਮਰੀਕੀ ਲੋਕਾਂ ਦੇ ਪੁੱਤ ਓਥੇ ਜੰਗ ਵਿੱਚ ਲੜ ਅਤੇ ਮਰ ਰਹੇ ਸਨ, ਅਮਰੀਕਾ ਤੇ ਉਸ ਦੇ ਭਾਈਵਾਲ ਦੇਸ਼ਾਂ ਦੀਆਂ ਵੱਡੀਆਂ ਕਾਰਪੋਰੇਸ਼ਨਾਂ ਦੇ ਮੁਖੀਏ ਆਪੋ ਵਿੱਚ ਇਹ ਵੰਡਾਂ ਕਰ ਰਹੇ ਸਨ ਕਿ ਜੰਗ ਦੀ ਮਾਰ ਨਾਲ ਝੰਬੇ ਹੋਏ ਇਸ ਦੇਸ਼ ਦੀ ਨਵ-ਉਸਾਰੀ ਕਰਨ ਬਹਾਨੇ ਕਿਹੜਾ ਪ੍ਰਾਜੈਕਟ ਕਿਸ ਨੂੰ ਮਿਲੇਗਾ! ਇੱਕ ਮੌਕੇ ਗੱਲ ਏਨੀ ਵਧ ਗਈ ਕਿ ਅਮਰੀਕੀ ਹਾਕਮਾਂ ਦੇ ਇੱਕ ਇਸ਼ਾਰੇ ਉੱਤੇ ਨਾਟੋ ਦੇ ਜਿਹੜੇ ਦੇਸ਼ ਆਪਣੇ ਲੋਕਾਂ ਦੇ ਫੌਜੀ ਪੁੱਤਰਾਂ ਨੂੰ ਜੰਗ ਵਿੱਚ ਝੋਕਣ ਨੂੰ ਤਿਆਰ ਰਹਿੰਦੇ ਸਨ ਤੇ ਇਸ ਨੂੰ ਸੰਸਾਰ ਦੀ ਮਨੁੱਖਤਾ ਲਈ ਫਰਜ਼ ਦੱਸਦੇ ਸਨ, ਉਨ੍ਹਾਂ ਵਿੱਚੋਂ ਇੱਕ ਦੇਸ਼ ਨੇ ਕਹਿ ਦਿੱਤਾ ਸੀ ਕਿ ਪ੍ਰਾਜੈਕਟਾਂ ਦਾ ਹਿੱਸਾ ਘੱਟ ਰੱਖਿਆ ਤਾਂ ਉਹ ਫੌਜ ਵਾਪਸ ਸੱਦ ਲਵੇਗਾ। ਇਸ ਧਮਕੀ ਮਗਰੋਂ ਵਿਕਸਤ ਕਹਾਉਂਦੇ, ਪਰ ਨੀਤ ਤੇ ਨੀਤੀ ਦੀ ਗਰੀਬੀ ਵਾਲੇ ਉਸ ਛੋਟੇ ਜਿਹੇ ਦੇਸ਼ ਦੀ ਫੌਜ ਵਾਪਸ ਜਾਣੋਂ ਰੋਕਣ ਲਈ ਅਫਗਾਨਿਸਤਾਨ ਦੇ ਬਜਾਏ ਇਰਾਕ ਵਿੱਚੋਂ ਉਸ ਦਾ ਹਿੱਸਾ ਵਧਾ ਦਿੱਤਾ ਗਿਆ ਸੀ। ਸੰਸਾਰ ਭਰ ਦੇ ਲੋਕਾਂ ਨੂੰ ਪਤਾ ਹੀ ਨਾ ਲੱਗਾ ਕਿ ਫੌਜਾਂ ਭੇਜਣ ਦਾ ਫੈਸਲਾ ਦੇਸ਼ਾਂ ਦੇ ਹਾਕਮਾਂ ਦੀ ਮਰਜ਼ੀ ਉੱਤੇ ਨਿਰਭਰ ਨਹੀਂ, ਵੱਡੀਆਂ ਕਾਰਪੋਰੇਸ਼ਨਾਂ ਦੇ ਮੁਖੀਆਂ ਦੀ ਕਮਾਈ ਦੀ ਹਵਸ ਦੀ ਕਿੱਲੀ ਨਾਲ ਟੰਗਿਆ ਹੋਇਆ ਸੀ। ਉਹੋ ਜਿਹਾ ਅਮਲ ਨਾ ਕਦੀ ਪਹਿਲਾਂ ਰੁਕਿਆ ਸੀ ਅਤੇ ਨਾ ਉਹੋ ਜਿਹਾ ਅਮਲ ਅੱਜ ਰੁਕਿਆ ਜਾਂ ਭਵਿੱਖ ਵਿੱਚ ਕਦੀ ਰੁਕਣ ਦੀ ਸੰਭਾਵਨਾ ਵਾਲਾ ਸਮਝਿਆ ਜਾਂਦਾ ਹੈ।

ਅਸੀਂ ਲੋਕ ਸਾਧਾਰਨ ਹਾਂ ਅਤੇ ਸਾਡੀ ਸੋਚਣੀ ਸਾਧਾਰਨ ਹੱਦਾਂ ਤੋਂ ਬਹੁਤੀ ਅਗਾਂਹ ਤੱਕ ਨਹੀਂ ਜਾ ਸਕਦੀ, ਏਸੇ ਲਈ ਆਹ ਚੋਣ ਜਾਂ ਅਗਲੀ ਚੋਣ ਤੇ ਫਿਰ ਅਗਲੇਰੀ ਚੋਣ ਵਿੱਚ ਪਹਿਲੀ ਪਾਰਟੀ ਦੇ ਰਹਿਣ ਜਾਂ ਦੂਸਰੀ ਦੇ ਕਾਬਜ਼ ਹੋਣ ਦੀ ਬਹਿਸ ਤੱਕ ਸੀਮਤ ਹੁੰਦੀ ਹੈ। ਸਰਮਾਏਦਾਰੀ ਦੀ ਸੋਚ ਅਤੇ ਪਹੁੰਚ ਬਾਰੇ ਵੀ ਸਾਡੀ ਸਮਝ ਇਸ ਹੱਦ ਉੱਤੇ ਖੜੀ ਹੁੰਦੀ ਹੈ ਕਿ ਫਲਾਣੀ ਪਾਰਟੀ ਨੇ ਲੋਕਾਂ ਨੂੰ ਐਨੀਆਂ ਛੋਟਾਂ ਦਿੱਤੀਆਂ ਹਨ ਤੇ ਫਲਾਣੀ ਆਉਣ ਵਿੱਚ ਸਫਲ ਹੋਵੇਗੀ ਤਾਂ ਲੋਕਾਂ ਨੂੰ ਮਿਲੀਆਂ ਛੋਟਾਂ ਖੁੱਸਣ ਦਾ ਡਰ ਹੈ। ਸਾਡੇ ਵਿੱਚੋਂ ਕਈ ਲੋਕ ਆਪਣੇ ਆਪ ਨੂੰ ਲੋਕਾਂ ਦੇ ਆਗੂ ਬਣੇ ਰੱਖਣ ਲਈ ਏਦਾਂ ਦੀਆਂ ਗੱਲਾਂ ਕਹਿੰਦੇ ਹਨ, ਜਿਹੜੀਆਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਹੁੰਦਾ ਹੈ ਕਿ ਠੀਕ ਨਹੀਂ, ਪਰ ਡਰ ਇਹ ਹੁੰਦਾ ਹੈ ਕਿ ਜਦੋਂ ਠੀਕ ਗੱਲ ਆਖੀ ਤਾਂ ਸਾਨੂੰ ਲੋਕਾਂ ਦੇ ਹਿੱਤਾਂ ਦਾ ਦੁਸ਼ਮਣ ਕਰਾਰ ਦੇ ਕੇ ਸੰਘਰਸ਼ ਵਾਲੇ ਲੋਕਾਂ ਦੀ ਬਰਾਦਰੀ ਵਿੱਚੋਂ ਛੇਕਿਆ ਜਾ ਸਕਦਾ ਹੈ। ਜਦੋਂ ਦਿੱਲੀ ਦੀਆਂ ਹੱਦਾਂ ਉੱਤੇ ਕਿਸਾਨਾਂ ਦਾ ਸੰਯੁਕਤ ਸੰਘਰਸ਼ ਚੱਲਦਾ ਅਤੇ ਹਰ ਕੋਈ ਉਸ ਨਾਲ ਖੜੇ ਹੋਣ ਦਾ ਮਾਣ ਮਹਿਸੂਸ ਕਰਦਾ ਸੀ, ਵਗਦੇ ਪਾਣੀ ਦੇ ਨਾਲ ਵਹਿਣ ਦੇ ਬਾਵਜੂਦ ਇੱਕ-ਦੋ ਵਾਰੀ ਅਸੀਂ ਕਿਸਾਨ ਆਗੂਆਂ ਵਿੱਚੋਂ ਸਿਆਣੇ ਸਮਝੇ ਜਾਣ ਵਾਲਿਆਂ ਨਾਲ ਕੁਝ ਨੁਕਤੇ ਸਾਂਝੇ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜਵਾਬ ਇਹ ਮਿਲਿਆ ਕਿ ਚੁੱਪ ਕਰ ਕੇ ਬੈਠੇ ਰਹੋ, ਐਵੇਂ ਭੂੰਡਾਂ ਦੀ ਖੱਖਰ ਨਾ ਛੇੜ ਬੈਠਿਓ। ਉਹ ਨੁਕਤੇ ਦੇਸ਼ ਦੇ ਭਵਿੱਖ ਬਾਰੇ ਤਾਂ ਸਨ, ਕਿਸਾਨਾਂ ਦੇ ਵਿਰੋਧ ਵਾਲੇ ਨਹੀਂ ਸੀ ਕਹੇ ਜਾ ਸਕਦੇ, ਪਰ ਮੌਕਾ ਇਹੋ ਜਿਹਾ ਸੀ ਕਿ ਆਖਣ ਵਾਲੇ ਦੇ ਖਿਲਾਫ ਇਹ ਦੁਹਾਈ ਚੁੱਕੀ ਜਾ ਸਕਦੀ ਸੀ ਕਿ ਇਹ ਸੰਘਰਸ਼ ਨੂੰ ਸਾਬੋਤਾਜ ਕਰਨ ਤੇ ਧਿਆਨ ਹੋਰ ਪਾਸੇ ਲਾਉਣ ਦੀ ਸਾਜ਼ਿਸ਼ ਦਾ ਮੋਹਰਾ ਬਣ ਗਿਆ ਹੈ। ਜਿਹੜੇ ਆਗੂ ਉਸ ਵਕਤ ਸਾਨੂੰ ਇਹ ਸਮਝਾਉਣੀ ਦੇ ਕੇ ਚੁੱਪ ਰਹਿਣ ਲਈ ਕਹਿੰਦੇ ਸਨ, ਦਿੱਲੀ ਜਿੱਤਣ ਅਤੇ ਫਿਰ ਜਿੱਤੀ ਹੋਈ ਹਰਾ ਲੈਣ ਦੇ ਬਾਅਦ ਉਹੋ ਆਗੂ ਆਪੋ ਵਿੱਚ ਇੱਕ-ਦੂਸਰੇ ਦੇ ਖਿਲਾਫ ਦਿੱਲੀ ਦਾ ਏਜੰਟ ਹੋਣ ਅਤੇ ਲੋਕਾਂ ਕੋਲੋਂ ਮਿਲੇ ਫੰਡ ਖਾ ਜਾਣ ਦੇ ਦੋਸ਼ ਲਾਉਂਦੇ ਸੁਣੇ ਜਾਣ ਲੱਗ ਪਏ ਸਨ।

ਮਨੁੱਖ ਦੇ ਮਨ ਵਿੱਚ 'ਮੈਂ' ਨਾਂਅ ਦਾ ਕੀੜਾ ਬੜਾ ਖਤਰਨਾਕ ਹੁੰਦਾ ਹੈ ਤੇ ਉਹ ਕੀੜਾ ਜਿਸ ਵੇਲੇ ਕਿਸੇ ਮਨੁੱਖ ਦੇ ਸਿਰ ਵਿੱਚ ਥਾਂ ਬਣਾ ਲੈਂਦਾ ਹੈ, ਫਿਰ ਮਨੁੱਖ ਉਸ ਕੀੜੇ ਦੀ ਦੱਸੀ ਹੋਈ ਸੇਧ ਵਿੱਚ ਚੱਲਦਾ ਅਤੇ ਹਰ ਉਹ ਕੰਮ ਕਰਨ ਲੱਗਦਾ ਹੈ, ਜਿਸ ਨਾਲ 'ਮੈਂ' ਦੀ ਮਾਨਸਿਕਤਾ ਨੂੰ ਮਨੁੱਖੀ ਦਰਦ ਦੀ ਸਿਖਰ ਬਣਾ ਕੇ ਪੇਸ਼ ਕੀਤਾ ਜਾਂਦਾ ਰਹੇ। ਦੇਸ਼ ਦੀ ਆਜ਼ਾਦੀ ਦਾ ਇੱਕ ਮੋਰਚਾ ਜਿੱਤਦੇ ਸਾਰ ਇਸ 'ਮੈਂ' ਦੇ ਮਰੀਜ਼ਾਂ ਨੇ ਦੇਸ਼ ਨੂੰ ਇੱਕ-ਸਾਰ ਚੱਲਦੇ ਤੇ ਅੱਗੇ ਵਧਦੇ ਦੇਖਣ ਦੀ ਥਾਂ 'ਮੇਰੀ ਅਗਵਾਈ' ਹੇਠ ਚੱਲਦਾ ਵੇਖਣ ਦੇ ਸੁਫਨੇ ਲੈਣੇ ਸ਼ੁਰੂ ਕਰ ਦਿੱਤੇ ਸਨ। ਕੱਲ੍ਹ ਤੱਕ ਦੇ ਸਾਥੀ ਆਪਸ ਵਿੱਚ ਏਦਾਂ ਦੀ ਦੁਸ਼ਮਣੀ ਉੱਤੇ ਉੱਤਰ ਆਏ ਕਿ ਹਰ ਕਿਸਮ ਦੀ ਭੈੜੀ ਤੋਂ ਭੈੜੀ ਊਜ ਆਪਣੇ ਪੁਰਾਣੇ ਸਾਥੀ ਉੱਤੇ ਲਾਉਣ ਲੱਗ ਪਏ ਅਤੇ ਆਮ ਲੋਕ ਇਹ ਸਮਝਣ ਲੱਗ ਪਏ ਕਿ ਦੋਵੇਂ ਜਣੇ ਪੁਰਾਣੇ ਸਾਥੀ ਹੋਣ ਕਾਰਨ ਇਨ੍ਹਾਂ ਤੋਂ ਵੱਧ ਇਨ੍ਹਾਂ ਨੂੰ ਕੋਈ ਨਹੀਂ ਜਾਣਦਾ, ਇਸ ਲਈ ਦੋਵੇਂ ਇੱਕ-ਦੂਸਰੇ ਬਾਰੇ ਜੋ ਕਹਿੰਦੇ ਹਨ, ਸਭ ਸੱਚ ਹੀ ਹੋਵੇਗਾ। ਜਿਨ੍ਹਾਂ ਤੋਂ ਇਹ ਦੇਸ਼ ਆਜ਼ਾਦ ਕਰਵਾਇਆ ਸੀ, ਇੱਕ-ਦੂਸਰੇ ਨੂੰ ਉਨ੍ਹਾਂ ਦਾ ਬਾਟੀ-ਚੱਟ ਆਖੀ ਜਾਣ ਦੇ ਇਸ ਦੌਰ ਨੇ ਇਨ੍ਹਾਂ ਨੂੰ ਉਨ੍ਹਾਂ ਪੁਰਾਣੇ ਮਾਲਕਾਂ ਨਾਲ ਅੱਖ-ਮਟੱਕਾ ਕਰਨ ਦੇ ਰਾਹ ਪਾ ਦਿੱਤਾ ਅਤੇ ਇਸ ਵਿੱਚੋਂ ਉਹ ਧਿਰਾਂ ਮਜ਼ਬੂਤ ਹੋਣ ਦਾ ਅਮਲ ਸ਼ੁਰੂ ਹੋ ਗਿਆ, ਜਿਹੜੀਆਂ ਧਿਰਾਂ ਆਜ਼ਾਦੀ ਸੰਘਰਸ਼ ਦੇ ਵਿਰੋਧ ਵਿੱਚ ਹਾਕਮਾਂ ਨਾਲ ਖੜੀਆਂ ਸਨ। ਕੁਝ ਧਿਰਾਂ ਉਸ ਵੇਲੇ ਰਾਜ ਕਰਨ ਵਾਲਿਆਂ ਨਾਲ ਜੁੜ ਗਈਆਂ ਤੇ ਕੁਝ ਵਿਰੋਧ ਕਰਨ ਵਾਲੀ ਧਿਰ ਨਾਲ ਇਸ ਆਸ ਵਿੱਚ ਜਾ ਜੁੜੀਆਂ ਕਿ ਜੇ ਕੱਲ੍ਹ ਨੂੰ ਇਨ੍ਹਾਂ ਦੇ ਹੱਥ ਅੰਗੂਰਾਂ ਦਾ ਗੁੱਛਾ ਆ ਗਿਆ ਤਾਂ ਮੌਜ ਹੋ ਜਾਵੇਗੀ। ਮੌਕਾਪ੍ਰਸਤੀ ਦੇ ਸਿਖਰ ਕਰਨ ਵਿੱਚ ਮਾਹਰ ਇਹ ਧਿਰਾਂ ਦੋਵੇਂ ਪਾਸੇ ਉਸ ਰਾਜਨੀਤੀ ਦੇ ਮੋਢੀਆਂ ਤੋਂ ਵੱਧ ਤਿੱਖਾ ਬੋਲਦੀਆਂ ਸਨ। ਇਸ ਲਈ ਉਹ ਇਸ ਪਾਸੇ ਰਹੀਆਂ ਜਾਂ ਉਸ ਪਾਸੇ ਚਲੀਆਂ ਗਈਆਂ, ਰਾਜ ਜਿਸ ਵੀ ਧਿਰ ਦੇ ਹੱਥਾਂ ਵਿੱਚ ਪਹੁੰਚਦਾ, ਵਿਦੇਸ਼ੀ ਹਾਕਮਾਂ ਲਈ ਏਜੰਟੀ ਕਰਦੀਆਂ ਰਹੀਆਂ ਇਹ ਧਿਰਾਂ ਦੋਵੇਂ ਪਾਸੇ ਹਲਵੇ-ਮੰਡੇ ਦੀ ਪਰਾਤ ਦੇ ਸਭ ਤੋਂ ਨੇੜੇ ਜਾ ਬਹਿੰਦੀਆਂ ਸਨ।

ਪੁਰਾਣੇ ਰਿਆਸਤੀ ਰਾਜਿਆਂ ਦੀ ਜਿਹੜੀ ਧਿਰ ਬਰਤਾਨਵੀ ਹਾਕਮਾਂ ਦੇ ਹੱਥ-ਠੋਕੇ ਵਜੋਂ ਹਰ ਕਿਸਮ ਦੇ ਗੁਨਾਹ ਕਰਨ ਲਈ ਤਿਆਰ ਰਹਿੰਦੀ ਸੀ, ਉਹ ਵੀ ਅਤੇ ਧਰਮ ਦੇ ਨਾਂਅ ਉੱਤੇ ਲੋਕਾਂ ਕੋਲੋਂ ਬਰਤਾਨਵੀ ਰਾਜੇ ਜਾਂ ਰਾਣੀ ਵਾਸਤੇ ਲੰਮੀ ਉਮਰ ਦੀ ਆਰਤੀ ਕਰਵਾਉਂਦੀ ਰਹੀ ਧਿਰ ਵੀ ਦੋਵੇਂ ਪਾਸੇ ਫਿਰ ਰਾਜ ਤਖਤ ਨੇੜੇ ਜਾ ਲੱਗੀਆਂ। ਸੁਣਦੇ ਤਾਂ ਇਹ ਰਹੇ ਸਾਂ ਕਿ ਸਮਾਂ ਤੇ ਇਤਿਹਾਸ ਕਿਸੇ ਨੂੰ ਮੁਆਫ ਨਹੀਂ ਕਰਦਾ, ਉਨ੍ਹਾਂ ਦੇ ਪਰਦੇ ਚਾਕ ਕਰਦਾ ਤੇ ਸੱਚ ਜਦੋਂ ਲੋਕਾਂ ਅੱਗੇ ਆਵੇ ਤਾਂ ਇਤਿਹਾਸ ਦੇ ਕਾਲੇ ਕਿਰਦਾਰ ਨੂੰ ਲੁਕਣ ਨੂੰ ਥਾਂ ਨਹੀਂ ਲੱਭਦੀ। 'ਚੋਰ ਦੀ ਮਾਂ, ਕੋਠੀ ਵਿੱਚ ਮੂੰਹ' ਦਾ ਮੁਹਾਵਰਾ ਵੀ ਏਸੇ ਸੋਚ ਤੋਂ ਕਿਸੇ ਨੇ ਘੜਿਆ ਹੋਵੇਗਾ, ਪਰ ਉਹ ਬੰਦਾ ਸਾਡੇ ਸਮੇਂ ਹੋਇਆ ਹੁੰਦਾ ਤਾਂ ਇਹ ਸਮਝਣ ਵਿੱਚ ਬਹੁਤਾ ਚਿਰ ਸ਼ਾਇਦ ਨਾ ਲਾਉਂਦਾ ਕਿ ਚੋਰ ਦੀ ਮਾਂ ਸਮੇਂ ਨਾਲ ਸਿਆਣੀ ਹੋ ਗਈ ਅਤੇ ਚੋਰੀ ਫੜੀ ਜਾਣ ਉੱਤੇ ਕੋਠੀ ਵਿੱਚ ਮੂੰਹ ਨਹੀਂ ਦੇਂਦੀ, ਅੱਜ ਦੇ ਦੌਰ ਵਿੱਚ ਬਾਕੀਆਂ ਤੋਂ ਮੂਹਰੇ ਹੋ ਕੇ 'ਚੋਰ-ਚੋਰ' ਕੂਕਦੀ ਹੈ। ਲੋਕਾਂ ਦੀ ਵਹੀਰ ਇਸ ਛਲੇਡਾ-ਚਾਲ ਵਿੱਚ ਫਸ ਜਾਂਦੀ ਅਤੇ ਚੋਰਾਂ ਦੀ ਮਾਂ ਵੱਲੋਂ ਪਾਈ 'ਚੋਰ-ਚੋਰ' ਦੀ ਦੁਹਾਈ ਦੇ ਅਸਰ ਹੇਠ ਚੋਰਾਂ ਮਗਰ ਦੌੜਨ ਦੀ ਥਾਂ ਆਪੋ ਵਿੱਚ ਗੁੱਥਮ-ਗੁੱਥਾ ਹੋ ਜਾਂਦੀ ਹੈ ਅਤੇ ਚੋਰਾਂ ਦੇ ਲਈ ਖਿਸਕਣ ਦਾ ਸਬੱਬ ਬਣ ਜਾਂਦਾ ਹੈ।

ਅੱਜ ਦੇ ਭਾਰਤ ਵਿੱਚ ਕੁਝ ਲੋਕ ਇਸ ਗੱਲ ਲਈ ਬਹਿਸਦੇ ਫਿਰਦੇ ਹਨ ਕਿ ਦੇਸ਼ ਵਿੱਚ ਵੋਟਾਂ ਚੋਰੀ ਕਰਨ ਵਾਲੀ ਧਾੜ ਰਾਜ ਗੱਦੀ ਦੀ ਹੱਕਦਾਰ ਬਣਨ ਲਈ ਚਿੱਟੇ ਦਿਨ ਹਰ ਹਰਬਾ ਵਰਤਣ ਤੱਕ ਜਾਂਦੀ ਹੈ ਅਤੇ ਇਸ ਨੂੰ ਰੋਕਣ ਲਈ ਦੇਸ਼ ਦੇ ਸਭਨਾਂ ਲੋਕਾਂ ਨੂੰ ਇਕੱਠੇ ਹੋਣਾ ਪਵੇਗਾ। ਅਸੀਂ ਵੀ ਕਈ ਵਾਰ ਇਹ ਕਹਿਣ ਵਾਲੇ ਲੋਕਾਂ ਦੀ ਹਾਂ ਵਿੱਚ ਹਾਂ ਮਿਲਾ ਦਿੱਤੀ ਹੋਵੇਗੀ, ਕਿਉਂਕਿ ਹੋਰ ਕੋਈ ਬਦਲ ਸਾਹਮਣੇ ਨਹੀਂ ਹੁੰਦਾ ਤੇ ਹੋਵੇ ਵੀ ਤਾਂ ਉਹ ਲੋਕਾਂ ਦੇ ਪੱਲੇ ਪੈਣ ਵਾਲਾ ਨਹੀਂ ਹੁੰਦਾ, ਇਸ ਲਈ ਵਕਤ ਗੁਆਉਣ ਦੀ ਥਾਂ ਸਾਹਮਣੇ ਦਿੱਸ ਰਹੇ ਚਿੱਟੇ ਚੋਰ ਦਾ ਵਿਰੋਧ ਕਰ ਜਾਂਦੇ ਹਾਂ। ਇਸ ਨਾਲ ਕਦੇ ਕੁਝ ਸੁਧਰਨ ਦੀ ਆਸ ਹੋ ਸਕਦੀ ਹੈ, ਸਾਡੀ ਸਮਝ ਵਿੱਚ ਇਹੋ ਜਿਹੀ ਆਸ ਵਾਲਾ ਸਮਾਂ ਹੀ ਦੇਸ਼ ਅੰਦਰ ਨਹੀਂ ਰਹਿਣ ਦਿੱਤਾ ਗਿਆ। ਹੇਠਾਂ ਚੋਣ ਬੂਥਾਂ ਉੱਤੇ ਚੋਰੀ ਤੋਂ ਖੇਡ ਸ਼ੁਰੂ ਹੁੰਦੀ ਅਤੇ ਵੋਟਾਂ ਦੀਆਂ ਮਸ਼ੀਨਾਂ ਤੋਂ ਲੰਘ ਕੇ ਨਤੀਜਾ ਬਣਨ ਪਿੱਛੋਂ ਜਦੋਂ ਇਹ ਸਾਫ ਦਿੱਸਦਾ ਹੈ ਕਿ ਗਲਤ ਹੋਇਆ ਹੈ, ਉਸ ਨੂੰ ਚੁਣੌਤੀ ਦੇਣ ਵੇਲੇ ਅਦਾਲਤਾਂ ਦੇ ਦਰਾਂ ਉੱਤੇ ਪਹੁੰਚ ਕੇ ਇਨਸਾਫ ਦੀ ਲੜਾਈ ਬੇਅਰਥ ਹੋ ਜਾਂਦੀ ਹੈ। ਸਰਕਾਰ ਜਾਂ ਸਰਕਾਰਾਂ ਖਿਲਾਫ ਬੋਲਣ ਦੇ ਲਈ ਹਿੰਮਤ ਕਰਨ ਅਤੇ ਸੰਵਿਧਾਨ ਦੀ ਵਫਾ ਦਾ ਦਾਅਵਾ ਕਰਨ ਵਾਲੇ ਜੱਜਾਂ ਬਾਰੇ ਵੀ ਖਬਰਾਂ ਮਿਲਦੀਆਂ ਹਨ ਕਿ ਉਹ ਇੱਕ ਜਾਂ ਦੂਸਰੀ ਨਿੱਜੀ ਲੋੜ ਲਈ ਸੱਤਾ ਦੇ ਸਿਖਰ ਵਾਲਿਆਂ ਅੱਗੇ ਝੁਕ ਗਏ ਹਨ ਅਤੇ ਫੈਸਲਾ ਕਰਦੇ ਸਮੇਂ ਅੱਖਾਂ ਉੱਤੇ ਪੱਟੀ ਬੰਨ੍ਹ ਕੇ ਖੜੀ ਕੀਤੀ ਇਨਸਾਫ ਦੀ ਦੇਵੀ ਵੱਲ ਝਾਕਣ ਦੀ ਲੋੜ ਨਹੀਂ ਸਮਝਦੇ। ਪਿੱਛੇ ਜਿਹੇ ਇਹ ਗੱਲ ਚੱਲ ਪਈ ਸੀ ਕਿ ਇਨਸਾਫ ਦੀ ਦੇਵੀ ਦੀਆਂ ਅੱਖਾਂ ਉੱਤੋਂ ਪੱਟੀ ਖੋਲ੍ਹ ਦਿੱਤੀ ਜਾਵੇ, ਤਾਂ ਕਿ ਇਨਸਾਫ ਹੋਣ ਅਤੇ ਨਾ ਹੋਣ ਦੇ ਵਕਤ ਸਾਹਮਣੇ ਖੜੀਆਂ ਧਿਰਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਜ਼ਮੀਰ ਜਗਾ ਸਕੇ, ਪਰ ਇਹ ਗੱਲ ਸਿਰੇ ਨਹੀਂ ਸੀ ਚੜ੍ਹੀ, ਸ਼ਾਇਦ ਇਸ ਲਈ ਕਿ ਏਨੀ ਕੁ ਸ਼ਰਮ ਦਾ ਓਹਲਾ ਤਾਂ ਹਾਲ ਦੀ ਘੜੀ ਰੱਖ ਹੀ ਲੈਣਾ ਚਾਹੀਦਾ ਹੈ। ਕਿਸੇ ਦਿਨ ਇਹ ਕੰਮ ਇਸ ਦੇਸ਼ ਵਿੱਚ ਕਰ ਦਿੱਤਾ ਗਿਆ ਤਾਂ ਕੋਈ ਜਣਾ ਵੀ ਦੂਸਰੇ ਵੱਲ ਉਂਗਲ ਕਰਨ ਜੋਗਾ ਨਹੀਂ ਰਹੇਗਾ।

ਮਾਹੌਲ ਬੜਾ ਸੁਖਾਵਾਂ ਹੈ, ਪਰ ਇਹ ਇਸ ਦੇਸ਼ ਦੇ ਆਮ ਲੋਕਾਂ ਲਈ ਨਹੀਂ, ਸੁਖਾਵਾਂ ਦੇਸ਼ ਨੂੰ ਚੂੰਡਣ ਅਤੇ ਇਸ ਦੀ ਹੱਡੀ-ਬੋਟੀ ਰਿੜਕ ਕੇ ਮੁਨਾਫੇ ਦੀ ਹਵਸ ਪੂਰੀ ਕਰਨ ਵਾਲਿਆਂ ਲਈ ਹੈ। ਕਦੇ ਕੋਈ ਲਲਿਤ ਮੋਦੀ ਜਾਂ ਵਿਜੇ ਮਾਲਿਆ ਜਾਂ ਨੀਰਵ ਮੋਦੀ ਅਤੇ ਕਿਸੇ ਦਿਨ ਅਨਿਲ ਅੰਬਾਨੀ ਦਾ ਰੌਲਾ ਐਵੇਂ ਨਹੀਂ ਪੈਂਦਾ, ਕਮਾਈ ਲਈ ਆਪਸੀ ਖਹਿਬੜ ਵਿੱਚ ਇੱਕ-ਦੂਸਰੇ ਨੂੰ ਲੁੱਟਣ ਦੇ ਮੁਕਾਬਲੇ ਤੋਂ ਇੰਜ ਬਾਹਰ ਸੁੱਟਣ ਦੀ ਲੜਾਈ ਹੁੰਦੀ ਹੈ, ਜਿੱਦਾਂ ਵਰਲਡ ਵਾਈਡ ਰੈਸਲਿੰਗ ਦੇ ਰਿੰਗ ਵਿੱਚ ਸਾਰੇ ਜਣੇ ਇਕੱਠੇ ਲੜੀ ਜਾਂਦੇ ਹਨ ਅਤੇ ਜਿਹੜਾ ਕੋਈ ਬਾਹਰ ਸੁੱਟਣਾ ਸੌਖਾ ਜਾਪਦਾ ਹੋਵੇ, ਇਕੱਠੇ ਜ਼ੋਰ ਲਾ ਕੇ ਸਾਰੇ ਉਸ ਨੂੰ ਇਸ ਲਈ ਬਾਹਰ ਸੁੱਟਣ ਦਾ ਕੰਮ ਕਰਦੇ ਹਨ, ਕਿਉਂਕਿ ਇਸ ਨਾਲ ਉਨ੍ਹਾਂ ਲਈ ਮੁਕਾਬਲੇ ਵਾਲੀ ਇੱਕ ਧਿਰ ਘਟ ਜਾਂਦੀ ਤੇ ਆਪਣੇ ਜਿੱਤਣ ਦੇ ਚਾਨਸ ਵਧ ਗਏ ਲੱਗਦੇ ਹਨ। ਅਨਿਲ ਅੰਬਾਨੀ ਦੇ ਖਿਲਾਫ ਇਸ ਵਕਤ ਜਿਹੜਾ ਮੁੱਦਾ ਚੁੱਕਿਆ ਗਿਆ ਹੈ, ਉਹ ਲੋਕਾਂ ਲਈ ਨਵਾਂ ਹੋਵੇਗਾ, ਸਰਮਾਏਦਾਰੀ ਦੀਆਂ ਦੁਕਾਨਾਂ ਚਲਾਉਣ ਵਾਲਿਆਂ ਅਤੇ ਉਨ੍ਹਾਂ ਦੇ ਕਰਿੰਦੇ ਬਣੇ ਅਫਸਰਾਂ ਨੂੰ ਪਿਛਲੇ ਕਈ ਸਾਲਾਂ ਤੋਂ ਪਤਾ ਸੀ ਕਿ ਅਗਲੇ ਸਾਲਾਂ ਵਿੱਚ ਆਹ ਕੰਮ ਵੀ ਹੋਣ ਵਾਲਾ ਹੈ। ਆਈ ਸੀ ਆਈ ਸੀ ਆਈ ਬੈਂਕ ਦੀ ਮੁਖੀ ਰਹਿ ਚੁੱਕੀ ਚੰਦਾ ਕੋਛੜ ਅਤੇ ਉਸ ਦੇ ਪਤੀ ਦਾ ਕਾਰੋਬਾਰ ਚਿਰਾਂ ਤੋਂ ਚਰਚਾ ਵਿੱਚ ਸੀ, ਜਿਹੜਾ ਸਿਸਟਮ ਅੱਜ ਤੱਕ ਪਰਦੇ ਪਾਉਂਦਾ ਤੇ ਉਸ ਨੂੰ ਬੇਕਸੂਰ ਦੱਸਦਾ ਰਿਹਾ, ਜਦੋਂ ਵੇਖਿਆ ਕਿ ਇਸ ਨੂੰ ਰੱਖਣ ਦਾ ਫਾਇਦਾ ਨਹੀਂ, ਓਦੋਂ ਅਚਾਨਕ ਉਸ ਦੇ ਖਿਲਾਫ ਮੁੰਬਈ ਦੇ ਸ਼ੇਅਰ ਬਾਜ਼ਾਰ ਦੇ ਸੰਚਾਲਕ ਵੀ ਅਤੇ ਸਰਕਾਰ ਦੇ ਅਗਵਾਨੂੰ ਵੀ ਹਰੀ ਝੰਡੀ ਦੇਣ ਲੱਗ ਪਏ। ਚੰਦਾ ਕੋਛੜ ਹਟਾਏ ਜਾਣ ਮਗਰੋਂ ਜਿਸ ਨੂੰ ਲਿਆਉਣਗੇ, ਉਸ ਨੇ ਗੰਗਾ ਇਸ਼ਨਾਨ ਕਰ ਕੇ ਸੱਚੇ ਰਾਹ ਚੱਲਣ ਦੀ ਸਹੁੰ ਖਾ ਕੇ ਕੁਰਸੀ ਨਹੀਂ ਮੱਲਣੀ, ਕਿਸੇ ਦੀ ਨੀਤ ਦੇ ਅੰਦਰਲੇ ਕਚਰੇ ਦਾ ਅਗੇਤਾ ਅੰਦਾਜ਼ਾ ਕੌਣ ਲਾ ਸਕਦਾ ਹੈ! ਦੇਸ਼ ਆਜ਼ਾਦ ਹੋਣ ਦੇ ਦਾਅਵੇ ਕੋਈ ਲੱਖ ਵਾਰ ਕਰੀ ਜਾਵੇ, ਸਰਮਾਏ ਦੇ ਦਲਾਲਾਂ ਦੇ ਨੱਕ ਵਿੱਚ ਨਕੇਲ ਪੈਣ ਤੱਕ ਆਜ਼ਾਦੀ ਮਿਲਣ ਦੇ ਅਰਥ ਕੋਈ ਨਹੀਂ ਰਹਿੰਦੇ ਤੇ ਇਹੋ ਅਰਥ ਆਮ ਲੋਕਾਂ ਦੀ ਸਮਝ ਦਾ ਹਿੱਸਾ ਨਾ ਬਣਨ ਦੇਣ ਲਈ ਸਰਮਾਏਦਾਰੀ ਦੇ ਧੂਤੂ ਹਰ ਦੋ-ਚਾਰ ਸਾਲਾਂ ਪਿੱਛੋਂ ਕਿਸੇ ਨਾ ਕਿਸੇ ਬਲੀ ਦੇ ਬੱਕਰੇ ਨੂੰ ਪੇਸ਼ ਕਰ ਕੇ ਭੁਚਲਾਉਂਦੇ ਰਹਿੰਦੇ ਹਨ। ਭਾਰਤ ਅੰਦਰ ਇਹ ਕੁਝ ਕਈ ਵਾਰੀ ਪਹਿਲਾਂ ਵਾਪਰਿਆ ਹੈ, ਕਈ ਵਾਰੀ ਭਵਿੱਖ ਵਿੱਚ ਵਾਪਰੇਗਾ ਅਤੇ ਸਮਾਂ ਨਿਕਲਣ ਮਗਰੋਂ ਦੇਸ਼ ਦੇ ਲੋਕਾਂ ਨੂੰ ਫਿਰ ਸਮਝ ਨਹੀਂ ਲੱਗ ਸਕਣੀ ਕਿ ਜਦੋਂ ਪਿੰਡ ਨੂੰ ਅੱਗ ਲੱਗੀ ਅਤੇ ਸਾਰੇ ਬੁਝਾਉਣ ਰੁੱਝੇ ਸਨ, ਓਦੋਂ ਚੋਰਾਂ ਦੀ ਧਾੜ ਚੋਰੀ ਕਰਨ ਰੁੱਝੀ ਹੋਈ ਸੀ। ਜੇ ਇਹ ਸਮਝ ਲੱਗ ਜਾਵੇ ਤਾਂ ਇਹ ਗੱਲ ਮਨ ਵਿੱਚ ਆ ਸਕਦੀ ਹੈ ਕਿ ਅੱਗ ਲੱਗੀ ਵੀ ਸੀ ਕਿ ਚੋਰੀਆਂ ਕਰਨ ਦੀ ਨੀਤ ਨਾਲ ਜਾਣਬੁੱਝ ਕੇ ਲਾਈ ਗਈ ਸੀ, ਤਾਂ ਕਿ ਲੋਕ ਬੁਝਾਉਣ ਰੁੱਝ ਜਾਣ ਤੇ ਚੋਰਾਂ ਦੀ ਧਾੜ.....

# ਮੁੱਢ-ਕਦੀਮੀ ਪਿੰਡ ਹੈ ਤਲਵਣ

ਪਿੰਡ ਵਸਿਆ-42

ਵਿਜੈ ਬੰਬੇਲੀ

ਤਹਿਸੀਲ ਫਿਲੌਰ ਦਾ ਨੂਰਮਹਿਲ ਰਾਹੇ ਵੱਸਦੇ ਕਿਸੇ ਵੇਲੇ ਦੇ ਮਹੱਤਤੀ ਖੇੜੇ, ਜਿਸ ਨੂੰ ਦਰਿਆ ਸਤਲੁਜ ਨੇ ਬੁਰਦ ਕਰ ਦਿੱਤਾ ਸੀ, ਦੇ ਥੇਹ 'ਤੇ ਕਰੀਬ ਪੰਜ ਕੁ ਸਦੀਆਂ ਪਹਿਲਾਂ ਮੁੜ ਬੰਨ੍ਹੇ ਗਏ ਪਿੰਡ ਤਲਵਣ ਦੀ ਮੋੜ੍ਹੀਂ ਤੁਲੇ ਨਾਂਅ ਦੇ ਇੱਕ ਜੱਟ ਚੌਧਰੀ ਨੇ ਗੱਡੀ ਸੀ। ਤੁਲਾ, ਬਿਲਗਾ ਵਸਾਉਣ ਵਾਲੇ ਬੇਗੇ ਦਾ ਭਰਾ ਸੀ। ਕਿਹਾ ਜਾਂਦਾ ਹੈ ਕਿ ਇਸੇ ਤੁਲੇ ਦੇ ਨਾਂਅ ਇਸ ਅਬਾਦ ਦਾ ਨਾਂਅ ਤਲਵਣ ਪੈ ਗਿਆ, ਪਰ ਤੁਲੇ (ਤਣ) ਦੇ ਨਾਲ ਵਣ ਕਿਵੇਂ ਲੱਗ ਗਿਆ? ਦਰਅਸਲ; ਕਾਰਨ ਇਹ ਸੀ ਕਿ ਦਰਿਆ ਸਤਲੁਜ, ਜਿਹੜਾ ਕਦੇ ਇਸ ਦੇ ਮੁੱਢਕਦੀਮੀ ਖੇੜੇ ਨਾਲ ਖਹਿ ਕੇ ਵਗਦਾ ਸੀ, ਕਿਸੇ ਕੁਦਰਤੀ ਜਾਂ ਭੂਗੋਲਿਕ ਤਬਦੀਲੀ ਕਾਰਨ ਆਪਣਾ ਰਾਹ ਬਦਲ ਗਿਆ। ਉਪਰੰਤ, ਸਮਾਂ ਪਾ ਉਸ ਦੇ ਖਾਲੀ ਹੋਏ ਤਲ (ਪਾਟ) ਵਿੱਚ ਘਣਾ ਵਣ (ਜੰਗਲ) ਉੱਗ ਆਇਆ, ਜਿੱਥੇ ਰਮਤੇ ਸਾਧੂਆਂ ਆ ਡੇਰੇ ਲਾਏ। ਇਸੇ ਤਲ ਅਤੇ ਵਣ ਦੇ ਜਮ੍ਹਾਂ ਜੋੜ ਤੋਂ ਇਸ ਨਵੀਂ ਵਸੇਬ ਦਾ ਨਾਂਅ ਤਲੇ ਵਣ ਪੈ ਗਿਆ, ਅਰਥਾਤ ਵਣਾਂ ਦੇ ਥੱਲੇ (ਤਲੇ)। ਜਿਹੜਾ ਮਗਰੋਂ ਵਿਗੜਦਾ-ਸੰਵਰਦਾ ਤਲਵਣ ਵਜੋਂ ਲੋਕ-ਕੰਠ ਹੋ ਗਿਆ ਸੀ/ਹੈ।

ਤਲਵਣ ਦੇ ਗਿਰਦ ਮੰਝ ਰਾਜਪੂਤਾਂ ਦਾ ਜਮਘੱਟ ਸੀ। ਜਿਹਨਾਂ ਮੁਸਲਮਾਨਾਂ ਦੀ ਚੜ੍ਹਤ ਸਮੇਂ ਸਥਿਤੀਆਂ-ਪ੍ਰਸਥਿਤੀਆਂ ਜਾਂ ਲਾਲਚ ਤਹਿਤ ਮੁਸਲਮਾਨ ਧਰਮ ਗ੍ਰਹਿਣ ਕਰ ਲਿਆ। ਇਵਜ਼ ਵਜੋਂ ਇਹਨਾਂ ਦੀਆਂ ਜ਼ਮੀਨੀ ਮਾਲਕੀਆਂ ਅਤੇ ਚੌਧਰਾਂ ਪੱਕੀਆਂ ਹੋ ਗਈਆਂ ਅਤੇ ਹਕੂਮਤ ਨਾਲ ਪੀਢੀ ਸੁਰ ਰੱਖਣ ਵਾਲੇ ਮੰਝਾਂ ਨੇ, ਹਿੰਦੂਆਂ ਤੋਂ, ਤਲਵਣ ਵੀ ਹਥਿਆ ਲਿਆ। ਤਲਵਣ 'ਚ ਅਤੇ ਦੁਆਲੇ ਖਿੰਡਰੇ ਖੰਡਰਾਤ ਅਤੇ ਮਸਜਿਦਾਂ, ਮੜ੍ਹੀਆਂ, ਮੰਦਰਾਂ, ਸਤੀਆਂ ਇਸ ਦੇ ਜਲੌਅ ਅਤੇ ਉਥਲ-ਪੁਥਲ ਦੀਆਂ ਕਈ ਕਹਾਣੀਆਂ ਸਮੇਟੀ ਬੈਠੇ ਹਨ। ਮੁਸਲਮਾਨੀ ਜਲੌਅ ਸਮੇਂ ਤਲਵਣ ਨੇ ਬੜੀ ਉਠਾਣ ਭਰੀ। ਹਿੰਦੂ ਆਸਥਾਵਾਂ ਦੀ ਮੁਕਾਬਲੇਬਾਜ਼ੀ ਵਜੋਂ ਇੱਥੇ ਮਦਰੱਸੇ ਸਥਾਪਤ ਹੋਏ, ਧਰਮ-ਕਰਮ ਅਤੇ ਪਰ੍ਹਾਂ-ਪੰਚਾਇਤ ਵਜੋਂ ਫੈਸਲਿਆਂ ਹਿੱਤ ਕਾਜ਼ੀ ਮੁਕੱਰਰ ਕੀਤੇ ਗਏ। ਬਾਬਰ ਵੇਲੇ ਤਾਮੀਰ ਕੀਤੀ ਦੱਸੀ ਜਾਂਦੀ ਕਾਜ਼ੀਆਂ ਦੀ ਮਸਜਿਦ ਨਾਲ ਕਈ ਨੀਤੀ-ਕਥਾਵਾਂ ਜੁੜੀਆਂ ਸੁਣਦੀਆਂ ਹਨ। ਚੌ. ਇਨਾਇਤ ਖਾਂ, ਹਬੀਬ ਉਲ੍ਹਾ ਅਤੇ ਨਿੱਘਾ ਦਾਦ ਖਾਂ ਵੇਲੇ ਦੀਆਂ ਮਸ਼ਹੂਰ ਹਸਤੀਆਂ ਸਨ। ਕਨੱਈਆ ਬਾਗ ਅਤੇ ਮੰਦਰ ਅਤੇ ਮਿਸਲਾਂ ਵੇਲੇ ਕਰੋੜ ਸਿੰਘੀਆਂ ਮਿਸਲ ਵਜੋਂ ਸਥਾਪਤ ਕੀਤੀ ਗਈ ਗੜ੍ਹੀ ਦਾ ਆਪਣਾ ਰੁਤਬਾ ਹੈ। ਸੁਤੰਤਰਤਾ ਸੰਗਰਾਮੀ ਸੁਆਮੀ ਸ਼ਰਧਾ ਨੰਦ ਤਲਵਣ ਸਮੇਤ ਇਥੇ ਦੇ ਕਈ ਫਰਜ਼ੰਦ ਭਾਰਤ ਮਾਂ ਦੇ ਉੱਘੇ ਸਪੂਤ ਸਨ। ਆਮ ਕਰਕੇ ਇੱਥੋਂ ਦੇ ਤਾਅ-ਲੋਕ, ਚਾਹੇ ਉਹ ਕਿਸੇ ਵੀ ਜਾਤ-ਧਰਮ ਦੇ ਸਨ ਅਤੇ ਹਾਕਮ ਧਿਰਾਂ, ਆਪੋ-ਵਿੱਚ ਸਦਭਾਵੀ ਹੀ ਰਹੇ ਸਨ, ਪਰ ਅਫਸੋਸ! ਸੰਤਾਲੀ ਵੇਲੇ ਇੱਥੇ ਬੇਗੁਨਾਹ ਮੁਸਲਮਾਨਾਂ ਦਾ ਬੜਾ ਨਰ-ਸੰਹਾਰ ਹੋਇਆ।

ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਇਸ ਨਗਰ, ਜਿਸ ਦਾ ਰਕਬਾ 2390 ਹੈਕਟੇਅਰ ਹੈ, ਕਿਸੇ ਸਮੇਂ ਕਰੋੜ ਸਿੰਘੀਆਂ ਮਿਸਲ ਦੀ ਸਲਤਨਤ ਦਾ ਹਿੱਸਾ ਬਣ ਗਿਆ ਸੀ। ਹੋਇਆ ਇਵੇਂ ਕਿ ਇਸ ਮਿਸਲ ਦੇ ਬਾਨੀ ਕਰੋੜਾ ਸਿੰਘ ਜਦ ਉੱਤਰ ਪ੍ਰਦੇਸ਼ ਵੱਲ ਗਏ ਹੋਏ ਸੀ, ਸ਼ਹਿਰ ਅਜ਼ੀਮਾਬਾਦ ਵਿੱਚ ਅਚਾਨਕ ਮੌਤ ਹੋ ਗਈ ਤਾਂ ਉਸ ਦਾ ਆਹਲਾ ਜੰਗੀ ਸਰਦਾਰ ਬਘੇਲ ਸਿੰਘ ਤੱਟ-ਫੱਟ ਪੰਜਾਬ ਆਪਣੇ ਸਦਰ-ਮੁਕਾਮ ਹਰਿਆਣਾ, ਹੁਸ਼ਿਆਰਪੁਰ ਪਰਤ ਆਇਆ। ਹਰਿਆਣਾ ਲਾਗਲਾ ਭੂੰਗਾ ਖੇਤਰ ਆਹਲੂਵਾਲੀਆ ਮਿਸਲ ਦੇ ਅਧੀਨ ਸੀ, ਜਿਹੜੇ ਆਪਣੇ ਸਦਰ-ਮੁਕਾਮ ਕਪੂਰਥਲੇ ਨੇੜਲੇ ਤਲਵਣ ਖਿੱਤੇ 'ਤੇ ਵੀ ਬਾਜ਼ ਅੱਖ ਰੱਖੀ ਬੈਠੇ ਸਨ। ਕਰੋੜ ਸਿੰਘੀਆਂ ਦੀ ਆਹਲੂਵਾਲੀਆ ਨਾਲ ਚੱਲਦੀ ਖਿੱਚੋ-ਤਾਣ ਦੇ ਸਿੱਟੇ ਵਜੋਂ ਉਹਨਾਂ ਨਾਲ ਸੁਰ ਸਾਂਝੀ ਰੱਖਦੇ ਤਲਵਣ ਦੇ ਹਾਕਮ ਮੀਆਂ ਮਹਿਦੂਦ ਪਾਸੋਂ ਸ. ਬਘੇਲ ਸਿੰਘ ਨੇ ਇਹ ਨਗਰ ਖੋਹ ਕੇ ਇਥੇ ਇੱਕ ਜੰਗੀ ਕਿਲ੍ਹਾ ਵੀ ਉਸਾਰ ਦਿੱਤਾ, ਜਿਸ ਨੂੰ ਗੜ੍ਹੀ ਰਾਮ ਤਲਾਈ ਆਖਿਆ ਜਾਂਦਾ ਹੈ। ਇੱਕ ਗੱਲ ਹੋਰ, ਇਸੇ ਤਲਵਣ ਦੇ ਮਾਤਾ ਪੂਜਕ ਕਾਲੀਆ ਗੋਤਰੀ ਬ੍ਰਾਹਮਣ ਬੜੇ ਸੰਪੰਨ ਸਨ, ਜਿਹੜੇ ਹਰ ਵਰ੍ਹੇ ਇੱਕ ਵੱਡਾ ਸੰਗ ਲੈ ਕੇ ਬਰਾਸਤਾ ਫਗਵਾੜਾ-ਮਾਹਿਲਪੁਰ (ਹੁਸ਼ਿਆਰਪੁਰ)-ਪੰਡੋਗਾ-ਅੰਬ (ਹਿਮਾਚਲ) ਚਿੰਤਪੁਰਨੀ-ਜਵਾਲਾ ਜੀ ਜਾਂਦੇ ਸਨ। ਉਹਨਾਂ ਨੇ ਹਰ ਸਾਲ ਦੀ ਲੰਬੀ ਦੂਰੀ ਤੋਂ ਬਚਣ ਹਿੱਤ ਮਾਹਿਲਪੁਰ ਖਿੱਤੇ ਵਿੱਚ ਆਪਣੇ ਪੁਰਖੇ ਮਾਹੀ ਦਾਸ ਕਾਲੀਆ ਦੀ ਅਗਵਾਈ ਹੇਠ ਨਿਰੋਲ ਆਪਣਾ ਇੱਕ ਪਿੰਡ ਹੀ ਵਸਾ ਦਿੱਤਾ ਸੀ, ਜਿਹੜਾ ਹੁਣ 'ਕਾਲੀਆ ਭਗਤ' ਦੇ ਤਖ਼ੱਲਸ ਹੇਠ ਮਾਹਿਲਪੁਰ ਕਸਬੇ ਦੇ ਮਸ਼ਹੂਰ ਪਿੰਡ 'ਕਾਲੇਵਾਲ ਭਗਤਾਂ' ਵਜੋਂ ਸਥਾਪਤ ਹੈ।

ਸਥਾਨਕ ਕਥਾ ਬਿਆਤਾ ਬੂਟੇ ਸ਼ਾਹ ਵੇਲੇ ਅਨੁਸਾਰ, ਆਪਣੇ ਲਫਜ਼ਾਂ ਵਿੱਚ ਇਸ ਮੁੱਢ ਕਦੀਮੀ ਖੇੜੇ ਦੀ ਹੋਣੀ ਇਵੇਂ ਬਿਆਨਦਾ ਹੈ, ਤਲਵਣ ਇਕ ਕਦੀਮੀ ਸ਼ਹਿਰ ਮੁਸਲਮਾਨ ਰਾਜਪੂਤਾਂ ਦੀ ਬਾਰਸੀ ਵਿਚ ਹੈ ਜਾਂ ਨਾਦਰਸ਼ਾਹ ਪਾਤਸ਼ਾਹ ਨੇ ਇਸ ਮੁਲਖ ਵਿਚ ਆ ਕੇ ਦਿੱਲੀ ਦੀ ਪਾਤਸ਼ਾਹੀ ਨੂੰ ਹੇਠ-ਉਪਰ ਕਰ ਸਿਟਿਆ ਅਤੇ ਹਰ ਜ਼ਿਮੀਦਾਰ ਆਪਣੇ-ਆਪਣੇ ਘਰ ਵਿਚ ਠਾਣੇਮੀਰ (ਲੱਠਮਾਰ) ਬਣ ਬੈਠਾ; ਤਾਂ ਇਸ ਸ਼ਹਿਰ ਦਾ ਇਕ ਅਨਾਇਤ ਖਾਂ ਨਾਮੇ ਜ਼ਿਮੀਦਾਰ ਫੌਂਜਵਾਲਾ ਹੋ ਗਿਆ ਅਤੇ ਹੋਰ ਕਈ ਗਰਾਵਾਂ (ਪਿੰਡਾਂ) ਸਮੇਤ ਇਹ ਸ਼ਹਿਰ ਉਹਦੇ ਹੱਥ ਲੱਗ ਗਿਆ। ਉਸ ਤੋਂ ਪਿੱਛੇ ਉਹਦੇ ਪੁੱਤ ਨੌਰੰਗ ਖਾਂ ਨੇ ਉਹਦੀ ਗੱਦੀ ਸੰਭਾਲੀ। ਨੌਰੰਗ ਖਾਂ, ਨਵਾਬ ਅਦੀਨਾਬੇਗ ਖਾਂ ਦੇ ਸਮੇਂ (1758) ਵਿਚ ਧਨਮਾਨ ਅਰ ਫੌਂਜਵਾਲਾ ਥਾ, ਅਤੇ ਦਰਿਆਉ ਸਤਲੁਜ ਦੇ ਘਾਟ (ਉਹਨੀਂ ਵਕਤੀਂ ਉਹ ਜਲ-ਵਹਿਣਾਂ ਰਾਹੀਂ ਹੁੰਦੇ ਵਪਾਰ ਹਿੱਤ ਬਣਾਏ ਘਾਟ) ਉਹਦੇ ਹੁਕਮ ਵਿਚ ਸਨ; ਉਸ ਤੋਂ ਮਗਰੋਂ ਉਹਦਾ ਪੋਤਾ ਮਮੂਦ ਖਾਂ ਉਸ ਦੀ ਜਗ੍ਹਾ ਬੈਠਾ ਅਤੇ ਸਦਾ ਸਿੱਖਾਂ ਨਾਲ ਲੜਦਾ ਰਿਹਾ; ਓੜਕ ਜਾਂ ਉਹਦੇ ਮਾੜੇ ਦਿਨ ਆਏ ਅਤੇ ਫੌਜ (ਸਿੱਖ ਮਿਸਲਾਂ ਦੇ ਸਮੇਂ, 1716-99) ਹਾਰ ਗਈ, ਤਾਂ ਤਲਵਣ ਛੁੱਟ, ਹੋਰ ਮੁਲਖ ਉਹਦੇ ਹੱਥੋਂ ਜਾਂਦਾ ਰਿਹਾ; ਬਲਕਿ ਇਸ ਸ਼ਹਿਰ ਵਿੱਚੋਂ ਵੀ ਅੱਧਾ ਸਿੱਖਾਂ ਨੇ ਲੈ ਲਿਆ। ਉਸ ਤੋਂ ਪਿੱਛੋਂ ਉਹਦਾ ਪੁੱਤ ਸਬਾਜ ਖਾਂ, ਮਹਾਰਾਜਾ ਰਣਜੀਤ ਸਿੰਘ ਦੀ ਫੌਜ ਨਾਲ ਕਸ਼ਮੀਰ ਦੇ ਰਸਤੇ ਵਿਚ ਮਰ ਗਿਆ। ਹੁਣ ਉਹਦਾ ਪੁੱਤ ਸੁਲਤਾਨ ਖਾਂ ਉੱਥੋਂ ਉੱਜੜ ਕੇ ਨੂਰਮਹਿਲ ਦੀ ਸਰਾਂ ਵਿਚ (ਕਰੀਬ ਉਨੀਵੀਂ ਸਦੀ ਦੀ ਪਹਿਲੀ ਚੌਥਾਈ); ਉਥੇ ਜਾ ਰਿਹਾ ਹੈ; ਉਥੇ ਹੋਰ ਰਈਅਤ ਵਾਂਗੂ ਸਖਾਹਪੁਣੇ ਦੀ ਚਾਕਰੀ ਕਰਕੇ ਵਖਤ ਲੰਘਾਉਂਦਾ ਹੈ। ਇਹ ਸ਼ਹਿਰ, ਅਰਥਾਤ ਤਲਵਣ, ਦਰਿਆਉ ਸਤਲੁਜ ਦੇ ਕੰਢੇ 'ਤੇ ਹੈ ਅਤੇ ਚੜ੍ਹਦੇ ਰੁਕ ਸ਼ਹਿਰ ਦੇ ਲਾਗੇ ਹੀ ਇਕ ਪੱਕਾ ਕਿਲ੍ਹਾ ਪਿਆ ਹੋਇਆ ਹੈ।

*ਸੰਪਰਕ 94634-39075*

# ਇੱਥੇ ਮਾਏ ਸਾਡਾ ਕੋਈ ਸਿਰ ਨਈਂ ਪਲ਼ੋਸਦਾ

ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-30

ਸੁਰਜੀਤ ਸੁਮਨ

ਇਸ ਵੇਲ਼ੇ ਮੇਰੀਆਂ ਅੱਖਾਂ ਸਾਹਵੇਂ ਤਬਾਹੀ ਮਚਾ ਰਹੇ ਪੰਜ-ਆਬ ਦੇ ਗੁੱਸੇਖੋਰ ਦਰਿਆ ਹਨ। ਟੁੱਟ-ਟੁੱਟ ਕੇ ਡਿੱਗ ਰਹੇ ਪਹਾੜ ਹਨ। ਮੋਹਲ਼ੇਧਾਰ ਹੋ ਰਹੀ ਵਰਖਾ ਹੈ। ਪਾਣੀ ਦੇ ਮੂੰਹਜ਼ੋਰ ਵਹਾਅ ਨਾਲ਼ ਮਾਧੋਪੁਰ ਹੈੱਡ ਵਰਕਸ ਦੇ ਗੇਟਾਂ ਦਾ ਟੁੱਟਣਾ ਕਿਵੇਂ ਵੀ ਚੰਗਾ ਨਹੀਂ। ਸਦਾ ਵਾਂਗ ਬਚਾਅ ਕਾਰਜਾਂ ਵਿੱਚ ਲੱਗੇ ਲੋਕ ਮਨੁੱਖਤਾ ਦੀ ਵੱਖਰੀ ਮਿਸਾਲ ਕਾਇਮ ਕਰਨ ਲਈ ਆਪਣੀਆਂ ਜਾਨਾਂ ਨੂੰ ਜ਼ੋਖਮ ਵਿੱਚ ਪਾ ਰਹੇ ਹਨ। ਜਿਊਣ ਲਈ ਸੰਘਰਸ਼ ਕਰ ਰਹੇ ਬੇਵਸ ਲੋਕ ਹਨ। ਇਨ੍ਹਾਂ ਹੜ੍ਹਾਂ ਦੀ ਲਪੇਟ ਵਿੱਚ ਆਏ ਲੋਕ ਜਾਨਾਂ ਬਚਾਉਣ ਦੀ ਮੁਹਿੰਮ 'ਤੇ ਹਨ। ਇਨ੍ਹਾਂ ਦਰਿਆਵਾਂ ਦੇ ਵਹਿਣ, ਸ਼ੂਕਦੀਆਂ ਨਦੀਆਂ ਤੇ ਸਮੁੰਦਰ ਦੀਆਂ ਛੱਲਾਂ ਜੀਵਨ ਵੀ ਦਿੰਦੀਆਂ ਹਨ ਤੇ ਮੌਤ ਵੀ। ਇਨ੍ਹਾਂ ਬਿਨ ਜੀਵਨ ਕੀ ਕਲਪਨਾ ਨਿਰਾਰਥਕ ਹੈ। ਅਕਸਰ ਕੋਈ ਮਲਾਹ ਦਰਿਆਵਾਂ ਦੇ ਤੇਜ਼ ਵਹਿਣ ਨਾਲ਼ ਦਸਤਪੰਜਾ ਲੈਂਦਿਆਂ ਆਪਣੀ ਬੇੜੀ ਨੂੰ ਪਾਰ ਲੰਘਾਉਂਦਾ ਹੈ। ਮਛੇਰਾ ਸਮੁੰਦਰ ਦੀਆਂ ਲਹਿਰਾਂ ਨਾਲ਼ ਖੇਡਦਾ ਮੱਛੀਆਂ ਦੀ ਜਾਨ ਲੈਂਦਿਆਂ ਕਈ ਹੋਰਾਂ ਨੂੰ ਜਿਊਣ ਲਈ ਖੁਰਾਕ ਮੁਹੱਈਆਂ ਕਰਵਾਉਂਦਾ ਦਿਸਦਾ ਹੈ। ਉਂਝ ਆਮ ਹਾਲਤਾਂ ਵਿੱਚ ਸ਼ਾਂਤ, ਕਲ-ਕਲ ਵਹਿੰਦਾ ਪਾਣੀ ਸਕੂਨ ਦਿੰਦਾ ਹੈ ਪਰ ਇਨ੍ਹੀਂ-ਦਿਨੀਂ ਪਹਾੜਾਂ ਦੀਆਂ ਚੋਟੀਆਂ ਤੇ ਪੂਰਬੀ-ਪੱਛਮੀਂ ਪੰਜਾਬ ਦੇ ਮੈਦਾਨੀ ਇਲਾਕਿਆਂ ਵਿੱਚ ਪੈਂਦੀ ਬੇਰੋਕ ਬਾਰਿਸ਼ ਨਾਲ਼ ਦਰਿਆ ਬਿਫਰੇ ਨਜ਼ਰ ਆਉਂਦੇ ਹਨ। ਇਨ੍ਹਾਂ ਦਰਿਆਵਾਂ ਤੇ ਨਦੀਆਂ ਦੇ ਪਰਕੋਪ ਨੂੰ ਝੱਲਣਾ ਮਨੁੱਖ ਲਈ ਆਸਾਨ ਨਹੀਂ। ਇਹ ਵੀ ਖਰਾ ਸੱਚ ਹੈ ਕਿ ਹੜ੍ਹ ਮਾਰੇ ਦਰਿਆਵਾਂ ਦਾ ਕਦੇ ਕੋਈ ਕਿਨਾਰਾ ਨਜ਼ਰ ਨਹੀਂ ਹੁੰਦਾ। ਚੁਫੇਰੇ ਨਜ਼ਰ ਆਉਂਦਾ ਹੈ ਤਾਂ ਸਿਰਫ ਪਾਣੀਉਂ-ਪਾਣੀ। ਇਨ੍ਹਾਂ ਦਰਿਆਵਾਂ ਅਤੇ ਨਦੀਆਂ ਦੇ ਕਿਨਾਰਿਆਂ 'ਤੇ ਵਸੇ ਲੋਕਾਂ ਦੀ ਸਦੀਆਂ ਤੋਂ ਸ਼ਾਇਦ ਇਹੋ ਹੋਣੀ ਹੈ। ਇਹੋ ਤਰਾਸਦੀ ਹੈ। ਅਜਿਹੇ ਸਮਿਆਂ ਵਿੱਚ ਹੀ ਜਦੋਂ ਹੜ੍ਹ ਦੇ ਪਾਣੀ ਵਿੱਚ ਘਿਰੇ ਬੰਦੇ ਨੇ ਖਵਾਜ਼ੇ ਨੂੰ ਪਾਣੀ ਦਾ ਦੇਵ ਚਿਤਵ ਲਿਆ ਹੋਵੇਗਾ, ਉਦੋਂ ਜਦੋਂ ਹਾਕਮਾਂ ਇਨ੍ਹਾਂ ਦੀ ਬਾਂਹ ਨਹੀਂ ਫੜੀ ਹੋਵੇਗੀ। ਉਂਝ ਹਾਕਮ ਆਮ ਲੋਕਾਂ ਦੀ ਬਾਂਹ ਕਦੋਂ ਫੜਦੇ ਹਨ? ਸਿਆਸਤਦਾਨ ਤੇ ਸਰਕਾਰਾਂ ਚਾਰ ਕੁ ਦਿਨ ਰੌਲ਼ਾ ਪਾਉਣਗੀਆਂ, ਪਰਨਾਲ਼ਾ ਫਿਰ ਉੱਥੇ ਦਾ ਉੱਥੇ ਹੀ ਆ ਜਾਵੇਗਾ। ਇਸ ਵਰਤਾਰੇ ਨੂੰ ਦੇਖਦਿਆਂ, ਪੁਣਛਾਣ ਕਰਦਿਆਂ, ਪ੍ਰੇਸ਼ਾਨੀ ਹੁੰਦੀ ਹੈ, ਹੈਰਾਨੀ ਹੁੰਦੀ ਹੈ। ਹਰ ਵਾਰ ਦੀ ਤਰ੍ਹਾਂ ਕੀ ਪਿਛਲੇ ਸਮਿਆਂ ਵਿੱਚ ਆਏ ਹੜ੍ਹਾਂ ਤੋਂ ਕੋਈ ਸਬਕ ਲੈਣ ਲਈ ਅਸੀਂ ਹਾਲੇ ਤੱਕ ਵੀ ਮਨੋਂ ਤਿਆਰ ਨਹੀਂ ਹੋਏ? ਕੀ ਕਦੀ ਸਾਡੀਆਂ ਸਰਕਾਰਾਂ ਦੇ ਜ਼ਿਹਨ ਵਿੱਚ ਇਸ ਪਾਣੀ ਨੂੰ ਚੈਨੇਲਾਈਜ਼ ਕਰਕੇ ਲੋਕ ਹਿੱਤ ਵਿੱਚ ਵਰਤਣ ਲਈ ਕੋਈ ਸਕੀਮ ਨਹੀਂ ਬਣੀ ਹੋਵੇਗੀ ਜਾਂ ਭਵਿੱਖ ਵਿੱਚ ਬਣਾਉਣ ਦੇ ਕੋਈ ਆਸਾਰ ਹਨ? ਵਕਤ ਟਪਾ ਕੇ ਸਾਡੇ ਰਹਿਬਰ ਘੇਸਲ ਮਾਰਨੀ ਹੀ ਜ਼ਰੂਰੀ ਸਮਝਦੇ ਹਨ। ਹੜ੍ਹਨ ਵਾਲ਼ੇ ਹੜ੍ਹ ਰਹੇ ਹਨ, ਬਚਾਉਣ ਵਾਲ਼ੇ ਬਚਾਅ ਕਾਰਜਾਂ ਵਿੱਚ ਜੁਟੇ ਹੋਏ ਹਨ। ਸਿਆਸਤ ਕਰਨ ਵਾਲ਼ੇ ਸਿਆਸਤ ਕਰ ਰਹੇ ਹਨ। ਕਰੋਨਾ ਕਾਲ ਵੇਲ਼ੇ ਵੀ ਤਾਂ ਇੰਝ ਹੀ ਹੋਇਆ ਸੀ। ਬਚਾਅ ਕਰਨ ਵਾਲ਼ਿਆਂ ਨੇ ਬਚਾਅ ਕੀਤੇ ਤੇ ਸਿਆਸਤ ਕਰਨ ਵਾਲ਼ਿਆਂ ਨੇ ਸਿਆਸਤ। ਆਮ ਲੋਕਾਂ ਦੀ ਸਾਰ ਉਦੋਂ ਵੀ ਕਿਸੇ ਨੇ ਨਹੀਂ ਲਈ ਸੀ ਤੇ ਆਸਾਰ ਹੁਣ ਵੀ ਨਹੀਂ ਹਨ। ਧੁਰ ਅੰਦਰ ਤੱਕ ਹਿਲਾ ਦੇਣ ਵਾਲੀਆਂ ਵੱਖ ਵੱਖ ਵੀਡੀਓਜ਼, ਜਿਉਂ ਜਿਉਂ ਸਾਹਮਣੇ ਆ ਰਹੀਆਂ ਹਨ, ਤਿਉਂ ਤਿਉਂ ਮੇਰੀਆਂ ਅੱਖਾਂ ਸਾਹਵੇਂ ਮੁੜ ਮੇਰਾ ਨਾਨਕਾ ਪਿੰਡ ਮਾਲੇਵਾਲ਼ ਵਾਰ ਵਾਰ ਆ ਰਿਹਾ ਹੈ। ਮੇਰੀ ਸੁਤਾਅ ਅੱਜ ਇਸ ਬੇਚਰਾਗ ਹੋਏ ਪਿੰਡ ਦੇ ਘੁੱਗ ਵਸਣ ਵੇਲ਼ੇ ਵਿੱਚ ਪਹੁੰਚ ਜਾਂਦੀ ਹੈ। ਇੱਕ ਦਿਨ ਦਾ ਦ੍ਰਿਸ਼। ਮਲਾਹ ਨੇ ਬੇੜੀ ਦਰਿਆ ਵਿੱਚ ਠੇਲ੍ਹ ਲਈ ਹੈ। ਮੈਂ ਆਪਣੇ ਮਮੇਰੇ ਭਰਾਵਾਂ ਨਾਲ਼ ਬੇੜੀ ਵਿੱਚ ਸਵਾਰ ਹਾਂ। ਬੇੜੀ ਦੇ ਪਿਛਲੇ ਪਾਸੇ ਖੜ੍ਹਾ ਮਲਾਹ ਪੰਦਰਾਂ-ਸੋਲ਼ਾਂ ਫੁੱਟ ਲੰਬੇ ਇੱਕ ਬਾਂਸ ਨੂੰ ਸਿੱਧਾ ਹੀ ਪਾਣੀ ਵਿੱਚ ਉਤਾਰਦਾ ਹੈ। ਬਾਂਸ ਦਾ ਉਪਰਲਾ ਦੋ-ਤਿੰਨ ਫੁੱਟ ਦਾ ਹਿੱਸਾ ਹੀ ਬਾਹਰ, ਮਲਾਹ ਦੇ ਹੱਥਾਂ ਵਿੱਚ ਦਿਖਾਈ ਦਿੰਦਾ ਹੈ। ਇਸ ਨੂੰ ਸਤਲੁਜ ਤੇ ਤਲ ਤੇ ਲਿਜਾ ਫਿਰ ਉਸ ਨੂੰ ਅਗਾਂਹ ਵੱਲ ਧੱਕਦਿਆਂ ਉਹਦਾ ਸਾਰਾ ਸਰੀਰ ਕਮਾਨ ਵਾਂਗ ਦੂਹਰਾ ਹੋ ਜਾਂਦਾ ਹੈ। ਇਸ ਦੇ ਜ਼ੋਰ ਬੇੜੀ ਅੱਗੇ ਵੱਲ ਸਰਕਣ ਲਗਦੀ ਹੈ। ਪਾਣੀ ਦੀਆਂ ਲਹਿਰਾਂ 'ਤੇ ਟਿਕੀ ਮੇਰੀ ਨਜ਼ਰ ਕੰਬ ਜਾਂਦੀ ਹੈ। ਉਸੇ ਵੇਲ਼ੇ ਮਮੇਰੇ ਭਰਾ ਰਾਮ ਸਿੰਘ ਨਾਲ਼ ਫੋਨ 'ਤੇ ਗੱਲ ਕਰਦਾ ਹਾਂ। ਉਹ ਮੇਰੇ ਨਾਲ਼ ਇੰਝ ਗੱਲਾਂ ਕਰ ਰਿਹਾ ਹੈ, ਜਿਵੇਂ ਓਹਦੇ ਲਈ ਇਹ ਕੱਲ੍ਹ ਦੀ ਗੱਲ ਹੋਵੇ। ਓਹਦੀਆਂ ਗੱਲਾਂ ਵਿੱਚ ਭੈਅ ਆ ਬੈਠਾ ਹੈ। ਉਜਾੜੇ ਦਾ ਦਰਦ ਹੈ। ਉਹ ਬੋਲ ਰਿਹਾ ਹੈ, 'ਛੋਟੇ ਭਾਈ ਉਦੋਂ ਆਪਣੇ ਆਪਣੇ ਟੱਬਰਾਂ ਸਮੇਤ, ਸਾਰਾ ਪਿੰਡ ਦਾਊਦਪੁਰ ਆ ਬੈਠਾ ਸੀ। ਸਾਡੀਆਂ ਅੱਖਾਂ ਦੇ ਸਾਹਮਣੇ ਸਾਡੇ ਖੇਤ, ਘਰ ਸਭ ਕੁਝ ਖੁਆਜ਼ੇ ਦੀ ਭੇਟ ਚੜ੍ਹ ਗਿਆ। ਅਗਲੇ ਦਿਨ ਸਰਕਾਰ ਨੇ ਚਮਕੌਰ ਸਾਬ੍ਹ, ਜਿੱਥੇ ਹੁਣ ਸਟੇਡੀਅਮ ਬਣਿਆ ਹੋਇਐ, ਉੱਥੇ ਟੈਂਟ ਲਗਾ ਕੇ ਸਾਰੇ ਪਿੰਡ ਦੇ ਲੋਕਾਂ ਨੂੰ ਬਿਠਾ ਦਿੱਤਾ। ਡੇਢ ਦੋ ਸਾਲ ਆਪਾਂ ਉੱਥੇ ਈ ਰੁਲ਼ਦੇ ਰਹੇ। ਫਿਰ ਕਿਤੇ ਜਾ ਕੇ ਲਾਗਲੇ ਪਿੰਡ ਗੜ੍ਹੀ ਫਰੀਦ ਚਾਰ-ਚਾਰ ਮਰਲੇ ਥਾਂ ਦਿੱਤਾ। ਉਦੋਂ ਦੇ ਉੱਜੜੇ ਅਸੀਂ ਅੱਜ ਤੱਕ ਉੱਜੜੇ ਈ ਫਿਰਦੇ ਆਂ ਭਰਾ। ਕੋਈ ਕਿਤੇ ਤੇ ਕੋਈ ਕਿਤਾ ਸਾਰਾ ਪਿੰਡ ਖਿੱਲਰ ਗਿਆ।' ਮੈਂ ਸੋਚਾਂ ਦੇ ਸਮੁੰਦਰ ਵਿੱਚ ਡੂੰਘਾ ਉੱਤਰ ਜਾਂਦਾ ਹਾਂ। ਇਸ ਵੇਲ਼ੇ ਕਈ ਕਿਸਮ ਦੀਆਂ ਕਨਸੋਆਂ ਸੁਣਾਈ ਦਿੰਦੀਆਂ ਹਨ। ਕੋਈ ਕਹਿ ਰਿਹੈ, ਸਰਕਾਰਾਂ ਨੂੰ ਜਦੋਂ ਇਹ ਭਲੀ-ਭਾਂਤ ਪਤੈ ਬਈ ਜ਼ੋਰਦਾਰ ਮੀਂਹ ਪੈਣੇ ਹਨ ਤਾਂ ਡੈਮਾਂ ਵਿੱਚ ਪਾਣੀ ਇਕੱਠਾ ਹੋਣ ਦੇਣ ਦੀ ਬਜਾਇ ਥੋੜ੍ਹਾ ਥੋੜ੍ਹਾ ਰਲੀਜ਼ ਕਰਦੇ ਰਹਿਣਾ ਚਾਹੀਦੈ। ਹੁਣ ਇਹ ਪਾਣੀ ਹਰਿਆਣਾ ਅਤੇ ਰਾਜਸਥਾਨ ਨੂੰ ਵੀ ਭੇਜਣਾ ਚਾਹੀਦੈ। ਇਸੇ ਉਧੇੜ-ਬੁਣ ਵਿੱਚ ਸਾਂ, ਬਾਈ ਦਲੇਰ ਸਿੰਘ ਦੇ ਫੋਨ ਦੀ ਘੰਟੀ ਵੱਜ ਪਈ। ਹੜ੍ਹਾਂ ਨਾਲ਼ ਬਣੇ ਹਾਲਾਤਾਂ ਦੀਆਂ ਗੱਲਾਂ ਕਰਦਾ ਕਰਦਾ, ਵਿਛੇ ਸੱਥਰ 'ਤੇ ਬੈਠੇ ਲੋਕਾਂ ਵਾਂਗ ਉਦਾਸੀ ਦੇ ਚੱਕਰਵਿਊ 'ਚੋਂ ਨਿਕਲ਼ ਉਸ ਦੀ ਸੂਈ ਮੌਜੂਦਾ ਸਿਆਸਤ 'ਤੇ ਜਾ ਟਿਕੀ। ਉਹ ਬੇਰੋਕ ਬੋਲਣ ਲੱਗਾ, 'ਛੋਟੇ ਭਾਈ ਇਨ੍ਹਾਂ ਸਿਆਸਤਦਾਨਾਂ ਦੀਆਂ ਹਰਕਤਾਂ ਦੇਖ। ਆਇਆ ਕੋਈ ਅੱਗੇ? ਲੋਕ ਮਰ ਰਹੇ ਨੇ, ਇਨ੍ਹਾਂ ਨੂੰ ਕੀ? ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ਼ ਪਤਾਸੇ ਪੀਵੇ। ਇਹ ਸਿਆਸੀ ਲੋਕ ਆਪਣੀਆਂ ਤਿਜੋਰੀਆਂ ਭਰੀ ਜਾਂਦੇ ਨੇ, ਇਨ੍ਹਾਂ ਕਰੋੜਪਤੀਆਂ ਨੂੰ ਵੀ ਅਜਿਹੇ ਬਿਪਤਾ ਦੇ ਮੌਕੇ ਆਪਣੀ ਜੇਬ ਨਾਲ਼ ਲੋਕਾਂ ਦੀ ਮਦਦ ਵਿੱਚ ਅੱਗੇ ਆਉਣਾ ਚਾਹੀਦੈ। ਲੋਕ ਤਾਂ ਉਈਂ ਸਿਸੋਦੀਆ ਦੇ ਮਗਰ ਪੈ ਗਏ। ਸ਼ਾਮ, ਦਾਮ, ਦੰਡ, ਭੇਦ ਦਾ ਜਾਲ਼ ਤਾਂ ਥਾਂ ਥਾਂ ਵਿਛਿਆ ਹੋਇਐ। ਓਹਦੀ ਗੱਲ ਤਾਂ ਐਵੇਂ ਜਨਤਕ ਹੋ ਗਈ। ਤੂੰ ਸਿਆਣੈ, ਦੱਸ ਭਲਾਂ ਦੁਨੀਆਂ ਦੇ ਕਿਹੜੇ ਸ਼ਾਸਕ, ਕਿਹੜੇ ਬਿਊਰੋਕਰੇਟਸ, ਕਿਹੜੇ ਪਿੰਡ ਦੇ ਪੰਚ-ਸਰਪੰਚ, ਐਮ.ਸੀ. ਜਾਂ ਮੇਅਰ ਇਸ ਹਥਿਆਰ ਦੀ ਵਰਤੋਂ ਨਹੀਂ ਕਰਦੇ? ਇਹ ਆਪਣਾ ਈ ਵਹਿਮ ਐ। ਟਰੰਪ ਨੇ ਟਰੇਡ-ਟੈਰਿਫ ਦਾ ਹੜ੍ਹ ਲਿਆਂਦਾ ਪਿਐ। ਉਹ ਇਹੋ ਰਾਗ ਅਲਾਪੀ ਜਾਂਦੈ ਬਈ ਤੁਸੀਂ ਰੂਸ ਕੋਲ਼ੋਂ ਕੱਚਾ ਤੇਲ ਕਿਉਂ ਖਰੀਦ ਰਹੇ ਓ। ਹੋਰ ਸੁਣ, ਅੱਜ ਦਾ ਮਨੁੱਖ ਬੜੇ ਬੁਰੇ ਦੌਰ ਵਿੱਚੋਂ ਲੰਘ ਰਿਹੈ। ਸ਼ਹਿਰਾਂ ਦੀ ਛੱਡ, ਪਿੰਡਾਂ ਦੀ ਭਾਈਚਾਰਕ ਸਾਂਝ ਵੀ ਬੁਰੀ ਤਰ੍ਹਾਂ ਲੜਖੜਾ ਰਹੀ ਹੈ। ਭਾਈ-ਭਾਈ ਦਾ ਵੈਰੀ ਹੋਇਆ ਪਿਐ। ਅੱਜ ਦਾ ਬੰਦਾ ਐਨਾ ਸਵਾਰਥੀ ਹੋ ਗਿਐ, ਰਿਸ਼ਤੇ-ਨਾਤਿਆਂ ਦੀ ਕੋਈ ਕਦਰ ਹੀ ਨਹੀਂ ਰਹੀ। ਜਿਸ ਦੀ ਧੀ, ਉਸ ਦੀ ਧੀ, ਜਿਸ ਦੀ ਭੈਣ, ਉਸ ਦੀ ਭੈਣ ਬੱਸ। ਯਾਰ ਇੱਕ ਗੱਲ ਦੱਸਾਂ ਪਿਛਲੇ ਪੰਦਰਾਂ-ਵੀਹ ਦਿਨਾਂ ਵਿੱਚ ਹੜ੍ਹ ਦੇ ਪਾਣੀ ਵਾਂਗ ਉਪਲ ਫਾਰਮ ਵਾਲ਼ੀ ਕੁੜੀ ਬਾਰੇ ਛਿੜੀ ਚਰਚਾ ਨੇ ਮੈਨੂੰ ਸਭ ਤੋਂ ਵੱਧ ਉਦਾਸ ਤੇ ਨਿਰਾਸ਼ ਕੀਤੈ। ਸੱਚ ਦੱਸਾਂ, ਮੈਥੋਂ ਇਸ ਕੁੜੀ ਦੇ ਪਿਓ ਦੇ ਦਰਦ ਦੀ ਥਾਹ ਨਹੀਂ ਪਾਈ ਗਈ। 'ਇਹ ਛੋਟੀ ਜਿਹੀ ਸੀ, ਜਦੋਂ ਇਸ ਦੀ ਮਾਂ ਮਰ ਗਈ। ਮੈਂ ਵਿਆਹ ਵੀ ਨਹੀਂ ਕਰਵਾਇਆ। ਮੈਨੂੰ ਪਤਾ ਮੈਂ ਕਿਵੇਂ ਢਿੱਡ 'ਤੇ ਪਾ ਕੇ ਪਾਲ਼ੀ। ਮੈਂ ਕਹਿੰਦਾਂ ਹੇ ਰੱਬਾ ਜੇ ਕਿਸੇ ਦੀ ਘਰਵਾਲ਼ੀ ਮਰਜੇ, ਔਲਾਦ ਵੀ ਨਾਲ਼ ਈ ਮਰ ਜਾਵੇ।' ਓਹਦੀ ਦਰਦੀਲੀ ਆਵਾਜ਼ ਮੇਰੇ ਕੰਨਾਂ ਵਿੱਚ ਅੱਜ ਵੀ ਗੂੰਜ ਰਹੀ ਹੈ। ਬੇਮੁਹਾਰੇ ਹੜ੍ਹ ਦੇ ਪਾਣੀ ਵਾਂਗ ਸਾਡੇ ਰਿਸ਼ਤੇ ਵੀ ਹੜ੍ਹ ਰਹੇ ਹਨ ਮੇਰੇ ਆਰ।'

*ਮੋਬਾ. 98144-30874*

# ਲੋਕਤੰਤਰ 'ਤੇ ਭੀੜਤੰਤਰ ਥੋਪਣ ਦੀ ਕੋਸ਼ਿਸ਼

ਦੀਪਾਂਕਰ ਭੱਟਾਚਾਰੀਆ

ਅਨੁ. : ਸੁਖਦਰਸ਼ਨ ਸਿੰਘ ਨੱਤ

ਇਸ 15 ਅਗਸਤ ਨੂੰ ਨਰਿੰਦਰ ਮੋਦੀ ਨੇ ਲਗਾਤਾਰ 12ਵੀਂ ਵਾਰ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਸੁਤੰਤਰਤਾ ਦਿਵਸ ਦਾ ਭਾਸ਼ਣ ਦਿੱਤਾ ਹੈ। ਉਹ ਹੁਣ ਇੰਦਰਾ ਗਾਂਧੀ ਤੋਂ ਅੱਗੇ ਨਿਕਲ ਗਏ ਹਨ ਅਤੇ ਸੁਤੰਤਰਤਾ ਦਿਵਸ ਦੇ ਲਗਾਤਾਰ ਭਾਸ਼ਣਾਂ ਦੀ ਗਿਣਤੀ ਵਿੱਚ ਸਿਰਫ ਜਵਾਹਰ ਲਾਲ ਨਹਿਰੂ ਤੋਂ ਹੀ ਪਿੱਛੇ ਹਨ। ਇਸ ਸਾਲ ਉਨ੍ਹਾ ਆਪਣੇ 103 ਮਿੰਟ ਦੇ ਭਾਸ਼ਣ ਨਾਲ ਆਪਣਾ ਹੀ ਰਿਕਾਰਡ ਤੋੜ ਦਿੱਤਾ, ਪਰ ਸਾਨੂੰ ਇਸ ਸਾਲ ਦੇ ਉਨ੍ਹਾ ਦੇ ਸੁਤੰਤਰਤਾ ਦਿਵਸ ਭਾਸ਼ਣ ਨੂੰ ਸਿਰਫ ਇਨ੍ਹਾਂ ਅੰਕੜਿਆਂ ਤੋਂ ਇਲਾਵਾ ਹੋਰ ਕਾਰਨਾਂ ਕਰਕੇ ਵੀ ਧਿਆਨ ਨਾਲ ਵੇਖਣਾ ਚਾਹੀਦਾ ਹੈ। ਉਨ੍ਹਾ ਦੀ ਖਾਮੋਸ਼ੀ ਅਤੇ ਬਿਆਨ ਦੋਵੇਂ ਆਪਣੀ ਤਰ੍ਹਾਂ ਦੇ ਜ਼ੋਰਦਾਰ ਸੁਨੇਹੇ ਦਿੰਦੇ ਹਨ ਅਤੇ ਉਨ੍ਹਾਂ ਦੀ ਸਰਕਾਰ ਅਤੇ ਉਨ੍ਹਾਂ ਦੀ ਮੂਲ ਸੰਸਥਾ ਆਰ ਐੱਸ ਐੱਸ ਦੇ ਫਾਸ਼ੀਵਾਦੀ ਏਜੰਡੇ ਦੀਆਂ ਆਗਾਮੀ ਤਰਜੀਹਾਂ ਨੂੰ ਸਪੱਸ਼ਟ ਕਰਦੇ ਹਨ, ਜੋ ਹੁਣ ਆਪਣੇ ਸੌਵੇਂ ਸਾਲ ਵਿੱਚ ਪ੍ਰਵੇਸ਼ ਕਰ ਚੁੱਕੀ ਹੈ।

ਦਰਅਸਲ, ਮੋਦੀ ਨੇ ਆਰ ਐੱਸ ਐੱਸ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਇਸ ਨੂੰ ਦੁਨੀਆ ਦਾ ਸਭ ਤੋਂ ਵੱਡਾ ਐੱਨ ਜੀ ਓ ਕਿਹਾ! ਇਸ ਬਾਰੇ ਬਾਅਦ ਵਿੱਚ, ਪਹਿਲਾਂ ਉਨ੍ਹਾ ਦੀ ਖਾਮੋਸ਼ੀ ਦੇ ਨੁਕਤਿਆਂ ਬਾਰੇ। ਸੁਤੰਤਰਤਾ ਦਿਵਸ ਮੁੱਖ ਤੌਰ 'ਤੇ ਭਾਰਤ ਦੇ ਬਸਤੀਵਾਦ ਵਿਰੋਧੀ ਆਜ਼ਾਦੀ ਅੰਦੋਲਨ ਅਤੇ ਉਸ ਅੰਦੋਲਨ ਨੂੰ ਅੱਗੇ ਵਧਾਉਣ ਵਾਲੀ ਆਜ਼ਾਦ ਅਤੇ ਆਧੁਨਿਕ ਭਾਰਤ ਦੀ ਨਜ਼ਰੀਏ ਨਾਲ ਸੰਬੰਧਤ ਹੈ, ਜਿਸ ਨੇ ਉਨੀਵੀਂ ਅਤੇ ਵੀਹਵੀਂ ਸਦੀ ਵਿੱਚ ਦੁਨੀਆ ਦੀ ਇਸ ਸਭ ਤੋਂ ਵੱਡੀ ਬਸਤੀ ਵਿੱਚ ਸਮਾਜਿਕ ਅਤੇ ਰਾਜਨੀਤਕ ਉਥਲ-ਪੁਥਲ ਨੂੰ ਜਨਮ ਦਿੱਤਾ, ਜਦੋਂ ਕਿ ਭਾਰਤ ਦੇ ਸਾਬਕਾ ਬਸਤੀਵਾਦੀ ਸ਼ਾਸਕ ਹੁਣ ਭਾਰਤ ਨੂੰ ਇਕ ਗੁਲਾਮ ਦੇਸ਼ ਵਜੋਂ ਵਰਤਣ ਦੀ ਸਥਿਤੀ ਵਿੱਚ ਨਹੀਂ ਹਨ, ਅਮਰੀਕੀ ਸਾਮਰਾਜੀਏ, ਖਾਸਕਰ ਹੁਣ ਰਾਸ਼ਟਰਪਤੀ ਟਰੰਪ ਦੇ ਅਧੀਨ ਭਾਰਤ ਨੂੰ ਇਕ ਨਵ-ਬਸਤੀ ਦੇ ਰੂਪ ਵਿੱਚ ਆਪਣੇ ਅਧੀਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਭਾਰਤੀ ਨਿਰਯਾਤ 'ਤੇ ਦੰਡਾਤਮਕ ਟੈਰਿਫ ਲਗਾਉਣ ਤੋਂ ਲੈ ਕੇ ਅਮਰੀਕਾ ਵਿੱਚ ਬਿਨਾਂ ਲੋੜੀਂਦੇ ਦਸਤਾਵੇਜ਼ਾਂ ਵਾਲੇ ਭਾਰਤੀ ਨਾਗਰਿਕਾਂ ਨੂੰ ਹੱਥਕੜੀਆਂ, ਬੇੜੀਆਂ ਵਿੱਚ ਜਕੜ ਕੇ ਵਾਪਸ ਭੇਜਣ ਅਤੇ ਭਾਰਤ ਦੇ ਕੌਮਾਂਤਰੀ ਵਪਾਰ ਅਤੇ ਵਿਦੇਸ਼ ਨੀਤੀ ਦੀਆਂ ਸ਼ਰਤਾਂ ਨੂੰ ਮੁੜ ਨਿਰਧਾਰਤ ਕਰਨ ਤੱਕ ਟਰੰਪ ਪ੍ਰਸ਼ਾਸਨ ਹਰ ਕਦਮ 'ਤੇ ਭਾਰਤ ਨੂੰ ਅਪਮਾਨਿਤ ਕਰ ਰਿਹਾ ਹੈ ਅਤੇ ਸੁਤੰਤਰ ਗਣਰਾਜ ਵਜੋਂ ਸਾਡੇ ਸਵੈ-ਸਨਮਾਨ ਨੂੰ ਕਮਜ਼ੋਰ ਕਰ ਰਿਹਾ ਹੈ।

ਮੋਦੀ ਦਾ ਬਾਰ੍ਹਵਾਂ ਭਾਸ਼ਣ, ਜੋ ਇਤਿਹਾਸਕ ਲਾਲ ਕਿਲ੍ਹੇ ਦੀ ਫਸੀਲ ਤੋਂ ਦਿੱਤਾ ਗਿਆ, ਭਾਰਤ ਦੀ ਰਾਜਨੀਤਕ ਅਤੇ ਆਰਥਿਕ ਸੁਤੰਤਰਤਾ ਲਈ ਵਧ ਰਹੇ ਸਾਮਰਾਜਵਾਦੀ ਖਤਰੇ ਬਾਰੇ ਪੂਰੀ ਤਰ੍ਹਾਂ ਖਾਮੋਸ਼ ਸੀ। ਲੱਖਾਂ ਭਾਰਤੀਆਂ ਲਈ ਅੱਜ ਜੀਵਨ ਬਚਾਉਣਾ ਤੇ ਪਰਵਾਰ ਚਲਾਉਣਾ ਇੱਕ ਵੱਡੀ ਚੁਣੌਤੀ ਹੈ। ਨੌਕਰੀਆਂ ਦਾ ਘਟਣਾ, ਆਮਦਨ ਵਿੱਚ ਕਮੀ ਅਤੇ ਜ਼ਰੂਰੀ ਵਸਤੂਆਂ ਅਤੇ ਸੇਵਾਵਾਂ ਦੀਆਂ ਉੱਚੀਆਂ ਕੀਮਤਾਂ ਨੇ ਭਾਰਤ ਦੇ ਮਿਹਨਤਕਸ਼ ਲੋਕਾਂ ਦੇ ਵਿਸ਼ਾਲ ਵਰਗਾਂ ਦੀ ਰੋਜ਼ੀ-ਰੋਟੀ ਨੂੰ ਖੋਰਾ ਲਗਾਇਆ ਹੈ, ਜਿਸ ਨਾਲ ਉਨ੍ਹਾਂ ਦੀਆਂ ਜੀਵਨ ਹਾਲਤਾਂ ਵਿਗੜ ਰਹੀਆਂ ਹਨ, ਕਿਉਂਕਿ ਭਾਰਤੀ ਅਰਥ ਵਿਵਸਥਾ ਨੂੰ ਨਵੰਬਰ 2016 ਦੀ ਬੇਲੋੜੀ ਤੇ ਵਿਨਾਸ਼ਕਾਰੀ ਨੋਟਬੰਦੀ ਤੋਂ ਬਾਅਦ ਇੱਕ ਤੋਂ ਬਾਅਦ ਇੱਕ ਕਈ ਝਟਕੇ ਲੱਗੇ ਹਨ। ਆਰਥਕ ਸੰਕਟ ਦੀ ਗੰਭੀਰਤਾ ਨੂੰ ਸਵੀਕਾਰ ਕਰਨ ਦੀ ਬਜਾਏ, ਜਿਸ ਨੇ ਹੁਣ ਸਾਰੇ ਸੈਕਟਰਾਂ ਵਿੱਚ ਅਰਥ ਵਿਵਸਥਾ ਨੂੰ ਆਪਣੇ ਘੇਰੇ ਵਿੱਚ ਲੈ ਲਿਆ ਹੈ, ਮੋਦੀ ਨੇ 25 ਕਰੋੜ ਭਾਰਤੀਆਂ ਨੂੰ ਗਰੀਬੀ ਵਿੱਚੋਂ ਬਾਹਰ ਕੱਢਣ ਅਤੇ 'ਨਵ-ਮੱਧ ਵਰਗ' ਵਿੱਚ ਸ਼ਾਮਲ ਕਰਨ ਦਾ ਹੈਰਾਨੀਜਨਕ ਦਾਅਵਾ ਕੀਤਾ ਜਾਂ ਫਿਰ ਸ਼ਾਸਨ ਦੇ ਸਵਾਲ ਨੂੰ ਹੀ ਲਓ। ਮਨੀਪੁਰ ਮਹੀਨਿਆਂ ਤੋਂ ਸੜ ਰਿਹਾ ਹੈ, ਮੋਦੀ ਨੇ ਇਸ ਮਿਆਦ ਵਿੱਚ ਇੱਕ ਵਾਰ ਵੀ ਉਸ ਸੂਬੇ ਦਾ ਦੌਰਾ ਨਹੀਂ ਕੀਤਾ ਅਤੇ ਸੁਤੰਤਰਤਾ ਦਿਵਸ ਦੇ ਸੰਬੋਧਨ ਵਿੱਚ ਵੀ ਉਹ ਮਨੀਪੁਰ ਬਾਰੇ ਪੂਰੀ ਤਰ੍ਹਾਂ ਖਾਮੋਸ਼ ਰਹੇ। ਜਦੋਂ ਸਾਰੇ ਭਾਰਤ ਵਿੱਚ ਆਦਿਵਾਸੀਆਂ ਨੂੰ ਜੰਗਲਾਂ ਅਤੇ ਖਣਿਜ-ਸੰਪੰਨ ਖੇਤਰਾਂ ਵਿੱਚੋਂ ਬੇਰਹਿਮੀ ਨਾਲ ਬੇਦਖਲੀ ਅਤੇ ਵੱਡੀਆਂ ਹਮਲਾਵਰ ਮੁਹਿੰਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਨਰਿੰਦਰ ਮੋਦੀ ਨੇ ਛੱਤੀਸਗੜ੍ਹ ਵਿੱਚ ਗੈਰ-ਕਾਨੂੰਨੀ ਸਫ਼ਾਇਆ ਮੁਹਿੰਮ ਓਪਰੇਸ਼ਨ ਕਗਾਰ ਨੂੰ ਬਿਰਸਾ ਮੁੰਡਾ ਦੀ 125ਵੀਂ ਸ਼ਹੀਦੀ ਵਰ੍ਹੇਗੰਢ ਮੌਕੇ ਸ਼ਰਧਾਂਜਲੀ ਵਜੋਂ ਪੇਸ਼ ਕਰਨ ਦੀ ਹਿੰਮਤ ਕੀਤੀ। ਆਦਿਵਾਸੀ ਵਿਦਰੋਹਾਂ ਨੇ ਸਾਡੇ ਆਜ਼ਾਦੀ ਅੰਦੋਲਨ ਦਾ ਇਕ ਸ਼ਾਨਦਾਰ ਅਧਿਆਏ ਰਚਿਆ, ਜਿਸ ਨੇ ਨਾ ਸਿਰਫ ਭਾਰਤ ਨੂੰ ਬਸਤੀਵਾਦੀ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕੀਤਾ, ਸਗੋਂ ਜਗੀਰਦਾਰੀ ਅਤੇ ਸੂਦਖੋਰੀ ਦੀਆਂ ਨੀਹਾਂ ਨੂੰ ਵੀ ਹਿਲਾ ਦਿੱਤਾ, ਪਰ ਅੱਜ ਮੋਦੀ ਭਾਰਤ ਦੇ ਮੂਲ ਨਿਵਾਸੀ ਲੋਕਾਂ ਦੇ ਮਹਾਨਤਮ ਨਾਇਕਾਂ ਵਿੱਚੋਂ ਇੱਕ ਦੀ ਯਾਦ ਨੂੰ ਅਪਵਿੱਤਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਸਾਡੀ ਆਜ਼ਾਦੀ ਅੰਦੋਲਨ ਦਾ ਸਦੀਵੀ ਪ੍ਰੇਰਨਾ ਪ੍ਰਤੀਕ ਹੈ। ਮੋਦੀ ਉਸ ਨੂੰ ਭਾਰਤ ਦੇ ਮੂਲ ਨਿਵਾਸੀਆਂ ਖਿਲਾਫ ਸਟੇਟ ਵੱਲੋਂ ਚਲਾਏ ਜਾ ਰਹੇ ਸਭ ਤੋਂ ਖੂਨੀ ਅਪਰੇਸ਼ਨ ਨਾਲ ਜੋੜ ਕੇ 'ਸ਼ਰਧਾਂਜਲੀ' ਪੇਸ਼ ਕਰਨ ਦੀ ਹਿਮਾਕਤ ਕਰ ਰਿਹਾ ਹੈ।

ਬਿਹਾਰ ਵਿੱਚ ਅਚਾਨਕ ਸ਼ੁਰੂ ਕੀਤੀ ਗਈ ਵੋਟਰ ਸੂਚੀਆਂ ਦੀ ਅਖੌਤੀ 'ਵਿਸ਼ੇਸ਼ ਮੁੜ ਸੁਧਾਈ' ਮੁਹਿੰਮ, ਜੋ ਕਿ ਦਰਅਸਲ ਵਿਸ਼ੇਸ਼ ਨਿਸ਼ਾਨਾ ਬਣਾ ਕੇ ਵੋਟਰਾਂ ਨੂੰ ਖਾਰਜ ਕਰਨ ਦੀ ਕਸਰਤ ਸਾਬਤ ਹੋ ਰਹੀ ਹੈ ਅਤੇ ਰਾਹੁਲ ਗਾਂਧੀ ਦੀ 7 ਅਗਸਤ ਦੀ ਪ੍ਰੈੱਸ ਕਾਨਫਰੰਸ, ਜਿਸ ਨੇ ਬੈਂਗਲੂਰੂ ਸੈਂਟਰਲ ਲੋਕ ਸਭਾ ਹਲਕੇ ਤਹਿਤ ਆਉਂਦੇ ਸਿਰਫ ਇੱਕ ਵਿਧਾਨ ਸਭਾ ਹਲਕੇ ਵਿੱਚ ਇੱਕ ਲੱਖ ਤੋਂ ਵੱਧ ਜਾਲ੍ਹੀ ਵੋਟਰ ਜੋੜੇ ਜਾਣ ਦੇ ਰੂਪ ਵਿੱਚ ਚੋਣ-ਚੋਰੀ ਉਤੇ ਚਾਨਣ ਪਾਇਆ, ਨੇ ਪੂਰੇ ਦੇਸ਼ ਵਿੱਚ 'ਵੋਟ ਚੋਰੀ' ਦੀ ਚਰਚਾ ਛੇੜ ਦਿੱਤੀ। ਚੋਣ ਕਮਿਸ਼ਨ ਚਾਹੁੰਦਾ ਹੈ ਕਿ ਅਸੀਂ 65 ਲੱਖ ਵੋਟਰਾਂ ਦੇ ਸਫਾਏ ਨੂੰ 'ਚੋਣ ਸੂਚੀਆਂ ਦੇ ਸ਼ੁੱਧੀਕਰਨ' ਵਜੋਂ ਸਵੀਕਾਰ ਕਰੀਏ, ਜੋ ਕਿ ਹਕੀਕਤ ਵਿੱਚ ਚੋਣ ਮੈਦਾਨ ਦੀ 'ਨਸਲੀ ਸਫਾਈ' ਕਰਨ ਵਰਗਾ ਜਾਪਦਾ ਹੈ, ਜਦੋਂਕਿ ਸਾਰੀ ਦੁਨੀਆ ਹੁਣ ਦੇਖ ਸਕਦੀ ਹੈ ਕਿ ਜਿਉਂਦੇ ਲੋਕਾਂ ਨੂੰ ਮ੍ਰਿਤਕ ਘੋਸ਼ਿਤ ਕੀਤਾ ਜਾ ਰਿਹਾ ਹੈ ਅਤੇ ਬਿਹਾਰ ਦੇ ਉਹ ਨਿਵਾਸੀ, ਜੋ ਰੋਜ਼ੀ ਰੁਜ਼ਗਾਰ ਦੀ ਭਾਲ ਵਿੱਚ ਦੂਜੇ ਸੂਬਿਆਂ ਵਿੱਚ ਪਰਵਾਸ ਕਰਨ ਲਈ ਮਜਬੂਰ ਹਨ, ਨੂੰ ਬਾਹਰੀ ਲੋਕ ਕਹਿ ਕੇ ਬਿਹਾਰ ਦੀਆਂ ਚੋਣ ਸੂਚੀਆਂ ਵਿੱਚੋਂ ਹਟਾਇਆ ਜਾ ਰਿਹਾ ਹੈ। ਨਰਿੰਦਰ ਮੋਦੀ ਨੇ ਉਮੀਦ ਮੁਤਾਬਕ ਅਪਣੇ ਸੁਤੰਤਰਤਾ ਦਿਵਸ ਭਾਸ਼ਣ ਵਿੱਚ ਵੋਟਰਾਂ ਨੂੰ ਥੋਕ ਵਿੱਚ ਅਯੋਗ ਕਰਾਰ ਦੇਣ ਦੀ ਇਸ ਐੱਸ ਆਈ ਆਰ ਮੁਹਿੰਮ ਬਾਰੇ ਇਕ ਸ਼ਬਦ ਵੀ ਨਹੀਂ ਕਿਹਾ।

ਉਨ੍ਹਾ ਆਪਣੇ 103 ਮਿੰਟ ਦੇ ਲੰਮੇ ਭਾਸ਼ਣ ਦੇ ਅੰਤ ਵਿੱਚ ਜੋ ਕਿਹਾ, ਉਸ ਨੇ ਐੱਸ ਆਈ ਆਰ ਅਤੇ ਸਰਕਾਰ ਦੇ ਹੋਰ ਸੰਬੰਧਤ ਉਪਾਵਾਂ ਨੂੰ ਇਸ ਦੇ ਰਣਨੀਤਕ ਪਰਿਪੇਖ ਵਿੱਚ ਰੱਖਿਆ। ਮੋਦੀ ਨੇ ਘੁਸਪੈਠ ਨੂੰ ਦੇਸ਼ ਸਾਹਮਣੇ ਇੱਕ ਗੰਭੀਰ ਚੁਣੌਤੀ ਵਜੋਂ ਪੇਸ਼ ਕੀਤਾ, ਇਸ ਨੂੰ ਕੌਮੀ ਸੁਰੱਖਿਆ ਲਈ ਖਤਰਾ ਅਤੇ ਭਾਰਤ ਦੀ ਜਨਸੰਖਿਆ ਦੀ ਬਣਤਰ ਨੂੰ ਬਦਲਣ ਦੀ ਸੋਚੀ-ਸਮਝੀ ਸਾਜ਼ਿਸ਼ ਦਾ ਦੋਸ਼ ਲਗਾਇਆ। ਇਹ ਭਾਸ਼ਣ ਘੁਸਪੈਠੀਆਂ ਦੇ ਡਰਾਵੇ ਦੇ ਖਿਲਾਫ ਇਕ ਤਰ੍ਹਾਂ ਜ਼ਹਿਰੀਲੀ ਬੰਬਾਰੀ ਹੀ ਬਣ ਗਿਆ, ਉਨ੍ਹਾਂ ਉਤੇ 'ਸਾਡੇ ਨੌਜਵਾਨਾਂ ਦੀ ਰੋਜ਼ੀ-ਰੋਟੀ ਖੋਹਣ', 'ਸਾਡੀਆਂ ਭੈਣਾਂ ਅਤੇ ਧੀਆਂ ਨੂੰ ਨਿਸ਼ਾਨਾ ਬਣਾਉਣ', 'ਮਾਸੂਮ ਆਦਿਵਾਸੀਆਂ ਨੂੰ ਗੁੰਮਰਾਹ ਕਰਨ ਅਤੇ ਉਨ੍ਹਾਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਕਰਨ' ਅਤੇ 'ਰਾਸ਼ਟਰੀ ਸੁਰੱਖਿਆ ਲਈ ਸੰਕਟ ਪੈਦਾ ਕਰਨ' ਵਰਗੇ ਦੋਸ਼ ਲਾਏ ਗਏ।

ਪੀ ਐਮ ਮੋਦੀ ਨੇ ਫਿਰ ਘੁਸਪੈਠ ਸੰਕਟ ਦੀ ਜਾਂਚ ਕਰਨ ਅਤੇ ਭਾਰਤ ਨੂੰ 'ਘੁਸਪੈਠ-ਮੁਕਤ' ਬਣਾਉਣ ਲਈ ਉਪਾਅ ਸੁਝਾਉਣ ਲਈ ਇੱਕ 'ਹਾਈ-ਪਾਵਰਡ ਡੈਮੋਗ੍ਰਾਫਿਕ ਮਿਸ਼ਨ' ਬਣਾਉਣ ਦਾ ਵੀ ਐਲਾਨ ਕੀਤਾ।

ਝਾਰਖੰਡ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਚੋਣ ਮੁਹਿੰਮ ਦਾ ਜੋੜ ਅਤੇ ਸਾਰ ਇਹੀ ਸੀ ਅਤੇ ਬਿਹਾਰ ਦੀ ਐੱਸ ਆਈ ਆਰ ਮੁਹਿੰਮ ਨੂੰ ਵੀ ਬੰਗਲਾਦੇਸ਼ ਅਤੇ ਮਿਆਂਮਾਰ ਤੋਂ ਘੁਸਪੈਠ ਦੇ ਇਸ ਡਰਾਵੇ ਨੂੰ ਉਭਾਰ ਕੇ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਸਾਮ ਵਿੱਚ ਐੱਨ ਆਰ ਸੀ ਦਾ ਪੂਰਾ ਏਜੰਡਾ 'ਡੈਮੋਗਰਾਫੀ ਬਚਾਓ' ਮੁਹਿੰਮ ਹੀ ਸੀ। ਇਹ ਵੱਖਰੀ ਗੱਲ ਹੈ ਕਿ ਭਾਜਪਾ ਦਾ ਘੁਸਪੈਠ ਵਿਰੋਧੀ ਹਿਸਟੀਰੀਆ ਝਾਰਖੰਡ ਵਿੱਚ ਸਪੱਸ਼ਟ ਤੌਰ 'ਤੇ ਅਸਫਲ ਰਿਹਾ, ਬਿਹਾਰ ਵਿੱਚ ਵੀ ਭਾਵੇਂ ਕਿ 65 ਲੱਖ ਨਾਂਅ ਵੱਖ-ਵੱਖ ਬਹਾਨਿਆਂ ਨਾਲ ਹਟਾਏ ਜਾ ਚੁੱਕੇ ਹਨ, ਪਰ ਹੁਣ ਤੱਕ ਇੱਕ ਵੀ 'ਵਿਦੇਸ਼ੀ ਨਾਗਰਿਕ' ਦੀ ਪਛਾਣ ਨਹੀਂ ਹੋਈ। ਅਸਾਮ ਵਿੱਚ ਛੇ ਸਾਲ ਅਤੇ ਐੱਨ ਆਰ ਸੀ ਦੇ ਦੋ ਦੌਰਾਂ ਤੋਂ ਬਾਅਦ ਵੀ ਭਾਜਪਾ ਸਰਕਾਰ ਅਜੇ ਵੀ ਆਪਣੇ ਘੁਸਪੈਠ ਵਿਰੋਧੀ ਹਿਸਟੀਰੀਏ ਦੇ ਰਾਸ ਆਉਂਦੇ 'ਸੰਪੂਰਣ ਐੱਨ ਆਰ ਸੀ' ਦੀ ਖੋਜ ਵਿੱਚ ਹੈ।

ਹਿੰਦੂਤਵ ਹਿਸਟੀਰੀਏ ਨੂੰ ਉਭਾਰਦਿਆਂ ਮੋਦੀ ਨੇ ਉਸ ਸੰਸਥਾ ਨੂੰ ਵੀ ਸਿਹਰਾ ਦਿੱਤਾ, ਜਿਸ ਨੇ ਇਸ ਦੀ ਸ਼ੁਰੂਆਤ ਕੀਤੀ ਅਤੇ ਸੌ ਸਾਲਾਂ ਤੋਂ ਇਸ ਏਜੰਡੇ ਨੂੰ ਨਿਰੰਤਰ ਅੱਗੇ ਵਧਾਇਆ-ਰਾਸ਼ਟਰੀ ਸਵੈਮਸੇਵਕ ਸੰਘ, ਪਰ ਅਜਿਹਾ ਕਰਦਿਆਂ, ਅਜੀਬੋ-ਗਰੀਬ ਤੌਰ 'ਤੇ ਉਨ੍ਹਾਂ ਇਸ ਨੂੰ ਦੁਨੀਆ ਦਾ ਸਭ ਤੋਂ ਵੱਡਾ ਐੱਨ ਜੀ ਓ ਕਿਹਾ। ਉਨ੍ਹਾ ਨੂੰ ਇਹ ਵੀ ਜੋੜਨਾ ਚਾਹੀਦਾ ਸੀ ਕਿ ਇਹ ਸਭ ਤੋਂ ਵੱਡਾ 'ਐੱਨ ਜੀ ਓ' ਦੁਨੀਆ ਦਾ ਸਭ ਤੋਂ ਵੱਡਾ ਭੂਤੀਆ ਐੱਨ ਜੀ ਓ ਵੀ ਹੈ, ਜਿਸ ਦਾ ਕਦੇ ਵੀ ਕੋਈ ਰਜਿਸਟ੍ਰੇਸ਼ਨ ਜਾਂ ਆਡਿਟ ਨਹੀਂ ਹੋਇਆ ਜਾਂ ਉਹ ਇਸ ਨੂੰ ਇੱਕ 'ਨਾਨ ਸਟੇਟ ਐਕਟਰ' ਵੀ ਕਹਿ ਸਕਦੇ ਸਨ, ਜੋ ਹੁਣ ਪੂਰੀ ਖੁੱਲ੍ਹ ਨਾਲ ਸਟੇਟ ਨਾਲ ਮਿਲ ਕੇ ਕੰਮ ਕਰਦਾ ਹੈ। ਭਾਜਪਾ ਲਈ ਸੁਤੰਤਰਤਾ ਦਿਵਸ ਹੁਣ ਮੁੱਖ ਤੌਰ 'ਤੇ ਦੇਸ਼ ਦੀ ਵੰਡ ਨੂੰ ਯਾਦ ਕਰਨ ਅਤੇ ਮੁਸਲਮਾਨਾਂ ਨੂੰ ਬੀਤੇ ਵਿਚਲੇ ਵੰਡ ਦੇ ਦੋਸ਼ੀ ਅਤੇ ਵਰਤਮਾਨ ਵਿੱਚ ਅੱਤਵਾਦੀ ਜਾਂ ਘੁਸਪੈਠੀਏ ਵਜੋਂ ਪ੍ਰਚਾਰਨ ਦਾ ਹੀ ਮੌਕਾ ਜਾਪਦਾ ਹੈ।


ਪੈਟਰੋਲੀਅਮ ਮੰਤਰਾਲੇ ਦੇ ਸੁਤੰਤਰਤਾ ਦਿਵਸ ਦੇ ਇਸ਼ਤਿਹਾਰ ਵਿੱਚ ਸਾਵਰਕਰ ਨੂੰ ਗਾਂਧੀ ਤੋਂ ਉਪਰ ਰੱਖਿਆ ਗਿਆ ਸੀ, ਜਦਕਿ ਇੱਕ ਐੱਨ ਸੀ ਈ ਆਰ ਟੀ ਮਡਿਊਲ 1940 ਦੇ ਦਹਾਕੇ ਵਿੱਚ ਦੇਸ਼ ਦੀ ਖੂਨੀ ਵੰਡ ਲਈ ਕਾਂਗਰਸ, ਮੁਸਲਿਮ ਲੀਗ ਅਤੇ ਮਾਊਂਟਬੈਟਨ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ, ਪਰ ਉਹ ਇਸ ਤੱਥ ਨੂੰ ਛੁਪਾ ਲੈਂਦਾ ਹੈ ਕਿ ਸਭ ਤੋਂ ਪਹਿਲਾਂ ਹਿੰਦੂ ਰਾਸ਼ਟਰ ਦੀ ਗੱਲ ਕਰਨ ਵਾਲਾ ਸਾਵਰਕਰ ਹੀ ਸੀ। 'ਕਸ਼ਮੀਰ ਫਾਈਲਜ਼' ਦੇ ਬਦਨਾਮ ਫਿਲਮ ਨਿਰਮਾਤਾ ਵੱਲੋਂ ਹੁਣ 2026 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੱਛਮੀ ਬੰਗਾਲ ਵਿੱਚ ਫਿਰਕੂ ਜਜ਼ਬਾਤਾਂ ਨੂੰ ਭੜਕਾਉਣ ਲਈ ਇਕ ਹੋਰ ਰਾਜਨੀਤਕ ਡਰਾਮਾ ਫਿਲਮ 'ਦਿ ਬੰਗਾਲ ਫਾਈਲਜ਼' ਨਾਮਕ ਸੀਕੁਅਲ ਲਿਆਂਦਾ ਜਾ ਰਿਹਾ ਹੈ। ਜਿਵੇਂ ਹੀ ਅਸੀਂ ਭਾਰਤ ਦੀ ਆਜ਼ਾਦੀ ਦੇ 79ਵੇਂ ਸਾਲ ਵਿੱਚ ਪ੍ਰਵੇਸ਼ ਕਰਦੇ ਹਾਂ, ਸਾਨੂੰ ਇਸ ਦੇ ਮੂਲ ਸਿਧਾਂਤ 'ਇੱਕ ਵਿਅਕਤੀ, ਇੱਕ ਵੋਟ' ਉਤੇ ਛਾਏ ਫਾਸ਼ੀਵਾਦੀ ਖਤਰੇ ਵਿਰੁੱਧ ਹਰ ਸੰਭਵ ਤਰੀਕੇ ਨਾਲ ਲੜਨਾ ਚਾਹੀਦਾ ਹੈ ਅਤੇ ਸੰਵਿਧਾਨ, ਲੋਕਤੰਤਰ ਅਤੇ ਆਜ਼ਾਦੀ ਦਾ ਲੋਕ ਸ਼ਕਤੀ ਨਾਲ ਬਚਾਅ ਕਰਦਿਆਂ ਅਖੌਤੀ 'ਹਾਈ-ਪਾਵਰਡ ਡੈਮੋਗ੍ਰਾਫਿਕ ਮਿਸ਼ਨ' ਨੂੰ ਅਤੇ ਹਿੰਦੂ ਰਾਸ਼ਟਰ ਸਥਾਪਤ ਕਰਨ ਦੇ ਫਾਸ਼ਿਸਟ ਮਨੋਰਥ ਨੂੰ ਮੁਕੰਮਲ ਤੌਰ 'ਤੇ ਹਰਾਉਣਾ ਚਾਹੀਦਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸਮਕਾਲੀ ਵਰਤਾਰਿਆਂ ਦਾ ਵਾਸਤਵਿਕ ਬਿਰਤਾਂਤ

## ਡਲਿਵਰੀ ਮੈਨ

(ਕਹਾਣੀ ਸੰਗ੍ਰਹਿ)
**ਭਗਵੰਤ ਰਸੂਲਪੁਰੀ**
**ਪੰਨੇ-192, ਮੁੱਲ-295 ਰੁਪਏ**
**ਵ੍ਹਾਈਟ ਕਰੋਅ ਪਬਲੀਕੇਸ਼ਨ, ਮਾਨਸਾ**




**ਫੋਕਸ**



**ਚਰਚਾ ਇਕ ਪੁਸਤਕ ਦੀ**

**ਡਾ. ਕੁਲਵਿੰਦਰ ਸਿੰਘ**

ਪੰਜਾਬੀ ਕਹਾਣੀ ਜਗਤ ਵਿਚ ਭਗਵੰਤ ਰਸੂਲਪੁਰੀ ਇਕ ਵਿਲੱਖਣ ਪ੍ਰਤਿਭਾ ਵਾਲਾ ਕਥਾਕਾਰ ਹੈ। ਵੱਖ-ਵੱਖ ਵਿਸ਼ਿਆਂ ਨੂੰ ਲੈ ਕੇ ਕਹਾਣੀ ਸਿਰਜਣਾ ਤੇ ਉਨ੍ਹਾਂ ਵਿਸ਼ਿਆਂ ਨੂੰ ਵਧੇਰੇ ਪ੍ਰਤੀਬੱਧਤਾ ਨਾਲ ਨਿਭਾਉਣਾ ਉਸ ਦੀ ਪ੍ਰਾਪਤੀ ਹੈ। ਉਹ ਆਪਣੇ ਕਥਾ-ਵਸਤੂ ਵਿਚ ਵਾਸਤਵਿਕਤਾ ਨੂੰ ਹਥਿਆਰ ਬਣਾ ਕੇ ਵਰਤਦਾ ਹੈ। ਉਹ ਪਰੰਪਰਾ ਤੋਂ ਪ੍ਰਚੱਲਿਤ ਧਾਰਨਾਵਾਂ ਨੂੰ ਉਸੇ ਰੂਪ ਵਿਚ ਮੰਨਣੋਂ ਇਨਕਾਰੀ ਹੈ, ਜਿਸ ਕਾਰਨ ਉਹ ਆਪਣੀਆਂ ਰਚਨਾਵਾਂ ਨੂੰ ਇਕ ਵੱਖਰੇ ਨਿਯਮ ਪ੍ਰਬੰਧ ਤੇ ਪਾਰਖੂ ਦ੍ਰਿਸ਼ਟੀ ਰਾਹੀਂ ਸਿਰਜਦਾ ਹੋਇਆ ਲੁਪਤ ਸੱਚ ਨੂੰ ਸਾਹਮਣੇ ਲਿਆਉਣ ਲਈ ਨਿਰੰਤਰ ਯਤਨਸ਼ੀਲ ਰਹਿੰਦਾ ਹੈ। ਰਸੂਲਪੁਰੀ ਦੀ ਕਥਾ-ਵਸਤੂ ਕਿਸੇ ਅਜਿਹੇ ਅੰਤਿਮ ਸੱਚ ਨੂੰ ਮੰਨਣ ਤੋਂ ਇਨਕਾਰੀ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਉਹ ਸੱਚ ਭੋਗਦੇ ਅਤੇ ਉਸ 'ਤੇ ਪ੍ਰਤੀਕਰਮ ਕਰਦੇ ਹਨ, ਜਿਹੜਾ ਸੱਚ ਉਹਨਾਂ ਨੂੰ ਪ੍ਰਸਥਿਤੀਆਂ ਦੇ ਰਹੀਆਂ ਹਨ।

ਭਗਵੰਤ ਰਸੂਲਪੁਰੀ ਨੇ ਇਸ ਤੋਂ ਪਹਿਲਾਂ ਪੰਜ ਕਹਾਣੀ ਸੰਗ੍ਰਹਿ 'ਮੈਂ ਸ਼ੈਤਾਨ ਤੇ ਇੰਦੂਮਣੀ', 'ਤੀਜਾ ਨੇਤਰ', 'ਕੁਵੇਲੇ ਤੁਰਿਆ ਪਾਂਧੀ', 'ਮਰਨ ਰੁੱਤ' ਅਤੇ 'ਕੁੰਭੀ ਨਰਕ' ਕਥਾ-ਸੰਗ੍ਰਹਿ ਰਚ ਕੇ ਪੰਜਾਬੀ ਸਾਹਿਤ ਵਿਚ ਅਥਾਹ ਵਾਧਾ ਕੀਤਾ ਹੈ। ਵਿਚਾਰਧੀਨ ਕਥਾ ਸੰਗ੍ਰਹਿ ਡਲਿਵਰੀ ਮੈਨ ਰਾਹੀਂ ਉਹ ਸਮਕਾਲੀ ਮਨੁੱਖੀ ਜੀਵਨ ਸ਼ੈਲੀ ਨੂੰ ਆਪਣੇ ਗਲਪੀ ਬਿੰਬ ਰਾਹੀਂ ਉਭਾਰਦਾ ਹੈ।

ਕਹਾਣੀ 'ਡਲਿਵਰੀ ਮੈਨ' ਨਿਵੇਕਲੇ ਵਿਸ਼ੇ ਨੂੰ ਪ੍ਰਗਟਾਉਂਦੀ ਹੈ। ਬਹੁਕੌਮੀ ਵਪਾਰਕ ਕੰਪਨੀਆਂ ਅਜੋਕੇ ਮਨੁੱਖ ਨੂੰ ਘਰ ਬੈਠਿਆਂ ਹੀ ਹਰ ਕਿਸਮ ਦੀਆਂ ਵਸਤਾਂ ਤੇ ਸੇਵਾਵਾਂ ਉਪਲੱਬਧ ਕਰਵਾਉਂਦੀਆਂ ਹਨ। ਸ਼ਹਿਰੀ ਖ਼ਪਤਵਾਦੀ ਰੁਚੀਆਂ ਦਾ ਧਾਰਨੀ ਮਨੁੱਖ ਸਮਕਾਲ ਸਮੇਂ ਡਲਿਵਰੀ ਰਾਹੀਂ ਘਰ ਬੈਠਿਆਂ ਹੀ ਵਸਤਾਂ ਅਤੇ ਸੇਵਾਵਾਂ ਪ੍ਰਾਪਤ ਕਰਨ ਦਾ ਆਦੀ ਹੋ ਰਿਹਾ ਹੈ। ਕਥਾਕਾਰ ਆਪਣੇ ਕਥਾ ਬਿਰਤਾਂਤ ਰਾਹੀਂ ਮੁਹੱਈਆ ਕਰਵਾਈਆਂ ਜਾਂਦੀਆਂ ਸੇਵਾਵਾਂ ਨੂੰ ਆਲੋਚਨਾਤਮਿਕ ਰੂਪ ਵਿਚ ਪ੍ਰਗਟਾਉਂਦਾ ਹੈ। ਬਾਰੀਕ ਅੱਖਰਾਂ 'ਚ ਲਿਖਿਆ ਗੀਤਾ ਨੇ ਪੜ੍ਹਿਆ… ਹਰ ਤਰ੍ਹਾਂ ਦੇ ਕੰਮ ਲਈ ਮਿਲੋ…ਸੈਨੇਟਰੀ ਦੀ ਰੀਪੇਅਰ, ਆਰ. ਓ. ਫਿਲਟਰ ਦੀ ਸਰਵਿਸ, ਘਰਾਂ 'ਚ ਹਰ ਤਰ੍ਹਾਂ ਦੇ ਸਾਮਾਨ ਦੀ ਸਪਲਾਈ, ਸਿਰ ਦਰਦ, ਕਮਰ ਦਰਦ, ਲੱਤਾਂ-ਪੈਰਾਂ ਦੀ ਮਸਾਜ਼ ਦੇ ਮਾਹਰ, ਕੋਰੀਅਰ, ਪ੍ਰਾਪਰਟੀ, ਵਰ-ਕੰਨਿਆ ਦੀ ਲੋੜ, ਕੈਟਰਿੰਗ, ਇੱਟਾਂ-ਰੇਤਾ ਬੱਜਰੀ, ਕਿਰਾਏ ਦੇ ਘਰ, ਕਿਰਿਆ ਤੇ ਵਿਆਹ ਦੀਆਂ ਰਸਮਾਂ, ਜੋਤਿਸ਼, ਕੁੰਡਲੀ ਤੇ ਬਜ਼ੁਰਗਾਂ ਦੀ ਸਾਂਭ ਸੰਭਾਲ ਲਈ ਪ੍ਰਬੰਧ ਆਦਿ।

ਕਹਾਣੀ ਦੇ ਕੇਂਦਰੀ ਪਾਤਰ ਕੇਵਲ ਕ੍ਰਿਸ਼ਨ ਨੂੰ ਬੀ. ਟੈਕ ਦੀ ਡਿਗਰੀ ਹਾਸਲ ਕਰਨ ਉਪਰੰਤ ਵੀ ਰੁਜ਼ਗਾਰ ਨਹੀਂ ਮਿਲਦਾ, ਜਿਸ ਕਾਰਨ ਉਹ ਡਲਿਵਰੀ ਦਾ ਕੰਮ ਚੁਣਦਾ ਹੈ। ਰਚਨਾਕਾਰ ਸੱਤਾ ਦੇ ਨੌਜਵਾਨਾਂ ਵਿਰੋਧੀ ਮਨਸੂਬਿਆਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ ਕਿ ਡਿਗਰੀਆਂ ਪ੍ਰਾਪਤ ਸਮਕਾਲੀ ਨੌਜਵਾਨ ਵਰਗ ਅਜਿਹਾ ਕੰਮ ਕਰਨ ਲਈ ਮਜਬੂਰ ਤੇ ਬੇਵੱਸ ਹੈ। ਉਹ ਅਜਿਹੇ ਲਾਲਚੀ ਮਨੁੱਖ ਦੀ ਪ੍ਰਤੀਨਿਧਤਾ ਕਰਦਾ ਹੈ, ਜਿਹੜਾ ਗਾਹਕ ਨੂੰ ਆਪਣੇ ਜਾਲ ਵਿਚ ਫਸਾਉਣ 'ਚ ਮਾਹਰ ਹੈ। ਉਹ ਆਪਣੇ ਪਿਤਾ ਦੀ ਮੌਤ ਦੇ ਦੁੱਖ ਨਾਲੋਂ ਪੂੰਜੀ ਅਤੇ ਮਨੋ-ਸਰੀਰਕ ਲੋੜਾਂ ਨੂੰ ਵਧੇਰੇ ਪ੍ਰਮੁੱਖਤਾ ਦਿੰਦਾ ਹੈ।

ਰਸੂਲਪੁਰੀ ਆਪਣੇ ਪਾਤਰਾਂ ਦੀਆਂ ਦਮਿਤ ਭਾਵਨਾਵਾਂ ਨੂੰ ਉਜਾਗਰ ਕਰਨ ਵਿਚ ਵਧੇਰੇ ਸਮਰੱਥ ਕਥਾਕਾਰ ਹੈ। ਗੀਤਾ ਕਾਲਜ ਅਧਿਆਪਕਾ ਹੋਣ ਦੇ ਬਾਵਜੂਦ ਇਕੱਲਤਾ ਵਾਲਾ ਜੀਵਨ ਗੁਜ਼ਾਰਨਾ ਚਾਹੁੰਦੀ ਹੈ। ਉਸ ਦੇ ਮਾਪੇ, ਆਂਢ-ਗੁਆਂਢ, ਸਹਿਕਰਮੀ ਅਧਿਆਪਕ ਆਦਿ ਉਸ ਨੂੰ ਨਵੀਂ ਜ਼ਿੰਦਗੀ ਜਿਉਣ ਲਈ ਪ੍ਰੇਰਦੇ ਹਨ, ਪਰੰਤੂ ਉਹ ਆਪਣੇ ਅਨੁਸਾਰ ਜਿਉਣਾ ਬਿਹਤਰ ਸਮਝਦੀ ਹੈ। ਉਸ ਦਾ ਮਰਦਾਂ ਨੂੰ ਵਧੇਰੇ ਨਫ਼ਰਤ ਦਾ ਕਾਰਨ ਜਵਾਨ ਅਵਸਥਾ ਸਮੇਂ ਮਾਮੇ ਦੇ ਮੁੰਡੇ ਦੁਆਰਾ ਰੇਪ ਕਰਨਾ ਹੈ, ਜਿਸ ਨੂੰ ਉਸ ਦੇ ਮਾਪੇ ਤੇ ਨਾਨਕੇ ਚੁੱਪ ਰਹਿਣ ਲਈ ਕਹਿੰਦੇ ਹਨ। ਵਿਆਹ ਉਪਰੰਤ ਪਤੀ ਦੇ ਅਜਿਹੇ ਵਿਵਹਾਰ ਕਾਰਨ ਉਸ ਨੂੰ ਛੱਡ ਜ਼ਿੰਦਗੀ 'ਚ ਅੱਗੇ ਵਧਣ ਦਾ ਫੈਸਲਾ ਕਰਦੀ ਹੈ। ਦੂਜੇ ਪਾਸੇ ਅਜਿਹੀਆਂ ਔਰਤ ਪਾਤਰ ਵੀ ਹਨ, ਜਿਹੜੀਆਂ ਪੈਸੇ ਕਾਰਨ ਆਪਣੀ ਸਰੀਰਕ ਤੇ ਮਾਨਸਿਕ ਤ੍ਰਿਪਤੀ ਕਰਦੀਆਂ ਹਨ। ਕਥਾਕਾਰ ਇਸ ਕਹਾਣੀ ਰਾਹੀਂ ਅਜੋਕੇ ਮਾਨਵ ਦੇ ਅਮਾਨਵੀ ਵਿਵਹਾਰ ਅਤੇ ਮਨਸੂਈ ਬੁੱਧੀ ਪੂੰਜੀਵਾਦੀ ਵਰਤਾਰਿਆਂ ਨੂੰ ਆਲੋਚਨਾਤਮਿਕ ਰੂਪ ਵਿਚ ਚਿਤਰਦਾ ਹੋਇਆ ਅਜੋਕੇ ਮਨੁੱਖ ਨੂੰ ਨੈਤਿਕ ਕਦਰਾਂ-ਕੀਮਤਾਂ, ਸੰਵੇਦਨਸ਼ੀਲਤਾ ਅਤੇ ਖ਼ੂਨ ਦੇ ਰਿਸ਼ਤਿਆਂ ਨਾਲ ਜੋੜਨ ਦਾ ਕਾਰਜ ਕਰਦਾ ਹੈ।

ਕਹਾਣੀ 'ਰਵੀ ਡਿਫੈਂਡਰ' ਖੇਡ-ਜਗਤ ਵਿਚ ਹੁੰਦੀਆਂ ਧਾਂਦਲੀਆਂ ਨੂੰ ਸਨਮੁੱਖ ਕਰਦੀ ਹੈ। ਦੇਸ਼ ਲਈ ਖੇਡਣ ਵਾਲੇ ਕਾਬਲ ਖਿਡਾਰੀਆਂ ਨੂੰ ਖੇਡ ਸੰਸਾਰ ਨਾਲ ਜੁੜੇ ਪ੍ਰਬੰਧਕ, ਕੋਚ, ਡਾਇਰੈਕਟਰ ਆਦਿ ਆਪਣੀਆਂ ਕੂਟਨੀਤੀਆਂ ਸਦਕਾ ਪਿੱਛੇ ਧਕੇਲਦੇ ਹੋਏ ਆਪਣੇ ਚਹੇਤਿਆਂ ਤੇ ਪਿਛਲੱਗੂਆਂ ਨੂੰ ਨੌਕਰੀਆਂ ਤੇ ਅਹੁਦਿਆਂ ਨਾਲ ਨਿਵਾਜਦੇ ਹਨ। ਕੇਂਦਰੀ ਪਾਤਰ ਰਵੀ ਕੁਮਾਰ 'ਅੰਤਰ-ਰਾਸ਼ਟਰੀ ਗੋਲਡਨ ਏਸ਼ੀਆ ਕੱਪ' ਜਿੱਤਣ ਲਈ ਆਪਣੀ ਪੂਰੀ ਜ਼ਿੰਦਗੀ ਦਾਅ 'ਤੇ ਲਗਾਉਂਦਾ ਹੈ, ਕਿਉਂਕਿ ਉਹ ਆਪਣੇ ਦੇਸ਼ ਲਈ ਖੇਡਦਾ ਹੈ, ਜਦੋਂ ਕਿ ਟੀਮ ਦਾ ਕੋਚ ਮੈਚ ਹਾਰਨ ਲਈ ਕਹਿੰਦਾ ਹੈ। ਕਥਾਕਾਰ ਖੇਡ ਸੰਸਾਰ ਵਿਚ ਹੁੰਦੇ ਗੁਪਤ ਸਮਝੌਤਿਆਂ ਨੂੰ ਪਾਤਰਾਂ ਦੇ ਸੰਵਾਦ ਰਾਹੀਂ ਉਜਾਗਰ ਕਰਦਾ ਹੈ। …ਉਦੋਂ ਅੰਤਮ ਮੈਚ ਸੀ। ਟੀਮ ਦੇ ਕੋਚ ਨੇ ਰਵੀ ਨੂੰ ਸਖ਼ਤੀ ਨਾਲ ਕਿਹਾ ਕਿ ਤੁਸੀਂ ਮੈਚ ਹਰ ਹਾਲਤ ਵਿਚ ਹਾਰਨਾ ਏ। ਸਾਡੇ ਉੱਪਰ ਮੇਜ਼ਬਾਨ ਕੰਟਰੀ ਦਾ ਬਹੁਤ ਦਬਾਅ ਏ।…ਜੇ ਅਜਿਹਾ ਨਹੀਂ ਕਰੇਂਗਾ ਤਾਂ ਭਵਿੱਖ ਵਿਚ ਟੀਮ 'ਚ ਨਹੀਂ ਖੇਡ ਸਕੇਂਗਾ।…ਲੈ ਫੇ ਹੁਣ ਵੇਖੀ ਜਾਊ ਜੋ ਹੋਊ…ਮੈਂ ਇੰਡੀਆ ਦੀ ਲਾਜ ਰੱਖਣੀ ਏ…ਲੈ ਫੇ ਰਵੀ ਹੁਣ ਖੇਡਣ ਲੱਗਾ ਆਪਣੀ ਗੇਮ…।

ਰਵੀ ਕੁਮਾਰ ਨੂੰ ਇਸ ਜਿੱਤ ਦਾ ਸਾਰੀ ਉਮਰ ਖਮਿਆਜ਼ਾ ਭੁਗਤਣਾ ਪਿਆ। ਉਸ ਨੂੰ ਟੀਮ ਇੰਡੀਆ ਵਿਚ ਖੇਡਣ ਦਾ ਮੌਕਾ ਨਹੀਂ ਮਿਲਦਾ। ਇਸ ਉਪਰੰਤ ਉਸ ਦੇ ਪੁੱਤਰ ਆਰੀਅਨ ਨੂੰ ਅਜਿਹੇ ਭ੍ਰਿਸ਼ਟ ਖੇਡ ਤੰਤਰ ਦੀਆਂ ਭੈੜੀਆਂ ਨੀਤੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ, ਜਿਸ ਦੀ ਬਦੌਲਤ ਨਿਰੀਖਣ ਕਮੇਟੀ ਦੇ ਅਹੁਦੇਦਾਰ ਉਸ ਨੂੰ ਟੀਮ ਵਿਚ ਸ਼ਾਮਲ ਨਹੀਂ ਕਰਦੇ। ਕਥਾਕਾਰ ਇਸ ਕਹਾਣੀ ਰਾਹੀਂ ਖੇਡ ਜਗਤ ਵਿਚ ਵਧਦੇ ਭਾਈ-ਭਤੀਜਾਵਾਦ, ਸਿਫਾਰਸ਼ਾਂ, ਕੋਚਾਂ ਤੇ ਪ੍ਰਬੰਧਕਾਂ ਦੀ ਮਿਲੀਭੁਗਤ ਦੁਆਰਾ ਕਾਬਲ ਖਿਡਾਰੀਆਂ ਨੂੰ ਬਾਹਰ ਕਰਨ ਦੇ ਦੇਸ਼ ਵਿਰੋਧੀ ਮਨਸੂਬਿਆਂ ਨੂੰ ਭੰਡਦਾ ਹੈ।

ਕਹਾਣੀ 'ਰੰਗਾਂ ਦੀ ਸਾਂਝ-ਸਮਾਜ ਵਿਗਿਆਨ' ਵੱਖਰੇ ਦ੍ਰਿਸ਼ਟੀਕੋਣ ਰਾਹੀਂ ਦਲਿਤ ਚੇਤਨਾ ਨੂੰ ਉਭਾਰਦੀ ਹੈ। ਪ੍ਰੋ. ਨਰਿੰਦਰ ਨਾਗ ਦਲਿਤ ਸਮਾਜ ਦਾ ਪ੍ਰਤੀਨਿਧ ਪਾਤਰ ਹੈ, ਜਦਕਿ ਉਸ ਦੀ ਪਤਨੀ ਪੂਜਾ ਸਵਰਨ ਸਮਾਜ ਨਾਲ ਸੰਬੰਧਤ ਹੈ। ਨਰਿੰਦਰ ਆਪਣੇ ਸਮਾਜ ਦੇ ਇਤਿਹਾਸ ਨੂੰ ਉਜਾਗਰ ਕਰਨ ਲਈ 'ਟਰੈਜ਼ਡੀ' ਨਾਂਅ ਦੀ ਪੇਂਟਿੰਗ ਬਣਾਉਂਦਾ ਹੈ, ਜੋ ਨਿਮਨ ਸਮਾਜ ਦੇ ਸਦੀਆਂ ਤੋਂ ਅਣਮਨੁੱਖੀ ਵਿਵਹਾਰ ਨੂੰ ਦਰਸਾਉਂਦੀ ਹੈ। ਉਹ ਆਪਣੀਆਂ ਤਸਵੀਰਾਂ ਵਿੱਚ ਗੂੜ੍ਹੇ ਰੰਗਾਂ ਦੀ ਵਰਤੋਂ ਕਰਦਾ ਹੈ। ਉਸ ਦੀਆਂ ਤਸਵੀਰਾਂ ਵਿਚ ਸਿਰਜੇ ਮਨੁੱਖਾਂ ਦੇ ਪੈਰ ਨੰਗੇ, ਗਲ ਵਿਚ ਰੱਸੀ, ਗਰਦਨ ਅੱਗੇ ਬੰਨ੍ਹਿਆ ਭਾਂਡਾ, ਸਰੀਰ ਉੱਤੇ ਨਾ ਮਾਤਰ ਬਸਤਰ ਹੋਣਾ, ਅੱਧ-ਨੰਗੇ ਮਨੁੱਖ, ਪਿੰਜਰਾਂ ਵਰਗੇ ਸਰੀਰ, ਖਿੱਲਰੇ ਹੋਏ ਵਾਲ, ਝੁਕੇ ਹੋਏ ਸਰੀਰ ਆਦਿ ਤਸਵੀਰਾਂ ਦਲਿਤ ਸਮਾਜ ਦੇ ਦੁਖਾਂਤ ਨੂੰ ਉਭਾਰਦੀਆਂ ਹਨ।

ਇਸ ਵਰਤਾਰੇ ਨੂੰ ਕੈਨਵਸ ਉੱਤੇ ਉਤਾਰਨ ਪਿੱਛੇ ਨਰਿੰਦਰ ਦੀ ਚੇਤਨਾ ਕਾਰਜ ਕਰਦੀ ਹੈ, ਜੋ ਆਪਣੇ ਸਮਾਜ ਦੀ ਦੁਖਾਂਤਕ ਪੀੜਾ ਨੂੰ ਇਕ ਵੱਖਰੇ ਮਾਧਿਅਮ ਰਾਹੀਂ ਦਰਸਾਉਂਦਾ ਹੈ।

ਉਹ ਕਲਾ ਰਾਹੀਂ ਸੱਤਾ 'ਤੇ ਕਾਬਜ਼ ਧਿਰਾਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਦਾ ਹੈ। ਇਸ ਲਈ ਸਥਾਪਤ ਕਦਰ ਪ੍ਰਬੰਧ ਉਸ ਦੀ ਕਲਾ ਨੂੰ ਅਹਿਮੀਅਤ ਨਹੀਂ ਦਿੰਦਾ, ਜਦੋਂ ਕਿ ਉਸ ਦੀ ਪਤਨੀ ਦੁਆਰਾ ਬਣਾਏ ਚਿੱਤਰਾਂ ਨੂੰ ਅਨੇਕਾਂ ਮਾਣ-ਸਨਮਾਨ ਮਿਲਦੇ ਹਨ, ਕਿਉਂਕਿ ਉਸ ਦੀ ਕਲਾ ਸੱਤਾ ਦੇ ਹੱਕ 'ਚ ਭੁਗਤਦੀ ਹੈ। ਕਥਾਕਾਰ ਇਸ ਕਹਾਣੀ ਰਾਹੀਂ ਦਲਿਤ ਸਮਾਜ ਅਤੇ ਉਸ ਦੇ ਚੇਤੰਨ ਮਨੁੱਖ ਨੂੰ ਇਕ ਵੱਖਰੇ ਦ੍ਰਿਸ਼ਟੀਕੋਣ ਰਾਹੀਂ ਸਿਰਜਦਾ ਹੈ। ਨਰਿੰਦਰ ਆਪਣੀ ਪੀ.ਐੱਚ.ਡੀ ਦੀ ਖੋਜਾਰਥਣ ਕਿਰਨਦੀਪ ਨੂੰ ਸੱਚੇ ਕਲਾਕਾਰ ਦੀ ਸਮਾਜ ਪ੍ਰਤੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਆਖਦਾ ਹੈ :

ਵੇਖੋ ਕਿਰਨ ਸੱਚਾ ਆਰਟਿਸਟ ਤਾਂ ਉਹੀ ਹੈ ਨਾ, ਜੋ ਵਿਵਸਥਾ ਦੇ ਖ਼ਿਲਾਫ਼ ਖੜ੍ਹਦਾ ਏ। ਜੋ ਉਨ੍ਹਾਂ ਵੱਲ ਖੜ੍ਹਦਾ ਏ, ਜਿਨ੍ਹਾਂ ਨਾਲ ਧੱਕਾ ਹੋ ਰਿਹਾ ਏ। ਜੋ ਮੇਨ ਸਟਰੀਮ ਤੋਂ ਧਕੇਲ ਕੇ ਹਾਸ਼ੀਏ 'ਤੇ ਕਰ ਦਿੱਤੇ ਜਾਂਦੇ ਨੇ। ਤੇ ਮੇਰੀ ਇਸ ਸਬਜੈਕਟ 'ਤੇ ਪਕੜ ਏ… ਕਹਿ ਲਓ ਸੁਚੇਤ ਹੋ ਕੇ ਬਣਾਈ ਏ। ਰੰਗਾਂ ਦੀ ਢਾਲ ਬਣਾ ਕੇ ਪੇਂਟਿੰਗਜ਼ ਨਾਲ ਮੈਂ ਇਨ੍ਹਾਂ 'ਤੇ ਸੱਟ ਮਾਰੀ ਏ। ਮੈਨੂੰ ਆਪਣੀ ਪੇਂਟਿੰਗ 'ਤੇ ਮਾਣ ਏ… ਮੈਨੂੰ ਪਤਾ ਏ ਮੈਂ ਜੋ ਰੰਗਾਂ ਰਾਹੀਂ ਆਰਟ ਉਲੀਕਣਾ ਏ, ਉਹ ਭੀੜ ਤੋਂ ਵੱਖਰਾ ਹੋਣਾ ਚਾਹੀਦਾ ਏ। ਸਾਨੂੰ ਲੋਕਾਂ ਨਾਲ ਖੜ੍ਹਨਾ ਚਾਹੀਦਾ ਏ… ਜੋ ਹਾਸ਼ੀਏ 'ਤੇ ਨੇ… ਮੈਂ ਨੀਂ ਕਹਿੰਦਾ ਮੇਰੀਆਂ ਪ੍ਰਦਰਸ਼ਨੀਆਂ ਲਗਾਓ… ਮੈਨੂੰ ਇਨਾਮ ਦਿਓ… ਮੇਰੇ ਕੋਲੋਂ ਪ੍ਰਧਾਨਗੀਆਂ ਕਰਵਾਓ।

ਕਹਾਣੀ ਪਤੀ-ਪਤਨੀ ਦੇ ਰਿਸ਼ਤੇ ਵਿਚਲੇ ਤਣਾਓ ਨੂੰ ਬਾਖ਼ੂਬੀ ਪ੍ਰਗਟਾਉਂਦੀ ਹੈ। ਦੋਵੇਂ ਵੱਖਰੇ ਜਾਤੀ ਸੰਸਕਾਰਾਂ ਨਾਲ ਸੰਬੰਧਤ ਹੋਣ ਦੇ ਬਾਵਜੂਦ ਪ੍ਰੇਮ ਵਿਆਹ ਨੂੰ ਪ੍ਰਵਾਨ ਚੜ੍ਹਾਉਂਦੇ ਹਨ। ਵੱਖੋ-ਵੱਖਰੀ ਵਿਚਾਰਧਾਰਾ ਉਨ੍ਹਾਂ ਦੇ ਦੰਪਤੀ ਜੀਵਨ ਵਿਚ ਦੀਵਾਰ ਬਣਦੀ ਹੈ। ਉਨ੍ਹਾਂ ਦੇ ਜੀਵਨ ਵਿਚ ਉਸ ਸਮੇਂ ਕੜਵਾਹਟ ਪੈਦਾ ਹੁੰਦੀ ਹੈ, ਜਦੋਂ ਪੂਜਾ ਕਿਸੇ ਭ੍ਰਾਂਤੀ ਅਧੀਨ ਕਿਰਨ ਅਤੇ ਨਰਿੰਦਰ ਨੂੰ ਵਿਵਰਜਿਤ ਸੰਬੰਧਾਂ 'ਚ ਬੱਝੇ ਸਮਝਦੀ ਹੈ। ਰੰਗਾਂ ਦੀ ਰਾਜਨੀਤੀ ਕਿਸ ਤਰ੍ਹਾਂ ਰਿਸ਼ਤਿਆਂ ਨੂੰ ਪ੍ਰਭਾਵਿਤ ਕਰਦੀ ਹੈ, ਇਸ ਵਿਲੱਖਣ ਵਰਤਾਰੇ ਨੂੰ ਕਥਾਕਾਰ ਮੈਂ ਪਾਤਰ ਦੇ ਸਵੈ ਬਿਰਤਾਂਤ ਦੁਆਰਾ ਬਾਖ਼ੂਬੀ ਉਘਾੜਦਾ ਹੈ।

ਕਲਾ ਹੀ ਉਨ੍ਹਾਂ ਨੂੰ ਇਕ-ਦੂਸਰੇ ਦੇ ਨੇੜੇ ਕਰਦੀ ਹੈ, ਜਿਸ ਤਹਿਤ ਉਹ ਵਿਅਹੁਤਾ ਜੀਵਨ 'ਚ ਬੱਝਦੇ ਹਨ, ਪਰੰਤੂ ਹੁਣ ਇਹ ਰੰਗਾਂ ਦੀ ਸਾਂਝ ਵੀ ਉਨ੍ਹਾਂ ਦੇ ਰਿਸ਼ਤੇ ਵਿਚੋਂ ਮੱਠੀ ਪੈਣ ਲੱਗਦੀ ਹੈ। ਦੋਵੇਂ ਆਪੋ-ਆਪਣੇ ਵਿਸ਼ੇ ਦੇ ਮਾਹਿਰ ਕਲਾਕਾਰ ਹਨ। ਪੂਜਾ ਆਪਣੇ ਪਤੀ ਅਤੇ ਉਸ ਦੀ ਵਿਦਿਆਰਥਣ ਕਿਰਨ ਨਾਲ ਸੰਬੰਧਾਂ ਨੂੰ ਚਿਤਵਦੀ ਹੈ, ਜਦੋਂ ਕਿ ਅਸਲ 'ਚ ਅਜਿਹਾ ਕੁਝ ਨਹੀਂ। ਫੇਸਬੁੱਕ ਉੱਪਰ ਸਾਂਝਾ ਪੇਜ ਬਣਾਉਣ ਤੇ ਪੋਸਟਾਂ ਪਾਉਣ ਕਾਰਨ ਪੂਜਾ ਉਨ੍ਹਾਂ ਪ੍ਰਤੀ ਅਜੀਬ ਕਿਸਮ ਦਾ ਵਿਵਹਾਰ ਕਰਦੀ ਹੈ, ਜਿਸ ਕਾਰਨ ਉਹ ਡਿਪਰੈਸ਼ਨ ਦਾ ਸ਼ਿਕਾਰ ਹੁੰਦੀ ਹੈ। ਪ੍ਰੋ. ਨਰਿੰਦਰ ਪੂਜਾ ਨੂੰ ਇਸ ਸਾਂਝ ਵਿਚ ਕੁਝ ਵੀ ਓਪਰਾਪਨ ਨਾ ਹੋਣ ਬਾਰੇ ਸਮਝਾਉਂਦਿਆਂ ਆਖਦੇ ਹਨ ਕਿ ਪੂਜਾ ਯਾਰ! ਰੀਲੈਕਸ ਹੋ, ਸਾਡੇ ਵਿਚ ਅਜਿਹਾ ਕੁੱਛ ਵੀ ਨਹੀਂ ਏ, … ਸਾਡੇ 'ਚ ਉਹ ਰੰਗਾਂ ਦੀ ਸਾਂਝ ਨਹੀਂ ਏ ਜੋ ਤੂੰ ਸਮਝ ਬੈਠੀ ਏਂ।

ਕਥਾਕਾਰ ਇਸ ਕਹਾਣੀ ਦੁਆਰਾ ਵਿਚਾਰਧਾਰਕ ਸਾਂਝ ਤੇ ਵਖਰੇਵਿਆਂ ਨਾਲ ਸੰਬੰਧਤ ਪਾਤਰਾਂ ਨੂੰ ਚਿਤਰਦਾ ਹੈ। ਪੂਜਾ ਤੇ ਨਰਿੰਦਰ ਦੀ ਕਲਾਮਈ ਸਾਂਝ ਉਨ੍ਹਾਂ ਦੇ ਜ਼ਿੰਦਗੀ ਵਿਚਲੀ ਸਾਂਝ ਵੀ ਬਣਦੀ ਹੈ। ਪੂਜਾ ਦੁਆਰਾ ਨਰਿੰਦਰ ਅਤੇ ਉਸ ਦੀ ਵਿਦਿਆਰਥਣ ਕਿਰਨ ਦੀ ਸਾਂਝ ਨੂੰ ਕਿਸੇ ਭਰਮ ਅਧੀਨ ਸ਼ੱਕ ਕਰਨਾ ਸੁਭਾਵਿਕ ਹੈ, ਜਦੋਂ ਕਿ ਵਾਸਤਵ ਵਿਚ ਉਹ ਆਪਸੀ ਰੰਗਾਂ ਦੀ ਸਾਂਝ ਦੁਆਰਾ ਦਲਿਤ ਸਮਾਜ ਦੀ ਕਲਾ ਨੂੰ ਉਭਾਰਨਾ ਚਾਹੁੰਦੇ ਹਨ। ਇਸ ਮੰਤਵ ਲਈ ਉਹ 'ਰੰਗਾਂ ਦੀ ਸਾਂਝ…' ਨਾਂਅ ਦਾ ਫੇਸਬੁੱਕ ਪੇਜ ਵੀ ਬਣਾਉਂਦੇ ਹਨ। ਕਹਾਣੀ ਸਮਕਾਲੀ ਮਨੁੱਖੀ ਰਿਸ਼ਤਿਆਂ ਪ੍ਰਤੀ ਬਣੀਆਂ ਭ੍ਰਾਂਤੀਆਂ ਨੂੰ ਯਥਾਰਥਕ ਰੂਪ ਵਿਚ ਚਿਤਰਦੀ ਹੈ। ਭਗਵੰਤ ਰਸੂਲਪੁਰੀ ਦੀ ਕਹਾਣੀ 'ਰੰਗਾਂ ਦੀ ਸਾਂਝ-ਸਮਾਜ ਵਿਗਿਆਨ' (ਹੁਣ, ਸਤੰਬਰ-ਦਸੰਬਰ) ਇੱਕ ਵੱਡ-ਆਕਾਰੀ ਜਟਿਲ ਬਿਰਤਾਂਤ ਵਾਲੀ ਅਤੇ ਪ੍ਰਯੋਗ ਮੁਖੀ ਲਹਿਜ਼ੇ ਵਾਲੀ ਕਹਾਣੀ ਹੈ। ਇਸ ਦਾ ਮੂਲ ਢਾਂਚਾ ਭਾਵੇਂ ਪਿਆਰ ਦੀ ਤਿਕੋਣ ਨੂੰ ਪੇਸ਼ ਕਰਨ ਵਾਲਾ ਜਾਪਦਾ ਹੈ, ਪਰ ਆਪਣੀ ਡੂੰਘ ਸੰਰਚਨਾ ਵਿਚ ਇਹ ਦਲਿਤ ਅਤੇ ਕਬਾਇਲੀ ਸੰਵੇਦਨਾਵਾਂ ਦੇ ਰੋਹ ਮੁਖੀ ਕਲਾਤਮਿਕ ਪ੍ਰਗਟਾਵੇ ਦੀ ਕਹਾਣੀ ਹੈ। ਵਿਸ਼ਲੇਸ਼ਣੀ ਸ਼ੈਲੀ ਵਾਲੇ ਬਿਰਤਾਂਤ ਕਾਰਨ ਭਾਵੇਂ ਕਹਾਣੀ ਕਿਤੇ-ਕਿਤੇ ਸਿਰਜਣਾ ਦੀ ਥਾਂ ਘਾੜਤ ਵਾਲੀ ਜਾਪਦੀ ਹੈ, ਪਰ ਚਿੱਤਰ ਵਾਲੀ ਜਾਪਦੀ ਹੈ, ਪਰ ਚਿੱਤਰਕਾਰੀ ਖੇਤਰ ਦੀ ਭਾਸ਼ਾ-ਵਿਸ਼ੇਸ਼ ਦੇ ਇਸਤੇਮਾਲ ਰਾਹੀਂ ਇਸ ਵਿਚ ਨਵਾਂ, ਰੌਚਿਕ ਅਤੇ ਸਾਰਥਿਕ ਪ੍ਰਯੋਗ ਕੀਤਾ ਗਿਆ ਹੈ। ਇਸੇ ਕਰਕੇ ਕਹਾਣੀ ਵਧੇਰੇ ਧਿਆਨ ਖਿੱਚਣ ਵਾਲੀ ਬਣ ਗਈ ਹੈ।

ਕਹਾਣੀ 'ਪਰਛਾਵਿਆਂ ਦੇ ਆਰ-ਪਾਰ' ਔਰਤ ਪਾਤਰ ਦੀਆਂ ਅੰਤਰੀਵੀ ਪਰਤਾਂ ਨੂੰ ਬਾਰੀਕੀ ਨਾਲ ਉਘਾੜਦੀ ਹੈ। ਜੀਤੋ ਦਾ ਛੋਟੀ ਉਮਰ ਵਿਚ ਵਿਆਹ ਹੋਣ ਕਾਰਨ ਉਸ ਦੇ ਇੱਛਤ ਯਥਾਰਥ ਦੀ ਪੂਰਤੀ ਨਹੀਂ ਹੁੰਦੀ। ਪਤੀ ਦੇ ਉਸ ਨਾਲੋਂ ਦਸ ਸਾਲ ਵੱਡਾ ਹੋਣ ਕਾਰਨ ਪਤੀ-ਪਤਨੀ ਦੇ ਰਿਸ਼ਤੇ ਵਿਚ ਪਰਸਪਰ ਸਾਂਝ ਨਹੀਂ ਬਣਦੀ, ਜਿਸ ਕਾਰਨ ਉਹ ਮਾਨਸਿਕ ਦੁਖਾਂਤ ਭੋਗਦੀ ਹੈ। ਪਤੀ ਗੀਤ ਲਿਖਣ ਤੇ ਗਾਉਣ ਨੂੰ ਉਚਿਤ ਨਹੀਂ ਸਮਝਦਾ, ਇਸ ਲਈ ਉਸ ਨੂੰ ਦੁਨੀਆਦਾਰੀ ਦੇ ਗੁੱਝੇ ਭੇਤ ਦੱਸਦਾ ਹੋਇਆ ਇਸ ਵਪਾਰਕ ਮੰਡੀ ਤੋਂ ਸੁਚੇਤ ਕਰਦਾ ਹੈ।

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ


# ਪੇਂਡੂ ਜੀਵਨ ਅਨੁਭਵ ਦਾ ਯਥਾਰਥਵਾਦੀ ਚਿਤਰਨ

## ਮੇਰੇ ਪਿੰਡ ਦੀ ਮਿੱਟੀ

**ਗੁਰਦੇਵ ਸਿੰਘ ਬਰਾੜ**
**ਸਫੇ-208, ਮੁੱਲ-350 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

**ਸਾਹਿਤ ਚਿੰਤਨ**

**ਗੋਪਾਲ ਸਿੰਘ ਬੁੱਟਰ**




'ਮੇਰੇ ਪਿੰਡ ਦੀ ਮਿੱਟੀ' ਕੈਨੇਡਾ ਨਿਵਾਸੀ ਬਹੁਪੱਖੀ ਲੇਖਕ ਗੁਰਦੇਵ ਸਿੰਘ ਬਰਾੜ ਦੇ ਗਾਲਪਨਿਕ ਅੰਦਾਜ਼ ਵਿੱਚ ਲਿਖੇ ਜੀਵਨੀ ਮੂਲਕ ਨਿਬੰਧਾਂ ਦਾ ਸੰਗ੍ਰਹਿ ਹੈ, ਜਿਸ ਵਿੱਚ ਲੇਖਕ ਨੇ ਆਪਣੇ ਬਚਪਨ ਤੋਂ ਲੈ ਕੇ ਹੁਣ ਤੱਕ ਦੇ ਆਪਣੇ ਪਿੰਡ ਅਤੇ ਚੌਗਿਰਦੇ ਦੇ ਵਿਕਾਸ ਦੀ ਭਾਵਪੂਰਤ ਜਾਣਕਾਰੀ ਦਿੱਤੀ ਹੈ। ਲੇਖਕ ਲੰਮੇ ਸਮੇਂ ਤੋਂ ਕੈਨੇਡਾ (ਬੀ ਸੀ) ਦੇ ਸ਼ਹਿਰ ਐਬਟਸਫੋਰਡ ਵਿਖੇ ਰਹਿ ਰਿਹਾ ਹੈ, ਪਰ ਆਪਣੇ ਬਚਪਨ ਅਤੇ ਜਵਾਨੀ ਦੇ ਪਿੰਡ ਵਿੱਚ ਗੁਜ਼ਾਰੇ ਸਾਲਾਂ ਵਿਚਲੇ ਵਿਦਿਆਰਥੀ ਅਤੇ ਖਿਡਾਰੀ ਜੀਵਨ ਦੀਆਂ ਰਾਂਗਲੀਆਂ ਯਾਦਾਂ ਦਾ ਉਦਰੇਵਾਂ ਉਸ ਦੇ ਮਨ-ਮਸਤਕ 'ਤੇ ਹਮੇਸ਼ਾ ਛਾਇਆ ਰਿਹਾ ਹੈ। ਇਹ ਭੂ-ਹੇਰਵੇ (Nostalgia) ਰੂਪੀ ਉਦਰੇਵਾਂ ਹੀ ਇਸ ਪੁਸਤਕ ਦੀ ਸਿਰਜਣਾ ਲਈ ਵੱਡੀ ਪ੍ਰੇਰਕ ਸ਼ਕਤੀ ਬਣਦਾ ਹੈ। ਇਸ ਬਾਰੇ ਲੇਖਕ ਖ਼ੁਦ ਤਸਲੀਮ ਕਰਦਿਆਂ ਪੁਸਤਕ ਦੇ ਆਰੰਭ ਵਿੱਚ ਹੀ ਲਿਖਦਾ ਹੈ, 'ਪੰਜਾਬ ਦੇ ਪਿੰਡ ਵਿੱਚ ਜਨਮਿਆ ਹਰ ਇਨਸਾਨ ਆਪਦੀ ਜਨਮ ਭੋਇੰ ਦੀ ਮਿੱਟੀ ਨਾਲ ਜੁੜਿਆ ਰਹਿੰਦਾ… ਜਿਸ ਤਰ੍ਹਾਂ ਇੱਕ ਕਬੂਤਰ ਜਿਹੜੇ ਦਰੱਖਤ ਦੀ ਇੱਕ ਟਾਹਣੀ ਉਤੇ ਬੈਠ ਜਾਵੇ, ਫਿਰ ਸਾਰੀ ਉਮਰ ਉਸ ਟਾਹਣੀ ਨੂੰ ਨਹੀਂ ਭੁੱਲਦਾ। ਕੁਝ ਇਹੋ ਜਿਹਾ ਹੀ ਹਾਲ ਐੱਨ ਆਰ ਆਈ ਪ੍ਰਦੇਸੀਆਂ ਦਾ ਹੁੰਦਾ ਹੈ।?

ਗੁਰਦੇਵ ਸਿੰਘ ਬਰਾੜ ਨੇ 'ਮੇਰੇ ਪਿੰਡ ਦੀ ਮਿੱਟੀ' ਨਾਮਕ ਲੇਖ ਸੰਗ੍ਰਹਿ ਵਿੱਚ ਆਪਣੇ ਪਿੰਡ ਅਤੇ ਜੀਵਨ ਅਨੁਭਵ ਨਾਲ ਸੰਬੰਧਤ 17 ਲੇਖ ਸੰਗ੍ਰਹਿਤ ਕੀਤੇ ਹਨ। ਇਹਨਾਂ ਲੇਖਾਂ ਰਾਹੀਂ ਬਰਾੜ ਵੱਲੋਂ ਪ੍ਰਸਤੁਤ ਕੀਤੇ ਗਏ ਪੰਜਾਬ ਦੇ ਪਿੰਡਾਂ ਦੇ ਇਤਿਹਾਸਕ ਵਿਕਾਸ ਪੜਾਵਾਂ ਦੇ ਨਾਲ-ਨਾਲ ਆਪਣੀ ਧਰਤੀ ਦੇ ਮੋਹ ਅਤੇ ਵਿਛੋੜੇ ਕਾਰਨ ਉਤਪੰਨ ਹੋਏ ਉਦਰੇਵੇਂ ਦੇ ਭਾਵਾਂ ਨੂੰ ਵੀ ਪ੍ਰਗਟਾਇਆ ਹੈ। ?

ਪੁਸਤਕ ਦੇ ਪ੍ਰਥਮ ਲੇਖ 'ਮੇਰੀ ਪਹਿਲੀ ਉਡਾਰੀ' ਵਿੱਚ ਬਚਪਨ ਵਿੱਚ ਕਾਗਜ਼ੀ ਜਹਾਜ਼ਾਂ ਦੀ ਸ਼ਰਾਰਤੀ ਖੇਡ ਤੋਂ ਲੈ ਕੇ ਦਿੱਲੀ ਗਮਨ ਦੇ ਵੇਰਵਿਆਂ, ਦਿੱਲੀ ਯਾਤਰਾ ਤੇ ਏਅਰਪੋਰਟ ਦੀ ਚਕਾਚੌਂਧ ਦੇ ਪੇਂਡੂ ਰਹਿਤਲ ਵਾਲੇ ਵਿਅਕਤੀਆਂ ਲਈ ਅਸਲੋਂ ਨਵੀਆਂ ਤੇ ਹੈਰਾਨੀਜਨਕ ਗੱਲਾਂ ਨੂੰ ਲੇਖਕ ਨੇ ਬੜੇ ਰੌਚਿਕ ਢੰਗ ਨਾਲ ਬਿਆਨਿਆ ਹੈ। ਇਸ ਵਿੱਚ ਪੇਂਡੂ ਲੋਕਾਂ ਲਈ 'ਇੰਗਲਿਸ਼ ਟਾਇਲਟ' ਵਰਗੀ ਵਚਿੱਤਰ ਵਸਤੂ ਨੂੰ ਨਾ ਮੰਨਣਯੋਗ ਗੱਪ ਸਮਝ ਕੇ ਇਸ ਬਾਰੇ ਦੱਸਣ ਵਾਲੇ ਨੂੰ ਹੀ ਠਿੱਠ ਕਰਨ ਵਰਗੇ ਵੇਰਵੇ ਸ਼ਾਮਿਲ ਹਨ। ਹਵਾਈ ਸਫਰ ਦੀਆਂ ਸਮੱਸਿਆਵਾਂ ਤੋਂ ਅਣਭਿੱਜ ਪੇਂਡੂ ਵਿਅਕਤੀ ਦੇ ਤੌਖਲੇ, ਅਸਚਰਜਤਾ ਤੇ ਖੁਸ਼ਫਹਿਮੀਆਂ ਦੀ ਬੇਹੱਦ ਰੌਚਿਕ ਪੇਸ਼ਕਾਰੀ ਕਾਰਨ ਇਹ ਰਚਨਾ ਪਾਠਕ ਨੂੰ ਆਰੰਭ ਤੋਂ ਹੀ ਆਪਣੇ ਨਾਲ ਜੋੜ ਲੈਂਦੀ ਹੈ। ਇਸ ਲੇਖ ਵਿੱਚ ਇਮੀਗਰੇਸ਼ਨ ਦੀਆਂ ਵਿਹਾਰਕ ਸਮੱਸਿਆਵਾਂ ਤੋਂ ਬੇਖਬਰ ਲੋਕਾਂ ਦੀ ਘਬਰਾਹਟ ਅਤੇ ਜ਼ਿੰਦਗੀ ਦੀ ਦਸ਼ਾ ਬਦਲ ਦੇਣ ਵਾਲੇ ਫੈਸਲਿਆਂ ਦਾ ਵੀ ਲੇਖਕ ਬਹੁਤ ਸੁਭਾਵਿਕ ਅੰਦਾਜ਼ ਵਿੱਚ ਪ੍ਰਗਟਾਵਾ ਕਰਦਾ ਹੈ। ਜਿਵੇਂ ਲੇਖਕ ਦੀ ਇੰਗਲੈਂਡ ਰਹਿੰਦੀ ਭੈਣ ਅਤੇ ਲੇਖਕ ਦੀ ਇਸ ਪ੍ਰਕਿਰਿਆ ਬਾਰੇ ਅਗਿਆਨਤਾ ਉਸ ਨੂੰ ਇੰਗਲੈਂਡ ਦੀ ਥਾਂ ਕੈਨੇਡਾ ਲੈ ਆਉਣ ਵਿੱਚ ਨਿਰਣਾਇਕ ਹੋ ਨਿਬੜਦੀ ਹੈ। ਅਜਿਹੇ ਵੇਰਵੇ ਸਧਾਰਨ ਪਾਠਕ ਲਈ ਦਿਲਚਸਪ ਹੋਣ ਦੇ ਨਾਲ ਨਾਲ ਗਿਆਨਵਰਧਕ ਵੀ ਹੋ ਸਕਦੇ ਹਨ। 'ਵਾਲ ਵਾਲ ਬਚੇ' ਲੇਖ ਵਿੱਚ ਮੌਤ ਦੇ ਮੂੰਹ ਆਉਂਦੇ-ਆਉਂਦੇ ਬਚਣ ਦੀਆਂ ਸਵੈ-ਜੀਵਨੀ ਮੂਲਕ ਘਟਨਾਵਾਂ ਨੂੰ ਇਸ ਲੇਖਕ ਨੇ ਆਪਣੇ ਰਚਨਾਤਮਕ ਹੁਨਰ ਦੀ ਨਿਪੁੰਨਤਾ ਰਾਹੀਂ ਬਹੁਤ ਖ਼ੂਬਸੂਰਤ ਅਤੇ ਨਿੱਜੀ ਅਨੁਭਵ ਦੀਆਂ ਛੋਹਾਂ ਦੇ ਕੇ ਸ਼ਿੰਗਾਰਿਆ ਹੈ, ਜਿਵੇਂ ਬਚਪਨ ਵਿੱਚ ਟੂਣਾ ਕਰਨ ਆਈ ਔਰਤ ਤੋਂ ਬਚਾਅ ਦੀ ਗੱਲ ਕਰਦਿਆਂ ਉਹ ਪੁਰਾਣੇ ਪੰਜਾਬ ਦੇ ਵਹਿਮਾਂ-ਭਰਮਾਂ ਅਤੇ ਕਬਾਇਲੀ ਇਲਾਜ ਪ੍ਰਣਾਲੀ ਵੱਲ ਵੀ ਇਸ਼ਾਰਾ ਕਰ ਜਾਂਦਾ ਹੈ। ਬਚਪਨ ਵਿੱਚ ਬੁਖਾਰ ਨਾ ਉਤਰਨ ਦੀ ਸੰਕਟ ਭਰੀ ਸਥਿਤੀ ਵਿੱਚ ਹਾਰ ਮੰਨ ਰਹੇ ਡਾਕਟਰ ਦੇ ਆਖਰੀ ਟੀਕੇ ਦੇ ਅਸਰ ਕਰਨ ਦੀ ਕਰਾਮਾਤ ਦੀ ਗੱਲ ਰਾਹੀਂ ਉਹ ਉਸ ਦੌਰ ਦੀਆਂ ਸੀਮਤ ਸਿਹਤ ਸਹੂਲਤਾਂ ਵੱਲ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਇਸ਼ਾਰਾ ਕਰ ਜਾਂਦਾ ਹੈ।

ਅਣਜਾਣ ਉਮਰ ਵਿੱਚ ਵੱਡੇ ਖਤਰੇ ਸਹੇੜਨ ਵਾਲੇ ਮੌਕਿਆਂ 'ਤੇ ਕੁਦਰਤ ਜਾਂ ਵਿਅਕਤੀਆਂ ਵੱਲੋਂ ਮਿਲੀ ਮਦਦ ਰਾਹੀਂ ਹੋਏ ਬਚਾਓ ਨੂੰ ਬਿਆਨ ਕਰਦਿਆਂ ਲੇਖਕ ਪੁਰਾਣੇ ਲੋਕਾਂ ਦੇ ਆਪਸੀ ਭਾਈਚਾਰੇ ਦੇ ਮਹੱਤਵ ਨੂੰ ਬੜੇ ਖ਼ੂਬਸੂਰਤ ਅੰਦਾਜ਼ ਵਿੱਚ ਉਜਾਗਰ ਕਰਦਾ ਹੈ। ਕਬੱਡੀ ਖੇਡਦਿਆਂ ਲੱਗਦੀਆਂ ਸੱਟਾਂ ਦੇ ਜ਼ਿਕਰ ਰਾਹੀਂ ਉਹ ਖੇਡਾਂ ਪ੍ਰਤੀ ਜਨੂੰਨ, ਵਿਆਹ ਵੇਲੇ ਦੀਆਂ ਲੜਾਈਆਂ ਦੀ ਹੁੱਲੜਬਾਜ਼ੀ, ਕੈਨੇਡਾ ਵਿੱਚ ਭਾਰੀ ਕੰਮ ਕਰਦਿਆਂ ਹੋਏ ਜਾਨੀ ਨੁਕਸਾਨ ਤੋਂ ਬਚਾਅ ਅਤੇ ਆਪਣੇ ਦੇਸ਼ ਭਾਰਤ ਵਿੱਚ ਕੀਤੇ ਖ਼ੂਨ ਦਾਨ ਵੇਲੇ ਡਾਕਟਰ ਵੱਲੋਂ ਵਰਤੀ ਦੂਸ਼ਿਤ ਸਰਿੰਜ ਨਾਲ ਹੋਏ ਪੀਲੀਏ ਨੂੰ ਬਾਖੂਬੀ ਪ੍ਰਸਤੁਤ ਕਰਦਾ ਹੋਇਆ ਲੇਖਕ ਕੈਨੇਡਾ ਦੇ ਮੁਕਾਬਲੇ ਭਾਰਤ ਵਿੱਚ ਇਨਸਾਨੀ ਜੀਵਨ ਪ੍ਰਤੀ ਵਰਤੀ ਜਾਂਦੀ ਖਤਰਨਾਕ ਲਾਪ੍ਰਵਾਹੀ 'ਤੇ ਉਂਗਲ ਰੱਖਦਾ ਹੈ।

'ਲਾਲ ਗੰਨਾ' ਲੇਖ ਦੀ ਰਚਨਾ ਕਰਦਿਆਂ ਲੇਖਕ ਬਰਾੜ ਆਪਣੇ ਪ੍ਰਭਾਵਸ਼ਾਲੀ ਗਾਲਪਨਿਕ ਕੌਸ਼ਲ ਨਾਲ ਇਸ ਨੂੰ ਪ੍ਰਭਾਵਸ਼ਾਲੀ ਕਥਾ ਰਚਨਾ ਦਾ ਰੂਪ ਦੇ ਦਿੰਦਾ ਹੈ, ਇਸ ਲਿਹਾਜ਼ ਨਾਲ ਇਹ ਰਚਨਾ ਮੁਕੰਮਲ ਆਧੁਨਿਕ ਨਿੱਕੀ ਕਹਾਣੀ ਦਾ ਰੂਪ ਧਾਰਨ ਕਰ ਲੈਂਦੀ ਹੈ, ਜਿਸ ਵਿੱਚ ਗੰਨੇ ਤੋਂ ਗੁੜ ਬਣਾਉਣ ਦੀ ਕਲਾ ਤੋਂ ਲੈ ਕੇ ਹੁੱਲੜਬਾਜ਼ੀ ਵਜੋਂ ਗੰਨਿਆਂ ਦੀ ਚੋਰੀ ਨੂੰ ਜਗੀਰੂ ਸੁਭਾਅ ਵਾਲੀ ਜੱਟ ਮਾਨਸਿਕਤਾ, ਜੋ ਕਿਸੇ ਦੀ ਟੈਂਅ ਬਰਦਾਸ਼ਤ ਨਹੀਂ ਕਰਦੀ, ਨੂੰ ਲੇਖਕ ਨੇ ਆਪਣੇ ਰਚਨਾਤਮਕ ਹੁਨਰ ਨਾਲ ਰੂਪਾਂਤਰਤ ਕਰਦਿਆਂ ਪੇਂਡੂ ਲੋਕਾਂ ਦੇ ਉਸ ਸਾਦਾ ਪ੍ਰੰਤੂ ਧਾਕੜ ਰਵੱਈਏ ਦਾ ਵੀ ਸਹਿਜ ਵਰਣਨ ਕੀਤਾ ਹੈ, ਜੋ ਹਾਸੇ ਦਾ ਮਜ਼ਾਸਾ ਬਣਾ ਦੇਣ ਤੀਕਰ ਪਹੁੰਚ ਕੇ ਵੀ ਕਿਸੇ ਕਿਸਮ ਦੇ ਪਛਤਾਵੇ ਦੇ ਪ੍ਰਭਾਵ ਨੂੰ ਜ਼ਾਹਰ ਨਹੀਂ ਕਰਦਾ। ਸਾਰੇ ਕਲੇਸ਼ ਦੇ ਨਿਪਟਾਰੇ ਦੇ ਦ੍ਰਿਸ਼ ਵਿੱਚ ਵਿਦਮਾਨ ਪੇਂਡੂ ਭਾਈਚਾਰਕ ਸਾਂਝ ਦੇ ਸਹਿਜ ਰੂਪਾਂਤਰਣ ਨਾਲ ਲੇਖਕ ਤਣਾਓ ਨੂੰ ਹਲਕਾ ਕਰ ਦੇਣ ਦੀ ਆਪਣੀ ਰਚਨਾਤਮਕ ਨਿਪੁੰਨਤਾ ਦਾ ਪ੍ਰਭਾਵਸ਼ਾਲੀ ਪ੍ਰਮਾਣ ਦਿੰਦਾ ਹੈ। ?ਲਾਗੀ' ਲੇਖ ਵਿੱਚ ਲੇਖਕ ਪਹਿਲਾਂ ਪੇਂਡੂ ਸਮਾਜ ਵਿੱਚ ਭਾਰੂ ਕਿੱਤੇ ਖੇਤੀਬਾੜੀ ਦੇ ਮਾਲਕ ਕਿਸਾਨਾਂ ਨਾਲ ਜੁੜਦੇ ਸਹਾਇਕ ਕਿੱਤਿਆਂ ਨਾਲ ਸੰਬੰਧਤ ਜਾਤੀਆਂ ਦਾ ਵਰਗੀਕਰਨ ਕਰਦਾ ਹੈ, ਫਿਰ ਸਨਅਤੀਕਰਨ ਦੇ ਵਧਦੇ ਪ੍ਰਭਾਵ ਹੇਠ ਇਹਨਾਂ ਸਹਾਇਕ ਕਿੱਤਿਆਂ ਦੀ ਬਦਲਦੀ ਪ੍ਰਕਿਰਤੀ ਮੁਤਾਬਕ ਇਹਨਾਂ ਜਾਤੀਆਂ ਦੇ ਸ਼ਹਿਰਾਂ ਵੱਲ ਪਲਾਇਨ ਨੂੰ ਵੀ ਚਿਤਰਦਾ ਹੈ। ਇਸ ਉਪਰੰਤ ਉਹ ਅਜੇ ਤੀਕ ਵੀ ਇਸ ਕਿੱਤੇ ਨਾਲ ਜੁੜੀਆਂ ਜਾਤੀਆਂ ਬਾਰੇ ਬਿਰਤਾਂਤ ਉਸਾਰ ਕੇ ਇਹਨਾਂ ਲੋਕਾਂ ਦੇ ਸੁਭਾਅ ਨੂੰ ਪ੍ਰਤੀਬਿੰਬਤ ਕਰਦਿਆਂ ਬੜੇ ਰੌਚਿਕ ਅੰਦਾਜ਼ ਵਿੱਚ ਲੇਖ ਨੂੰ ਸਮੇਟਦਾ ਹੈ। 'ਗੁਰਦੁਆਰੇ' ਲੇਖ ਵਿੱਚ ਇੱਕ ਤਰ੍ਹਾਂ ਨਾਲ ਪੰਜਾਬ ਦੇ ਪਿੰਡਾਂ ਦੇ ਸਮਾਜਿਕ ਵਿਕਾਸ ਦਾ ਜਾਣਕਾਰੀ ਭਰਪੂਰ ਬਿਰਤਾਂਤ ਸਿਰਜਿਆ ਗਿਆ ਹੈ, ਜਿਸ ਵਿੱਚ ਲੇਖਕ ਗੁਰਦੁਆਰੇ ਨਾਲ ਜੁੜੇ ਸਕਾਰਾਤਮਕ ਪ੍ਰਭਾਵਾਂ ਅਤੇ ਦਇਆ, ਪਿਆਰ, ਪਰਉਪਕਾਰ ਤੇ ਇਮਾਨਦਾਰੀ ਤੋਂ ਲੈ ਕੇ ਨਿੱਜੀ ਖਾਹਿਸ਼ਾਂ 'ਚੋਂ ਉਤਪੰਨ ਇਨਸਾਨੀ ਕਮਜ਼ੋਰੀਆਂ ਨਾਲ ਸੰਬੰਧਤ ਮਾਨਵੀ ਸਰੋਕਾਰਾਂ ਦਾ ਵੀ ਯਥਾਰਥਕ ਚਿਤਰਨ ਕਰਦਾ ਹੈ। ਇਸ ਲੇਖ ਵਿੱਚ ਲੇਖਕ ਗੁਰਦੇਵ ਸਿੰਘ ਬਰਾੜ ਪਿੰਡਾਂ ਦੇ ਵਿਕਾਸ ਲਈ ਅਤਿ ਜ਼ਰੂਰੀ ਉਪਰਾਲਿਆਂ ਵੱਲ ਵੀ ਧਿਆਨ ਦਿਵਾਉਂਦਾ ਹੈ। 'ਸੀਰੀ ਸਾਂਝੀ ਜੰਞ ਬਰਾਤੀ' ਲੇਖ ਵਿੱਚ ਕਿਸਾਨੀ ਸਮਾਜ ਦੀ ਪਰਿਵਾਰਿਕ ਬਣਤਰ ਜਿਸ ਵਿੱਚ ਵਿਭਿੰਨ ਕਿਸਮ ਦੀਆਂ ਜਾਤੀਆਂ ਅਤੇ ਲੋਕਾਂ ਦੀ ਜਿਹਨਾਂ ਦੀ ਖੇਤੀ ਨਾਲ ਜੁੜੇ ਵੱਖ-ਵੱਖ ਕੰਮਾਂ ਵਿੱਚ ਸਹਾਇਤਾ ਦੀ ਲੋੜ ਪੈਂਦੀ ਰਹਿੰਦੀ ਹੈ, ਦੇ ਮਜ਼ਬੂਤ ਰਿਸ਼ਤੇ ਨੂੰ ਚਿਤਰਿਆ ਹੈ। ਇਨ੍ਹਾਂ ਦੀ ਸਾਂਝ ਅਤੇ ਸਹਾਇਤਾ ਨਾਲ ਵੱਖ-ਵੱਖ ਸੁਭਾਵਾਂ ਵਾਲੇ ਗੱਭਰੂ ਆਪਣੀ ਤੋਰੇ ਤੁਰਦਿਆਂ ਆਪਣੇ ਚਾਰ ਸਿਆਣਾਂ ਦੀ ਬਰਕਤ ਨਾਲ ਗੱਡੀ ਨੂੰ ਲਗਭਗ ਲੀਹ 'ਤੇ ਰੱਖਣ ਵਿੱਚ ਕਾਮਯਾਬ ਹੁੰਦੇ ਦਰਸਾਉਂਦਿਆਂ ਲੇਖਕ ਪੇਂਡੂ ਸਮਾਜ ਵਿੱਚ ਅੱਲ੍ਹੜ ਉਮਰ ਦੀਆਂ ਦੋਸਤੀਆਂ ਦੇ ਮਹੱਤਵ ਨੂੰ ਬਾਖੂਬੀ ਰੂਪਾਂਤਰਤ ਕਰਦਾ ਹੈ। ਇਸ ਉਪਰੰਤ ਲੇਖਕ ਗੁਰਮਤਿ ਦੇ ਆਸ਼ੇ ਦੇ ਵਿਪਰੀਤ ਗ਼ੁਰਬਤ ਦਾ ਸਰਾਪ ਹੰਢਾਉਂਦੇ ਦਲਿਤ ਪਰਵਾਰਾਂ ਉਪਰ ਸਨਾਤਨੀ ਬਣਤਰ ਵਾਲੀ ਸੁੱਚ-ਭਿੱਟ/ ਛੂਆ-ਛਤ ਦੀ ਗ਼ੈਰ-ਇਨਸਾਨੀ ਜਾਤੀ ਵਿਤਕਰੇਭਰੀ ਪ੍ਰਥਾ ਦੀ ਕਰੋਪੀ ਦਾ ਭਾਵਪੂਰਤ ਬਿਰਤਾਂਤ ਸਿਰਜਦਾ ਹੈ। ਲੋਕ-ਪੱਖੀ ਨਜ਼ਰੀਏ ਵਾਲੇ ਇਸ ਲੇਖਕ ਦੀ ਰਚਨਾ ਵਿੱਚ ਵਿੱਦਿਆ, ਜਿਸ ਵਿੱਚ ਅੱਖਰ ਗਿਆਨ ਦੇ ਨਾਲ-ਨਾਲ ਖੇਡਾਂ ਦਾ ਵੀ ਯੋਗਦਾਨ ਹੈ, ਦੇ ਪ੍ਰਭਾਵ ਅਧੀਨ ਗੱਭਰੂਆਂ ਵੱਲੋਂ ਸ਼ੁਗਲ ਮੇਲੇ ਵਿੱਚ ਪੁੱਟੇ ਅਗਾਂਹਵਧੂ ਕਦਮਾਂ ਦਾ ਵੀ ਰੌਚਿਕ ਪ੍ਰਗਟਾਵਾ ਮਿਲਦਾ ਹੈ। ਇਸ ਲੇਖ ਦੇ ਅਨੁਭਵ ਨੂੰ ਲੇਖਕ ਇੱਕ ਸੰਸਮਰਣ ਵਜੋਂ ਪੇਸ਼ ਕਰਦਿਆਂ ਆਪਣੀ ਸਿਰਜਣਾਤਮਕ ਯੋਗਤਾ ਦਾ ਸੁੰਦਰ ਪ੍ਰਮਾਣ ਪ੍ਰਸਤੁਤ ਕਰਦਾ ਹੈ। ਲੇਖਕ ਇਸ ਰਚਨਾ ਵਿੱਚ ਪੱਛੜੇ ਪੇਂਡੂ ਸਮਾਜ ਦੀਆਂ ਤਲਖ਼ ਅਤੇ ਤੁਰਸ਼ ਹਕੀਕਤਾਂ ਦਾ ਵੀ ਬਹੁਤ ਸਹਿਜ ਅਤੇ ਕਲਾਤਮਿਕ ਰੂਪਾਂਤਰਣ ਕਰ ਜਾਂਦਾ ਹੈ। ?

'ਪਿੰਡ ਦੇ ਖੂਹ' ਨਾਮਕ ਲੇਖ ਵਿੱਚ ਲੇਖਕ ਬਰਾੜ ਬੀਤੇ ਦੀਆਂ ਯਾਦਾਂ ਦੇ ਉਦਰੇਵੇਂ ਦੀ ਕਸਕ ਨੂੰ ਦਬਾਅ ਕੇ ਆਪਣੇ ਪਿੰਡ ਵਿੱਚ ਸਮੇਂ-ਸਮੇਂ ਲੱਗੇ ਖੂਹਾਂ ਦੇ ਹੋਂਦ ਵਿੱਚ ਆਉਣ ਦੀ ਲੋੜ ਅਤੇ ਇਤਿਹਾਸ ਦੇ ਨਾਲ ਨਾਲ ਪਿੰਡ ਦੀ ਜ਼ਮੀਨ ਦੀ ਮਿੱਟੀ ਦੀ ਖਸਲਤ ਅਤੇ ਇਸ ਵਿੱਚ ਉਗਣ ਵਾਲੇ ਬਨਸਪਤੀ ਦੀ ਤਫ਼ਸੀਲ ਦਿੰਦਾ ਹੋਇਆ ਆਪਣੀ 'ਹੀਰ ਦੇ ਕਿੱਸੇ' ਦੇ ਸਿਰਮੌਰ ਲੇਖਕ ਸੱਯਦ ਵਾਰਿਸ ਸ਼ਾਹ ਵਰਗੀ ਪੇਂਡੂ ਰਹਿਤਲ ਦੀ ਸੂਝ ਸਮਝ ਦਾ ਸਹਿਜੇ ਹੀ ਪ੍ਰਮਾਣ ਦੇ ਜਾਂਦਾ ਹੈ। ਲੇਖਕ ਆਪਣੀ ਇਸ ਜਾਣਕਾਰੀ ਭਰਪੂਰ ਰਚਨਾਤਮਕ ਜੁਗਤ ਨਾਲ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## 'ਨਵਾਂ ਜ਼ਮਾਨਾ' ਟੇਬਲ 'ਤੋਂ

### ਜੈਤੋ ਦਾ ਇਤਿਹਾਸਕ ਮੋਰਚਾ ਅਤੇ ਮੋਰਚੇ ਦੀ ਵੀਰਾਂਗਣਾ ਮਾਤਾ ਸੋਧਾਂ




**ਰਣਜੀਤ ਲਹਿਰਾ**
**ਸਫ਼ੇ-64, ਮੁੱਲ-120**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**

ਜੈਤੋ ਦਾ ਮੋਰਚਾ ਜੋ 1923-1925 ਤੱਕ ਚੱਲਿਆ। ਇਸ ਮੋਰਚੇ ਦੇ ਸ਼ਹੀਦਾ ਬਾਰੇ ਵਿਸਥਾਰ ਨਾਲ ਲਿਖਿਆ ਗਿਆ ਪ੍ਰੰਤੂ ਹੱਥਲੀ ਪੁਸਤਕ 'ਚ ਲੇਖਕ ਨੇ ਇਕ ਗੁੰਮਨਾਮ ਵੀਰਾਂਗਣਾ ਮਾਤਾ ਸੋਧਾਂ ਦੀ ਕੁਰਬਾਨੀ ਦੀ ਬਾਤ ਪਾਈ ਹੈ। ਨਿਮਨ ਜਾਤੀ ਦੀ ਮਾਤਾ ਸੋਧਾਂ ਨੇ ਕੇਵਲ ਜੈਤੋ ਦੇ ਮੋਰਚੇ 'ਚ ਹੀ ਹਿੱਸਾ ਨਹੀਂ ਲਿਆ ਬਲਕਿ ਆਉਣ ਵਾਲੇ ਪੰਜਾਹ ਸਾਲਾਂ ਤੱਕ ਲੱਗੇ ਮੋਰਚਿਆਂ 'ਚ ਹਿੱਸਾ ਵੀ ਲਿਆ। ਪੁਸਤਕ ਨੂੰ ਤਿੰਨ ਭਾਗਾ 'ਚ ਵੰਡਿਆ ਗਿਆ ਹੈ, ਪਹਿਲੇ ਭਾਗ 'ਚ ਜੈਤੋ ਦੇ ਮੋਰਚੇ ਦੀ ਵਿਰਾਸਤ ਦੀ ਬਾਤ ਪਾਈ ਗਈ ਹੈ। ਦੂਜਾ ਭਾਗ ਵੀਰਾਂਗਣ ਮਾਤਾ ਸੋਧਾਂ 'ਤੇ ਕੇਂਦਰਤ ਹੈ ਜਿਸ ਨੂੰ ਦਸਤਾਵੇਜ਼ੀ ਸਬੂਤਾ ਨਾਲ ਲਿਖਿਆ ਗਿਆ ਹੈ। ਤੀਜੇ ਭਾਗ 'ਚ ਕੁੱਝ ਹਵਾਲੇ ਤੇ ਤੱਥ ਦਿੱਤੇ ਗਏ ਹਨ ਜੋ ਅੰਗਰੇਜ਼ੀ ਰਾਜ ਦੇ ਪੋਲ਼ ਖੋਲ੍ਹਦੇ ਹਨ। ਅੰਤਲੇ ਭਾਗ 'ਚ ਮੋਰਚੇ ਨਾਲ ਸਬੰਧਤ ਰੌਚਕ ਤੱਥ ਤੇ ਪ੍ਰਸੰਗ ਦਿੱਤੇ ਗਏ ਹਨ। ਕਿਤਾਬ ਇਤਿਹਾਸ ਦੇ ਅਣਫੋਲੇ ਵਰਕਿਆਂ ਨੂੰ ਪਾਠਕਾਂ ਸਨਮੁੱਖ ਰੱਖਦੀ ਹੈ।

### ਸਵੈ ਦੀ ਪਰਿਕਰਮਾ




(ਕਵਿਤਾਵਾਂ)
**ਦਵਿੰਦਰ ਬਾਂਸਲ**
**ਸਫ਼ੇ- 156, ਮੁੱਲ- 240**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਦਵਿੰਦਰ ਬਾਂਸਲ ਪਰਵਾਸ ਹੰਢਾ ਕੇ ਤਕਰੀਬਨ ਤਿੰਨ ਦਹਾਕਿਆਂ ਤੋਂ ਕਵਿਤਾ ਦੀ ਸਿਰਜਣਾ ਕਰ ਰਹੀ ਸ਼ਾਇਰਾ ਹੈ। ਕਵਿਤਾ ਰਾਹੀ ਉਹ ਸਵੈ ਨਾਲ ਸੰਵਾਦ ਰਚਾਉਂਦੀ ਹੋਈ ਜ਼ਿੰਦਗੀ ਨੂੰ ਭਰਪੂਰਤਾ ਨਾਲ ਜਿਉਣ ਦੀ ਪ੍ਰੇਰਨਾ ਦਿੰਦੀ ਹੈ। ਕਵਿਤਾ ਵਿੱਚ ਉਹ ਮੁਹੱਬਤ ਦੇ ਚਿਹਨ ਸਿਰਜ ਕੇ ਉਸ ਦੇ ਅਰਥ ਵਿਸ਼ਾਲ ਕਰ ਦਿੰਦੀ ਹੈ। ਮਨੁੱਖ ਦੇ ਬੇਗਾਨਗੀ ਦੇ ਅਹਿਸਾਸ ਨੂੰ ਵੀ ਬੜੀ ਸਿੱਦਤ ਨਾਲ ਪਕੜਦੀ ਹੈ। ਉਹ ਨਾਰੀ ਦੇ ਅਜਿਹੇ ਭਿੰਨ ਭਿੰਨ ਰੂਪ ਪੇਸ਼ ਕਰਦੀ ਹੈ ਜੋ ਸਮਾਜ 'ਚ ਆਪਣੀ ਹੋਂਦ ਲਈ ਸੰਘਰਸ਼ ਕਰਨ ਉਪਰੰਤ ਨਾਬਰੀ ਦਾ ਪ੍ਰਵਚਨ ਸਿਰਜਦੀ ਹੈ। ਉਸ ਦੀ ਕਵਿਤਾ ਵਿੱਚ ਨਾਰੀ ਦੀ ਸਮਾਜ ਪ੍ਰਤੀ ਫ਼ਿਕਰਮੰਦੀ ਵੀ ਝਲਕਦੀ ਹੈ। ਹਰ ਕਵਿਤਾ ਨਾਲ ਕਵਿਤਾ ਦੇ ਕੇਂਦਰੀ ਨੁਕਤੇ ਨੂੰ ਉਭਾਰਨ ਵਾਲੇ ਸਕੈਚ ਵੀ ਪ੍ਰਕਾਸ਼ਤ ਕੀਤੇ ਗਏ ਹਨ ਜੋ ਕਵਿਤਾਵਾਂ ਨੂੰ ਹੋਰ ਅਰਥਵਾਨ ਬਣਾਉਂਦੇ ਹਨ। ਆਪਣੀ ਕਵਿਤਾ ਵਿੱਚ ਮੁਹੱਬਤ ਦੀ ਬਾਤ ਪਾਉਂਦੀ ਬਾਂਸਲ ਸਮਾਜ ਦੇ ਵਿਭਿੰਨ ਵਿਭਿੰਨ ਸਰੋਕਾਰ ਉਭਾਰ ਜਾਂਦੀ ਹੈ। ਕਵਿਤਾ ਵਿੱਚ ਸੂਖਮ ਅਹਿਸਾਸ ਪਾਠਕ ਨੂੰ ਆਪਣੇ ਵੱਲ ਖਿੱਚਣ ਵਾਲੇ ਹਨ।

### ਕਿੱਸਾ ਕਾਕਾ ਪਰਤਾਪੀ




(ਨਾਵਲ)
**ਸੁੱਖੀ ਜੌਹਲ**
**ਸਫ਼ੇ -336, ਮੁੱਲ -425**
**ਚੇਤਨਾ ਪ੍ਰਕਾਸਨ, ਲੁਧਿਆਣਾ**

ਸੁੱਖੀ ਜੌਹਲ ਦਾ ਹੱਥਲਾ ਨਾਵਲ ਇਕ ਸੱਚੀ ਪ੍ਰੇਮ ਕਹਾਣੀ 'ਤੇ ਅਧਾਰਿਤ ਹੈ। ਲੇਖਕ ਨਾਵਲੀ ਬਿਰਤਾਂਤ ਨੂੰ ਕਾਂਡਾ ਵਿੱਚ ਨਹੀਂ ਬਲਕਿ ਨਿਰੰਤਰ ਬਿਰਤਾਂਤ 'ਚ ਪੇਸ਼ ਕਰਦਾ ਹੈ। ਨਾਵਲੀ ਬਿਰਤਾਂਤ ਵਿੱਚ ਉਹ ਥਾਂ ਥਾਂ ਛੰਦਬੰਦੀ ਵਿੱਚ ਕਾਕਾ-ਪਰਤਾਪੀ ਦੇ ਪ੍ਰੇਮ ਪ੍ਰਸੰਗਾ ਨੂੰ ਪੇਸ਼ ਕਰਦਾ ਹੈ। ਇਸ ਪ੍ਰੇਮ ਨੂੰ ਉਹ ਕਿੱਸਾ ਕਾਵਿ ਵਿੱਚ ਵੀ ਨਾਵਲ ਵਿੱਚ ਪੇਸ਼ ਕਰਦਾ ਹੈ। ਜਿਸ ਖਿੱਤੇ ਦੀ ਨਾਵਲਕਾਰ ਪ੍ਰੇਮ ਕਹਾਣੀ ਬਿਆਨ ਕਰਦਾ ਹੈ ਉਹ ਪਿੰਡ ਰੁਪਾਲੋਂ ਹੈ। ਇਹ ਪਿੰਡ ਖੰਨਾ-ਸਮਰਾਲਾ ਦੀ ਬੁੱਕਲ 'ਚ ਪੈਂਦਾ ਹੈ। ਨਾਵਲ ਵਿੱਚ ਕ੍ਰਿਪਾਲ ਸਿੰਘ ਉਰਫ ਕਾਕਾ ਤੇ ਪਰਤਾਪੀ ਦੇ ਪ੍ਰੇਮ ਦੀ ਕਹਾਣੀ ਬਿਆਨ ਕੀਤੀ ਗਈ ਹੈ। ਇਸ ਪ੍ਰੇਮ ਕਹਾਣੀ ਵਿੱਚ ਕਈ ਉਤਾਰ ਚੜ੍ਹਾਅ ਆਉਂਦੇ ਹਨ। ਪ੍ਰੇਮ, ਸੰਤਾਪ, ਦੁੱਖ, ਸੁੱਖ, ਪ੍ਰੀਤ, ਵਿਛੋੜਾ ਸਾਰਾ ਕੁੱਝ ਨਾਲ ਨਾਲ ਚੱਲਦਾ ਹੈ।

ਕਾਕਾ ਸਰਦਾਰ ਕਾਹਨ ਸਿੰਘ ਜ਼ੈਲਦਾਰ ਦੇ ਘਰ ਜਨਮ ਲੈਂਦਾ ਹੈ ਜੋ ਇਕਲੌਤਾ ਪੁੱਤ ਹੈ। ਘਰ ਵਿੱਚ ਉਸ ਨੂੰ ਕਾਕਾ ਕਹਿੰਦੇ ਹਨ। ਜਿਸ ਦਾ ਬਚਪਨ ਬੜੇ ਚਾਵਾਂ ਤੇ ਲਾਡਾਂ ਨਾਲ ਬੀਤਦਾ ਹੈ। ਦੂਜੇ ਪਾਸੇ ਪਰਤਾਪੀ ਗਰੀਬ ਸੁਨਿਆਰੇ ਪਰਿਵਾਰ ਦੀ ਸੁਨੱਖੀ ਕੁੜੀ ਹੁੰਦੀ ਹੈ। ਉਹ ਪਿਤਾ ਗੁਪਾਲ ਤੇ ਮਾਤਾ ਨੰਦ ਕੌਰ ਦੀ ਪੁੱਤਰੀ ਹੈ। ਘਰ ਵਿੱਚ ਅੰਤਾਂ ਦੀ ਗਰੀਬੀ ਹੈ। ਨਾਵਲੀ ਬਿਰਤਾਂਤ ਵਾਰਤਾਲਾਪੀ ਲਹਿਜੇ ਵਿੱਚ ਅੱਗੇ ਤੁਰਦਾ ਜਾਂਦਾ ਹੈ। ਵਿੱਚ ਵਿੱਚ ਪ੍ਰਗੀਤਕ ਟੁਕੜੇ ਨਾਵਲ ਨੂੰ ਕਾਵਿਕ ਬਣਾ ਦਿੰਦੇ ਹਨ। ਕਾਕਾ ਕੋਲੋਂ ਪਰਤਾਪੀ ਨੂੰ ਪਿਆਰ ਮਿਲਦਾ ਹੈ ਤੇ ਫਿਰ ਉਹ ਸੰਤਾਪ ਵਿੱਚ ਆਪਣਾ ਸਮਾਂ ਵੀ ਗੁਜਾਰਦੀ ਹੈ। ਨਾਵਲ ਦੇ ਅੰਤ ਵਿਚ ਪਰਤਾਪੀ ਵਿਛੋੜਾ ਦੇ ਜਾਂਦੀ ਹੈ। ਕਾਕਾ ਉਹਦੇ ਵਿਛੋੜੇ ਵਿੱਚ ਪਾਗਲ ਹੋ ਜਾਂਦਾ ਹੈ। ਪਰਤਾਪੀ ਦਾ ਕਤਲ ਗੁੱਜਰ ਕਰ ਦਿੰਦਾ ਹੈ। ਪਾਠਕ ਨੂੰ ਨਾਵਲ ਬਿਰਤਾਂਤ ਵਿੱਚ ਬੰਨ੍ਹਣ ਲਈ ਨਾਵਲਕਾਰ ਬਿਰਤਾਂਤ 'ਚ ਹਰ ਤਰ੍ਹਾਂ ਦਾ ਮਸਾਲਾ ਤੇ ਚਸਕੇਦਾਰ ਸ਼ੈਲੀ ਤਿਆਰ ਕਰਦਾ ਹੈ। ਪਿਆਰ-ਵਿਛੋੜੇ ਦੇ ਇਸ ਕਿਸਮ ਦੇ ਨਾਵਲ ਪਹਿਲਾਂ ਪਹਿਲ ਬੱਸ ਅੱਡਿਆ ਉੱਤੇ ਬਹੁਤ ਵਿਕਦੇ ਹੁੰਦੇ ਸਨ।

# ਪੁਸਤਕ ਰੀਵਿਊ

## ਸਿੱਖ ਰਾਜ ਦਾ ਪਤਨ

**ਜਗਤਾਰ ਸਿੰਘ ਭੰਗੂ**
**ਸਫੇ-184, ਮੁੱਲ-249 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**




ਜਗਤਾਰ ਸਿੰਘ ਭੰਗੂ ਪੰਜਾਬ ਦੇ ਇਤਿਹਾਸ ਬਾਰੇ ਲਿਖਣ ਵਾਲਾ ਵਰਤਮਾਨ ਸਮੇਂ ਇਕ ਖੋਜੀ ਸੁਹਿਰਦ ਇਤਿਹਾਸਕਾਰ ਹੈ। ਉਸ ਨੇ ਪੰਜਾਬ ਦੇ ਇਤਿਹਾਸ ਬਾਰੇ, ਸ਼ਹੀਦਾਂ ਬਾਰੇ ਅੱਧੀ ਦਰਜਨ ਪੁਸਤਕਾਂ ਲਿਖੀਆਂ ਹਨ। ਨਾਲ ਹੀ ਪੰਜਾਬੀ ਸਾਹਿਤ ਦੀ ਝੋਲੀ 15 ਪੁਸਤਕਾਂ ਸੰਪਾਦਿਤ ਕਰਕੇ ਪਾਈਆਂ ਹਨ।

ਹੱਥਲੀ ਪੁਸਤਕ 'ਸਿੱਖ ਰਾਜ ਦਾ ਪਤਨ' ਜਿਵੇਂ ਕਿ ਆਪਣੇ ਨਾਂਅ ਤੋਂ ਹੀ ਦੱਸ ਰਹੀ ਹੈ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਖਾਤਮੇ ਅਤੇ ਅੰਗਰੇਜ਼ਾਂ ਦੁਆਰਾ ਪੰਜਾਬ 'ਤੇ ਕਬਜ਼ਾ ਕਰ ਲੈਣ ਦਾ ਵਿਸਤ੍ਰਿਤ ਬਿਰਤਾਂਤ ਹੈ। ਪੁਸਤਕ ਦੇ ਛੋਟੇ-ਵੱਡੇ 36 ਅਧਿਆਇ ਹਨ, ਜੋ ਮਹਾਰਾਜੇ ਦੇ ਸਮੇਂ ਦੇ ਹਾਲਾਤ, ਚਲਾਣੇ, ਦਰਬਾਰੀ ਖਾਨਾਜੰਗੀ, ਡੋਗਰਿਆਂ ਦੀਆਂ ਗ਼ਦਾਰੀਆਂ, ਸਿੱਖ ਅੰਗਰੇਜ਼ ਯੁੱਧ ਪਹਿਲਾ (ਮੁਦਕੀ, ਫੇਰੂ ਸ਼ਹਿਰ, ਬੱਦੋਵਾਲ ਤੇ ਸਭਰਾਵਾਂ), ਦੂਜਾ (ਭਰੋਵਾਲ, ਮੁਲਤਾਨ, ਚੇਲਿਆਂਵਾਲਾ, ਗੁਜਰਾਤ) ਯੁੱਧ ਅਤੇ ਅੰਤ 29 ਮਾਰਚ 1849 ਈ. ਨੂੰ ਅੰਗਰੇਜ਼ਾਂ ਵੱਲੋਂ ਪੰਜਾਬ 'ਤੇ ਕਬਜ਼ਾ ਦਾ ਘਟਨਾਵੀ ਵਰਨਣ ਕਰਦੇ ਹਨ। ਅੰਤ ਵਿਚ ਮਹਾਰਾਣੀ ਜ਼ਿੰਦਾਂ ਤੇ ਉਸ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਦਾ ਦਰਦਨਾਕ ਨਜ਼ਰਬੰਦੀ ਤੇ ਅੰਤ ਵੀ ਸੰਖੇਪ ਵਿਚ ਦਿੱਤਾ ਗਿਆ ਹੈ।

ਸੁਯੋਗ ਇਤਿਹਾਸ ਲੇਖਕ ਜਗਤਾਰ ਸਿੰਘ ਭੰਗੂ ਨੇ ਤਿੰਨ ਥਾਂ 'ਤੇ ਸੰਖੇਪ ਵਿਚ ਸਿੱਖ ਰਾਜ ਦੇ ਪਤਨ ਦੇ ਕਾਰਨ ਸਪੱਸ਼ਟ ਦਰਜ ਕਰ ਦਿੱਤੇ ਹਨ। ਅਰੰਭ ਵਿਚ ਦੋ ਸ਼ਬਦ ਲਿਖਦਿਆਂ ਉਹ ਅੰਗਰੇਜ਼ਾਂ, ਡੋਗਰਿਆਂ, ਮਿਸਰਾਂ ਤੇ ਕੁੱਝ ਸਿੱਖ ਦਰਬਾਰੀਆਂ ਦੀਆਂ ਬੰਦ ਕਮਰਿਆਂ ਵਿਚ ਗੁੰਦੀਆਂ ਤੇ ਨੇਪਰੇ ਚੜ੍ਹਾਈਆਂ ਸਾਜ਼ਿਸ਼ਾਂ ਨੂੰ ਮੰਨਦਾ ਹੈ। ਇਨ੍ਹਾਂ ਬੁੱਕਲ ਦੇ ਸੱਪਾਂ ਧਿਆਨ ਸਿੰਘ, ਗੁਲਾਬ ਸਿੰਘ, ਹੀਰਾ ਸਿੰਘ, ਮਿਸਰ ਲਾਲ ਸਿੰਘ, ਤੇਜ ਸਿੰਘ ਆਦਿ ਦੀ ਅਕ੍ਰਿਤਘਣਤਾ ਦੇ ਨਾਲ ਮਹਾਰਾਜੇ ਦੇ ਵਾਰਸਾਂ ਵਿਚ ਦੂਰਅੰਦੇਸ਼ੀ ਦੀ ਘਾਟ ਤੇ ਘਰੇਲੂ ਫੁੱਟ ਵੀ ਸ਼ਾਮਲ ਹੈ। ਅੰਤ ਵਿੱਚ ਉਹ ਰਾਜ ਭਾਗ ਨੂੰ ਜੰਗੀ ਮੈਦਾਨ 'ਚ ਗੁਆਇਆ ਨਾ ਮੰਨ ਕੇ ਖਾਲਸਾ ਰਾਜ ਖਿਲਾਫ਼ ਉਪਰੋਕਤ ਸਾਜ਼ਿਸ਼ਾਂ ਨੂੰ ਤੇ ਪਰਸਪਰ ਈਰਖਾ ਤੇ ਫੁੱਟ ਕਹਿੰਦਾ ਹੈ। ਰਵਾਇਤੀ ਗ਼ਦਾਰਾਂ, ਧੋਖੇਬਾਜ਼ਾਂ ਅਤੇ ਦਲਾਲਾਂ ਨੇ ਅੰਗਰੇਜ਼ਾਂ ਨਾਲ ਮਿਲੀ-ਭੁਗਤ ਕਰਕੇ ਕੌਮ ਦੀ ਪਿੱਠ ਵਿਚ ਛੁਰਾ ਖੋਭਿਆ ਤੇ ਸਿੱਖਾਂ ਦਾ ਸਾਂਝਾ ਰਾਜ ਗੋਰਿਆਂ ਦੀ ਝੋਲੀ ਪਾ ਦਿੱਤਾ।

ਲੇਖਕ ਨੇ ਆਪਣੀ ਖੋਜ ਦੇ ਪ੍ਰਮਾਣਾਂ ਲਈ ਅੰਗਰੇਜ਼ਾਂ ਦੀਆਂ ਲਿਖਤਾਂ, ਸਰਕਾਰੀ ਚਿੱਠੀ ਪੱਤਰ, ਖੁਸ਼ਵੰਤ ਸਿੰਘ ਦਾ ਸਿੱਖ ਇਤਿਹਾਸ, ਕਵੀਆਂ ਰਚਿਤ ਵਾਰਾਂ ਤੇ ਜੰਗਨਾਮੇ ਆਦਿ ਸ਼ਾਮਲ ਕੀਤੇ ਹਨ। ਪੁਸਤਕ ਪੰਜਾਬ ਦੇ ਅਮੀਰ ਵਿਰਸੇ ਦਾ ਅਕੱਟ ਪ੍ਰਮਾਣ ਹੈ। ਵਾਰਿਸਾਂ ਨੂੰ ਸਬਕ ਸਿੱਖਣ ਤੇ ਪ੍ਰੇਰਨਾ ਲੈਣ ਦੀ ਤਾਕੀਦ ਹੈ। ਇਤਿਹਾਸ ਖੋਜਦਿਆਂ ਨੂੰ ਅੱਗੋਂ ਹੋਰ ਪੜਤਾਲ ਕਰਨ ਲਈ ਟੁੰਬਦੀ ਹੈ। ਹਰੇਕ ਪੰਜਾਬ ਤੇ ਪੰਜਾਬੀ ਪ੍ਰੇਮੀ ਦੇ ਪੜ੍ਹਨ ਵਾਲੀ ਹੈ।

**—ਤੇਜਾ ਸਿੰਘ ਤਿਲਕ**

## ਪਿਆਸੀਆਂ ਚਿੜੀਆਂ

(ਬਾਲ ਕਹਾਣੀ ਸੰਗ੍ਰਹਿ)
**ਜਸਮੀਤ ਕੌਰ**
**ਕੀਮਤ-200 ਰੁਪਏ, ਸਫ਼ੇ-48**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**




ਖ਼ੂਬਸੂਰਤ ਦਿੱਖ ਵਾਲੀ ਇਸ ਪੁਸਤਕ 'ਚ ਜਸਮੀਤ ਕੌਰ ਨੇ ਵੱਖੋ- ਵੱਖਰੇ ਵਿਸ਼ਿਆਂ ਨੂੰ ਲੈ ਕੇ ਦਸ ਬਾਲ ਕਹਾਣੀਆਂ ਦੀ ਸਿਰਜਣਾ ਕੀਤੀ ਹੈ। 'ਪਿਆਸੀਆਂ ਚਿੜੀਆਂ' ਨਾਂਅ ਦੀ ਇਸ ਪੁਸਤਕ 'ਚ ਇੱਕ-ਦੋ ਕਹਾਣੀਆਂ ਨੂੰ ਛੱਡ ਕੇ ਬਾਕੀ ਦੀਆਂ ਕਹਾਣੀਆਂ ਬੱਚਿਆਂ ਲਈ ਸਾਕਾਰਾਤਮਕ ਸੋਚ ਦੀ ਹਾਮੀ ਭਰਦੀਆਂ ਹੋਈਆਂ ਬਾਲ ਮਨਾਂ 'ਚ ਨਵੀਂ ਊਰਜਾ ਦਾ ਸੰਚਾਰ ਕਰਦੀਆਂ ਹੋਈਆਂ ਉਹਨਾਂ ਨੂੰ ਪੁਸਤਕਾਂ ਨਾਲ ਜੋੜਨ ਦਾ ਖਾਸ ਉਪਰਾਲਾ ਹੈ।

ਬਾਲ ਮਨਾਂ ਅੰਦਰ ਵਿਗਿਆਨਕ, ਉਸਾਰੂ ਸਾਕਾਰਾਤਮਕ ਸੋਚ ਪੈਦਾ ਕਰਨ ਲਈ ਪੁਸਤਕ ਸੱਭਿਆਚਾਰ ਦੀ ਬਹੁਤ ਜ਼ਰੂਰਤ ਹੈ।ਹੱਥਲੇ ਕਹਾਣੀ ਸੰਗ੍ਰਹਿ ਦੀ ਕਹਾਣੀ 'ਝੁਰਨਾ' ਬੱਚਿਆਂ ਨੂੰ ਧਰਤੀ 'ਤੇ ਘਟ ਰਹੇ ਪਾਣੀ ਪ੍ਰਤੀ ਸੁਚੇਤ ਕਰਦੀ ਹੋਈ, ਪਾਣੀ ਦੀ ਸੰਭਾਲ, ਵਿਅਰਥ ਵਹਿੰਦੇ ਪਾਣੀ ਨੂੰ ਰੋਕਣ ਅਤੇ ਮੀਂਹ ਦੇ ਪਾਣੀ ਨੂੰ ਸਟੋਰ ਕਰਕੇ ਉਸ ਦੀ ਸਹੀ ਵਰਤੋਂ ਲਈ ਪ੍ਰੇਰਿਤ ਕਰਦੀ ਹੈ। ਇਸੇ ਤਰ੍ਹਾਂ ਜਿੱਥੇ 'ਗਿਆਨ' ਕਹਾਣੀ ਲਗਨ ਤੇ ਈਮਾਨਦਾਰੀ ਨਾਲ ਆਪਣੇ ਕੰਮ 'ਚ ਰੁੱਝੇ ਰਹਿਣ ਲਈ ਪ੍ਰੇਰਿਤ ਕਰਦੀ ਹੈ, ਉੱਥੇ ਹੀ ਇਸ ਸੰਗ੍ਰਹਿ ਦੀ ਮੁੱਖ ਕਹਾਣੀ 'ਪਿਆਸੀਆਂ ਚਿੜੀਆਂ' ਗਰਮੀਆਂ ਦੇ ਦਿਨਾਂ ਵਿੱਚ ਪੰਛੀਆਂ ਲਈ ਦਾਣਾ-ਪਾਣੀ ਰੱਖਣ ਲਈ ਪ੍ਰੇਰਿਤ ਕਰਦੀ ਹੋਈ ਬੱਚਿਆਂ ਦੇ ਮਨਾਂ ਅੰਦਰ ਜੀਵ-ਜੰਤੂਆਂ ਲਈ ਪ੍ਰੇਮ ਦੇ ਭਾਵ ਪੈਦਾ ਕਰਦੀ ਹੈ। ਇਸੇ ਤਰ੍ਹਾਂ 'ਵਾਅਦਾ' ਕਹਾਣੀ ਬੱਚਿਆਂ ਨੂੰ ਜੰਕ ਫ਼ੂਡ ਤੋਂ ਦੂਰ ਰਹਿਣ ਅਤੇ ਹਰੀਆਂ ਸਬਜ਼ੀਆਂ, ਫ਼ਲਾਂ ਅਤੇ ਸੰਤੁਲਿਤ ਭੋਜਨ ਦੇ ਸੇਵਨ ਲਈ ਉਤਸ਼ਾਹਿਤ ਕਰਦੀ ਹੈ।

ਇਸ ਬਾਲ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਵਧੀਆ ਹਨ ਪ੍ਰੰਤੂ 'ਬਾਸੀ ਖੀਰ' ਕਹਾਣੀ ਬੱਚਿਆਂ ਦੇ ਪੱਧਰ ਦੀ ਨਹੀਂ ਜਾਪਦੀ, ਇਹ ਬੱਚਿਆਂ 'ਚ ਆਪਣੇ ਦੋਸਤਾਂ-ਮਿੱਤਰਾਂ ਦੇ ਮਾਪਿਆਂ ਲਈ ਗ਼ਲਤ ਭਾਵਨਾ ਪੈਦਾ ਕਰ ਸਕਦੀ ਹੈ। ਕਿਤੇ-ਕਿਤੇ ਸ਼ਬਦ ਜੋੜਾਂ ਦੀਆਂ ਗ਼ਲਤੀਆਂ ਕਾਰਨ ਪਰੂਫ਼ ਰੀਡਿੰਗ ਦੀ ਘਾਟ ਨਜ਼ਰ ਆਉਂਦੀ ਹੈ। ਕਈ ਥਾਵਾਂ 'ਤੇ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਜਦੋਂ ਕਿ ਉਹਨਾਂ ਦੀ ਥਾਂ ਪੰਜਾਬੀ ਸ਼ਬਦ ਲਿਖਤ ਨੂੰ ਹੋਰ ਵੀ ਜ਼ਿਆਦਾ ਪ੍ਰਭਾਵਸ਼ਾਲੀ ਬਣਾ ਸਕਦੇ ਹਨ। ਅਜੋਕੇ ਮੋਬਾਇਲ ਦੇ ਯੁੱਗ ਵਿੱਚ ਪੰਜਾਬੀ ਬਾਲ ਪਾਠਕ ਪੁਸਤਕਾਂ ਨਾਲੋਂ ਟੁੱਟਦੇ ਜਾ ਰਹੇ ਹਨ।ਨਵੀਂ ਪਨੀਰੀ ਨੂੰ ਸਾਹਿਤ ਨਾਲ ਜੋੜਨ ਲਈ ਬਹੁਤ ਉੱਦਮ ਦੀ ਲੋੜ ਹੈ। ਇਸ ਲਈ ਇਸ ਪੁਸਤਕ ਦਾ ਸੁਆਗਤ ਕਰਨਾ ਬਣਦਾ ਹੈ।

**—ਮਨਦੀਪ ਰਿੰਪੀ, ਰੋਪੜ**

# ਡਲਹੌਜ਼ੀ 'ਚ 6 ਭਾਸ਼ਾਵਾਂ ਦੇ ਕਹਾਣੀਕਾਰਾਂ ਦੀ ਗੋਸ਼ਟੀ



**ਡਲਹੌਜ਼ੀ**-ਪ੍ਰਸਿੱਧ ਲੇਖਕ ਰਾਮ ਸਰੂਪ ਅਣਖੀ ਦੀ ਯਾਦ ਵਿੱਚ ਹੋਣ ਵਾਲੀ ਸਾਲਾਨਾ ਗੋਸ਼ਟੀ ਡਲਹੌਜ਼ੀ ਵਿੱਚ ਸੰਪੰਨ ਹੋਈ। ਪੰਜਾਬੀ ਸਾਹਿਤਕ ਮੈਗਜ਼ੀਨ 'ਕਹਾਣੀ ਪੰਜਾਬ' ਵੱਲੋਂ ਹਰ ਸਾਲ ਕਰਵਾਈ ਜਾਣ ਵਾਲੀ ਪੰਜਾਬੀ ਸਾਹਿਤਕਾਰ ਰਾਮ ਸਰੂਪ ਅਣਖੀ ਸਿਮਰਤੀ ਕਹਾਣੀ ਗੋਸ਼ਟੀ ਡਲਹੌਜ਼ੀ ਸਾਲ 2025 ਵਿੱਚ 33ਵੇਂ ਸਾਲ ਵਿੱਚ ਦਾਖ਼ਲ ਹੋਈ। ਗੋਸ਼ਟੀ ਦੀ ਸ਼ੁਰੂਆਤ ਸੀਨੀਅਰ ਕਹਾਣੀਕਾਰ ਅਤੇ ਪੰਜਾਬੀ ਸਾਹਿਤ ਸਭਾ, ਦਿੱਲੀ ਦੇ ਡਾਇਰੈਕਟਰ ਕੇਸਰਾ ਰਾਮ ਦੇ ਸੰਚਾਲਨ ਵਿੱਚ ਸਾਰਿਆਂ ਦੀ ਜਾਣ-ਪਛਾਣ ਨਾਲ ਹੋਈ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਵਿਭਾਗ ਦੇ ਪ੍ਰੋਫ਼ੈਸਰ ਡਾ. ਕ੍ਰਾਂਤੀਪਾਲ ਨੇ ਕਹਾਣੀ ਗੋਸ਼ਟੀ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਦੇ ਸਫ਼ਰ ਬਾਰੇ ਭਾਵਪੂਰਤ ਅੰਦਾਜ਼ ਵਿੱਚ ਦੱਸਿਆ। ਅਣਖੀ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਦੇ ਸਪੁੱਤਰ ਡਾ. ਕ੍ਰਾਂਤੀਪਾਲ ਨੇ ਇਸ ਕਹਾਣੀ ਗੋਸ਼ਟੀ ਨੂੰ ਉਨ੍ਹਾਂ ਦੀ ਯਾਦ ਵਿੱਚ ਜਾਰੀ ਰੱਖਿਆ ਹੈ।

ਗੋਸ਼ਟੀ ਦੇ ਪਹਿਲੇ ਸੈਸ਼ਨ ਵਿੱਚ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਸੀਨੀਅਰ ਹਿੰਦੀ ਕਹਾਣੀਕਾਰ ਅਤੇ ਆਲੋਚਕ ਡਾ. ਅਬਦੁਲ ਬਿਸਮਿੱਲਾਹ ਸਮੇਤ ਹਾਜ਼ਰ ਕਹਾਣੀਕਾਰਾਂ ਅਤੇ ਵਿਦਵਾਨਾਂ ਨੇ ਰਾਮ ਸਰੂਪ ਅਣਖੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਰਾਜਕੁਮਾਰ ਮਹਿਤਾ ਨੇ ਰਾਮ ਸਰੂਪ ਅਣਖੀ ਦੀ ਕਹਾਣੀ 'ਪਰਛਾਵਿਆਂ ਦਾ ਮੋਹ' ਦੇ ਹਿੰਦੀ ਅਨੁਵਾਦ ਦਾ ਪਾਠ ਕੀਤਾ। ਰਾਮ ਸਰੂਪ ਅਣਖੀ ਦੇ ਵਿਸ਼ਾਲ ਸਾਹਿਤ ਸੰਸਾਰ ਬਾਰੇ ਜਾਣਕਾਰੀ ਦਿੰਦਿਆਂ ਡਾ. ਅਬਦੁਲ ਬਿਸਮਿੱਲਾਹ ਨੇ ਕਿਹਾ ਕਿ ਅਣਖੀ ਪੰਜਾਬੀ ਸਾਹਿਤ ਦੇ ਅਜਿਹੇ ਕਹਾਣੀਕਾਰ ਸਨ, ਜਿਨ੍ਹਾਂ ਨੂੰ ਹੋਰ ਭਾਰਤੀ ਭਾਸ਼ਾਵਾਂ ਵਿੱਚ ਵੀ ਪੜ੍ਹਿਆ ਅਤੇ ਅਨੁਵਾਦ ਕੀਤਾ ਗਿਆ। ਭਾਰਤੀ ਸਾਹਿਤ ਅਕਾਦਮੀ ਸਮੇਤ ਉਨ੍ਹਾਂ ਨੂੰ ਕਈ ਵੱਡੀਆਂ ਸੰਸਥਾਵਾਂ ਨੇ ਸਨਮਾਨਿਤ ਕੀਤਾ। ਉਨ੍ਹਾਂ ਦੇ ਕਹਾਣੀ ਸੰਸਾਰ ਵਿੱਚ ਆਮ ਮਨੁੱਖ ਦਾ ਦਰਦ ਗੁੰਨ੍ਹਿਆ ਹੋਇਆ ਹੈ, ਜੋ ਪਾਠਕਾਂ ਨੂੰ ਸੰਵੇਦਨਸ਼ੀਲ ਬਣੇ ਰਹਿਣ ਲਈ ਪ੍ਰੇਰਿਤ ਕਰਦਾ ਹੈ।

ਤਿੰਨ ਦਿਨਾਂ ਦੀ ਕਹਾਣੀ ਗੋਸ਼ਟੀ ਵਿੱਚ ਤਿੰਨ ਸੈਸ਼ਨਾਂ ਦੌਰਾਨ ਪੰਜਾਬੀ, ਹਿੰਦੀ, ਸੰਥਾਲੀ, ਗੁਜਰਾਤੀ, ਡੋਗਰੀ ਅਤੇ ਰਾਜਸਥਾਨੀ ਭਾਸ਼ਾਵਾਂ ਦੇ 10 ਕਹਾਣੀਕਾਰਾਂ ਨੇ 10 ਕਹਾਣੀਆਂ ਦਾ ਪਾਠ ਕੀਤਾ।ਗੋਸ਼ਟੀ ਦੇ ਦੂਜੇ ਸੈਸ਼ਨ ਵਿੱਚ ਰਾਂਚੀ ਤੋਂ ਆਏ ਕਹਾਣੀਕਾਰ ਕਮਲ ਨੇ ਕਹਾਣੀ 'ਡਾਇਨ', ਰਾਜਸਥਾਨੀ ਕਹਾਣੀਕਾਰ ਰਾਮੇਸ਼ਵਰ ਗੋਦਾਰਾ ਨੇ 'ਹਾਈਵੇ ਕਾ ਕੱਵਾ ਔਰ ਕੋਝ', ਨੌਜਵਾਨ ਪੰਜਾਬੀ ਕਹਾਣੀਕਾਰ ਗੁਰਮੀਤ ਆਰਿਫ਼ ਨੇ 'ਕਸ਼ਮਕਸ਼' ਅਤੇ ਝਾਰਖੰਡ ਤੋਂ ਆਏ ਸੰਥਾਲੀ ਭਾਸ਼ਾ ਦੇ ਕਹਾਣੀਕਾਰ ਪ੍ਰੇਮ ਸੋਰੇਨ ਨੇ ਕਹਾਣੀ 'ਦਿਕੂ ਬੇੜਾ' ਦਾ ਪਾਠ ਕੀਤਾ।

ਤੀਜੇ ਅਤੇ ਚੌਥੇ ਸੈਸ਼ਨ ਵਿੱਚ ਜੰਮੂ ਤੋਂ ਆਏ ਜਗਦੀਪ ਦੂਬੇ ਨੇ ਡੋਗਰੀ ਕਹਾਣੀ 'ਸਵਾਲ', ਗੁਜਰਾਤ ਦੇ ਕੱਛ ਤੋਂ ਆਏ ਨੌਜਵਾਨ ਕਹਾਣੀਕਾਰ ਅਜੇ ਸੋਨੀ ਨੇ ਕਹਾਣੀ 'ਰੇਤ ਮੇਂ ਗਲਾ ਹੁਆ ਮੋਰਚੰਗ', ਪੰਜਾਬੀ ਕਹਾਣੀਕਾਰ ਸੰਦੀਪ ਸਮਰਾਲਾ ਨੇ 'ਸਮਾਰਟ ਵਰਕ', ਸੰਥਾਲੀ ਕਹਾਣੀਕਾਰ ਕਾਸ਼ੂ ਨਾਥ ਸੋਰੇਨ ਨੇ 'ਜੂਠੀ ਪੱਤਲ' ਅਤੇ ਦੇਹਰਾਦੂਨ ਤੋਂ ਆਏ ਕਹਾਣੀਕਾਰ ਅਰੁਣ ਕੁਮਾਰ ਅਸਫਲ ਨੇ ਹਿੰਦੀ ਕਹਾਣੀ 'ਪਾਂਡੁਲਿਪੀ ਅੱਥ....ਲਿਪੀ' ਦਾ ਪਾਠ ਕੀਤਾ।

ਵਿਚਾਰ ਚਰਚਾ ਵਿੱਚ ਸੰਵਾਦ ਰਚਾਉਂਦਿਆਂ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ, ਨਵੀਂ ਦਿੱਲੀ ਦੇ ਹਿੰਦੀ ਵਿਭਾਗ ਦੇ ਡਾ. ਮੁਕੇਸ਼ ਮਿਰੋਠਾ, ਕਹਾਣੀਕਾਰ ਕੇਸਰਾ ਰਾਮ, ਹਰੀਸ਼, ਭੁਪਿੰਦਰ ਸਿੰਘ ਬੇਦੀ, ਨੀਲਾਭ, ਪੰਜਾਬੀ ਸਾਹਿਤਕ ਪੱਤਰਿਕਾ 'ਲਫ਼ਜ਼ਾਂ ਦਾ ਪੁਲ' ਦੇ ਸੰਪਾਦਕ ਦੀਪ ਜਗਦੀਪ ਸਿੰਘ, ਐੱਚ ਐੱਸ. ਡਿੰਪਲ, ਡਾ. ਦਯਾ ਸਿੰਘ, ਭਾਰਤੀ ਦੱਤ ਆਦਿ ਸਾਹਿਤਕਾਰਾਂ ਨੇ ਸਮਕਾਲੀਨ ਭਾਰਤੀ ਕਹਾਣੀ ਦੀ ਨਬਜ਼ ਫੜਦਿਆਂ ਤੇਜ਼ੀ ਨਾਲ ਬਦਲਦੇ ਯੁੱਗ ਵਿੱਚ ਕਹਾਣੀ ਦੇ ਬਦਲਦੇ ਸਰੂਪ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ। ਵਿਦਵਾਨਾਂ ਨੇ ਕਹਾਣੀਆਂ ਵਿੱਚ ਛੋਹੇ ਗਏ ਅੰਧਵਿਸ਼ਵਾਸ, ਮਨੁੱਖ ਦੇ ਮਨੋਵਿਗਿਆਨ, ਮਨੁੱਖੀ ਰਿਸ਼ਤਿਆਂ ਵਿੱਚ ਵਧਦੇ ਤਣਾਅ, ਜਾਤ ਅਤੇ ਸਮਾਜਿਕ ਵਿਤਕਰੇ, ਸਿਪਾਹੀਆਂ ਦੀ ਬਹਾਦਰੀ, ਸ਼ਹੀਦਾਂ ਪ੍ਰਤੀ ਸਰਕਾਰੀ ਤੰਤਰ ਦੇ ਵਤੀਰੇ, ਪੇਂਡੂ ਸਮਾਜ ਦੀਆਂ ਗੁੰਝਲਾਂ, ਕਾਰਪੋਰੇਟ ਦੇ ਜਾਲ ਵਿੱਚ ਫਸ ਕੇ ਵਸਤੂ ਬਣੇ ਮਨੁੱਖ, ਅਮੀਰ ਅਤੇ ਗ਼ਰੀਬ ਵਿਚਕਾਰ ਵਧਦੇ ਜਾ ਰਹੇ ਪਾੜੇ ਅਤੇ ਤਕਨੀਕ ਨਾਲ ਸਾਹਿਤ ਜਗਤ ਵਿੱਚ ਆਈ ਤਬਦੀਲੀ ਦੇ ਵਿਸ਼ਿਆਂ ਉੱਤੇ ਕਹਾਣੀਕਾਰਾਂ ਦੀ ਦ੍ਰਿਸ਼ਟੀ ਦਾ ਵਿਸ਼ਲੇਸ਼ਣ ਕੀਤਾ। ਚਰਚਾ ਵਿੱਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਸ਼ਿਲਪ, ਖੋਜ ਅਤੇ ਅਧਿਐਨ ਵਿੱਚ ਤਾਲਮੇਲ ਬਿਠਾ ਕੇ ਹੀ ਕਹਾਣੀਕਾਰ ਸਮਾਜਿਕ ਵਿਸ਼ਿਆਂ ਨੂੰ ਕਥਾਰਸ ਵਿੱਚ ਗੁੰਨ੍ਹ ਕੇ ਪਾਠਕਾਂ ਤੱਕ ਪਹੁੰਚਾ ਸਕਦਾ ਹੈ।ਸਾਰੀ ਚਰਚਾ ਉੱਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਗੋਸ਼ਟੀ ਦੇ ਪ੍ਰਧਾਨ ਡਾ. ਅਬਦੁੱਲ ਬਿਸਮਿੱਲਾਹ ਨੇ ਆਪਣੇ ਜਾਣੇ-ਪਛਾਣੇ ਅੰਦਾਜ਼ ਵਿੱਚ ਕਹਾਣੀ ਦੀ ਬਣਤਰ, ਭਾਸ਼ਾ ਅਤੇ ਵਿਸ਼ਿਆਂ ਨੂੰ ਨਿਭਾਉਣ ਲਈ ਜ਼ਰੂਰੀ ਮਹੱਤਵਪੂਰਨ ਨੁਕਤਿਆਂ ਉੱਤੇ ਰੌਸ਼ਨੀ ਪਾਈ। ਉਨ੍ਹਾਂ ਨੇ ਕਹਾਣੀਕਾਰਾਂ ਨੂੰ ਲਗਾਤਾਰ ਵਿਸ਼ਵ ਸਾਹਿਤ ਦਾ ਅਧਿਐਨ ਕਰਦਿਆਂ ਕਹਾਣੀਕਾਰੀ ਦੀਆਂ ਬਾਰੀਕੀਆਂ ਨੂੰ ਸਮਝਣ ਦਾ ਸੁਝਾਅ ਦਿੱਤਾ। ਉਨ੍ਹਾਂ ਨੇ ਕਿਹਾ ਕਿ ਜਦ ਤੱਕ ਕਹਾਣੀਕਾਰ ਆਪਣੇ ਅੰਦਰ ਦੀ ਕਹਾਣੀ ਨਾਲ ਜੁੜੇ ਪਾਤਰਾਂ ਅਤੇ ਤਜਰਬਿਆਂ ਨੂੰ ਆਤਮਸਾਤ ਨਹੀਂ ਕਰ ਲੈਂਦਾ, ਤਦ ਤੱਕ ਉਹ ਕਿਸੇ ਵੱਡੇ ਤੋਂ ਵੱਡੇ ਵਿਸ਼ੇ ਨਾਲ ਨਿਆਂ ਨਹੀਂ ਕਰ ਸਕਦਾ। ਕਹਾਣੀ ਵੱਡਾ ਜਾਂ ਅਨੋਖਾ ਵਿਸ਼ਾ ਚੁਣਨ ਨਾਲ ਨਹੀਂ, ਕਹਾਣੀਕਾਰ ਦੇ ਆਤਮ-ਮੰਥਨ ਤੋਂ ਪੈਦਾ ਹੋਏ ਕਥਾ-ਵਿਵੇਕ ਤੋਂ ਵੱਡੀ ਬਣਦੀ ਹੈ। ਉਨ੍ਹਾਂ ਨੇ ਫੁੱਲ ਦੀ ਮਿਸਾਲ ਦਿੰਦਿਆਂ ਕਿਹਾ ਕਿ ਪੱਤੀਆਂ ਨੂੰ ਤੋੜ ਕੇ ਵੱਖ ਕਰ ਦੇਣ ਨਾਲ ਜਿਵੇਂ ਫੁੱਲ ਦੇ ਅੰਦਰਲੀ ਖ਼ੁਸ਼ਬੂ ਦੇ ਸਰੋਤ ਤੱਕ ਨਹੀਂ ਪਹੁੰਚਿਆ ਜਾ ਸਕਦਾ, ਉਸੇ ਤਰ੍ਹਾਂ ਕਹਾਣੀ ਦੇ ਵੱਖ-ਵੱਖ ਪਹਿਲੂਆਂ ਨੂੰ ਜੋੜੇ ਬਿਨਾਂ ਕਹਾਣੀ ਵਿੱਚ ਉਹ ਖ਼ੁਸ਼ਬੂ ਪੈਦਾ ਨਹੀਂ ਕੀਤੀ ਜਾ ਸਕਦੀ, ਜੋ ਹਰ ਪੀੜ੍ਹੀ ਦੇ ਪਾਠਕ ਨੂੰ ਖਿੱਚ ਕੇ ਅਤੇ ਕਹਾਣੀ ਨੂੰ ਸਦੀਵੀ ਬਣਾ ਦੇਵੇ।ਗੋਸ਼ਟੀ ਦੇ ਅੰਤ ਵਿੱਚ ਡਾ. ਕ੍ਰਾਂਤੀਪਾਲ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਗੋਸ਼ਟੀ ਵਿੱਚ ਸ਼ਾਮਲ ਹੋਏ ਸਾਰੇ ਵਿਦਵਾਨ ਆਪੋ-ਆਪਣੀ ਭਾਸ਼ਾ ਦੀ ਨੁਮਾਇੰਦਗੀ ਕਰਦਿਆਂ ਆਪਣੇ-ਆਪਣੇ ਖੇਤਰ ਤੋਂ ਨਵੇਂ ਅਤੇ ਹੁਨਰਮੰਦ ਕਹਾਣੀਕਾਰਾਂ ਤੱਕ ਪਹੁੰਚ ਕਰਨਗੇ ਅਤੇ ਉਨ੍ਹਾਂ ਨੂੰ ਇਸ ਗੋਸ਼ਟੀ ਦੇ ਜ਼ਰੀਏ ਮੰਚ ਪ੍ਰਦਾਨ ਕਰਵਾਉਣ ਵਿੱਚ ਮਦਦ ਕਰਨਗੇ।ਅੰਤ ਵਿੱਚ ਸਭਨਾਂ ਨੂੰ ਸਰਟੀਫ਼ਿਕੇਟ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

## ਡਾ. ਜਸਵੰਤ ਸਿੰਘ ਨੇਕੀ ਬਾਰੇ ਤਿੰਨ ਪੁਸਤਕਾਂ ਰਿਲੀਜ਼



**ਨਵੀਂ ਦਿੱਲੀ** : ਸਾਹਿਤ ਅਕਾਦਮੀ, ਨਵੀਂ ਦਿੱਲੀ ਅਤੇ ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਡਾ. ਜਸਵੰਤ ਸਿੰਘ ਨੇਕੀ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਦੋ-ਰੋਜ਼ਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਨੇਕੀ ਬਾਰੇ ਤਿੰਨ ਮਹੱਤਵਪੂਰਨ ਪੁਸਤਕਾਂ ਦਾ ਉਦਘਾਟਨੀ ਸੈਸ਼ਨ ਦੌਰਾਨ ਵਿਮੋਚਨ ਕੀਤਾ ਗਿਆ।ਇਸ ਵਿਸ਼ੇਸ਼ ਸਮਾਗਮ ਦੀ ਅਗਵਾਈ ਸਾਹਿਤ ਅਕਾਦਮੀ ਦੇ ਪ੍ਰਧਾਨ ਮਾਧਵ ਕੌਸ਼ਿਕ ਨੇ ਕੀਤੀ। ਵਿਮੋਚਨ ਮੰਡਲ ਵਿੱਚ ਸਾਹਿਤ ਅਕਾਦਮੀ ਦੇ ਸਕੱਤਰ ਕੇ. ਸ੍ਰੀਨਿਵਾਸਰਾਓ, ਪੰਜਾਬੀ ਸਲਾਹਕਾਰ ਬੋਰਡ ਦੇ ਕਨਵੀਨਰ ਡਾ. ਰਵੇਲ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਬਕਾ ਪ੍ਰੋ-ਵਾਈਸ ਚਾਂਸਲਰ ਡਾ. ਸਤਿੰਦਰ ਸਿੰਘ, ਪ੍ਰਸਿੱਧ ਲੇਖਕਾ ਡਾ. ਵਨੀਤਾ, ਭਾਈ ਵੀਰ ਸਿੰਘ ਸਾਹਿਤ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਜੀ.ਬੀ.ਐੱਸ. ਸਿੱਧੂ, ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦੇ ਡਾਇਰੈਕਟਰ ਕੇਸਰਾ ਰਾਮ ਅਤੇ ਡਾ. ਅਮਨਦੀਪ ਸਿੰਘ ਸ਼ਾਮਲ ਸਨ।

ਰਿਲੀਜ਼ ਕੀਤੀਆਂ ਪੁਸਤਕਾਂ ਵਿੱਚ 'ਤਾਰਾ ਚੜ੍ਹਿਆ ਲੋਮਾ' - ਡਾ. ਜਸਵੰਤ ਸਿੰਘ ਨੇਕੀ ਦੀ ਮਨੁੱਖੀ ਕਵਿਤਾ (ਸੰਪਾਦਕ : ਡਾ. ਵਨੀਤਾ, ਪ੍ਰਕਾਸ਼ਕ : ਨਵਯੁੱਗ) 'ਭਾਰਤੀ ਸਾਹਿਤ ਦੇ ਨਿਰਮਾਤਾ' ਲੜੀ ਅਧੀਨ ਡਾ. ਨੇਕੀ ਬਾਰੇ ਮੋਨੋਗਰਾਫ (ਲੇਖਕਾ : ਡਾ. ਵਨੀਤਾ, ਪ੍ਰਕਾਸ਼ਕ: ਸਾਹਿਤ ਅਕਾਦਮੀ) ਤੇ Gurmat Psychology (The Sikh Metaphysics of Mind)' - ਅੰਗਰੇਜ਼ੀ ਪੁਸਤਕ (ਸੰਪਾਦਕ: ਡਾ. ਵਨੀਤਾ) ਸ਼ਾਮਲ ਹਨ। ਇਸ ਮੌਕੇ ਕੇ. ਸ੍ਰੀਨਿਵਾਸਰਾਓ ਨੇ ਕਿਹਾ ਕਿ ਇਹ ਕਿਤਾਬਾਂ ਪਾਠਕਾਂ ਨੂੰ ਡਾ. ਨੇਕੀ ਦੇ ਸਾਹਿਤ ਅਤੇ ਵਿਚਾਰਧਾਰਾ ਨੂੰ ਸਮਝਣ ਵਿੱਚ ਨਵੀਆਂ ਸੰਭਾਵਨਾਵਾਂ ਮੁਹੱਈਆ ਕਰਵਾਉਣਗੀਆਂ। ਡਾ. ਰਵੇਲ ਸਿੰਘ ਨੇ ਕਿਹਾ ਕਿ ਇਹ ਸਮਾਰੋਹ ਡਾ. ਨੇਕੀ ਦੀ ਜਨਮ ਸ਼ਤਾਬਦੀ ਦੇ ਪ੍ਰੋਗਰਾਮਾਂ ਦੀ ਕੇਵਲ ਸ਼ੁਰੂਆਤ ਹੈ, ਇਸ ਲੜੀ ਦੇ ਅਗਲੇ ਦਿਨਾਂ ਵਿੱਚ ਹੋਰ ਵੀ ਆਯੋਜਨ ਕੀਤੇ ਜਾਣਗੇ।ਸੈਮੀਨਾਰ ਵਿੱਚ ਸਾਹਿਤਕਾਰਾਂ, ਵਿਦਵਾਨਾਂ, ਖੋਜਾਰਥੀਆਂ ਅਤੇ ਪਾਠਕਾਂ ਦੀ ਵੱਡੀ ਗਿਣਤੀ ਸ਼ਾਮਲ ਹੋਈ, ਜਿਨ੍ਹਾਂ ਵਿੱਚ ਆਈ ਪੀ ਐੱਸ ਕਾਲਰਾ, ਮਿਹਰਬਾਨ ਸਿੰਘ, ਭਜਨ ਸਿੰਘ, ਅੰਤਰਪ੍ਰੀਤ ਸਿੰਘ, ਕੁਲਵੀਰ ਗੋਜਰਾ, ਰਾਜਿੰਦਰ ਪਾਲ ਸਿੰਘ ਬਰਾੜ, ਸੁਰਜੀਤ ਜੱਜ, ਹਰਵਿੰਦਰ ਸਿੰਘ, ਪ੍ਰਵੀਨ ਕੁਮਾਰ, ਜਸਵਿੰਦਰ ਸਿੰਘ, ਰਾਮ ਮੂਰਤੀ, ਮਨਜਿੰਦਰ ਸਿੰਘ, ਅਮਰਜੀਤ ਸਿੰਘ, ਗੁਰਮੇਲ ਸਿੰਘ, ਹਿਨਾ ਨਾਂਦਰਾਜੋਗ, ਹਰਜੋਤ ਸਿੰਘ, ਸੁਖਦੇਵ ਸਿੰਘ ਸਿਰਸਾ, ਡਾ. ਮਨਮੋਹਨ, ਅਮੀਆ ਕੁੰਵਰ ਆਦਿ ਸ਼ਾਮਲ ਸਨ।

## ਗਿੱਲ ਸੁਖਮੰਦਰ ਦੀ ਪੁਸਤਕ 'ਖ਼ਾਕ ਤੋਂ ਖ਼ਾਕ ਤੱਕ' ਲੋਕ ਅਰਪਨ



**ਕੈਲਗਰੀ**-ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਕੋਸੋ ਹਾਲ ਵਿਚ ਬਾਅਦ ਦੁਪਹਿਰ ਦੋ ਵਜੇ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ, ਗਿੱਲ ਸੁਖਮੰਦਰ, ਉਹਨਾਂ ਦੀ ਪਤਨੀ ਸੁਖਮਿੰਦਰ ਗਿੱਲ ਅਤੇ ਡਾਕਟਰ ਨਵਨੀਤ ਸਿੰਘ ਖੋਸਾ ਦੀ ਪ੍ਰਧਾਨਗੀ ਵਿਚ ਹੋਈ। ਆਰੰਭ ਵਿਚ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਪੰਜਾਬ ਦੇ ਪ੍ਰਸਿੱਧ ਕਾਮੇਡੀਅਨ ਅਤੇ ਪੰਜਾਬੀ ਫ਼ਿਲਮਾਂ ਦੇ ਅਦਾਕਾਰ ਜਸਵਿੰਦਰ ਭੱਲਾ ਦੇ ਅਚਾਨਕ ਅਕਾਲ ਚਲਾਣੇ 'ਤੇ ਸਭਾ ਦੇ ਸਭ ਮੈਂਬਰਾਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਉਹਨਾਂ ਦੀਆਂ ਯਾਦਾਂ ਲੰਮੇ ਸਮੇਂ ਤੱਕ ਲੋਕ ਮਨਾਂ ਵਿਚ ਸਦਾਈਆਂ ਰਹਿੰਦੀਆਂ ਹਨ।

ਅੱਜ ਦੀ ਇਕੱਤਰਤਾ ਵਿਚ ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਗਿੱਲ ਸੁਖਮੰਦਰ ਦੀ ਕਾਵਿ-ਪੁਸਤਕ 'ਖ਼ਾਕ ਤੋਂ ਖ਼ਾਕ ਤੱਕ' ਲੋਕ ਅਰਪਨ ਕੀਤੀ ਗਈ। ਪੁਸਤਕ ਨੂੰ ਭਰਵਾਂ ਹੁੰਗਾਰਾ ਮਿਲਿਆ। ਭਾਵੇਂ ਸੁਖਮੰਦਰ ਦੀ ਇਹ ਪਹਿਲੀ ਪੁਸਤਕ ਸੀ, ਪਰ ਇਉਂ ਲੱਗਦਾ ਸੀ, ਜਿਵੇਂ ਸੁਖਮੰਦਰ ਚਿਰਾਂ ਤੋਂ ਕਾਵਿ-ਰਚਨਾ ਕਰ ਰਿਹਾ ਹੋਵੇ। ਉਸ ਦੇ ਕਹਿਣ ਮੁਤਾਬਕ ਉਸ ਨੇ ਕੈਲਗਰੀ ਆ ਕੇ ਹੀ ਲਿਖਣਾ ਸ਼ੁਰੂ ਕੀਤਾ ਹੈ। ਪੰਜਾਬੀ ਸਾਹਿਤ ਸਭਾ ਲਈ ਇਹ ਮਾਣ ਵਾਲੀ ਗੱਲ ਹੈ। ਕਿਤਾਬ ਦੀ ਦਿੱਖ ਬਹੁਤ ਸੁੰਦਰ ਹੈ ਅਤੇ 192 ਸਫ਼ਿਆਂ ਵਿੱਚ ਫੈਲੀ ਇਸ ਕਿਤਾਬ ਵਿਚ ਕੁਲ 127 ਕਵਿਤਾਵਾਂ ਅਤੇ ਗੀਤ ਦਰਜ ਹਨ।

## ਗੁਰਪਿਆਰ ਕੋਟਲੀ ਦੀ ਕਿਤਾਬ 'ਗਿਆਨ ਦਾ ਦੀਵਾ ਬਲ਼ਦਾ ਰਹੇ' ਰਿਲੀਜ਼



**ਭੀਖੀ**-ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਵਿਖੇ ਨਵਯੁਗ ਸਾਹਿਤ ਕਲਾ ਮੰਚ ਵੱਲੋਂ ਮਾ. ਗੁਰਪਿਆਰ ਸਿੰਘ ਕੋਟਲੀ ਦੀ ਪਲੇਠੀ ਕਿਤਾਬ 'ਗਿਆਨ ਦਾ ਦੀਵਾ ਬਲ਼ਦਾ ਰਹੇ' ਇਕਾਂਗੀ ਲੋਕ ਅਰਪਣ ਕੀਤੀ ਗਈ।ਮੰਚ ਪ੍ਰਧਾਨ ਕਹਾਣੀਕਾਰ ਭੁਪਿੰਦਰ ਫ਼ੌਜੀ ਨੇ ਕਿਹਾ ਕਿ ਗੁਰਪਿਆਰ ਕੋਟਲੀ ਦਾ ਇਕਾਂਗੀ ਲਿਖਣ ਦਾ ਬਹੁਤ ਖ਼ੂਬਸੂਰਤ ਉਪਰਾਲਾ ਹੈ।ਉਹ ਅਧਿਆਪਕ ਵਜੋਂ ਆਪਣਾ ਕਾਰਜ ਕਰਦੇ ਹਨ ਅਤੇ ਅਕਸਰ ਹੀ ਬੱਚਿਆਂ ਦੇ ਬਾਲ ਮਨ ਭਾਂਪਦੇ ਹਨ। ਇਹ ਵਿਚਾਰ ਵੀ ਉਸ ਨੂੰ ਬੱਚਿਆਂ ਨਾਲ ਵਿਚਰਦਿਆਂ ਆਏ ਹਨ।ਜਿਸ ਨੇ ਇਹ ਕਿਤਾਬ ਦਾ ਰੂਪ ਧਾਰਨ ਕਰ ਲਿਆ।ਗੁਰਪਿਆਰ ਕੋਟਲੀ ਨੇ ਕਿਹਾ, ਮੈਂ ਬੱਚਿਆਂ ਦੇ ਮਨੋਵਿਗਿਆਨ ਨੂੰ ਨੇੜੇ ਤੋਂ ਫੜਨ ਦੀ ਕੋਸ਼ਿਸ਼ ਕੀਤੀ ਹੈ।ਮੈਂ ਉਨ੍ਹਾਂ ਨਾਲ ਬੱਚਿਆਂ ਵਾਂਗ ਹੀ ਵਿਚਰਦਾ ਹਾਂ ਤੇ ਉਹ ਆਪਣਾ ਸਾਰਾ ਕੁੱਝ ਖੋਲ੍ਹ ਕੇ ਰੱਖ ਦਿੰਦੇ ਹਨ।ਮੈਂ ਉਨ੍ਹਾਂ ਦੇ ਹਾਵਭਾਵ ਨੂੰ ਕਲਮਬੰਦ ਕਰ ਲਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੰਚ ਸਕੱਤਰ ਮਾ. ਅਮਰੀਕ ਭੀਖੀ, ਜਸਪਾਲ ਅਤਲਾ, ਐਡਵੋਕੇਟ ਮਨੋਜ ਕੁਮਾਰ, ਅਵਤਾਰ ਫ਼ਿਜ਼ਾਟਲ, ਇੰਜ. ਲੱਖਾ ਸਿੰਘ, ਗੁਰਿੰਦਰ ਹੈਪੀ ਔਲਖ, ਕਰਨ ਭੀਖੀ, ਹਰਮੇਸ਼ ਭੋਲਾ ਮੱਤੀ, ਹਰਵਿੰਦਰ ਭੀਖੀ, ਹਰਭਗਵਾਨ ਭੀਖੀ, ਹਰਸੁਖਮਨ ਕੌਰ, ਸਾਹਿਬਦੀਪ, ਗੁਰਬੀਰ ਸਿੰਘ ਹਾਜ਼ਰ ਸਨ।

## ਸਾਉਣ ਮਹੀਨੇ ਅਦਬੀ ਗੁਫਤਗੂ



**ਅੰਮ੍ਰਿਤਸਰ**-ਸਾਉਣ ਮਹੀਨੇ ਦੇ ਬਹਾਨੇ ਕਵਿਤਾ ਪਾਠ ਸਾਉਣ ਮਹੀਨੇ ਸ਼ਾਇਰ ਦੋਸਤ ਇਕੱਠੇ ਨਾ ਹੋਣ ਤੇ ਕਵਿਤਾਵਾਂ ਸਾਂਝੀਆਂ ਨਾ ਕਰਨ ਤਾਂ ਬੱਦਲ ਨਰਾਜ਼ ਹੋ ਜਾਂਦੇ ਹਨ, ਮੋਹਲੇਧਾਰ ਦਾ ਜੋਸ਼ ਕਿਣਮਿਣ ਦੀ ਸ਼ਰਮਿੰਦਗੀ ਨਾਲ ਭਰ ਜਾਂਦਾ ਹੈ। ਅਜਿਹੀ ਹੀ ਇੱਕ ਇਕੱਤਰਤਾ ਸ਼ਾਇਰ ਮਲਵਿੰਦਰ ਦੇ ਗ੍ਰਹਿ ਵਿਖੇ ਹੋਈ, ਜਿਸ ਵਿੱਚ ਅਦਬੀ ਗੁਫਤਗੂ ਕਾਵਿ ਮੰਚ ਅਤੇ ਏਕਮ ਕਾਵਿ ਮੰਚ ਦੇ ਦੋਸਤ ਸ਼ਾਮਲ ਹੋਏ।ਆਗਾਜ਼ ਬਲਵਿੰਦਰ ਕੌਰ ਰੰਧਾਵਾ ਦੇ ਸਾਉਣ ਮਹੀਨੇ ਦੀ ਫੁਹਾਰ ਵਰਗੇ ਗੀਤਾਂ ਨਾਲ ਹੋਇਆ।ਉਪਰੰਤ ਨਿਰਉਚੇਚ ਸੰਚਾਲਨ ਤਹਿਤ ਡਾ. ਮੋਹਨ ਬੇਗੋਵਾਲ, ਜਗਤਾਰ ਗਿੱਲ, ਸਤਿੰਦਰ ਓਠੀ, ਸਰਬਜੀਤ ਸੰਧੂ, ਬਲਜਿੰਦਰ ਮਾਂਗਟ, ਮਲਵਿੰਦਰ, ਅਰਤਿੰਦਰ ਸੰਧੂ, ਵਿਜੇਤਾ ਭਾਰਦਵਾਜ, ਰਮਿੰਦਰਜੀਤ ਕੌਰ, ਡਾ. ਭੁਪਿੰਦਰ ਸਿੰਘ ਫੇਰੂਮਾਨ, ਡਾ. ਰਾਜੇਸ਼ ਭਾਰਦਵਾਜ ਅਤੇ ਪ੍ਰਮਿੰਦਰ ਸੂਫ਼ੀ ਹੋਰਾਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ।ਪਹਿਲੇ ਸੈਸ਼ਨ ਤੋਂ ਬਾਅਦ ਚਾਹ-ਪਕੌੜੇ ਛਕਦਿਆਂ ਦੂਜੇ ਸੈਸ਼ਨ ਦੌਰਾਨ ਸੁਣਾਈਆਂ ਜਾਣ ਵਾਲੀਆਂ ਕਵਿਤਾਵਾਂ ਦਾ ਧਿਆਨ ਧਰਿਆ ਗਿਆ।ਕੁੱਲ ਮਿਲਾ ਕੇ ਅੰਮ੍ਰਿਤਸਰ ਸ਼ਹਿਰ ਦੇ ਚੋਣਵੇਂ ਕਵੀਆਂ ਦੀ ਇਹ ਕਾਵਿਕ ਇਕੱਤਰਤਾ ਸਾਉਣ ਮਹੀਨੇ ਨਾਲ ਅਪਣੱਤ ਦਾ ਰਿਸ਼ਤਾ ਸਿਰਜਣ ਵਿੱਚ ਕਾਮਯਾਬ ਰਹੀ।ਰਾਜਕੁਮਾਰਤ ਅਵਤਾਰ ਸਿੰਘ ਅਤੇ ਹਰਜੀਤ ਸਿੰਘ ਸੰਧੂ ਬੀਬੇ ਸਰੋਤਿਆਂ ਵਾਂਗ ਸਾਰਾ ਸਮਾਂ ਹਾਜ਼ਰ ਰਹੇ।

## ਸਿਮਰ ਜੰਗਰਾਲ ਦੀ ਕਾਵਿ-ਪੁਸਤਕ 'ਡਰ ਲੱਗਦਾ ਏ' ਦਾ ਲੋਕ-ਅਰਪਣ

**ਪਟਿਆਲਾ**-ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੇ ਲੈਕਚਰ ਹਾਲ ਵਿਖੇ ਸਮਾਗਮ ਆਯੋਜਿਤ ਕੀਤਾ ਗਿਆ। ਆਰੰਭ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਪ੍ਰੋਜੇ ਲੇਖਕਾਂ ਦਾ ਸੁਆਗਤ ਕੀਤਾ। ਉਪਰੰਤ ਤੇਜਿੰਦਰਪਾਲ ਸਿੰਘ ਸੰਧੂ, ਸਤਨਾਮ ਕੌਰ ਚੌਹਾਨ, ਧਰਮ ਕੰਮੇਆਣਾ, ਡਾ. ਕਰਮਜੀਤ ਸਿੰਘ, ਸੁਖਦੇਵ ਸਿੰਘ ਚਹਿਲ,ਭਾਗ ਸਿੰਘ, ਦਵਿੰਦਰ ਪਟਿਆਲਵੀ, ਬਲਬੀਰ ਦਿਲਦਾਰ ਅਤੇ ਨਵਦੀਪ ਸਿੰਘ ਮੁੰਡੀ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਤੇ ਆਪਣੀਆਂ ਭਾਵਨਾਵਾਂ ਪ੍ਰਗਟ ਕੀਤੀਆਂ। ਇਸ ਸਮਾਗਮ ਵਿਚ ਨੌਜਵਾਨ ਕਵੀ ਸਿਮਰ ਜੰਗਰਾਲ ਰਚਿਤ ਕਾਵਿ ਸੰਗ੍ਰਹਿ 'ਡਰ ਲੱਗਦਾ ਏ' ਦਾ ਲੋਕ-ਅਰਪਣ ਕੀਤਾ ਗਿਆ ਜਿਸ ਉਪਰ ਪੇਪਰ ਪੜ੍ਹਦਿਆਂ ਪ੍ਰੋ. ਨਵਸੰਗੀਤ ਸਿੰਘ ਨੇ ਕਿਹਾ ਕਿ ਕਵੀ ਕੋਲ ਕਵਿਤਾ ਰਾਹੀਂ ਗੱਲ ਕਹਿਣ ਦਾ ਚੰਗਾ ਅਨੁਭਵ ਹੈ। ਕੁਲਦੀਪ ਕੌਰ ਭੁੱਲਰ ਨੇ ਜੰਗਰਾਲ ਨੂੰ ਇਨਸਾਨੀ ਮੁਹੱਬਤ ਦਾ ਪੈਗ਼ਾਮ ਵੰਡਣ ਵਾਲੇ ਕਵੀ ਨਾਲ ਤੁਲਨਾ ਦਿੱਤੀ, ਜਦੋਂ ਕਿ ਭੁਪਿੰਦਰ ਉਪਰਾਮ ਦੀ ਧਾਰਨਾ ਸੀ ਕਿ ਸਿਮਰ ਦੀ ਕਲਮ ਵਿਚ ਭਵਿੱਖ ਦਾ ਚੰਗਾ ਕਵੀ ਬਣਨ ਦੀਆਂ ਸੰਭਾਵਨਾਵਾਂ ਛੁਪੀਆਂ ਹੋਈਆਂ ਹਨ। ਸਿਮਰ ਜੰਗਰਾਲ ਨੇ ਆਪਣੀ ਸ਼ਾਇਰੀ ਦੇ ਹਵਾਲੇ ਦਿੰਦਿਆਂ ਕਿਹਾ ਕਿ ਪਟਿਆਲਾ ਵਿਚ ਪੰਜਾਬੀ ਸਾਹਿਤ ਸਭਾ ਵੱਲੋਂ ਉਸ ਦੀ ਪੁਸਤਕ ਉਪਰ ਸੰਵਾਦ ਰਚਾਉਣਾ ਉਸ ਲਈ ਹੋਰ ਨਿੱਗਰ ਰਚਨਾ ਕਰਨ ਦੀ ਪ੍ਰੇਰਨਾ ਮਿਲੀ ਹੈ।



## ਡਾ. ਜਸਵਿੰਦਰ ਭੱਲਾ ਦੇ ਸਦੀਵੀ ਵਿਛੋੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ

**ਲੁਧਿਆਣਾ**-ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਮੂਹ ਮੈਂਬਰਾਂ ਅਤੇ ਅਹੁਦੇਦਾਰਾਂ ਵੱਲੋਂ ਉੱਘੇ ਹਾਸ-ਵਿਅੰਗ ਕਲਾਕਾਰ ਡਾ. ਜਸਵਿੰਦਰ ਭੱਲਾ ਦੇ ਸਦੀਵੀ ਵਿਛੋੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਡਾ. ਜਸਵਿੰਦਰ ਭੱਲਾ ਮਾਂ ਬੋਲੀ ਪੰਜਾਬੀ ਦਾ ਲਾਡਲਾ ਸਪੂਤ ਅਤੇ ਹਾਸ-ਵਿਅੰਗ ਕਲਾਕਾਰ ਸਾਨੂੰ ਸਦੀਵੀ ਵਿਛੋੜਾ ਦੇ ਕੇ ਹਾਸਿਆਂ ਦੀ ਛਣਕਾਰ ਤੋਂ ਵਾਂਝੇ ਕਰ ਗਿਆ ਹੈ। ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਜਸਵਿੰਦਰ ਭੱਲਾ ਦੇ ਛਣਕਾਟੇ ਵਰਗੇ ਪ੍ਰੋਗਰਾਮਾਂ ਨੂੰ ਯਾਦ ਕਰਦਿਆਂ ਦੁੱਖ ਪ੍ਰਗਟ ਕੀਤਾ।ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਪੀ.ਏ.ਯੂ. ਵਿਖੇ ਉਹਨਾਂ ਨਾਲ ਬਿਤਾਏ ਦਿਨਾਂ ਨੂੰ ਯਾਦ ਕੀਤਾ ਅਤੇ ਕਿਹਾ ਕਿ ਸਾਨੂੰ ਹਮੇਸ਼ਾ ਮਾਣ ਰਹੇਗਾ ਕਿ ਡਾ. ਜਸਵਿੰਦਰ ਭੱਲਾ ਸਾਡੇ ਵਿਚ ਰਹੇ। ਡਾ. ਸੁਰਜੀਤ ਪਾਤਰ ਵਰਗੇ ਲੋਕਾਂ ਦੇ ਲਈ ਇਹ ਅਸੀ ਸਮਝਦੀ ਹੋਰਨਾਂ ਤੋਂ ਇਲਾਵਾ ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਸੁਰਿੰਦਰ ਕੈਲੇ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਨਮੇਜਾ ਸਿੰਘ ਜੌਹਲ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਤਿਨਾਮ ਸਿੰਘ ਮਾਂਗਟ, ਸਰਬਜੀਤ ਸਿੰਘ ਵਿਰਦੀ, ਨਵਨੀਤ ਸਿੰਘ, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਸਤੀਸ਼ ਗੁਲਾਟੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਪ੍ਰੋ. ਸਰਘੀ, ਪ੍ਰੋਮ ਸਾਹਿਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਕਰਮਜੀਤ ਸਿੰਘ ਗਰੇਵਾਲ ਅਤੇ ਵਰਗਿਸ ਸਲਾਮਤ ਸਮੇਤ ਸਮੂਹ ਮੈਂਬਰ ਸ਼ਾਮਲ ਹਨ।

## 'ਪ੍ਰੋ. ਗੁਰਦਿਆਲ ਸਿੰਘ ਅਧਿਐਨ ਤੇ ਵਿਰਾਸਤ ਕੇਂਦਰ ਦਾ ਉਦਘਾਟਨ



**ਪਟਿਆਲਾ** : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਡਾ. ਜਗਦੀਪ ਸਿੰਘ ਦੀ ਰਹਿਨੁਮਾਈ ਹੇਠ, ਪੰਜਾਬੀ ਯੂਨੀਵਰਸਿਟੀ ਵਿਖੇ ਪਦਮਸ੍ਰੀ ਤੇ ਗਿਆਨਪੀਠ ਅਵਾਰਡੀ ਪ੍ਰੋਫ਼ੈਸਰ ਗੁਰਦਿਆਲ ਸਿੰਘ ਦੇ ਨਾਂ 'ਤੇ ਸਥਾਪਿਤ ਚੇਅਰ ਵਿਚ, 'ਪ੍ਰੋ. ਗੁਰਦਿਆਲ ਸਿੰਘ ਅਧਿਐਨ ਅਤੇ ਵਿਰਾਸਤ ਕੇਂਦਰ' (ਲਾਇਬ੍ਰੇਰੀ) ਦਾ ਉਦਘਾਟਨ ਕੀਤਾ ਗਿਆ।ਇਸ ਸਮਾਗਮ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਕੀਤੀ। ਉਦਘਾਟਨ ਸਮਾਰੋਹ ਵਿਚ ਬੋਲਦਿਆਂ ਉਹਨਾਂ ਨੇ ਪ੍ਰੋ. ਗੁਰਦਿਆਲ ਸਿੰਘ ਦੇ ਹਵਾਲੇ ਨਾਲ ਕਿਹਾ ਕਿ ਸਾਹਿਤਕਾਰ ਮਾਤ ਭਾਸ਼ਾ ਦਾ ਬੇਸ਼ਕੀਮਤੀ ਸਰਮਾਇਆ ਹੁੰਦੇ ਹਨ ਜੋ ਆਪਣੀਆਂ ਲਿਖਤਾਂ ਦੁਆਰਾ ਸਮੇਂ ਸਮੇਂ 'ਤੇ ਮਾਨਵੀ ਸਮਾਜ ਦੀ ਸੁਚੱਜੀ ਅਗਵਾਈ ਕਰਦੇ ਹਨ। ਉਹਨਾਂ ਕਿਹਾ ਕਿ ਪ੍ਰੋਫ਼ੈਸਰ ਗੁਰਦਿਆਲ ਸਿੰਘ ਚੇਅਰ ਵਿਖੇ 'ਪ੍ਰੋ. ਗੁਰਦਿਆਲ ਸਿੰਘ ਅਧਿਐਨ ਅਤੇ ਵਿਰਾਸਤ ਕੇਂਦਰ' (ਲਾਇਬ੍ਰੇਰੀ) ਦੀ ਸਥਾਪਨਾ ਨਾਲ ਖੋਜਾਰਥੀ ਅਤੇ ਵਿਦਿਆਰਥੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਅਧਿਐਨ ਅਤੇ ਖੋਜ ਖੇਤਰ ਵਿੱਚ ਭਰਪੂਰ ਲਾਭ ਉਠਾਉਣਗੇ।ਡਾ. ਜਗਦੀਪ ਸਿੰਘ ਜੀ ਦੀ ਪ੍ਰੇਰਨਾ ਸਦਕਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਤਿਹਾਸ ਵਿਚ ਇਕ ਨਵਾਂ ਅਧਿਆਇ ਖੁੱਲ੍ਹਿਆ ਹੈ।ਇਸ ਸਮਾਗਮ ਵਿੱਚ ਉੱਘੇ ਨਾਟਕ ਚਿੰਤਕ ਅਤੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਸਾਬਕਾ ਪ੍ਰੋਫ਼ੈਸਰ ਤੇ ਮੁਖੀ ਡਾ. ਰਾਜਿੰਦਰ ਲਹਿਰੀ, (ਕੋਆਰਡੀਨੇਟਰ),ਉਰਦੂ ਵਿਭਾਗ ਦੇ ਮੁਖੀ ਡਾ. ਰਹਿਮਾਨ ਅਖ਼ਤਰ, ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਮੁਖੀ ਡਾ. ਪਰਮੀਤ ਕੌਰ, ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਡਾਕਟਰ ਪਰਮਿੰਦਰਜੀਤ ਕੌਰ, ਡਾ. ਰਾਜਵਿੰਦਰ ਸਿੰਘ, ਡਾ. ਰਾਜ ਮਹਿੰਦਰ ਕੌਰ, ਡਾ. ਦਰਸ਼ਨ ਸਿੰਘ ਆਸ਼ਟ, ਡਾ. ਪਰਮਜੀਤ ਕੌਰ ਗਿੱਲ, ਡਾ. ਜਸਵੀਰ ਕੌਰ,ਡਾ. ਗੁਰਪ੍ਰੀਤ ਕੌਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਆਪਕ ਸ਼ਾਮਲ ਸੀ।

# ਪਾਠਕਾਂ ਦੇ ਝਰੋਖੇ 'ਚੋਂ

### ਦਫਤਰਨਾਮਾ

24 ਅਗਸਤ ਦਾ ਐਤਵਾਰਤਾ 'ਚ ਕਿਤਾਬ 'ਦਫਤਰਨਾਮਾ' ਲੇਖਕ ਜੱਗੀ ਭੰਗਲ ਬਾਰੇ ਡਾ. ਸੰਦੀਪ ਰਾਣਾ ਨੇ ਜ਼ਿਕਰ ਕੀਤਾ ਹੈ ।ਲੇਖਕ ਨੇ ਬਹੁਤ ਬੇਬਾਕੀ ਨਾਲ ਸਿੱਖਿਆ ਵਿਭਾਗ ਦੇ ਅੰਦਰਲੀਆਂ ਗੱਲਾਂ ਦਾ ਜ਼ਿਕਰ ਕਿਤਾਬ ਵਿਚ ਕੀਤਾ ਹੈ। ਭ੍ਰਿਸ਼ਟਾਚਾਰ ਨਾਲ ਸਾਰਾ ਮਹਿਕਮਾ ਹੀ ਭਰਿਆ ਪਿਆ ਹੈ। ਕਹਾਣੀਕਾਰ ਨੇ ਕਈ ਬੇਨਿਯਮੀਆਂ ਦਾ ਜ਼ਿਕਰ ਕਿਤਾਬ ਵਿਚ ਕੀਤਾ ਹੈ। ਲੇਖਕ ਨੇ ਪਹਿਲਾਂ ਕਹਾਣੀਆਂ ਵਿਚ ਵੀ ਇਸ ਕਿਸਮ ਦੇ ਵਿਸ਼ੇ ਲਏ ਹਨ। ਡਾ. ਸੰਦੀਪ ਰਾਣਾ ਦਾ ਵਿਸ਼ਲੇਸ਼ਣ ਬਹੁਤ ਸਾਰਥਕ ਹੈ। ਜਗਤਾਰ ਸਿੰਘ ਭੰਗੂ ਦੀ ਕਿਤਾਬ ਬਾਬਾ ਦੀਪ ਸਿੰਘ ਦੇ ਜੀਵਨ ਬਾਰੇ ਰੌਸ਼ਨੀ ਪਾਉਂਦੀ ਹੈ। ਹੀਰਾ ਸਿੰਘ ਤੂਤ ਨੇ ਯੂ ਜੀ ਸੀ ਨੈੱਟ ਪ੍ਰੀਖਿਆ ਪਾਸ ਕਰਨ ਦੀ ਖ਼ੁਸ਼ੀ ਨੂੰ ਪਾਠਕਾਂ ਨਾਲ ਸਾਂਝਾ ਕੀਤਾ ਹੈ। ਕੁਲਵਿੰਦਰ ਵਿਰਕ ਦੀਆਂ ਕਵਿਤਾਵਾਂ ਨੇ ਧਿਆਨ ਖਿੱਚਿਆ। ਸੁਰਜੀਤ ਸੁਮਨ ਨੇ ਨਵੇਂ ਅਕਾਲੀ ਦਲ ਦੀ ਚਰਚਾ ਕੀਤੀ ਹੈ। ਅਗਲਾ ਰਸਤਾ ਗਿਆਨੀ ਹਰਪ੍ਰੀਤ ਸਿੰਘ ਲਈ ਸੌਖਾ ਨਹੀਂ। ਵਿਜੇ ਬੰਬੇਲੀ ਨੇ ਸ਼ਾਹਪੁਰ ਕੰਡੀ ਬਾਰੇ ਇਤਿਹਾਸਕ ਜਾਣਕਾਰੀ ਦਿੱਤੀ ਹੈ।

— ਪ੍ਰੋ. ਗੁਰਮੀਤ ਸਿੰਘ ਫ਼ਾਜ਼ਿਲਕਾ

### ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਪੰਜਾਬੀ ਚਿੰਤਨ ਅਤੇ ਖੋਜ ਖੇਤਰ 'ਚ ਸੰਵਾਦਕਾਰੀ ਝੰਡਾਬਰਦਾਰ-ਪ੍ਰੋ. ਕਿਸ਼ਨ ਸਿੰਘ : ਕੁਲਦੀਪ ਸਿੰਘ ਦੀਪ

ਹੁਸੈਨੀਵਾਲਾ ਤੋਂ ਸਰਾਭਾ ਜਥੇ ਦੀ ਰਿਪੋਰਟ : ਐੱਮ ਐੱਸ ਭਾਟੀਆ

'ਰੰਗਾਂ ਦੀ ਖੇਡ' : ਸੁਰਿੰਦਰ ਗੀਤ (ਫੋਕਸ) ਬਲਬੀਰ ਮਾਧੋਪੁਰੀ

ਜਗਦੀਪ ਸਿੱਧੂ ਦੀਆਂ ਨਵੀਂਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ ----


## ਹੁਣ : ਮਨਮੋਹਨ ਨਾਲ ਗੱਲਾਂ



'ਹੁਣ-51' ਦਾ ਅਗਸਤ-ਦਸੰਬਰ, 2025 ਅੰਕ ਛਪ ਕੇ ਹੁਣੇ ਹੀ ਪੁੱਜਾ ਹੈ। ਹੱਥਲੇ ਅੰਕ ਵਿੱਚ ਸ਼ਾਇਰ, ਨਾਵਲਕਾਰ ਤੇ ਚਿੰਤਕ ਮਨਮੋਹਨ ਦੀ ਕਈ ਮੁੱਦਿਆਂ ਨੂੰ ਉਭਾਰਨ ਵਾਲੀ ਮਹੱਤਵਪੂਰਨ ਮੁਲਾਕਾਤ ਛਪੀ ਹੈ। 70 ਪੰਨਿਆਂ ਉੱਤੇ ਫੈਲੀ ਮੁਲਾਕਾਤ ਦਾ ਸਿਲਸਿਲਾ ਪਾਠਕ ਨੂੰ ਆਪਣੇ ਵੱਲ ਖਿੱਚਦਾ ਹੈ, 'ਗਿਆਨ ਨੂੰ ਖਾਂਚਿਆਂ 'ਚ ਬੰਨ੍ਹ ਕੇ ਨਹੀਂ ਦੇਖਿਆ ਜਾ ਸਕਦਾ' ਮਨਮੋਹਨ ਦੀਆਂ ਗੱਲਾਂ ਵਿੱਚ ਉਸ ਦੀ ਲੰਮੀ ਸਾਧਨਾ ਦਾ ਗਿਆਨ ਹੁੰਦਾ ਹੈ। ਮੁੱਢ ਵਿੱਚ ਮਨਮੋਹਨ ਆਪਣੇ ਬਚਪਨ ਦੀਆਂ ਗੱਲਾਂ ਕਰਦਾ ਹੈ। ਗੱਲਾਂ ਗੱਲਾਂ ਵਿੱਚ ਆਪਣੇ ਮਾਂ-ਬਾਪ ਦੇ ਕਲੇਸ਼ ਨੂੰ ਦੱਸ ਜਾਂਦਾ ਹੈ। ਫਿਰ ਸਾਹਿਤ ਨਾਲ ਜੁੜਨਾ ਤੇ ਕਵਿਤਾ ਵੱਲ ਆਉਣ ਦਾ ਅਹਿਸਾਸ ਸਾਂਝਾ ਕਰਦਾ ਹੈ। ਉਪਰੰਤ ਇਕ ਅਫ਼ਸਰ ਤੇ ਇਕ ਲੇਖਕ ਮਨਮੋਹਨ ਦਾ ਰੂਪ ਗੱਲਾਂ ਵਿੱਚੋਂ ਦਿਸਦਾ ਹੈ। ਆਪਣੀ ਜੀਵਨ ਸਾਥਣ ਦੀਆਂ ਗੱਲਾਂ ਕਰਦਾ ਕਰਦਾ ਵਿਆਹੁਤਾ ਜੀਵਨ ਦੌਰਾਨ ਲਿਖੀਆਂ ਕਵਿਤਾਵਾਂ ਦਾ ਹਵਾਲਾ ਦਿੰਦਾ ਹੈ। ਫਿਰ ਮਨਮੋਹਨ ਆਪਣੀ ਸਾਹਿਤਕਾਰ ਮਾਂ ਦਾ ਹਵਾਲਾ ਦਿੰਦਾ ਹੈ। ਪਿਤਾ ਨਾਲ ਸਬੰਧਾਂ ਦੀਆਂ ਗੱਲਾਂ ਕਰਦਾ ਹੈ। ਸਮਕਾਲ ਦੀ ਬੌਧਿਕ ਕੰਗਾਲੀ ਤੇ ਬੌਧਿਕ ਬੇਈਮਾਨੀ ਦਾ ਬਿਰਤਾਂਤ ਜਦੋਂ ਗੱਲਾਂ ਵਿੱਚ ਆਉਂਦਾ ਹੈ ਤਾਂ ਮਨਮੋਹਨ ਇਕ ਚਿੰਤਕ ਦੇ ਤੌਰ ਤੇ ਉਭਰ ਆਉਂਦਾ ਹੈ। ਗੱਲਾਂ ਕਰਦਾ ਕਰਦਾ ਉਹ ਬੌਧਿਕ ਭ੍ਰਿਸ਼ਟਾਚਾਰ ਬਾਰੇ ਵੀ ਖੁੱਲ੍ਹ ਕੇ ਬੋਲਦਾ ਹੈ। ਸਾਹਿਤਕ ਆਲੋਚਨਾ 'ਚ ਸਥਾਨਕ ਵਿਚਾਰਧਾਰਾਵਾਂ ਬਾਰੇ ਵੀ ਉਹ ਬੋਲਦਾ ਹੈ। ਬੌਧਿਕ ਕੰਗਾਲੀ ਬਾਰੇ ਮਨਮੋਹਨ ਦੇ ਵਿਚਾਰ ਪ੍ਰਸੰਗਯੋਗ ਹਨ। ਬਤੌਰ ਨਾਵਲਕਾਰ ਮਨਮੋਹਨ ਨਾਵਲੀ ਬਿਰਤਾਂਤ ਨੂੰ ਕਿਸ ਤਰ੍ਹਾਂ ਲੈਂਦਾ ਉਸ ਤੇ ਵੀ ਉਹਨੇ ਖੁੱਲ੍ਹ ਕੇ ਗੱਲਾਂ ਕੀਤੀਆਂ ਹਨ। ਅਜੋਕੇ ਪੰਜਾਬੀ ਕਹਾਣੀ ਅਤੇ ਨਾਵਲ ਬਾਰੇ ਵੀ ਬੇਬਾਕ ਟਿੱਪਣੀਆਂ ਕਰਦਾ ਹੈ। ਕਹਾਣੀ ਅਤੇ ਨਾਵਲ ਵਿਚ ਦਲਿਤ ਪਾਤਰਾਂ ਦੀ ਕਿਸ ਤਰ੍ਹਾਂ ਦੀ ਸਪੇਸ ਹੈ ਉਸ ਬਾਰੇ ਮਨਮੋਹਨ ਖੁੱਲ੍ਹ ਕੇ ਬੋਲਦਾ ਹੈ। ਪੰਜਾਬੀ ਨਾਵਲ ਦਾ ਬਿਰਤਾਂਤ ਕਿਸ ਕਿਸਮ ਦਾ ਉਸਰ ਰਿਹਾ ਹੈ, ਕਹਾਣੀ ਵਿੱਚ ਕਿਹੜੀਆਂ ਨਵੀਆਂ ਸ਼ੈਲੀਆਂ ਉਭਰ ਰਹੀਆਂ ਹਨ। ਪੰਜਾਬੀ ਆਲੋਚਨਾ ਦਾ ਸ਼ਾਸਤਰ,ਆਲੋਚਨਾਤਮਕ ਸਿਧਾਂਤ, ਪੰਜਾਬੀ ਆਲੋਚਨਾ ਵਿੱਚ ਦਵੰਦਾਤਮਕ, ਅਕਾਦਮਿਕ ਬੌਧਿਕਤਾ ਬਨਾਮ ਨੈਤਿਕਤਾ, ਭਾਸ਼ਾ ਅਤੇ ਲਿੱਪੀ ਆਦਿ ਬਾਰੇ ਆਪਣੀਆਂ ਮੁੱਲਵਾਨ ਧਾਰਨਾਵਾਂ ਦਿੰਦਾ ਹੈ। ਇਸ ਤੋਂ ਇਲਾਵਾ ਜਗਤਾਰ, ਮੀਸ਼ਾ, ਪਾਤਰ, ਦਿਲ ਤੇ ਉਦਾਸੀ ਦੀਆਂ ਲਿਖਤਾਂ ਬਾਰੇ ਵੀ ਉਹਦੇ ਵਿਚਾਰ ਮੁੱਲਵਾਨ ਹਨ। ਕਵਿਤਾ ਬਾਰੇ ਉਹਦੇ ਨੁਕਤੇ ਵੀ ਮਹੱਤਵਪੂਰਨ ਹਨ। ਦਲਿਤ ਸਾਹਿਤ ਦੇ ਪ੍ਰਸੰਗ ਤੋਂ ਵੀ ਮਨਮੋਹਨ ਨੇ ਗੰਭੀਰ ਗੱਲਾਂ ਕੀਤੀਆਂ ਹਨ। ਮੁਲਾਕਾਤ ਸੁਸ਼ੀਲ ਦੁਸਾਂਝ ਨੇ ਕੀਤੀ ਹੈ। ਸੰਪਾਦਕੀ 'ਸੱਚ ਨੂੰ ਜੇਲ੍ਹ ਵਿਚ ਡੱਕਣ ਦੀ ਕੋਸ਼ਿਸ਼' ਵਿੱਚ ਸੰਪਾਦਕ ਵੱਲੋਂ ਉਨ੍ਹਾਂ ਕਿਤਾਬਾਂ ਦਾ ਹੋਕਾ ਵਿੱਚ ਚਰਚਾ ਹਨ ਹੋਕਾ ਦਿੱਤਾ ਹੈ ਜਿਨ੍ਹਾਂ ਉੱਤੇ ਜੰਮੂ-ਕਸ਼ਮੀਰ ਵੱਲੋਂ ਪਾਬੰਦੀ ਲਗਾ ਦਿੱਤੀ ਗਈ ਹੈ। ਸੰਪਾਦਕੀ 'ਚ ਇਨ੍ਹਾਂ ਸਤਰਾਂ ਦਾ ਜ਼ਿਕਰ ਕੀਤਾ ਗਿਆ ਹੈ ਕਿ 'ਕਦੇ ਸਲਮਾਨ ਰਸ਼ਦੀ ਨੇ ਕਿਹਾ ਸੀ ਕਿ ਕਿਤਾਬਾਂ 'ਤੇ ਪਾਬੰਦੀ ਲਗਾਉਣਾ ਸੱਚ ਨੂੰ ਜੇਲ੍ਹ ਵਿਚ ਡੱਕਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ।'

ਅਗਲੇ ਪੰਨਿਆਂ ਉੱਤੇ ਚਿੰਤਕ ਹਰਵਿੰਦਰ ਭੰਡਾਲ ਦਾ ਅਹਿਮ ਲੇਖ 'ਨਵੀਂ ਸਰਮਾਏਦਾਰੀ ਦਾ ਨਵਾਂ ਸੰਸਾਰ' ਛਪਿਆ ਹੈ। ਭੰਡਾਲ ਨੇ ਏ. ਆਈ. ਤਹਿਤ ਮਨਸੂਈ ਬੁੱਧੀ ਦੇ ਨਿਰਮਾਣ ਵਿੱਚ ਲੱਗੀਆਂ ਆਈ. ਟੀ ਕੰਪਨੀਆਂ ਐਪਲ ਤੇ ਗੂਗਲ ਦੀ ਪੜਚੋਲ ਕੀਤੀ ਹੈ। ਨਵੇਂ ਅੰਕ ਵਿੱਚ 'ਹੁਣ' ਨੇ ਸੱਤ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਹਨ। ਨਵਤੇਜ ਦੇ ਸਤਾਬਦੀ ਵਰ੍ਹੇ 'ਤੇ ਨਵਤੇਜ ਸਿੰਘ ਦੀ ਕਹਾਣੀ 'ਦਸਤਾਰ ਭੂਲਾ ਮੁਸਕਰਾਹਟ' ਉਪਰੰਤ ਟਾਹਲੀ (ਸੁਰਿੰਦਰ ਰਾਮਪੁਰੀ), ਪੱਕਾ ਹੱਲ (ਬੂਟਾ ਸਿੰਘ ਚੌਹਾਨ), ਬਰਨਿੰਗ ਸਨੋਂ ਦਾ ਮੈਨੇਜਿੰਗ (ਨਿਰਮਲ ਜਸਵਾਲ), ਧੀਆਂ ਪੁੱਤ (ਸਿਮਰਨ ਧਾਲੀਵਾਲ), ਪੁੱਠੇ ਸਮਿਆਂ ਦਾ ਗੇੜ (ਗੁਰਪ੍ਰੀਤ ਸਹਿਜੀ), ਆਬ (ਗੁਰਮੀਤ ਆਰਿਫ਼), ਰਾਮਣ-ਜੰਦੀ (ਤਾਰਿਕ ਸੰਧੂ, ਲਿਪੀ. ਇਰਫ਼ਾਨ ਮਜੀਦ), ਗੋਮਗੱਲੀਆਂ (ਗੁਲ ਚੌਹਾਨ) ਆਦਿ ਕੁਝ ਚੰਗੀਆਂ ਤੇ ਦਰਮਿਆਨੀਆਂ ਕਹਾਣੀਆਂ ਛਪੀਆਂ ਹਨ। ਵਿਜੇ ਬੰਬੇਲੀ ਦਾ 'ਬੱਬਰ ਅਕਾਲੀ ਲਹਿਰ ਦਾ ਆਖ਼ਰੀ ਪੜਾਅ 'ਯੁੱਗ ਪਲਟਾਊ ਦਲ' ਲੇਖ ਗਦਰ ਲਹਿਰ ਵਿੱਚ ਬੱਬਰਾਂ ਦੀਆਂ ਕੁਰਬਾਨੀਆਂ ਦੀ ਬਾਤ ਪਾਉਂਦਾ ਹੈ। ਚੋਣਵੇਂ ਬੱਬਰਾਂ ਦੇ ਹਵਾਲੇ ਨਾਲ ਲੇਖਕ ਨੇ ਆਪਣੀਆਂ ਮੁੱਲਵਾਨ ਧਾਰਨਾਵਾਂ ਦਿੱਤੀਆਂ ਹਨ। ਪ੍ਰਸਿੱਧ ਚਿੰਤਕ ਤੇ ਇਤਿਹਾਸਕਾਰ ਰਾਜ ਕੁਮਾਰ ਹੰਸ ਵੱਲੋਂ ਲਿਖਿਆ ਅਹਿਮ ਲੇਖ 'ਦਯਾ ਸਿੰਘ ਆਰਿਫ਼ ਦੀ ਸਿੰਧੀ' ਹੈ। ਹੰਸ ਨੇ ਇਸ ਲੇਖ ਵਿੱਚ ਅਣਛੋਹੇ ਵਰਕਿਆਂ ਨੂੰ ਅਧਾਰ ਬਣਾ ਕੇ ਇਤਿਹਾਸ ਨੂੰ ਨਵੇਂ ਸਿਰੇ ਤੋਂ ਲਿਖਣ ਦੀ ਜੁਰਅਤ ਕੀਤੀ ਹੈ। ਲੇਖ ਸਾਧੂ ਦਯਾ ਸਿੰਘ ਆਰਿਫ਼ ਤੇ ਕੇਂਦਰਿਤ ਹੈ। ਲੇਖ ਦਯਾ ਸਿੰਘ ਦੇ ਅਨੇਕਾਂ ਪੱਖਾਂ ਨੂੰ ਉਭਾਰਦਾ ਹੋਇਆ ਉਨ੍ਹਾਂ ਸਾਹਿਤ ਵਿੱਚ ਵੱਖ ਮਾਰਨ ਵਾਲਾ ਕਲਮਕਾਰ ਸਿੱਧ ਕਰਦਾ ਹੈ। ਲੇਖ ਦਾ ਅੰਗਰੇਜ਼ੀ ਤੋਂ ਅਨੁਵਾਦ ਮੰਗਤ ਰਾਮ ਨੇ ਕੀਤਾ ਹੈ। ਆਤਮਜੀਤ ਨੇ ਬਲਬੀਰ ਸਿੰਘ ਕੰਵਲ ਨੂੰ 'ਸਭਿਆਚਾਰਕ ਵਿਰਸੇ ਦਾ ਸੱਚਾ-ਸੁੱਚਾ ਵਾਰਿਸ' ਸਿਰਲੇਖ ਦਿੱਤਾ ਹੈ। ਚੇਤੇ ਦੀ ਸੰਦੂਕੜੀ ਵਿੱਚ ਵਰਿਆਮ ਸਿੰਘ ਸੰਧੂ ਨੇ 'ਆਪਣੇ ਅਧਿਆਪਕ ਲਾਲ ਸਿੰਘ ਜੰਝੀ ਨੂੰ ਯਾਦ ਕੀਤਾ ਹੈ। ਬਰਕਤ ਸਿੰਘ ਵੋਹਰਾ ਨੇ ਨਿਰਮਲ ਅਰਪਨ ਦਾ ਸ਼ਬਦ ਚਿੱਤਰ 'ਸੱਤ ਸੁਰਾਂ ਵਾਲੀ ਬੀਨ' ਤਹਿਤ ਲਿਖਿਆ ਹੈ। ਬਲਬੀਰ ਪਰਵਾਨਾ ਨੇ ਰਾਮ ਰਤਨ ਦਾ ਸ਼ਬਦ ਚਿੱਤਰ 'ਦਾਨੀ ਮਾਂ' ਸਿਰਲੇਖ ਹੇਠ ਲਿਖਿਆ ਹੈ। ਤਾਰਨ ਗੁਜਰਾਲ ਬਾਰੇ ਸੰਖੇਪ ਜਾਣ ਪਛਾਣ ਉਪਰੰਤ ਉਸਦੀਆਂ ਧੀ ਬਾਰੇ ਨਜ਼ਮਾਂ ਪੇਸ਼ ਕੀਤੀਆਂ ਹਨ। ਹਰਜਿੰਦਰ ਸਿੰਘ ਸੁਰੇਵਾਲੀਆ ਦਾ ਸਵੈ ਜੀਵਨੀ ਅੰਸ਼ 'ਤਾਂ ਜ਼ਿੰਦਗੀ ਹੋਰ ਹੋਣੀ ਸੀ' ਵੀ ਕਈ ਪੱਖਾਂ ਤੋਂ ਮਹੱਤਵਪੂਰਨ ਹੈ। ਅਵਤਾਰ ਸਿੰਘ ਨੇ ਗੱਲਾਂ ਚੋਂ ਗੱਲ ਤਹਿਤ 'ਟੈਕਨੀਕਲ ਪਰੋਜ ਤੇ ਅਧਿਆਪਕ' 'ਚ ਆਪਣੇ ਸੂਖਮ ਅਹਿਸਾਸ ਪ੍ਰਗਟ ਕੀਤੇ ਹਨ। ਰਾਜਵਿੰਦਰ ਸਿੰਘ ਰਾਹੀ ਨੇ ਨਕਸਲੀ ਲਹਿਰ ਦੇ ਅਣਗੌਲੇ ਪਾਤਰ ਤਹਿਤ 'ਪੰਡਤ ਇੰਦਰਜੀਤ ਨਾਲ ਗੱਲਾਂ' ਕੀਤੀਆਂ ਹਨ। ਹੁਣ ਨੇ ਥਾਂ ਥਾਂ ਚੰਗੀਆਂ ਕਵਿਤਾਵਾਂ, ਗ਼ਜ਼ਲਾਂ ਨੂੰ ਵੀ ਥਾਂ ਦਿੱਤੀ ਹੈ। ਜਿਨ੍ਹਾਂ ਵਿੱਚ ਬਲਵਿੰਦਰ ਸੰਧੂ, ਮੱਖਣ ਕੁਹਾੜ, ਸਰਵਣ ਮਿਨਹਾਸ, ਤਰਸੇਮ, ਗਗਨਦੀਪ ਸਿੰਘ, ਪਵਨ ਸ਼ਿਲੋਤਾਰ ਪ੍ਰਮੁੱਖ ਹਨ। ਛਾਲਾਵਿਆਂ ਦੀ ਰੁੱਤ ਅਤੇ 'ਕਹਿੰਦੇ ਸੂਰਜ ਦੀ ਸੁਰਖੀ' ਕਿਤਾਬਾਂ ਨੂੰ ਪੜ੍ਹਨ ਦੇ ਤਰੀਕੇ ਦੱਸੇ ਹਨ। ਆਲੋਚਨਾ ਵਿੱਚ ਤੇਜੀ ਨਾਲ ਉਭਰ ਰਹੇ ਐੱਚ. ਐੱਸ. ਡਿੰਪਲ ਨੇ 'ਹੁਣ' ਦੇ ਪਿਛਲੇ ਦੋ ਅੰਕਾਂ ਵਿੱਚ ਛਪੀਆਂ ਕਹਾਣੀਆਂ ਉੱਤੇ ਉਸਾਰੂ ਤੇ ਤਰਕ ਨਾਲ ਤਬਸਰਾ ਕੀਤਾ ਹੈ। ਉਹਨੇ ਆਪਣੇ ਚੋਣ ਨਾਲ ਕਹਾਣੀਆਂ ਦੀ ਪੜ੍ਹਤ ਤਿਆਰ ਕੀਤੀ ਹੈ। ਜ਼ਿੰਦਰਪਾਲ ਸਿੰਘ ਨੇ ਕੁੱਝ ਚੋਣਵੀਆਂ ਕਾਵਿ ਕਿਤਾਬਾਂ ਦੇ ਹਵਾਲੇ ਨਾਲ 'ਆਧੁਨਿਕ ਪੰਜਾਬੀ ਕਾਵਿ-ਜਗਤ ਦੇ ਬੌਧਿਕ ਦਸਤਾਵੇਜ਼' ਤਿਆਰ ਕੀਤਾ ਹੈ। 'ਹੁਣ' ਦੇ ਸਫ਼ੇ : 224, ਮੁੱਲ :250 ਰੁਪਏ ਹਨ। ਹੁਣ ਦੇ ਮੁੱਖ ਸੰਪਾਦਕ ਸੁਸ਼ੀਲ ਦੁਸਾਂਝ (98887-99870) , ਸੰਪਾਦਕ : ਕਮਲ ਦੁਸਾਂਝ (98887-99871), ਪਤਾ- ਹੁਣ, 102, ਦੂਜੀ ਮੰਜ਼ਿਲ, ਮੋਨਾ ਪੈਰਾਡਾਇਜ਼, ਸਿਵਲਿਕ ਸਿਟੀ, ਸੈਕਟਰ-127, ਗ਼ਰੀਟਰ ਮੁਹਾਲੀ-140301, ਜ਼ਿਲ੍ਹਾ ਐਸ. ਏ. ਐਸ. ਨਗਰ, e.mail : hunchandigarh@gmail.com

## ਅਨੁਤਾਸ਼ : ਜੁਲਾਈ-ਦਸੰਬਰ,2025



ਅਨੁਤਾਸ਼ -4 (ਜੁਲਾਈ-ਦਸੰਬਰ,2025) ਅੰਕ ਛਪ ਕੇ ਪੁੱਜਾ ਹੈ। 'ਬੇਜ਼ੁਬਾਨਾਂ 'ਤੇ ਜ਼ੁਲਮ ਕਿਉਂ?' ਤਹਿਤ ਕੁੱਤਿਆਂ ਦੇ ਹੱਕ ਵਿੱਚ ਸੰਪਾਦਕੀ ਲਿਖੀ ਹੈ। ਆਵਾਰਾ ਤੇ ਪਾਲਤੂ ਕੁੱਤਿਆਂ ਪ੍ਰਤੀ ਨਜ਼ਰੀਆ ਕਰਨਾ ਬਣਦਾ ਹੈ। ਆਵਾਰਾਂ ਕੁੱਤਿਆਂ ਤੇ ਆਵਾਰਾ ਪਸ਼ੂਆਂ ਨੇ ਵੱਡੇ ਸੰਕਟ ਖੜੇ ਕੀਤੇ ਹੋਏ ਹਨ। ਸੰਪਾਦਕੀ ਇਸ ਪ੍ਰਤੀ ਚੁੱਪ ਰਹਿੰਦੀ ਹੈ। ਪਰਚੇ ਦੇ ਸ਼ੁਰੂ ਵਿੱਚ ਹਰਮੀਤ ਵਿਦਿਆਰਥੀ, ਮਦਨਵੀਰ ਗਿੱਲ, ਨਵਜੋਤ ਕੌਰ ਭੁੱਲਰ, ਜਤਿੰਦਰ ਪਾਲ ਕੌਰ ਭਿੰਡਰ, ਐੱਸ. ਪ੍ਰਸ਼ੋਤਮ, ਕੇਦਾਰਨਾਥ ਸਿੰਘ, ਪਾਬਲੋ ਨੇਰੂਦਾ, ਬਾਬਾ ਗੁਲਾਮ ਹੁਸੈਨ ਨਦੀਮ ਕਾਦਰੀ, ਕਤੀਲ ਸ਼ਿਫ਼ਾਈ, ਇਕਬਾਲ ਅਸ਼ਹਰ, ਅਹਿਮਦ ਫ਼ਰਾਜ਼, ਵਸੀ ਸ਼ਾਹ, ਹੁਮਾ ਖ਼ਾਤੂਨ, ਗੌਹਰ ਰਜ਼ਾ, ਬਾਬਾ ਨਜਮੀ, ਰਿਸ਼ਵਦ ਸੰਧੂ, ਨਿਕੋਲਈ ਕਰਾਇਲਨਕੋਵ ਆਦਿ ਗੁਰਮੁੱਖੀ-ਸ਼ਾਹਮੁੱਖੀ ਤੇ ਵਿਦੇਸ਼ੀ ਸ਼ਾਇਰਾਂ ਦੀ ਮਿਆਰੀ ਸ਼ਾਇਰੀ ਪੜ੍ਹਨ ਨੂੰ ਮਿਲ ਜਾਂਦੀ ਹੈ। ਹੱਥਲੇ ਅੰਕ ਵਿੱਚ ਚਾਰ ਕਹਾਣੀਆਂ ਛਪੀਆਂ ਹਨ। ਹਰਕੀਰਤ ਕੌਰ ਚਹਿਲ (ਫੇਰ ਮਿਲਾਂਗੇ), ਸਤਵਿੰਦਰ ਕੌਰ ਬਰਾੜ (ਮਨਜਾਣੇ 'ਚ ਭਲਾ), ਨਰ ਸਿੰਘ ਬੇਡੇ (ਕੁਬਜਾਂ),ਰਾਜਪਾਲ ਸ਼ਰਮਾ (ਪਛਤਾਵਾ) ਆਦਿ ਕਹਾਣੀਆਂ ਛਪੀਆਂ ਹਨ। ਕਹਾਣੀਕਾਰ ਜੁਸਾਨ ਸਿੰਘ ਨਾਲ ਕਮਲ ਗਿੱਲ ਵੱਲੋਂ ਕੀਤੀ ਮੁਲਾਕਾਤ ਪ੍ਰਕਾਸ਼ਤ ਕੀਤੀ ਗਈ ਹੈ। ਬੰਗਾਲੀ ਮੂਲ ਦੀ ਲੇਖਿਕਾ ਡਾ. ਪਰਮਿਤਾ ਦੀ ਮੁਲਾਕਾਤ ਜਤਿੰਦਰ ਔਲਖ ਵੱਲੋਂ ਕੀਤੀ ਵੀ ਮਹੱਤਵਪੂਰਨ ਹੈ। ਰੰਗਮੰਚ ਨਾਲ ਜੁੜੇ ਬਾਦਲ ਸਰਕਾਰ ਬਾਰੇ ਕੇਵਲ ਧਾਲੀਵਾਲ ਨੇ ਲਿਖਿਆ ਹੈ। ਸੁਖਪਾਲ ਵੱਲੋਂ ਲਿਖੇ ਨਿਬੰਧ 'ਹਥਿਆਰ' ਵੀ ਰੌਚਿਕ ਹੈ। ਇਸ ਤੋਂ ਇਲਾਵਾ ਡਾ. ਇੰਦਰਜੀਤ ਗਿੱਲ (ਕੰਪਕਾਰੀ ਔਰਤਾਂ ਦੀਆਂ ਸਮੱਸਿਆਵਾਂ), ਰਸ਼ਮੀ ਨੰਦਾ (ਪੰਜਾਬ ਦੇ ਲੋਕ ਸਾਜ਼) ਲੇਖ ਵੀ ਪੜ੍ਹਨਯੋਗ ਹਨ। ਡਾ. ਵਨੀਤਾ ਦਾ ਕੁਲਦੀਪ ਕਲਪਨਾ ਦਾ ਸ਼ਬਦ ਚਿੱਤਰ ਵੀ ਚੰਗਾ ਹੈ। 'ਅਨੁਤਾਸ਼' ਦੇ ਸਫ਼ੇ : 104, ਮੁੱਲ :120 ਰੁਪਏ ਹਨ। ਅਨੁਤਾਸ਼ ਦੇ ਸੰਪਾਦਕ ਕਮਲ ਗਿੱਲ (98154-33166) , ਪਤਾ : ਸੰਪਾਦਕ ਅਨੁਤਾਸ਼, 9 ਫ਼ਤਹਿਗੜ੍ਹ ਚੂੜੀਆਂ ਰੋਡ, ਨੇੜੇ ਭਾਈਆ ਓਪਟੀਕਲਜ਼, ਅੰਮ੍ਰਿਤਸਰ-143001. e.mail : taashjoy@gmail.com

# ਪ੍ਰੋ. ਪਰਮਜੀਤ ਨਿੱਕੇ ਘੁੰਮਣ ਦੀਆਂ ਮਿੰਨੀ ਕਹਾਣੀਆਂ

## ਸਸਤਾ ਖ਼ੂਨ

ਅੱਜ ਧੁੱਪ ਬੜੀ ਤਿੱਖੀ ਤੇ ਚੁੱਭਵੀਂ ਸੀ। ਸਵੇਰ ਦੇ ਦਸ ਵੱਜ ਚੱਲੇ ਸਨ ਤੇ ਰਿਕਸ਼ਾ ਚਾਲਕ ਸ਼ਾਮ ਲਾਲ ਦੀ ਅਜੇ ਤੱਕ ਬੋਹਣੀ ਵੀ ਨਹੀਂ ਸੀ ਹੋਈ। ਸਾਹਮਣੇ ਵੱਲੋਂ ਦੋ ਨੌਜਵਾਨ ਬੈਗ ਚੁੱਕੀ ਆਉਂਦੇ ਦਿਸੇ ਤਾਂ ਸ਼ਾਮ ਲਾਲ ਦੇ ਚਿੱਤ ਨੂੰ ਰਤਾ ਹੌਸਲਾ ਹੋਇਆ ਕਿ ਚਲੋ ਸਵਾਰੀ ਦਾ ਕੋਈ ਆਹਰ ਤਾਂ ਬਣਿਆ। ਉਨ੍ਹਾਂ ਮੁੰਡਿਆਂ ਨੂੰ ਲੈ ਕੇ ਉਸ ਨੇ ਰਿਕਸ਼ਾ ਬੱਸ ਅੱਡੇ ਵੱਲ ਨੂੰ ਮੋੜ ਲਿਆ ਅਤੇ ਮੱਠੀ-ਮੱਠੀ ਚਾਲੇ ਪੈਡਲ ਮਾਰਦਾ ਹੋਇਆ ਵੱਡੀ ਸੜਕ 'ਤੇ ਆ ਚੜ੍ਹਿਆ। ਹੱਥ 'ਚ ਫੜੀ ਅਖ਼ਬਾਰ ਦੂਜੇ ਮੁੰਡੇ ਨੂੰ ਵਿਖ਼ਾਉਂਦਿਆਂ ਪਹਿਲਾ ਲੜਕਾ ਕਹਿਣ ਲੱਗਾ, 'ਯਾਰ, ਆਹ ਮਹਿੰਗਾਈ ਵਾਲੀ ਤਾਂ ਸਰਕਾਰ ਨੇ ਹੱਦ ਈ ਮੁਕਾ ਛੱਡੀ ਐ। ਪੈਟਰੋਲ ਤਾਂ ਲੱਗਦੈ ਸੌ ਰੁਪਏ ਲੀਟਰ ਕਰ ਕੇ ਹੀ ਸਾਹ ਲੈਣੈ.. ।'

'..ਆਹੋ ਯਾਰ! ਗੱਲ ਤਾਂ ਤੇਰੀ ਠੀਕ ਐ। ਹਰ ਚੀਜ਼ ਦਾ ਭਾਅ ਅਸਮਾਨ ਛੂਹਣ ਨੂੰ ਫਿਰਦੈ..ਪੈਟਰੋਲ ਨੂੰ ਤਾਂ ਬਾਹਲੀ ਅੱਗ ਲੱਗੀ ਹੋਈ ਐ..।' ਦੂਜੇ ਨੇ ਹਾਮੀ ਭਰਦਿਆਂ ਕਿਹਾ। ਬੱਸ ਅੱਡੇ 'ਤੇ ਪੁੱਜਣ ਤੱਕ ਉਹ ਦੋਵੇਂ ਨੌਜਵਾਨ ਪੈਟਰੋਲ ਅਤੇ ਡੀਜ਼ਲ ਦੇ ਭਾਅ ਨੂੰ ਲੈ ਕੇ ਉੱਚੀ-ਉੱਚੀ ਬਹਿਸ ਕਰਦੇ ਰਹੇ ਤੇ ਬੱਸ ਅੱਡੇ 'ਤੇ ਪੁੱਜ ਕੇ ਜਦੋਂ ਸ਼ਾਮ ਲਾਲ ਨੇ ਕਿਰਾਏ ਵਜੋਂ ਵੀਹ ਰੁਪਏ ਮੰਗ ਲਏ ਤਾਂ ਇੱਕ ਜਣਾ ਭੜਕ ਗਿਆ ਤੇ ਬੜੇ ਗੁੱਸੇ ਨਾਲ ਬੋਲਿਆ,'...ਬਾਬਾ ਤੇਰਾ ਦਿਮਾਗ਼ ਖ਼ਰਾਬ ਹੋ ਗਿਆ ਲਗਦੈ.. ..ਅੱਧੇ ਮੀਲ ਦਾ ਰਾਹ ਐ ਤੇ ਤੂੰ ਵੀਹ ਰੁਪਏ ਮੰਗੀ ਜਾਨੈਂ..ਤੇਰੇ ਹੋਸ਼ ਟਿਕਾਣੇ ਹੈ ਨੇ ਕਿ ਨਹੀਂ..? '

ਸ਼ਾਮ ਲਾਲ ਬੋਲਿਆ, 'ਕਾਕਾ! ਕਿਉਂ ਝੂਠ ਬੋਲੀ ਜਾਨੈਂ? ਦੋ ਮੀਲ ਤੋਂ ਮੈਂ ਤੁਹਾਨੂੰ ਦੋਹਾਂ ਨੂੰ ਇੱਥੇ ਲਿਆਂਦੈ। ਐਨਾ ਪੈਂਡਾ ਤੇ ਉੱਪਰੋਂ ਤਿੱਖੀ ਧੁੱਪ। ਦੋ ਸਵਾਰੀਆਂ ਦੇ ਵੀਹ ਰੁਪਏ ਮੈਂ ਭਲਾ ਕੋਈ ਨਜਾਇਜ਼ ਮੰਗੇ ਨੇ..।'

'ਕੋਈ ਵੀਹ-ਵੂਹ ਨ੍ਹੀਂ ਦੇਣੇ ਅਸੀਂ..ਆਹ ਫੜ ਦਸ ਰੁਪਏ ਤੇ ਤੁਰਦਾ ਬਣ ਇੱਥੋਂ..।' ਐਨਾ ਆਖ ਕੇ ਉਨ੍ਹਾਂ ਦਸ ਰੁਪਏ ਦਾ ਨੋਟ ਰਿਕਸ਼ੇ ਦੀ ਸੀਟ 'ਤੇ ਸੁੱਟਿਆ ਤੇ ਬਿਨਾਂ ਸ਼ਾਮ ਲਾਲ ਦੀ ਕੋਈ ਗੱਲ ਸੁਣਿਆਂ ਬੱਸ ਅੱਡੇ ਵੱਲ ਨੂੰ ਹੋ ਤੁਰੇ।

ਐਨੀ ਤਿੱਖੀ ਧੁੱਪ ਵਿੱਚ ਆਪਣੇ ਬੁੱਢੇ ਸਰੀਰ ਦਾ ਖ਼ੂਨ ਸਾੜ ਕੇ ਦੋ ਮੀਲ ਤੋਂ ਉਨ੍ਹਾਂ ਨੌਜਵਾਨਾਂ ਨੂੰ ਇੱਥੋਂ ਤੱਕ ਲਿਆਉਣ ਦੀ ਕੀਮਤ ਕੇਵਲ ਦਸ ਰੁਪਏ ਵੇਖ ਕੇ ਸ਼ਾਮ ਲਾਲ ਨੂੰ ਇੰਜ ਜਾਪਿਆ, ਜਿਵੇਂ ਉਸ ਦਾ ਖ਼ੂਨ ਸਰਕਾਰ ਦੇ ਪੈਟਰੋਲ ਨਾਲੋਂ ਵੀ ਸਸਤਾ ਹੋ ਗਿਆ ਹੋਵੇ।

## ਫ਼ਿਕਰ

'ਪੰਜ ਲੱਖ ਰੁਪਏ ਰੂਪ ਚੰਦ ਨੂੰ ਵਿਆਜੀ ਦਿੱਤੇ, ਦੋ ਲੱਖ ਰੁਪਏ ਰੰਧਾਵਾ ਸਾਹਿਬ ਲੈ ਗਏ ਤੇ ਸਾਢੇ ਤਿੰਨ ਲੱਖ ਰੁਪਏ ਬੈਂਕ 'ਚ ਜਮ੍ਹਾਂ ਕਰਵਾਏ। ਹੁਣ ਜੇ ਕਿਧਰੇ ਕੱਲ੍ਹ ਨੂੰ ਜੇ ਕੇ ਇੰਡਸਟਰੀਜ਼ ਵਾਲਾ ਟੈਂਡਰ ਪਾਸ ਹੋ ਗਿਆ ਤਾਂ ਸਿੱਧਾ-ਸਿੱਧਾ ਛੇ ਲੱਖ ਦਾ ਮੁਨਾਫ਼ਾ ਹੱਥ ਲੱਗ ਜਾਏਗਾ....।'

ਇਹ ਸੋਚਦਿਆਂ-ਸੋਚਦਿਆਂ ਸੇਠ ਗਿਰਧਾਰੀ ਲਾਲ ਅੱਧੀ ਰਾਤ ਗਏ ਤੱਕ ਜਾਗ ਰਿਹਾ ਸੀ।

'ਜੇ ਕਿਧਰੇ ਪਿਛਲੇ ਤਿੰਨ ਦਿਨਾਂ ਵਾਂਗ ਕੱਲ੍ਹ ਵੀ ਦਿਹਾੜੀ ਨਾ ਲੱਗੀ ਤਾਂ ਆਪਣੇ ਇਨ੍ਹਾ ਮਾਸੂਮ ਬਾਲਾਂ ਦਾ ਢਿੱਡ ਕਿਵੇਂ ਭਰਾਂਗਾ? ਹੁਣ ਤਾਂ ਇਹ ਭੁੱਖੇ, ਵਿਲਕਦੇ ਸੌਂ ਗਏ ਨੇ, ਪਰ ਸਵੇਰੇ ਉਠ ਕੇ ਜਦ ਰੋਟੀ ਮੰਗਣਗੇ ਤਾਂ ਕੀ ਕਰਾਂਗਾ? ਮਾਂ ਵਿਚਾਰੀ ਖੰਘ-ਖੰਘ ਕੇ ਹਾਲੋਂ-ਬੇਹਾਲ ਹੋਈ ਪਈ ਏ, ਉਸਦਾ ਦਵਾ-ਦਾਰੂ ਕਿੱਥੋਂ ਕਰਾਂ? ਵੱਡੀ ਕੁੜੀ ਦੇ ਬੱਚਾ ਹੋਣ ਵਾਲਾ ਏ, ਉਸ ਦੇ ਲਈ ਵੀ ਪੈਸਿਆਂ ਦਾ ਪ੍ਰਬੰਧ ਕਰਨਾ ਏ, ਕੀ ਕਰਾਂ..? ਘਰ ਦੇ ਭਾਂਡੇ ਵੇਚਾਂ, ਭੀਖ ਮੰਗਾਂ? ਫਾਹਾ ਲਵਾਂ ਜਾਂ ਫ਼ਿਰ ਸਾਰਿਆਂ ਨੂੰ ਜ਼ਹਿਰ ....?

ਇਹ ਸੋਚਦਾ-ਸੋਚਦਾ ਦਿਹਾੜੀਦਾਰ ਕਰਮੂ ਵੀ ਆਪਣੀ ਕੋਠੜੀ 'ਚ ਪਿਆ ਅੱਧੀ ਰਾਤ ਗਏ ਤੱਕ ਜਾਗ ਰਿਹਾ ਸੀ।

## ਕੌੜਾ ਸੱਚ

ਭੱਠੇ 'ਤੇ ਸਾਰਾ ਦਿਨ ਹੱਡ ਭੰਨਵੀਂ ਮਿਹਨਤ ਕਰਨ ਪਿੱਛੋਂ ਹਾਸਿਲ ਕੀਤੇ ਡੇਢ ਸੌ ਰੁਪਿਆਂ ਵਿੱਚੋਂ ਆਪਣੇ ਸੱਤਾਂ ਜੀਆਂ ਦੇ ਟੱਬਰ ਲਈ ਇੱਕ ਕਿੱਲੋ ਆਟਾ, ਪਾਈਆ ਦਾਲ, ਅੱਧ ਪਾ ਘਿਓ, ਦਸ ਰੁਪਏ ਦੀ ਖੰਡ, ਪੰਜ ਰੁਪਏ ਦੀ ਪੱਤੀ, ਦਸਾਂ ਦਾ ਦੁੱਧ ਤੇ ਦੋ ਰੁਪਏ ਦਾ ਲੂਣ ਹੱਟੀਉਂ ਲੈਣ ਮਗਰੋਂ ਜੀਤਾ ਬਾਕੀ ਬਚੀ ਹੋਈ ਭਾਨ ਨੂੰ ਗਿਣ ਰਿਹਾ ਸੀ ਤੇ ਉਧਰ ਉੱਚੇ ਡੇਰੇ 'ਚ ਬਣੇ ਸੱਚਖੰਡ ਭਵਨ ਅੰਦਰ ਵਿਛੇ ਨਰਮ ਗੱਦੇ 'ਤੇ ਲੇਟੇ ਲਾਲ ਸੂਹੀਆਂ ਗੱਲ੍ਹਾਂ ਵਾਲੇ ਬਾਬਾ ਸੇਵਾ ਰਾਮ ਹੀਟਰ ਦਾ ਨਿੱਘ ਸੇਕਦੇ ਹੋਏ ਤੇ ਮੂੰਹ ਵਿੱਚ ਪਾਏ ਡਰਾਈ ਫ਼ਰੂਟ ਨੂੰ ਚੱਬਣ ਦੇ ਨਾਲ ਨਾਲ ਕੇਸਰ ਵਾਲੇ ਦੁੱਧ ਦੇ ਘੁੱਟ ਭਰਦੇ ਹੋਏ ਅੱਜ ਦੇ ਚੜ੍ਹਾਵੇ ਨੂੰ ਬੜੇ ਪਿਆਰ ਨਾਲ ਗਿਣ ਰਹੇ ਸਨ ਤੇ ਨੋਟਾਂ ਦੇ ਵੱਡੇ-ਵੱਡੇ ਬੰਡਲ ਬੰਨ੍ਹ ਰਹੇ ਸਨ।

## ਪੱਥਰ ਕਲੇਜਾ

ਸੈਰ ਤੋਂ ਵਾਪਿਸ ਮੁੜਦਿਆਂ ਅਜੇ ਮੈਂ ਰੇਲਵੇ ਲਾਈਨ ਦੇ ਕੋਲੋਂ ਦੀ ਲੰਘ ਰਿਹਾ ਸੀ ਕਿ ਉੱਥੇ ਝਾੜੀਆਂ ਦੇ ਕੋਲ ਲੋਕਾਂ ਦੀ ਭੀੜ ਵੇਖ ਕੇ ਮੇਰੇ ਕਦਮ ਆਪਣੇ ਆਪ ਰੁਕ ਗਏ। ਰਤਾ ਅਗਾਂਹ ਹੋ ਕੇ ਤੱਕਿਆ ਤਾਂ ਉੱਥੋਂ ਦਾ ਦ੍ਰਿਸ਼ ਵੇਖ ਕੇ ਕਲੇਜਾ ਮੂੰਹ ਨੂੰ ਆ ਗਿਆ ਤੇ ਰੂਹ ਇਕਦਮ ਕੰਬ ਗਈ।

ਦੋ-ਤਿੰਨ ਦਿਨਾਂ ਦੇ ਨਵਜੰਮੇ ਦੀ ਕੱਪੜੇ ਵਿੱਚ ਲਿਪਟੀ ਹੋਈ ਲਾਸ਼ ਉੱਥੇ ਪਈ ਹੋਈ ਸੀ। ਲੱਗਦਾ ਸੀ ਕਿ ਉਸ ਅਣਚਾਹੀ ਔਲਾਦ ਤੋਂ ਛੁਟਕਾਰਾ ਪਾਉਣ ਲਈ ਕੋਈ ਮਾਂ ਰਾਤ ਦੇ ਹਨੇਰੇ ਵਿੱਚ ਉਸ ਨੂੰ ਉੱਥੇ ਸੁੱਟ ਗਈ ਸੀ। ਉਸ ਅਣਭੋਲ ਜਿਹੇ ਬੱਚੇ ਦੀਆਂ ਦੋਵੇਂ ਲੱਤਾਂ ਤੇ ਇੱਕ ਬਾਂਹ ਅਵਾਰਾ ਕੁੱਤਿਆਂ ਨੇ ਨੋਚ-ਨੋਚ ਖਾ ਲਈਆਂ ਸਨ। ਉਸ ਦੇ ਕੰਨਾਂ ਅਤੇ ਨੱਕ 'ਚੋਂ ਖ਼ੂਨ ਚੋਅ ਕੇ ਸੁੱਕ ਗਿਆ ਸੀ। ਉਸ ਮਾਸੂਮ ਦੀਆਂ ਅਣਖੁੱਲੀਆਂ ਮੁੱਠੀਆਂ ਅਜੇ ਵੀ ਓਸੇ ਤਰ੍ਹਾਂ ਮੀਟੀਆਂ ਪਈਆਂ ਸਨ ਤੇ ਉਸ ਦੇ ਕੋਮਲ ਮਾਸ ਦੇ ਲੋਥੜੇ ਥਾਂ-ਥਾਂ ਖਿਲਰੇ ਪਏ ਸਨ।

ਇਸ ਹੌਲਨਾਕ ਦ੍ਰਿਸ਼ ਨੂੰ ਵੇਖ ਕੇ ਪੀੜ ਨਾਲ ਲਬਾਲਬ ਭਰੇ ਮੇਰੇ ਮਨ ਨੇ ਮੇਰੀ ਰੂਹ ਨੂੰ ਸਵਾਲ ਕੀਤਾ, 'ਤੂੰ ਤਾਂ ਆਖ਼ਦੀ ਹੁੰਦੀ ਸੀ ਕਿ ਔਲਾਦ ਨੂੰ ਜਰਕ ਵੀ ਆ ਜਾਵੇ ਤਾਂ ਮਾਂ ਦਾ ਕਲੇਜਾ ਚੀਰਿਆ ਜਾਂਦੈ.. ..ਤੂੰ ਦੱਸ ਕਿ ਇਸ ਮਾਸੂਮ ਜਿਹੀ ਜਿੰਦ ਦੀਆਂ ਬੋਟੀਆਂ-ਬੋਟੀਆਂ ਕਰਵਾ ਦੇਣ ਵਾਲੀ ਮਾਂ ਦਾ ਕਲੇਜਾ ਵਿੰਨ੍ਹਿਆ ਕਿਉਂ ਨਹੀਂ ਗਿਆ?.. ਉਹ ਮਾਂ ਇਥੇ ਬੈਠੀ ਕੀਰਨੇ ਪਾਉਂਦੀ ਨਜ਼ਰ ਕਿਉਂ ਨਹੀਂ ਆਉਂਦੀ? ਔਲਾਦ ਦੀ ਬੇਦਰਦੀ ਭਰੀ ਮੌਤ ਤੱਕ ਕੇ ਉਸ ਦੀਆਂ ਪਥਰਾਅ ਜਾਣ ਵਾਲੀਆਂ ਅੱਖਾਂ ਅੱਜ ਇੱਥੇ ਨਜ਼ਰ ਕਿਉਂ ਨਹੀਂ ਆਉਂਦੀਆਂ ਸਨ ਕੀ ਮਾਂ ਹੁਣ ਮਾਂ ਨਹੀਂ ਰਹੀ ਸੀ ਜਾਂ ਫਿਰ ਮਾਂਵਾਂ ਦੇ ਕਲੇਜੇ ਪੱਥਰ ਦੇ ਹੋ ਗਏ ਸਨ? '

ਭਾਵਨਾਵਾਂ ਦੇ ਵਹਿਣ ਵਿੱਚ ਰੁੜ੍ਹਿਆ ਜਾਂਦਾ ਮਨ ਲਗਾਤਾਰ ਰੂਹ ਨੂੰ ਕੋਸ ਰਿਹਾ ਸੀ ਤੇ ਯੁੱਗਾਂ-ਯੁਗਾਂਤਰਾਂ ਤੋਂ ਆਪਣੇ ਕਿਰਦਾਰ 'ਤੇ ਮਾਣ ਕਰਨ ਵਾਲੀ ਰੂਹ ਸਿਰ 'ਤੇ ਇਲਜ਼ਾਮਾਂ ਦਾ ਮਣਾਂਮੂੰਹੀਂ ਬੋਝ ਚੁੱਕੀ ਚੁੱਪਚਾਪ ਖੜ੍ਹੀ ਸੀ। ਸ਼ਾਇਦ ਉਹ ਸੱਚਮੁੱਚ ਸ਼ਰਮਿੰਦਾ ਸੀ।

## ਦਾਜ

ਠੋਡੀ 'ਤੇ ਹੱਥ ਰੱਖ ਕੇ ਤੇ ਮੱਥੇ 'ਤੇ ਤਿਉੜੀਆਂ ਜਿਹੀਆਂ ਪਾ ਕੇ ਗੁਆਂਢਣ ਪੁੱਛਣ ਲੱਗੀ, 'ਨਾ ਭੈਣ ਜਸਮੀਤ ਕੁਰੇ, ਆਹ ਤੇਰੀ ਬਹੂ ਕੋਈ ਦਾਜ-ਦੂਜ ਵੀ ਲਿਆਈ ਐ ਕਿ ਮਾਪਿਆਂ ਨੇ ਸੱਖਣੀ ਹੀ ਤੋਰ ਦਿੱਤੀ ਐ? '

'ਲੈ ਭੈਣ ਜੀ, ਏਦਾਂ ਕਾਹਤੋਂ ਕਹਿਨੇ ਓ? ਟੀ ਵੀ, ਫਰਿਜ, ਵਾਸ਼ਿੰਗ ਮਸ਼ੀਨ, ਗਹਿਣੇ ਤੇ ਢੇਰ ਸਾਰਾ ਬੈਂਕ ਬੈਲੈਂਸ.. ਸਭ ਕੁਝ ਤਾਂ ਲਿਆਈ ਐ ਮੇਰੀ ਬਹੂ.. ਹੋਰ ਭਲਾ ਅਸਾਂ ਕੀ ਲੈਣੈ? ' ਜਸਮੀਤ ਕੌਰ ਨੇ ਦੋਵੇਂ ਹੱਥ ਜੋੜ ਕੇ ਪਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਕਿਹਾ।

'ਲੈ ਫਿਰ ਤਾਂ ਬਾਹਲਾ ਈ ਕੁਛ ਦਿੱਤੈ ਏਦ੍ਹੇ ਮਾਪਿਆਂ ਨੇ, ਪਰ ਭੈਣੇ ਇੱਕ ਗੱਲ ਸੱਚ-ਸੱਚ ਦੱਸ ਬਈ ਜੇ ਇਹ ਐਨਾ ਕੁਛ ਲਿਆਈ ਐ ਤਾਂ ਉਹ ਹੈ ਕਿੱਥੇ? ਥੋਡੇ ਘਰੇ ਤਾਂ ਮੈਨੂੰ ਸੂਈ ਵੀ ਲਿਆਂਦੀ ਨਹੀਂ ਦਿਸਦੀ...।' ਗੁਆਂਢਣ ਨੇ ਘਰ ਦੇ ਸਾਰੇ ਕੋਨਿਆਂ 'ਚ ਝਾਕਦਿਆਂ ਕਿਹਾ।

'ਨਾ ਭੈਣ ਜੀ, ਸਭ ਕੁਝ ਸਾਹਮਣੇ ਤਾਂ ਪਿਐ, ਥੋਨੂੰ ਪਤਾ ਨਹੀਂ ਕਿਉਂ ਨਹੀਂ ਦਿਸਦਾ? ਮੇਰੀ ਬਹੂ ਤਾਂ ਸੱਚ ਜਾਣਿਓ ਸੋਨੇ ਤੋਂ ਵੀ ਖਰੀ ਐ....ਇਹਦੇ ਕੋਲ ਨਿਮਰਤਾ ਤੇ ਠਰ੍ਹੰਮੇ ਦੀ ਫਰਿਜ ਐ, ਜਿਸ ਨਾਲ ਇਹ ਹਰੇਕ ਮਿਲਣ ਵਾਲੇ ਦੇ ਕਾਲਜੇ ਠੰਢ ਪਾ ਦਿੰਦੀ ਐ....ਇਹਦੇ ਕੋਲ ਵਿੱਦਿਆ ਤੇ ਸੂਝ ਦੀ ਐਸੀ ਵਾਸ਼ਿੰਗ ਮਸ਼ੀਨ ਐ, ਜਿਸ ਦੇ ਨਾਲ ਇਸ ਨੇ ਸਾਡੇ ਮਨਾਂ 'ਚ ਵੱਸੀ ਈਰਖਾ, ਨਫ਼ਰਤ ਤੇ ਲਾਲਚ ਦੀ ਮੈਲ ਨੂੰ ਧੋ ਦਿੱਤੈ, ਇਹਦੇ ਪਾਸ ਸੱਚਾਈ, ਪਿਆਰ, ਸਤਿਕਾਰ ਤੇ ਸਹਿਣਸ਼ੀਲਤਾ ਦੇ ਪਹੀਆਂ ਵਾਲੀ ਐਸੀ ਕਾਰ ਐ, ਜਿਸ ਦੇ ਆਸਰੇ ਇਹ ਸਾਡੇ ਪਰਵਾਰ ਨੂੰ ਜ਼ਿੰਦਗੀ ਦੇ ਦੁੱਖਾਂ-ਸੁੱਖਾਂ ਭਰੇ ਪੈਂਡੇ ਤੇ ਤੋਹਮਤਾਂ ਦੇ ਮਿੱਟੀ-ਘੱਟੇ ਅਤੇ ਪ੍ਰੇਸ਼ਾਨੀਆਂ ਦੀ ਤੂਫ਼ਾਨੀ ਬਰਸਾਤ ਤੋਂ ਬਚਾਉਂਦੀ ਹੋਈ ਸਲੂਕ-ਤਪਾਕ ਤੇ ਸੁੱਖ-ਸ਼ਾਂਤੀ ਦੇ ਬੂਹੇ 'ਤੇ ਪਹੁੰਚਾ ਦੇਵੇਗੀ.... ਬੋਲਾਂ 'ਚ ਮਿਠਾਸ, ਅੱਖਾਂ 'ਚ ਸ਼ਰਮ ਤੇ ਹੱਥਾਂ ਵਿੱਚ ਹੁਨਰ ਦੇ ਗਹਿਣਿਆਂ ਨਾਲ ਲੱਦੀ ਪਈ ਐ ਮੇਰੀ ਧੀ। ਇਸ ਦੇ ਕੋਲ ਮਾਪਿਆਂ ਦਾ ਦਿੱਤਾ ਚੰਗੇ ਸੰਸਕਾਰਾਂ ਦਾ ਐਸਾ ਬੈਂਕ ਬੈਲੈਂਸ ਐ ਕਿ ਅਸੀਂ ਸਾਰੀ ਉਮਰ ਵੀ ਵਰਤਦੇ ਰਹਾਂਗੇ ਤਾਂ ਵੀ ਇਹ ਕਦੇ ਮੁੱਕਣਾ ਨਹੀਂ...।' ਮਿਨ੍ਹਾ-ਮਿਨ੍ਹਾ ਮੁਸਕਰਾਉਂਦਿਆਂ ਹੋਇਆਂ ਜਸਮੀਤ ਬੋਲੀ ਜਾ ਰਹੀ ਸੀ।

ਇੱਕ ਲਾਲਚੀ 'ਸੱਸ' ਦੀ ਥਾਂ ਇੱਕ 'ਮਾਂ' ਦੇ ਮੂੰਹੋਂ ਧੀ ਦੀਆਂ ਸਿਫ਼ਤਾਂ ਸੁਣ ਰਹੀ ਉਸ ਗੁਆਂਢਣ ਨੂੰ ਇਸ ਘਰ ਦੇ ਮੱਥੇ 'ਤੇ ਲਿਖੀ ਖ਼ੁਸ਼ਹਾਲੀ ਦੀ ਇਬਾਰਤ ਸਾਫ਼-ਸਾਫ਼ ਨਜ਼ਰ ਆ ਰਹੀ ਸੀ।

## ਮੁਖੌਟਾ

ਉਹ ਇੱਕ ਉੱਘਾ ਲੇਖਕ ਵੀ ਸੀ ਤੇ ਸਮਾਜ ਸੇਵਕ ਵੀ। ਮਾਦਾ ਭਰੂਣ ਹੱਤਿਆ ਦੇ ਵਿਰੁੱਧ ਉਸ ਦੇ ਕਈ ਲੇਖ ਪ੍ਰਮੁੱਖ ਅਖ਼ਬਾਰਾਂ ਦੇ ਮੁੱਖ ਪੰਨਿਆਂ 'ਤੇ ਛਪ ਚੁੱਕੇ ਸਨ, ਪਰ ਅਣਜੰਮੀਆਂ ਧੀਆਂ ਦਾ ਪਹਿਰੇਦਾਰ ਹੋਣ ਦਾ ਉਸ ਦਾ ਮੁਖੌਟਾ ਅੱਜ ਉਸ ਵੇਲੇ ਉਤਰ ਗਿਆ, ਜਦੋਂ ਉਸ ਨੇ ਆਪਣੇ ਘਰ 'ਪੁੱਤਰ ਦੀ ਦਾਤ' ਪ੍ਰਾਪਤ ਹੋਣ ਦੀ ਖ਼ਬਰ ਅਖ਼ਬਾਰਾਂ ਵਿੱਚ ਉਚੇਚੇ ਤੌਰ 'ਤੇ ਛਪਵਾਈ।

## ਅਸਲੀਅਤ

'ਭੈਣ ਜੀ, ਸੰਗਤ ਵਿੱਚ ਆ ਕੇ ਤੇ ਪੰਗਤ ਵਿੱਚ ਬੈਠ ਕੇ ਪਰਸ਼ਾਦਾ ਛਕਣ ਜਿਹਾ ਸੁੱਖ ਤਾਂ ਛੱਤੀ ਪ੍ਰਕਾਰ ਦੇ ਪਕਵਾਨ ਖਾ ਕੇ ਵੀ ਹਾਸਿਲ ਨਹੀਂ ਹੋ ਸਕਦਾ, ਮੈਂ ਤਾਂ ਕਹਿਨੀ ਆਂ ਕਿ ਜੇ ਸਾਰੇ ਲੋਕ ਸਾਡੇ ਵਾਂਗ ਹੀ ਧੀ ਦਾ ਸਾਦਾ ਵਿਆਹ ਗੁਰਦੁਆਰਾ ਸਾਹਿਬ ਵਿਖੇ ਕਰ ਕੇ ਲੰਗਰ 'ਚੋਂ ਪਰਸ਼ਾਦਾ ਛਕਾ ਕੇ ਤੇ ਬਿਨਾਂ ਹਜ਼ਾਰਾਂ-ਲੱਖਾਂ ਰੁਪਏ ਖ਼ਰਚਿਆਂ ਤਿੰਨਾਂ ਕੱਪੜਿਆਂ ਵਿੱਚ ਧੀ ਨੂੰ ਤੋਰ ਦੇਣ ਤਾਂ ਆਹ ਕੁੱਖਾਂ 'ਚ ਧੀਆਂ ਨੂੰ ਮਾਰਨ ਤੇ ਇਨ੍ਹਾਂ ਮਾਸੂਮ ਜਿਹੀਆਂ ਜਿੰਦਾਂ ਨੂੰ ਮਾਪਿਆਂ 'ਤੇ ਬੋਝ ਮੰਨ੍ਹਣ ਦੀ ਸੋਚ ਹੀ ਖ਼ਤਮ ਹੋ ਜਾਵੇ।'

ਇਕ ਮਹੀਨਾ ਪਹਿਲਾਂ ਮੇਰੀ ਰਿਸ਼ਤੇਦਾਰ ਸੁਖਦੀਪ ਕੌਰ ਵੱਲੋਂ ਆਪਣੀ ਧੀ ਰਜਨੀਤ ਦੀ ਸ਼ਾਦੀ 'ਤੇ ਕਹੇ ਇਹ ਬੋਲ ਅੱਜ ਮੇਰੇ ਕੰਨਾਂ ਵਿੱਚ ਵਾਰ-ਵਾਰ ਗੂੰਜ ਰਹੇ ਸਨ। ਅੱਜ ਸੁਖਦੀਪ ਦੇ ਅਫ਼ਸਰ ਪੁੱਤ ਦਾ ਵਿਆਹ ਸੀ ਤੇ ਸ਼ਹਿਰ ਦੇ ਸਭ ਤੋਂ ਮਹਿੰਗੇ ਪੈਲੇਸ 'ਚ ਉਸ ਦੇ ਪੁੱਤ ਦੀ ਸ਼ਾਹੀ ਅੰਦਾਜ਼ 'ਚ ਢੁਕੀ ਬਰਾਤ ਦੇ ਇਕੱਲੇ-ਇਕੱਲੇ ਜੀਅ ਨੂੰ ਲੜਕੀ ਵਾਲਿਆਂ ਵੱਲੋਂ ਕੀਮਤੀ ਤੋਹਫ਼ੇ ਭੇਟ ਕੀਤੇ ਜਾ ਰਹੇ ਸਨ ਤੇ ਸਾਦੇ ਵਿਆਹ ਦੀ ਹਮਾਇਤੀ ਸੁਖਦੀਪ ਤੋਹਫ਼ੇ ਲੈਂਦੇ ਰਿਸ਼ਤੇਦਾਰਾਂ ਨਾਲ ਖੜ੍ਹੀ ਹੋ ਕੇ ਮੁਸਕਰਾਉਂਦਿਆਂ ਹੋਇਆਂ ਫ਼ੋਟੋ ਖਿਚਵਾ ਰਹੀ ਸੀ।

## ਕਤਲ

ਉਸ ਮੁਟਿਆਰ ਦਾ ਸ਼ਰੇਆਮ ਕਤਲ ਹੋਇਆ ਸੀ। ਚਸ਼ਮਦੀਦ ਗਵਾਹ ਵੀ ਸਨ ਤੇ ਹੋਰ ਪੁਖ਼ਤਾ ਸਬੂਤ ਵੀ, ਪਰ ਸਭ ਕੁਝ ਹੋਣ ਦੇ ਬਾਵਜੂਦ ਬਚਾਅ ਪੱਖ ਦੇ ਵਕੀਲ ਦੀਆਂ ਦਲੀਲਾਂ ਦੇ ਆਧਾਰ 'ਤੇ ਜਦੋਂ ਅਦਾਲਤ ਵੱਲੋਂ ਦੋਸ਼ੀਆਂ ਨੂੰ ਸ਼ੱਕ ਦਾ ਲਾਭ ਦਿੰਦਿਆਂ ਹੋਇਆਂ ਸਾਫ਼ ਬਰੀ ਕਰ ਦਿੱਤਾ ਗਿਆ ਤਾਂ ਇਨਸਾਫ਼ ਦੀ ਦੇਵੀ ਨੂੰ ਇੰਜ ਜਾਪਿਆ, ਜਿਵੇਂ ਦਿਨ-ਦਿਹਾੜੇ ਉਸ ਦਾ ਕਤਲ ਹੋ ਗਿਆ ਹੋਵੇ।

## ਧੀ

ਮਨਿਆਰੀ ਦੀ ਦੁਕਾਨ 'ਤੇ ਰਾਜਬੀਰ ਕੁਝ ਘਰੇਲੂ ਚੀਜ਼ਾਂ ਖ਼ਰੀਦ ਰਿਹਾ ਸੀ। ਉਸ ਦਾ ਪੰਜ ਸਾਲ ਦਾ ਪੁੱਤਰ ਤੇ ਅੱਠ ਸਾਲ ਦੀ ਧੀ ਵੀ ਉਸ ਦੇ ਨਾਲ ਸਨ। ਉਹ ਆਪਣਾ ਸਮਾਨ ਖ਼ਰੀਦਣ 'ਚ ਮਗਨ ਸੀ ਕਿ ਅਚਾਨਕ ਉਸ ਦੇ ਪੁੱਤਰ ਦੀ ਆਵਾਜ਼ ਉਸ ਦੇ ਕੰਨੀਂ ਪਈ।

ਉਸ ਦਾ ਪੁੱਤਰ ਆਪਣੀ ਭੈਣ ਨੂੰ ਆਖ ਰਿਹਾ ਸੀ, '.. ਭੈਣ, ਮੈਂ ਤਾਂ ਔਹ ਸੈੱਲਾਂ ਵਾਲਾ ਖਿਡੌਣਾ ਲੈਣੈ।'

ਉਸ ਦੀ ਗੱਲ ਸੁਣ ਕੇ ਉਸ ਦੀ ਧੀ ਤੁਰੰਤ ਬੋਲੀ, 'ਨਾ ਵੀਰੇ..ਆਪਾਂ ਨ੍ਹੀਂ ਲੈਣਾ ਔਹ ਖਿਡੌਣਾ। ਸਾਡਾ ਡੈਡੀ ਗ਼ਰੀਬ ਏ। ਉਸ ਕੋਲ ਏਨੇ ਪੈਸੇ ਨਹੀਂ ਹੈਗੇ....ਆਪਾਂ ਆਹ ਮਿੱਟੀ ਵਾਲਾ ਖਿਡੌਣਾ ਲੈ ਲੈਨੇ ਆਂ।'

ਆਪਣੀ ਮਾਸੂਮ ਜਿਹੀ ਧੀ ਦਾ ਜਵਾਬ ਸੁਣ ਕੇ ਰਾਜਬੀਰ ਸੁੰਨ ਰਹਿ ਗਿਆ। ਉਸ ਦੀਆਂ ਅੱਖਾਂ ਭਰ ਆਈਆਂ ਤੇ ਆਪਣੇ ਬਾਪ ਦੀ ਗ਼ਰੀਬੀ ਦੇ ਦਰਦ ਨੂੰ ਸ਼ਿੱਦਤ ਨਾਲ ਮਹਿਸੂਸ ਕਰਨ ਵਾਲੀ ਆਪਣੀ 'ਧੀ' ਨੂੰ ਉਸ ਨੇ ਘੁੱਟ ਕੇ ਕਾਲਜੇ ਨਾਲ ਲਾ ਲਿਆ।

*ਮੋਬਾਇਲ 97816-46008*

# ਹਿੰਦੀ ਮਿੰਨੀ ਕਹਾਣੀ

## ਸਿਸਕੀਆਂ

"ਕਿੰਨਾ ਡਰਦੀ ਹੈਂ ਤੂੰ ਮਾਂ! ਸਾਰਾ-ਸਾਰਾ ਦਿਨ ਬਸ ਗੁੱਡੂ ਜੀਜੀ ਦੀ ਚਿੰਤਾ... ਗੁੱਡੂ ਨੇ ਸਕੂਲ ਜਾਣਾ ਹੈ! ਕਦੋਂ ਆਉਣਾ ਹੈ! ਕੌਣ ਉਹਨੂੰ ਲੈਣ ਜਾਵੇਗਾ! ਅੱਜ ਟੈਕਸੀ ਵਾਲਾ ਨਹੀਂ ਆਇਆ ਤਾਂ ਬਾਬਾ ਜਾਣਗੇ ਜਾਂ ਦਾਦਾ! ਸਾਰਾ-ਸਾਰਾ ਦਿਨ ਬਸ ਜੀਜੀ ਦੀ ਚਿੰਤਾ... ਸਿਰਫ਼ ਜੀਜੀ ਦੀ ਚਿੰਤਾ..."

ਮਾਂ ਕਹਿੰਦੀ ਹੈ-"ਅੱਜਕੱਲ੍ਹ ਮਾਹੌਲ ਬੜਾ ਖਰਾਬ ਚੱਲ ਰਿਹਾ ਹੈ... ਛੋਟੀਆਂ-ਵੱਡੀਆਂ ਕੁੜੀਆਂ ਨੂੰ ਕਿਤੇ ਵੀ ਇਕੱਲਿਆਂ ਛੱਡਣਾ ਅਤੇ ਜਾਣਾ ਬੜਾ ਖਤਰਨਾਕ ਹੈ... ਪਤਾ ਨਹੀਂ ਕਦੋਂ ਮੁਸੀਬਤ ਆ ਜਾਵੇ... ਅੱਜ ਦੇ ਸਮੇਂ ਵਿਚ ਪੜ੍ਹਾਉਣਾ ਵੀ ਜ਼ਰੂਰੀ ਹੋ ਗਿਆ ਹੈ। ਜੀਜੀ ਹੁਣ ਵੱਡੀ ਹੋ ਗਈ ਹੈ ਨਾ ਨੰਦੂ! ਤੂੰ ਵੀ ਜੀਜੀ ਦਾ ਧਿਆਨ ਰੱਖਿਆ ਕਰ ਪੁੱਤ...।"

ਦਿਨ ਵਿੱਚ ਪੰਜ-ਛੇ ਵਾਰੀ ਨੰਦੂ ਇਹੋ ਕੁਝ ਸੁਣਦਾ। ਮਾਂ ਦੀਆਂ ਚਿੰਤਾਵਾਂ ਵੀ ਠੀਕ ਸਨ।

ਨੰਦੂ ਵੀ ਤਾਂ ਚੌਦਾਂ ਸਾਲ ਦਾ ਹੋ ਗਿਆ ਸੀ। ਹਰ ਰੋਜ਼ ਹੀ ਜੀਜੀ ਦੀ ਅਤੇ ਜੀਜੀ ਲਈ ਸੁਣਦਾ-ਸੁਣਦਾ ਨੰਦੂ ਵੀ ਬੋਰ ਜਿਹਾ ਹੋ ਗਿਆ ਸੀ। ਫਿਰ ਇੱਕ ਦਿਨ ਅਚਾਨਕ ਮਾਂ ਦੇ ਵਾਰ-ਵਾਰ ਦੁਹਰਾਉਣ 'ਤੇ ਜ਼ੋਰ ਨਾਲ ਚੀਕ ਹੀ ਪਿਆ...

"ਕੀ ਸਾਰਾ-ਸਾਰਾ ਦਿਨ ਗੁੱਡੂ ਜੀਜੀ ਦੀ ਚਿੰਤਾ ਕਰਦੀ ਰਹਿੰਦੀ ਹੈਂ ਮਾਂ! ਕਦੇ ਸੋਚਿਐ, ਮੈਂ ਵੀ ਵੱਡਾ ਹੋ ਰਿਹਾ ਹਾਂ... ਜਿੰਨੀਆਂ ਅੱਖਾਂ ਜੀਜੀ ਦੇ ਪਿੱਛੇ ਲੱਗੀਆਂ ਰਹਿੰਦੀਆਂ ਨੇ ਦਬੋਚਣ ਲਈ, ਓਨੀਆਂ ਹੀ ਮੇਰੇ ਪਿੱਛੇ ਲੱਗੀਆਂ ਨੇ!... ਉਹ ਗੁਆਂਢ ਵਾਲੇ ਅੰਕਲ, ਪਤਾ ਹੈ, ਕਿਹੋ ਜਿਹੇ ਲਾਲਚ ਦੇ ਕੇ ਮੈਨੂੰ ਥਾਂ-ਥਾਂ ਤੋਂ ਛੂੰਹਦੇ ਹਨ!... ਅਤੇ ਉਹ ਦੂਰ ਦੀ ਰਿਸ਼ਤੇਦਾਰ ਮਾਸੀ, ਜਦੋਂ ਵੇਖੋ, ਉਦੋਂ ਮੈਨੂੰ ਗਲਤ-ਮਲਤ ਉਕਸਾਉਂਦੀ ਰਹਿੰਦੀ ਹੈ।... ਮਾਂ! ਇਹ ਤੈਨੂੰ ਸਮਝ ਨਹੀਂ ਆਵੇਗਾ... ਤੈਨੂੰ ਸਿਰਫ ਜੀਜੀ ਹੀ ਨਜ਼ਰ ਆਉਂਦੀ ਹੈ। ਤੂੰ ਉਹਨੂੰ ਤਾਂ ਬਚਾ ਲਿਆ, ਪਰ ਮੇਰਾ ਕੀ? ਤੈਨੂੰ ਲੱਗਦਾ ਹੈ... ਮੈਂ ਮੁੰਡਾ ਹਾਂ, ਮੈਨੂੰ ਕਦੇ ਕੁਝ ਨਹੀਂ ਹੋਵੇਗਾ।"

"ਮਾਂ! ਪਤਾ ਨਹੀਂ ਕਿੰਨੇ ਭੇੜੀਏ ਬੈਠੇ ਹਨ ਇਨਸਾਨਾਂ ਦੇ ਭੇਸ ਵਿੱਚ... ਬਸ ਸਰੀਰ ਚਾਹੀਦਾ ਹੈ ਉਨ੍ਹਾਂ ਨੂੰ... ਉਨ੍ਹਾਂ ਨੂੰ ਮੁੰਡਾ ਕੁੜੀ ਸਮਝ ਨਹੀਂ ਲੱਗਦਾ।" ਚੀਕਦੇ-ਚੀਕਦੇ ਕਦੋਂ ਨੰਦੂ ਖਲਾਅ ਵਿੱਚ ਵੇਖਣ ਲੱਗ ਪਿਆ ਅਤੇ ਸਭ ਗੱਲਾਂ ਤੋਂ ਬੇਖ਼ਬਰ ਲਗਾਤਾਰ ਬੁੜਬੁੜ ਕਰਦਾ ਰਿਹਾ...

"ਮਾਂ! ਕਦੇ ਮੈਨੂੰ ਵੀ ਸੁਣ ਲਿਆ ਕਰ... ਮੇਰੀ ਵੀ ਚਿੰਤਾ ਕਰ ਲਿਆ ਕਰ! ਕਦੇ ਮੈਨੂੰ ਵੀ ਸੁਣ ਲਿਆ ਕਰ...।"

ਸੰਨਾਟੇ ਵਿੱਚ ਉਹਦੀ ਸਿਸਕੀਆਂ ਦੀ ਗੂੰਜ ਸੁਣਨ ਵਾਲਾ ਸ਼ਾਇਦ ਉੱਥੇ ਕੋਈ ਨਹੀਂ ਸੀ।

**- ਪ੍ਰਗਤੀ ਗੁਪਤਾ**

**ਅਨੁ : ਪ੍ਰੋ. ਨਵ ਸੰਗੀਤ ਸਿੰਘ**



ਸਫ਼ਾ 3 ਦੀ ਬਾਕੀ

## ਸਮਕਾਲੀ ਵਰਤਾਰਿਆਂ ਦਾ ਵਾਸਤਵਿਕ...

ਪਤੀ ਦੁਆਰਾ ਗੀਤਾਂ ਵਾਲੀ ਕਾਪੀ ਚੁੱਲ੍ਹੇ ਵਿਚ ਸਾੜਨਾ, ਮੋਬਾਇਲ ਵਿੱਚੋਂ ਗੀਤ ਡਿਲੀਟ ਕਰਨਾ, ਸਰੀਰਕ ਕਸ਼ਟ ਦੇਣਾ, ਆਂਢ-ਗੁਆਂਢ ਨੂੰ ਪਹਿਰੇਦਾਰ ਬਣਾਉਣਾ, ਵਧੇਰੇ ਸ਼ੱਕ ਕਰਨਾ, ਘਰ ਵਾਰ-ਵਾਰ ਫੋਨ ਕਰਕੇ ਤੰਗ ਕਰਨਾ ਆਦਿ ਪਾਬੰਦੀਆਂ ਮੈਂ ਪਾਤਰ ਨੂੰ ਵਧੇਰੇ ਪ੍ਰੇਸ਼ਾਨ ਕਰਦੀਆਂ ਹਨ। ਇਹਨਾਂ ਸਮੱਸਿਆਵਾਂ ਦੇ ਬਾਵਜੂਦ ਜੀਤੋ ਆਪਣੇ ਇੱਛਤ ਯਥਾਰਥ ਦੀ ਪੂਰਤੀ ਹਿੱਤ ਗੀਤਾਂ ਦੀ ਸਿਰਜਣਾ ਅਤੇ ਗਾਉਣ ਦੀ ਪ੍ਰਕਿਰਿਆ ਜਾਰੀ ਰੱਖਦੀ ਹੈ। ਪਤੀ ਦੀ ਮੌਤ ਉਪਰੰਤ ਸਭ ਪਾਬੰਦੀਆਂ ਤੋਂ ਮੁਕਤ ਉਹ ਆਪਣੀਆਂ ਇੱਛਾਵਾਂ ਦੀ ਪੂਰਤੀ ਵੱਲ ਸੇਧਿਤ ਹੁੰਦੀ ਹੈ। ਆਪਣੀ ਮੰਜ਼ਿਲ ਵੱਲ ਵਧਦਿਆਂ ਉਹ ਅਮਨ, ਸੋਢੀ, ਵਿੱਕੀ, ਜਗਪਾਲ ਕਮਾਲਪੁਰੀਆ ਦੇ ਸਹਾਰੇ ਸਦਕਾ ਜੈਕ ਤੱਕ ਦਾ ਸਫ਼ਰ ਤੈਅ ਕਰਦੀ ਹੈ। ਜਦੋਂ ਕੇਂਦਰੀ ਪਾਤਰ ਦੇ ਗੀਤ ਰਿਕਾਰਡ ਤੇ ਫਿਲਮਾਏ ਜਾਣ ਲੱਗਦੇ ਹਨ ਤਾਂ ਉਹ ਹਰ ਕਿਸਮ ਦੀ ਸੁੱਖ ਸੁਵਿਧਾ ਮਾਣਦੀ ਹੈ। ਮੰਡੀ ਅਨੁਸਾਰ ਹੀ ਉਹ ਆਪਣੇ ਕੰਮ ਦੀ ਕੀਮਤ ਤੈਅ ਕਰਦੀ ਹੈ, ਕਿਉਂਕਿ ਉਸ ਨੂੰ ਆਪਣੇ ਚੰਗੇ ਭਵਿੱਖ ਦਾ ਰਾਹ ਨਜ਼ਰ ਆਉਂਦਾ ਹੈ। ਕਥਾਕਾਰ ਇਸ ਕਹਾਣੀ ਦੁਆਰਾ ਸਮਕਾਲੀ ਔਰਤ ਦੀ ਘਰ ਅਤੇ ਬਾਜ਼ਾਰ ਵਿਚ ਹੋਂਦ ਦੀ ਤਰਜਮਾਨੀ ਕਰਦਾ ਹੈ।

ਕਹਾਣੀ 'ਮੁੱਠੀ 'ਚੋਂ ਕਿਰਦੀ ਰੇਤ' ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ, ਖ਼ੂਨ ਦੇ ਰਿਸ਼ਤਿਆਂ ਦਾ ਸ਼ਰਦ ਹੋਣਾ, ਪੂੰਜੀ ਦੀ ਲਾਲਸਾ ਅਤੇ ਸਵੈ ਹਿੱਤਾਂ ਨੂੰ ਪ੍ਰਮੁੱਖਤਾ ਆਦਿ ਸਮਕਾਲੀਨ ਵਰਤਾਰਿਆਂ ਨੂੰ ਆਲੋਚਨਾਤਮਿਕ ਰੂਪ ਵਿਚ ਸਿਰਜਦੀ ਹੈ। ਕਥਾਕਾਰ ਮੈਂ ਮੂਲਕਤਾ ਬਿਰਤਾਂਤ ਤੇ ਚੇਤਨਾ ਪ੍ਰਵਾਹ ਵਿਧੀ ਦੁਆਰਾ ਭਵਿੱਖ ਅਤੇ ਵਰਤਮਾਨ ਸਮੇਂ ਵਿਚ ਵਾਪਰਦੀਆਂ ਘਟਨਾਵਾਂ ਨੂੰ ਆਪਣੇ ਕਥਾ ਸੰਵਾਦ ਦਾ ਹਿੱਸਾ ਬਣਾਉਂਦਾ ਹੋਇਆ ਕਥਾ ਰਸ ਨੂੰ ਬਰਕਰਾਰ ਰੱਖਦਾ ਹੈ।

ਪਰਮ ਅਤੇ ਉਸ ਦੀ ਪਤਨੀ ਪੰਜਾਬ ਵਿਚ ਆਪਣਾ ਖ਼ੂਬਸੂਰਤ ਜੀਵਨ ਬਤੀਤ ਕਰਦੇ ਹੋਏ ਆਪਣੀ ਧੀ ਦੀਆਂ ਇੱਛਾਵਾਂ ਪੂਰਦੇ ਹਨ। ਪੰਜਾਬੀ ਸਮਾਜ ਵਿਚ ਚੱਲਦੇ ਅੰਨ੍ਹੇਵਾਹ ਪਰਵਾਸ ਕਾਰਨ ਕਿਰਨ ਵੀ ਕੈਨੇਡਾ ਪਹੁੰਚਦੀ ਹੈ। ਜ਼ਿੰਦਗੀ ਉਸ ਸਮੇਂ ਮੋੜ ਕੱਟਦੀ ਹੈ, ਜਦੋਂ ਜਵਾਈ ਹਰਮਨ ਦੀ ਸੜਕ ਦੁਰਘਟਨਾ 'ਚ ਮੌਤ ਹੁੰਦੀ ਹੈ। ਕਿਰਨ ਇਸ ਸਦਮੇ ਨੂੰ ਨਾ ਸਹਾਰਦੀ ਹੋਈ ਡਿਪਰੈਸ਼ਨ ਦਾ ਸ਼ਿਕਾਰ ਹੁੰਦੀ ਹੈ। ਦੂਸਰੇ ਵਿਆਹ ਉਪਰੰਤ ਵੀ ਉਸ ਦੀ ਮਾਨਸਿਕ ਦਸ਼ਾ ਵਿਚ ਕੋਈ ਸੁਧਾਰ ਨਹੀਂ ਆਉਂਦਾ।

ਦੂਸਰੇ ਜਵਾਈ ਦੁਆਰਾ ਗੋਰੀ ਔਰਤ ਨਾਲ ਵਿਆਹ ਕਰਵਾਉਣਾ, ਘਰ 'ਤੇ ਕਬਜ਼ਾ ਕਰਕੇ ਉਨ੍ਹਾਂ ਨੂੰ ਬੇਸਮੈਂਟ ਵਿਚ ਰਹਿਣ ਲਈ ਮਜਬੂਰ ਕਰਨਾ, ਪਰਮ ਦਾ ਸਕੂਲ ਬੱਸ ਚਲਾਉਣਾ ਅਤੇ ਖੁਸ਼ੀ ਨੂੰ ਆਪਣੀ ਜ਼ਿੰਦਗੀ ਦਾ ਇਕੋ-ਇਕ ਮਕਸਦ ਸਮਝਦਿਆਂ ਉਸ ਦੀ ਪਰਵਰਿਸ਼ ਕਰਨਾ ਤਾਂ ਜੋ ਬੁਢਾਪੇ 'ਚ ਉਨ੍ਹਾਂ ਦਾ ਸਹਾਰਾ ਬਣ ਸਕੇ। ਖੁਸ਼ੀ ਵਿਦੇਸ਼ੀ ਸੱਭਿਆਚਾਰ ਦੇ ਪ੍ਰਭਾਵ ਕਾਰਨ ਬਿਰਧ ਨਾਨਾ-ਨਾਨੀ ਦੀ ਬਿਲਕੁਲ ਪਰਵਾਹ ਨਹੀਂ ਕਰਦੀ, ਜਿਸ ਕਾਰਨ ਉਹ ਮਾਨਸਿਕ ਸੰਤਾਪ ਹੰਡਾਉਂਦੇ ਹਨ। ਉਹ ਨਾਨੀ ਕੋਲ ਹਸਪਤਾਲ ਜਾਣ ਦੀ ਬਜਾਇ ਦੋਸਤ ਨਾਲ ਵੀਕਐਂਡ 'ਤੇ ਜਾਣ ਨੂੰ ਤਰਜੀਹ ਦਿੰਦੀ ਹੈ। ਜਦੋਂ ਨਾਨੀ ਉਸ ਨੂੰ ਕਈ-ਕਈ ਰਾਤਾਂ ਘਰੋਂ ਬਾਹਰ ਰਹਿਣ ਬਾਰੇ ਪੁੱਛਦੀ ਹੈ ਤਾਂ ਉਹ ਦੋਵਾਂ ਨੂੰ ਬਿਰਧ ਆਸ਼ਰਮ 'ਚ ਰਹਿਣ ਲਈ ਆਖਦੀ ਹੈ। ਇਟ 'ਸ ਮਾਈ ਲਾਈਫ...ਆਈ ਹੈਵ ਗਰੋਨ ਅੱਪ ਨਓ...ਆਈ ਹੈਵ ਮਾਈ ਡਰੀਮ ਟੂ...ਹਓ ਕੈਨ ਆਈ ਟੇਕ ਕੇਅਰ ਆਫ ਯੂ?...ਇਫ ਯੂ ਹੈਵ ਪ੍ਰੌਬਲਿਮ ਐਟ ਹੋਮ ਦੈਨ ਯੂ ਕੈਨ ਗੋ ਟੂ ਓਲਡ ਹੋਮ...ਦ ਗੌਰਮੈਂਟ ਹੇਅਰ ਗਿਵਸ ਏ ਲੌਟ ਆਫ ਫਸ਼ਿਲਟੀਸ ਟਾ ਓਲਡ ਪੀਊਪਲ ਲਾਈਕ ਯੂ।

ਕਥਾਕਾਰ ਇਸ ਕਹਾਣੀ ਰਾਹੀਂ ਪੰਜਾਬੀਆਂ ਦੀ ਪਰਵਾਸ ਪ੍ਰਤੀ ਵਧਦੀ ਲਾਲਸਾ ਨੂੰ ਸਮਝਦਾ ਹੋਇਆ ਉਥੋਂ ਦੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਜੀਵਨ ਵਿਚ ਲੀਨ ਹੋਈ ਨਵੀਂ ਪੀੜ੍ਹੀ ਦੇ ਬਜ਼ੁਰਗਾਂ ਪ੍ਰਤੀ ਕਰੂਰ ਵਿਵਹਾਰ ਨੂੰ ਯਥਾਰਥਕ ਰੂਪ ਵਿਚ ਚਿਤਰਦਾ ਹੈ।

ਕਹਾਣੀ 'ਛਣ-ਛਣ' ਇੱਕੀਵੀਂ ਸਦੀ ਦੇ ਮਨੁੱਖ ਦੁਆਰਾ ਸਿਰਜਤ ਮਨਸੂਈ ਰਿਸ਼ਤਿਆਂ ਨੂੰ ਉਜਾਗਰ ਕਰਦੀ ਹੈ। ਚਿੱਠੀ ਸ਼ੈਲੀ ਅਤੇ ਮੱਧਮ ਪੁਰਖੀ ਬਿਰਤਾਂਤ ਵਿਚ ਰਚੀ ਇਹ ਕਹਾਣੀ ਪੰਜਾਬੀ ਕਥਾ ਜਗਤ ਅਹਿਮ ਸਥਾਨ ਰੱਖਦੀ ਹੈ। ਕਥਾਕਾਰ ਸਮਕਾਲੀ ਮਨੁੱਖ ਦੇ ਤਕਨੀਕੀ ਸੰਸਾਰ ਨਾਲ ਜੁੜਨ, ਨਕਲੀ ਅਕਾਊਂਟ ਖੋਲ੍ਹਣ, ਦੋਸਤ-ਮਿੱਤਰ ਬਣਾਉਣ, ਪੋਸਟਾਂ ਪਾਉਣ, ਲਾਈਕ ਤੇ ਕੁਮੈਂਟਾਂ ਦੀਆਂ ਗਿਣਤੀਆਂ-ਮਿਣਤੀਆਂ ਨੂੰ ਗਲਪੀ ਬਿੰਬ ਦੁਆਰਾ ਬੜੀ ਸੁਹਿਰਦਤਾ ਨਾਲ ਪ੍ਰਗਟਾਉਂਦਾ ਹੈ। ਵਿਚਾਰਧੀਨ ਕਹਾਣੀ ਦਾ ਪਾਤਰ ਸੋਹਣ ਸਿੰਘ ਇਕ ਸਾਬਕਾ ਫੌਜੀ ਹੈ ਅਤੇ ਆਪਣੀ ਉਮਰ ਦੇ ਸੱਤਵੇਂ ਦਹਾਕੇ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਲਈ ਇਸ ਉਮਰ ਵਿਚ ਵੀ 'ਛਣ-ਛਣ' ਕਰਦੇ ਜੀਵਨ ਦੀ ਕਾਮਨਾ ਕਰਦਾ ਹੈ।

ਸੋਹਣ ਮਿੱਤਰ ਦੀ ਸਲਾਹ ਸਦਕਾ ਫੇਸਬੁੱਕ ਉੱਪਰ ਆਪਣਾ ਖਾਤਾ ਖੋਲ੍ਹਦਾ ਹੈ ਤੇ ਪ੍ਰੋਫਾਈਲ ਵਿਚ ਤਸਵੀਰ ਆਪਣੀ ਜਵਾਨ ਅਵਸਥਾ ਦੀ ਲਗਾਉਂਦਾ ਹੈ। ਅਨੇਕਾਂ ਗੋਰੀਆਂ ਔਰਤਾਂ ਨੂੰ ਆਪਣੀ ਤਕਨੀਕੀ ਮਿੱਤਰ ਮੰਡਲੀ 'ਚ ਸ਼ਾਮਲ ਕਰਦਾ ਹੈ। ਉਹ ਸੀਰੀਆ ਦੀ ਵਸਨੀਕ ਤੀਹ ਸਾਲਾਂ ਦੀ ਮੁਟਿਆਰ ਲੀਜ਼ਾ ਨੂੰ ਚਾਹੁਣ ਲੱਗਦਾ ਹੈ, ਕਿਉਂਕਿ ਉਹ ਫੇਸਬੁੱਕ ਉੱਪਰ ਖ਼ੁਦ ਨੂੰ ਪੈਂਤੀ ਸਾਲਾਂ ਦਾ ਨੌਜਵਾਨ ਦੱਸਦਾ ਹੈ। ਤਕਨੀਕੀ ਸੰਸਾਰ ਵਿਚ ਬੋਲੇ ਜਾਂਦੇ ਝੂਠਾਂ ਅਤੇ ਮਨਸੂਈ ਰਿਸ਼ਤਿਆਂ ਨੂੰ ਕਥਾਕਾਰ ਬੇਪਰਦ ਕਰਦਾ ਹੈ।

ਤੂੰ ਹੱਸਣਾ ਇਕ ਦਿਨ ਤਾਂ ਹੋਰ ਈ ਪੰਗਾ ਪੈ ਗਿਆ, ਉਹਨੇ ਮੇਰੇ ਕੋਲੋਂ ਫੋਟੋ ਮੰਗ ਲਈ... ਛਣ-ਛਣ ਹੋਈ... ਕਹਿੰਦੀ 'ਸੈਂਡ ਮੀ ਪਿਕ।' ਮੈਂ ਸੋਚਣ ਬੈਠ ਗਿਆ, ਮੈਂ ਹੁਣ ਕੀ ਕਰਾਂ। ਮੈਨੂੰ ਬੈਠੇ-ਬੈਠੇ ਇਕ ਜੁਗਤ ਦਾ ਖਿਆਲ ਆਇਆ। ਆਪਣੇ ਮੋਬਾਇਲ 'ਚ ਮੈਂ ਆਪਣੇ ਮੁੰਡੇ ਦੀਆਂ ਫੋਟੋਆਂ ਵੇਖਣ ਲੱਗ ਪਿਆ, ਉਹਦੀ ਸ਼ਕਲ ਹੂ-ਬ-ਹੂ ਮੇਰੇ 'ਤੇ ਗਈ ਏ। ਮੁੰਡਾ ਈ ਮੇਰਾ ਏ ਯਾਰ। ਜਵਾਨੀ ਵੇਲੇ ਮੇਰੀ ਸ਼ਕਲ ਬਿਲਕੁਲ ਉਹਦੇ ਵਰਗੀ ਹੁੰਦੀ ਸੀ। ਮੈਂ ਚੁੱਕ ਕੇ ਉਹਦੀ ਤਸਵੀਰ ਭੇਜ ਦਿੱਤੀ। ਲੀਜ਼ਾ ਨੂੰ ਕੀ ਪਤੈ ਬਈ ਕੌਣ ਏ? ਆਪਾਂ ਨੂੰ ਵੀ ਗੋਰੀਆਂ ਇਕੋ ਜਿਹੀਆਂ ਲੱਗਦੀਆਂ ਨੇ। ਲੈ ਗੱਲ ਬਣ ਗਈ। ਉਧਰੋਂ ਛਣ-ਛਣ ਕਰਦਾ ਕੁਮੈਂਟ ਮਿਲਿਆ, 'ਵੈਰੀ ਨਾਈਸ... ਆਈ ਲਾਈਕ ਇੱਟ... ਗੁੱਡ!'

ਸੀਰੀਆ ਵਿਚ ਲੱਗੀ ਜੰਗ ਸਮੇਂ ਜਦੋਂ ਲੀਜ਼ਾ ਸੋਹਣ ਨੂੰ ਭਾਰਤ ਆਉਣ ਬਾਰੇ ਸੁਨੇਹਾ ਭੇਜਦੀ ਹੈ ਤਾਂ ਉਸ ਨੂੰ ਆਪਣੇ ਵਾਸਤਵਿਕ ਰਿਸ਼ਤੇ ਚੇਤੇ ਆਉਂਦੇ ਹਨ, ਜਿਨ੍ਹਾਂ ਨੂੰ ਉਹ ਵਿਸਾਰ ਚੁੱਕਾ ਸੀ। ਤਕਨੀਕੀ ਮਿੱਤਰ ਜਦੋਂ ਕਿਸੇ ਵਾਕਿਫ਼ ਨਾਲ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰਦਾ ਹੈ ਤਾਂ ਝੂਠ ਅਧਾਰਤ ਸਿਰਜੇ ਰਿਸ਼ਤੇ ਤਿੜਕਣ ਲਗਦੇ ਹਨ। ਫਿਰ ਉਸ ਨੂੰ ਯਥਾਰਥਕ ਰਿਸ਼ਤਿਆਂ ਅਤੇ ਨਾਮੋਸ਼ੀ ਦਾ ਡਰ ਸਤਾਉਣ ਲੱਗਦਾ ਹੈ। ਸੋਹਣ ਉਸ ਸਮੇਂ ਤਣਾਓਗ੍ਰਸਤ ਰਹਿਣ ਲੱਗਦਾ ਹੈ। ਕਥਾਕਾਰ ਵਿਸ਼ੇਸ਼ ਕਿਸਮ ਦੀਆਂ ਭ੍ਰਾਂਤੀਆਂ ਅਧੀਨ ਜਿਉਂਦੇ ਸਮਕਾਲੀ ਮਨੁੱਖ ਨੂੰ ਸੁਚੇਤ ਕਰਕੇ ਆਪਣੇ ਲਹੂ ਦੇ ਰਿਸ਼ਤਿਆਂ ਨਾਲ ਜੁੜਨ ਲਈ ਪ੍ਰੇਰਦਾ ਹੈ ਤਾਂ ਜੋ ਉਨ੍ਹਾਂ ਦਾ ਮੋਹ, ਪਿਆਰ ਤੇ ਨਿੱਘ ਮਾਣ ਸਕੇ।

ਕਹਾਣੀ 'ਠੇਡਾ' ਦਲਿਤ ਪਰਵਾਰ ਦੇ ਆਪਣੀ ਮੂਲ ਧਾਰਮਿਕ ਸੰਸਥਾ ਤੋਂ ਬੇਮੁੱਖ ਹੋ ਕੇ ਦੂਸਰੀਆਂ ਸੰਸਥਾਵਾਂ ਨਾਲ ਜੁੜਨ ਕਾਰਨ ਪਰਵਾਰਕ ਤਣਾਓ ਨੂੰ ਆਲੋਚਨਾਤਮਿਕ ਰੂਪ ਵਿਚ ਚਿਤਰਦੀ ਹੈ। ਭੈਣ-ਭਰਾ ਜਦੋਂ ਵੱਖੋ-ਵੱਖਰੀਆਂ ਧਾਰਮਿਕ ਸੰਸਥਾਵਾਂ ਨਾਲ ਜੁੜਦੇ ਹਨ ਤਾਂ ਉਨ੍ਹਾਂ ਦੇ ਖ਼ੂਨ ਦੇ ਰਿਸ਼ਤਿਆਂ ਦੀ ਸਾਂਝ ਫਿੱਕੀ ਪੈਣ ਲੱਗਦੀ ਹੈ। ਉਹ ਇਕ-ਦੂਸਰੇ ਦੇ ਧਾਰਮਿਕ ਸੰਸਕਾਰਾਂ ਕਾਰਨ ਵਿਆਹ ਜਾਂ ਘਰ ਦੇ ਕਿਸੇ ਸਮਾਗਮ ਵਿਚ ਇਕੱਠੇ ਹੋਣ ਸਮੇਂ ਕਿਨਾਰਾਕਸ਼ੀ ਕਰਦੇ ਹਨ।

ਕਹਾਣੀ ਦੀ ਔਰਤ ਪਾਤਰ ਮਿੰਦਰੀ ਦੁਆਰਾ ਵਿਆਹ ਦੇ ਕਾਰਡ ਉੱਤੇ ਇਸਾਈ ਧਰਮ ਦਾ ਨਿਸ਼ਾਨ 'ਸਲੀਬ' ਛਪਵਾਉਣਾ, ਪਤੀ ਸਤਨਾਮ ਦੁਆਰਾ ਆਪਣਾ ਨਾਂਅ ਬਦਲ ਕੇ ਸੈਮ ਮਸੀਹ ਰੱਖਣਾ, ਵਿਆਹੁਤਾ ਕੁੜੀ ਦਾ ਆਪਣੇ ਨਾਨਕਿਆਂ ਪਾਸੋਂ ਸਫੈਜ ਗਾਉਣ ਦੀ ਮੰਗ ਕਰਨਾ, ਕੇਕ ਕੱਟਣਾ, ਕਾਰਡ ਦੇਣ ਤੋਂ ਪਹਿਲਾਂ ਪ੍ਰਾਰਥਨਾ ਕਰਨਾ ਆਦਿ ਇਸਾਈ ਧਾਰਮਿਕ ਆਸਥਾ ਨੂੰ ਪ੍ਰਗਟਾਉਂਦੇ ਹਨ।

ਦੂਸਰੇ ਪਾਸੇ ਚਾਨਣ ਦੇ ਵੱਡੇ ਪੁੱਤਰ ਨਾਮੇ ਦਾ ਬਿਆਸ ਡੇਰੇ ਜਾਣਾ ਅਤੇ ਸ਼ਾਮਾ ਸਿੰਘ ਸਜਦਾ ਹੈ। ਛੋਟਾ ਪੁੱਤਰ ਰਾਮਾ ਤੇ ਉਸ ਦਾ ਪਿਤਾ ਦੋਵੇਂ ਗੁਰੂ ਰਵਿਦਾਸ ਨਾਲ ਜੁੜੇ ਰਹਿੰਦੇ ਹਨ। ਜਦੋਂ ਸ਼ਾਮ ਸਿੰਘ ਦੀ ਪਤਨੀ ਧਰਮ ਪਰਿਵਰਤਨ ਬਾਰੇ ਕਹਿੰਦੀ ਹੈ ਤਾਂ ਰਾਮਾ ਸਹਿਮਤ ਨਹੀਂ ਹੁੰਦਾ। ਕਥਾਕਾਰ ਰਾਮੇ ਦੇ ਸਵੈ ਬਿਰਤਾਂਤ ਰਾਹੀਂ ਦਲਿਤ ਸਮਾਜ ਨੂੰ ਆਪਣੇ ਮੂਲ ਧਾਰਮਿਕ ਸੰਸਕਾਰਾਂ ਤੋਂ ਬੇਮੁੱਖ ਹੋਣ ਤੋਂ ਵਰਜਦਾ ਹੈ। ਭਾਬੀ ਏਸ ਘਰ ਤਾਂ ਜੈ ਗੁਰਦੇਵ-ਧੰਨ ਗੁਰਦੇਵ ਹੀ ਹੋਣੀ ਐ। ਸਾਡੇ ਦਾਦੇ-ਪੜਦਾਦੇ ਤਾਂ ਮਰੇ ਡੰਗਰਾਂ ਦਾ ਚੰਮ ਲਾਹੁੰਦੇ ਰਹੇ ਨੇ। ਅਹੀਂ ਨੀਂ ਆਪਣੇ ਗੁਰੂ ਦਾ ਲੜ ਛੱਡਦੇ...ਜੇ ਬਾਹਲੀ ਗੱਲ ਐ ਤੇ ਲਾ ਲੈ ਜਿੰਨਾ ਜ਼ੋਰ ਲਾਉਣਾ। ਪਾਣੀ ਇਨ੍ਹਾਂ ਪੁਲਾਂ ਹੇਠ ਦੀ ਲੰਘਣਾ ਏ।

ਬਜ਼ੁਰਗ ਪਾਤਰ ਚਿੰਤਤ ਹੈ ਕਿ ਕਿਵੇਂ ਉਸ ਦਾ ਪਰਵਾਰ ਚਾਰ ਹਿੱਸਿਆਂ 'ਚ ਵੰਡਿਆ ਗਿਆ। ਉਹ ਆਪਣੇ ਸਮੇਂ ਨੂੰ ਚੇਤੇ ਕਰਦਾ ਹੈ ਜਦੋਂ ਸਮੂਹ ਪਰਵਾਰ ਮੁਖੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚੱਲਦਾ ਸੀ। ਬਦਲਦੀਆਂ ਆਰਥਿਕ, ਸਮਾਜਿਕ, ਸੱਭਿਆਚਾਰਕ ਅਤੇ ਧਾਰਮਿਕ ਪ੍ਰਸਥਿਤੀਆਂ ਕਾਰਨ ਮਨੁੱਖ ਕੋਲ ਉਸ ਦਾ ਪਰਵਾਰ ਵੀ ਨਹੀਂ ਰਿਹਾ। ਕਥਾਕਾਰ ਪਰੰਪਰਕ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਆਧੁਨਿਕ ਕਦਰਾਂ-ਕੀਮਤਾਂ ਨਾਲੋਂ ਉਚਿਆਉਂਦਾ ਹੈ, ਜਿਸ ਦਾ ਕਾਰਨ ਉਹ ਸਾਂਝੇ ਪਰਵਾਰਾਂ ਦੇ ਟੁੱਟਣ ਨੂੰ ਮੰਨਣਾ ਹੈ ਕਿ ਕਿਸ ਤਰ੍ਹਾਂ ਵੱਖੋ-ਵੱਖਰੀਆਂ ਧਾਰਮਿਕ ਸੰਸਥਾਵਾਂ ਇਕੋ ਪਰਵਾਰ ਦੇ ਚਾਰ ਹਿੱਸੇ ਕਰਨ ਵਿਚ ਸਫ਼ਲ ਹੁੰਦੀਆਂ ਹਨ।

ਕਥਾਕਾਰ ਪਰਵਾਰ ਦੇ ਮਾਧਿਅਮ ਰਾਹੀਂ ਸਮੁੱਚੇ ਦਲਿਤ ਵਰਗ ਨੂੰ ਸੁਚੇਤ ਕਰਦਾ ਹੈ ਕਿ ਉਹ ਆਪਣੇ ਮੂਲ ਧਰਮ ਨਾਲ ਜੁੜੇ ਰਹਿਣ। ਜੇਕਰ ਉਹ ਆਪਣੇ ਮੂਲ ਨਾਲੋਂ ਟੁੱਟਦੇ ਹਨ ਤਾਂ ਉਹ ਦਿਨ ਦੂਰ ਨਹੀਂ ਜਦੋਂ ਉਨ੍ਹਾਂ ਦੀ ਹਾਲਤ ਇਸ ਪਰਵਾਰ ਦੀ ਤਰ੍ਹਾਂ ਖੇਰੂੰ-ਖੇਰੂੰ ਹੋ ਜਾਵੇਗੀ। ਭਾਰਤੀ ਸਮਾਜ ਵਿਚ ਸੱਤਾ 'ਤੇ ਕਾਬਜ਼ ਤਾਕਤਾਂ ਦਲਿਤ ਵਰਗ ਨੂੰ ਵਿਭਿੰਨ ਧਰਮਾਂ ਵਿਚ ਵਿਭਾਜਤ ਕਰਕੇ ਉਹਨਾਂ ਨੂੰ ਆਰਥਿਕ, ਸਮਾਜਿਕ, ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਕ ਤੌਰ 'ਤੇ ਕਮਜ਼ੋਰ ਕਰਕੇ ਸੱਤਾ ਆਪਣੇ ਕੋਲ ਰੱਖਣਾ ਚਾਹੁੰਦੀਆਂ ਹਨ। ਦਲਿਤ ਸਮਾਜ ਲਈ ਇਹ ਧਾਰਮਿਕ ਪਰਿਵਰਤਨ ਅਤਿ ਚਿੰਤਾ ਦਾ ਵਿਸ਼ਾ ਹੈ, ਇਸ ਲਈ ਚੇਤੰਨ ਤੇ ਜਥੇਬੰਦ ਹੋਣ ਦੀ ਲੋੜ ਹੈ। ਕਥਾਕਾਰ ਇਸ ਕਹਾਣੀ ਰਾਹੀਂ ਦਲਿਤ ਸਮਾਜ ਨੂੰ ਰਾਜ ਕਰਦੀਆਂ ਧਿਰਾਂ ਦੁਆਰਾ ਟੁਕੜਿਆਂ ਵਿਚ ਵੰਡਣ ਦੇ ਵਰਤਾਰੇ ਬਾਰੇ ਸੁਚੇਤ ਕਰਦਿਆਂ ਉਨ੍ਹਾਂ ਨੂੰ ਆਪਣੀ ਸੰਗਠਨਾਤਮਿਕ ਸ਼ਕਤੀ ਦੁਆਰਾ ਸੰਘਰਸ਼ਮਈ ਰਾਹ ਅਪਣਾਉਣ ਲਈ ਪ੍ਰੇਰਦਾ ਹੈ।

ਕਹਾਣੀ 'ਤ੍ਰੇੜ' ਪਤੀ-ਪਤਨੀ ਦੇ ਰਿਸ਼ਤੇ ਵਿਚ ਆਈਆਂ ਤ੍ਰੇੜਾਂ ਨੂੰ ਬਾਖ਼ੂਬੀ ਦਰਸਾਉਂਦੀ ਹੈ। ਕਥਾਕਾਰ ਪਿੱਪਲ ਦੇ ਪ੍ਰਤੀਕ ਰਾਹੀਂ ਰਿਸ਼ਤਿਆਂ ਵਿਚਲੇ ਤਿੜਕਾਅ ਤੇ ਬਦਲਾਅ ਨੂੰ ਉਜਾਗਰ ਕਰਦਾ ਹੈ। ਮੋਨਿਕਾ ਦਾ ਸਹੁਰਾ ਪਰਵਾਰ ਝੂਠ ਦਾ ਸਹਾਰਾ ਲੈ ਕੇ ਰਿਸ਼ਤਾ ਸਿਰਜਦਾ ਹੈ। ਰਿਸ਼ਤਾ ਅਖ਼ਬਾਰ ਰਾਹੀਂ ਹੋਇਆ ਹੋਣ ਕਰਕੇ ਮੋਨਿਕਾ ਤੇ ਉਸ ਦੀ ਮਾਂ ਕੋਈ ਬਹੁਤੀ ਪੁੱਛ-ਪੜਤਾਲ ਵੀ ਨਹੀਂ ਕਰ ਸਕੀਆਂ। ਉਸ ਦਾ ਪਤੀ ਕਿਸੇ ਮੋਬਾਇਲ ਨੈੱਟਵਰਕਿੰਗ ਕੰਪਨੀ 'ਚ ਕਸਟਮ ਕੇਅਰ ਵਜੋਂ ਕੰਮ ਕਰਦਾ ਹੈ। ਸਹੁਰਾ ਰਿਟਾਇਰਡ ਹੋਣ ਕਰਕੇ ਘਰ ਰਹਿੰਦਾ ਹੈ, ਜਿਸ ਦੀਆਂ ਭੈੜੀਆਂ ਨਜ਼ਰਾਂ ਮੋਨਿਕਾ ਨੂੰ ਪ੍ਰੇਸ਼ਾਨ ਕਰਦੀਆਂ ਹਨ। ਨਤੀਜੇ ਵਜੋਂ ਉਹ ਆਪਣੀ ਮਾਂ ਕੋਲ ਰਹਿਣ ਲੱਗਦੀ ਹੈ।

ਝੂਠ 'ਤੇ ਉੱਸਰੇ ਰਿਸ਼ਤਿਆਂ ਦੀ ਉਮਰ ਵਧੇਰੇ ਨਹੀਂ ਹੁੰਦੀ, ਜਿਸ ਕਾਰਨ ਮੰਗੀ ਅਤੇ ਮੋਨਿਕਾ ਦੇ ਰਿਸ਼ਤੇ ਤਿੜਕਦੇ ਹਨ। ਮੰਗੀ ਦਾ ਪਤਨੀ ਨੂੰ ਨੋਟ ਛਾਪਣ ਤੇ ਬੱਚੇ ਜੰਮਣ ਵਾਲੀ ਮਸ਼ੀਨ ਸਮਝਣਾ, ਪੈਰ-ਪੈਰ 'ਤੇ ਧੋਖਾ ਕਰਨਾ, ਚਰਿੱਤਰ ਉੱਤੇ ਸ਼ੱਕ ਕਰਨਾ, ਨੌਕਰੀ ਤੋਂ ਸਸਪੈਂਡ ਕਰਵਾਉਣ ਦੀਆਂ ਧਮਕੀਆਂ ਦੇਣਾ ਆਦਿ ਕਾਰਨਾਂ ਕਰਕੇ ਮੋਨਿਕਾ ਉਸ ਨਾਲ ਰਿਸ਼ਤਾ ਰੱਖਣ ਲਈ ਸਹਿਮਤ ਨਹੀਂ, ਇਸ ਲਈ ਉਹ ਅਵਤਾਰ ਨੂਰਪੁਰੀਏ ਨਾਲ ਸਾਂਝ ਸਿਰਜਦੀ ਹੈ, ਜਿਹੜਾ ਉਸ ਦੀ ਹਰ ਸੰਭਵ ਸਹਾਇਤਾ ਕਰਦਾ ਹੈ। ਕਥਾਕਾਰ ਮਨੁੱਖ ਨੂੰ ਝੂਠ, ਫਰੇਬ ਤੇ ਲਾਲਸਾ ਅਧੀਨ ਰਿਸ਼ਤੇ ਸਿਰਜਣ ਨਾਲੋਂ ਸੱਚ, ਪ੍ਰੇਮ ਅਤੇ ਬਿਨਾਂ ਕਿਸੇ ਲਾਲਚ ਦੇ ਸਾਂਝਾਂ ਪਾਉਣ ਲਈ ਪ੍ਰੇਰਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਇਹ ਸੰਗ੍ਰਹਿ ਨਿਵੇਕਲੇ ਵਿਸ਼ਿਆਂ ਨੂੰ ਸਨਮੁੱਖ ਕਰਦਾ ਹੈ। ਕਥਾਕਾਰ ਬਹੁ-ਕੌਮੀ ਕੰਪਨੀਆਂ ਦੁਆਰਾ ਮਨੁੱਖ ਨੂੰ ਘਰ ਬੈਠਿਆਂ ਵਸਤਾਂ ਤੇ ਸੇਵਾਵਾਂ ਉਪਲੱਬਧ ਕਰਵਾਉਣ ਅਤੇ ਮਨਸੂਈ ਬੁੱਧੀ ਦੇ ਵਰਤਾਰੇ ਨੂੰ ਆਲੋਚਨਾਤਮਿਕ ਰੂਪ ਵਿਚ ਸਿਰਜਦਾ ਹੈ। ਕਹਾਣੀਆਂ ਦੇ ਸਿਰਲੇਖ ਅੰਗਰੇਜ਼ੀ ਸ਼ਬਦਾਵਲੀ ਵਿਚ ਸਿਰਜਣ ਦਾ ਵਧਦਾ ਰੁਝਾਨ ਚਿੰਤਾ ਦਾ ਵਿਸ਼ਾ ਹੈ, ਜਿਸ ਤੋਂ ਕਥਾਕਾਰ ਵੀ ਬਚ ਨਹੀਂ ਸਕਿਆ। ਉਹ ਖੇਡ ਜਗਤ ਵਿਚ ਵਧਦੇ ਭਾਈ-ਭਤੀਜਾਵਾਦ, ਕੋਚਾਂ ਤੇ ਪ੍ਰਬੰਧਕਾਂ ਦੇ ਤਾਨਾਸ਼ਾਹੀ ਵਿਵਹਾਰ ਤੇ ਧਾਂਦਲੀਆਂ ਨੂੰ ਵੀ ਬੇਨਕਾਬ ਕਰਦਾ ਹੈ। ਲੇਖਕ ਪਰਵਾਸੀ ਪੰਜਾਬੀਆਂ ਦੀ ਨਵੀਂ ਪੀੜ੍ਹੀ ਅੰਦਰੋਂ ਨੈਤਿਕ ਕਦਰਾਂ-ਕੀਮਤਾਂ ਦੇ ਪਤਨ, ਰਿਸ਼ਤਿਆਂ ਪ੍ਰਤੀ ਮੋਹ ਦੇ ਸ਼ਰਦ ਹੋਣ ਅਤੇ ਤਕਨੀਕੀ ਸੰਸਾਰ ਵਿਚ ਝੂਠ ਅਧਾਰਤ ਸਿਰਜੇ ਰਿਸ਼ਤਿਆਂ ਦੇ ਕੱਚ-ਸੱਚ ਨੂੰ ਬਾਖ਼ੂਬੀ ਉਭਾਰਦਾ ਹੈ। ਉਹ ਦਲਿਤ ਸਮਾਜ ਨੂੰ ਆਪਣੀ ਮੂਲ ਵਿਚਾਰਧਾਰਾ ਤੋਂ ਭਟਕਣ ਤੋਂ ਸੁਚੇਤ ਕਰਦਾ ਹੋਇਆ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਲਈ ਪ੍ਰੇਰਦਾ ਹੈ।

**ਸੰਪਰਕ : 95012-45290**

ਸਫ਼ਾ 3 ਦੀ ਬਾਕੀ

## ਪੇਂਡੂ ਜੀਵਨ ਅਨੁਭਵ ਦਾ ਯਥਾਰਥਵਾਦੀ...

ਆਪਣੇ ਪਾਠਕਾਂ ਨੂੰ ਆਨੰਦਿਤ ਅਤੇ ਵਿਸਮਾਦਤ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣੀ ਵਿਰਾਸਤੀ ਜੀਵਨ-ਜਾਚ ਤੋਂ ਵੀ ਪਰੀਚਿਤ ਕਰਵਾ ਜਾਂਦਾ ਹੈ। 'ਬਚਪਨ ਦੀ ਦੀਵਾਲੀ' ਲੇਖ ਵਿੱਚ ਪੁਰਾਣੇ ਪੰਜਾਬ ਦੀ ਰਹਿਤਲ ਵਿਚਲੇ ਦਿਨ-ਤਿਉਹਾਰ ਅਤੇ ਉਨ੍ਹਾਂ ਨੂੰ ਮਨਾਉਣ ਦੇ ਬੱਚਿਆਂ ਦੇ ਭੋਲ਼ੇ-ਭਾਲ਼ੇ ਚਾਵਾਂ, ਉਤਸ਼ਾਹਾਂ ਦੀ ਸ਼ਿੱਦਤ ਨੂੰ ਭਾਵਪੂਰਤ ਢੰਗ ਨਾਲ ਪ੍ਰਤੀਬਿੰਬਤ ਕੀਤਾ ਗਿਆ ਹੈ। 'ਗੌਰਮਿੰਟ ਸਕੂਲ' ਨਾਮਕ ਲੇਖ ਵਿੱਚ ਲੇਖਕ ਨੇ ਆਜ਼ਾਦੀ ਉਪਰੰਤ ਉਤਸ਼ਾਹੀ ਲੋਕਾਂ ਦੇ ਵਿਦਿਆ ਪ੍ਰੇਮ ਅਤੇ ਸਰਕਾਰ ਦੀਆਂ ਨੀਤੀਆਂ ਕਾਰਨ ਹੋਂਦ ਵਿੱਚ ਆਉਣ ਵਾਲੀਆਂ ਵਿਦਿਅਕ ਸੰਸਥਾਵਾਂ ਬਾਰੇ ਪੇਂਡੂ ਸਮਾਜ ਦੇ ਮਹਾਂਪੁਰਸ਼ਾਂ ਦੀ ਲੋਕ-ਹਿਤੈਸ਼ੀ ਅਤੇ ਅਗਾਂਹਵਧੂ ਉਸਾਰੂ ਪਹੁੰਚ ਨੂੰ ਪ੍ਰਸਤੁਤ ਕਰਦਿਆਂ ਵਿਦਿਆ ਪ੍ਰਸਾਰ ਲਈ ਕੀਤੇ ਦਾਨ ਨੂੰ ਮਹਾਂ-ਦਾਨ ਕਰਾਰ ਦੇ ਕੇ ਵਡਿਆਇਆ ਹੈ। ?

'ਨਿਗਾਹੇ ਵਾਲਾ ਮੇਲਾ' ਪੰਜਾਬੀ ਲੋਕਧਾਰਾ ਦੇ ਅਧਿਐਨ ਦੀ ਦ੍ਰਿਸ਼ਟੀ ਤੋਂ ਬੇਹੱਦ ਮਹੱਤਵਪੂਰਨ ਵਾਰਤਕ ਰਚਨਾ ਹੈ। ਪੁਰਾਣੇ ਪੰਜਾਬ ਦੇ ਜਨਜੀਵਨ, ਰਹਿਤਲ ਅਤੇ ਲੋਕਧਾਰਾਈ ਜੀਵਨ ਸਮਗਰੀ ਨੂੰ ਮੂਰਤੀਮਾਨ ਕਰਨ ਵਾਲ਼ੀ ਇਸ ਰਚਨਾ ਵਿੱਚ ਲੇਖਕ ਆਪਣੀ ਰਚਨਾਤਮਕ ਜੁਗਤ ਨਾਲ ਯੁਵਾ ਦਿਲਾਂ ਦੇ ਵਲਵਲੇ , ਹੁੱਲੜਬਾਜ਼ੀ ਅਤੇ ਲੋਕਾਂ ਵਿੱਚ ਵਿਦਿਅਕ ਯੋਗਤਾ ਵਾਲੇ ਲੋਕਾਂ ਦੀ ਕਦਰ ਨੂੰ ਦਰਸਾਉਂਦਾ ਹੈ। 'ਰਿਸ਼ਤਾ' ਇਸ ਪੁਸਤਕ ਦੀ ਇੱਕ ਹੋਰ ਉਚੇਰੇ ਸਾਹਿਤਕ ਮਹੱਤਵ ਵਾਲੀ ਵਾਰਤਕ ਰਚਨਾ ਹੈ, ਜੋ ਵਿਧਾਗਤ (Genre) ਪੱਖੋਂ ਹੁਨਰੀ ਨਿੱਕੀ ਕਹਾਣੀ ਦੇ ਨਜ਼ਦੀਕ ਹੈ। ਇਸ ਵਿੱਚ ਗੁਜਰਾਤ ਦੰਗਿਆਂ ਵਿੱਚ ਲੁੱਟੇ, ਮਾਰੇ ਗਏ ਲੋਕਾਂ ਵਿੱਚੋਂ ਬਚਿਆ ਦੋ ਕੁ ਸਾਲ ਦਾ ਯਤੀਮ ਬੱਚਾ ਇੱਕ ਸਿੱਖ ਡਰਾਈਵਰ ਮੇਹਰ ਸਿੰਘ ਦੀ ਮਿਹਰ ਸਦਕਾ ਬਚ ਜਾਂਦਾ ਹੈ। ਵੱਡਾ ਹੋ ਕੇ ਉਹ ਜਿਸ ਤਰ੍ਹਾਂ ਮੇਹਰ ਸਿੰਘ ਦੇ ਪੁੱਤਰ ਦੇ ਰੂਪ ਵਿੱਚ ਪ੍ਰਵਾਨ ਚੜ੍ਹਦਾ ਹੈ, ਉਸ ਨੂੰ ਮੋਹਭੰਗਤਾ ਜਾਂ ਮਾਨਵੀ ਰਿਸ਼ਤਿਆਂ ਦੇ ਨਿਘਾਰ ਦੇ ਇਸ ਦੌਰ ਵਿੱਚ ਇਨਸਾਨੀ ਰਿਸ਼ਤਿਆਂ ਦੀ ਮਾਣ-ਮਰਿਯਾਦਾ ਅਤੇ ਗਰਿਮਾ ਦਾ ਉਤਮ ਪ੍ਰਮਾਣ ਕਿਹਾ ਜਾ ਸਕਦਾ ਹੈ। 'ਬੋਸਕੀ ਦਾ ਪਜਾਮਾ' ਲੇਖ ਵਿੱਚ ਲੇਖਕ ਮਨੁੱਖੀ ਪਹਿਰਾਵੇ ਦੀ ਚੇਤਨਾ ਦੇ ਆਰੰਭ ਤੋਂ ਲੈ ਕੇ ਵੱਖ-ਵੱਖ ਸਮਿਆਂ ਅਨੁਸਾਰ ਬਦਲਦੇ ਫੈਸ਼ਨ ਵਿੱਚ ਬੋਸਕੀ ਦੇ ਪਜਾਮੇ ਦੇ ਆਕਰਸ਼ਣ ਦੀ ਸਿਖ਼ਰ ਅਤੇ ਫਿਰ ਸਮੇਂ ਨਾਲ ਇਸ ਦੀ ਘਟਦੀ ਲੋਕ-ਪ੍ਰਿਅਤਾ ਦਾ ਬਾਖ਼ੂਬੀ ਵਰਨਣ ਕਰਦਾ ਹੈ। ?

'ਖ਼ਿਆਲਾਂ ਵਾਲੇ ਦਿਨ' ਲੇਖ ਨੂੰ ਇਸ ਵਾਰਤਕ ਪੁਸਤਕ ਵਿੱਚ ਨਿਹਤ ਰੂਪ ਵਿੱਚ ਪ੍ਰਸਤੁਤ ਹੋਣ ਵਾਲੇ ਕੇਂਦਰੀ ਭਾਵ 'ਉਦਰੇਵੇਂ' ਦੀ ਬਹੁਤ ਹੀ ਭਾਵਪੂਰਤ ਅਤੇ ਉਤਮ ਉਦਾਹਰਣ ਕਿਹਾ ਜਾ ਸਕਦਾ ਹੈ। ਇਸ ਬਾਰੇ ਲੇਖਕ ਗੁਰਦੇਵ ਸਿੰਘ ਬਰਾੜ ਇਕਬਾਲੀਆ ਲਹਿਜ਼ੇ ਵਿੱਚ ਲਿਖਦਾ ਹੈ ਕਿ 'ਅਸੀਂ ਸੱਤ ਸਮੁੰਦਰਾਂ ਪਾਰ ਆ ਕੇ...ਕਿੰਨਾ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ ਹਾਂ...ਇੱਕ ਛਿਣ... ਇੱਕ ਪਲ ਵਿੱਚ ਮਨ ਦੇ ਹਵਾਈ ਅੱਡੇ ਤੋਂ ਖਿਆਲਾਂ ਦੀ ਫ਼ਲਾਈਟ ਪਕੜ ਜਨਮ ਭੂਮੀ ਵਿੱਚ ਉੱਤਰ ਜਾਂਦੇ ਹਾਂ।'

'ਕਰਫ਼ਿਊ' ਵੀ ਇਸ ਪੁਸਤਕ ਦਾ ਕਹਾਣੀ-ਨੁਮਾ ਲੇਖ ਹੈ, ਜਿਸ ਵਿੱਚ ਲੇਖਕ ਨੇ ਸਾਧਨ ਵਿਹੂਣੇ ਨੌਜਵਾਨ ਯੋਧੇ ਦੀ ਤ੍ਰਾਸਦਿਕ ਜ਼ਿੰਦਗੀ ਨੂੰ ਬੜੀ ਬਾਰੀਕੀ ਨਾਲ ਪ੍ਰਸਤੁਤ ਕਰਦਿਆਂ ਇਸ ਤਰ੍ਹਾਂ ਦੇ ਵਿਅਕਤੀਆਂ ਦੇ ਆਰਥਿਕ, ਭਾਵਨਾਤਮਕ ਅਤੇ ਮਾਨਸਿਕ ਸ਼ੋਸ਼ਣ ਦੇ ਨਾਲ-ਨਾਲ ਪੰਜਾਬ ਸੰਕਟ ਦੌਰਾਨ ਸਧਾਰਨ ਪੰਜਾਬੀਆਂ ਦੇ ਪ੍ਰਸ਼ਾਸਨ ਅਤੇ ਅੱਤਵਾਦੀ ਦੋਵਾਂ ਦੀ ਜ਼ੱਦ ਵਿੱਚ ਆ ਕੇ ਜਾਨ ਗੁਆਉਣ ਦੇ ਖ਼ੌਫ਼ ਭਰੀ ਨਰਕ ਵਰਗੀ ਜ਼ਿੰਦਗੀ ਭੋਗਣ ਦੀ ਦਰਦਨਾਕ ਸਥਿਤੀ ਦਾ ਵੀ ਭਾਵਪੂਰਤ ਰੂਪਾਂਤਰਣ ਕੀਤਾ ਹੈ। ?

'ਅਸਮੀਲ' ਇਸ ਸੰਗ੍ਰਹਿ ਦਾ ਦੇਸ਼ ਵੰਡ ਦੇ ਭਿਅੰਕਰ ਦੁਖਾਂਤ ਨੂੰ ਪੇਸ਼ ਕਰਨ ਵਾਲਾ ਹਿਰਦੇਵੇਦਕ ਬਿਰਤਾਂਤ ਹੈ। ਲੇਖਕ ਦੇ ਪਿਤਾ ਦਾ ਮੁਸਲਿਮ ਦੋਸਤ ਅਸਮੀਲ ਆਪਣੀਆਂ ਲੜਕੀਆਂ ਦੀ ਸੁਰੱਖਿਆ ਦੀ ਫਿਕਰਮੰਦੀ ਵਿੱਚ ਉਨ੍ਹਾਂ ਨੂੰ ਆਪਣੇ ਦੋਸਤ ਦੇ ਘਰ ਛੱਡ ਕੇ ਪਾਕਿਸਤਾਨ ਚਲੇ ਜਾਣ ਦਾ ਦਿਲ ਚੀਰਵਾਂ ਫੈਸਲਾ ਕਰਦਾ ਹੈ। ਦੂਜੇ ਪਾਸੇ ਲੇਖਕ ਦਾ ਬਾਪ ਸੁਰੱਖਿਆ ਦੇ ਪੁਖਤਾ ਪ੍ਰਬੰਧ ਕਰਕੇ ਲੜਕੀਆਂ ਨੂੰ ਉਨ੍ਹਾਂ ਦੇ ਬਾਪ ਕੋਲ ਪਹੁੰਚਾਉਣ ਦਾ ਖ਼ਤਰਾ ਮੁੱਲ ਲੈਂਦਾ ਹੈ। ਇਸੇ ਤਰ੍ਹਾਂ ਆਸੋ ਮਾਸ਼ਣ ਮਿੱਟੀ ਦੇ ਮੋਹ ਦੀ ਖਿੱਚੀ ਪਿੰਡ ਪਰਤ ਕੇ ਆਪਣੀਆਂ ਧੀਆਂ ਦੇ ਵਿਆਹ ਲਈ ਦਹੇਜ ਤਿਆਰ ਕਰਦੀ ਹੈ। ਨਿਰਸੰਦੇਹ ਇਹ ਲੇਖ ਆਪਣੇ ਪਿੰਡ/ ਵਤਨ ਅਤੇ ਉਸ ਨਾਲ ਸੰਬੰਧਤ ਲੋਕਾਂ ਦੀ ਖਿੱਚ ਤੇ ਉਦਰੇਵੇਂ ਦੀ ਸ਼ਿੱਦਤ ਨੂੰ ਪ੍ਰਸਤੁਤ ਕਰਨ ਵਾਲੀ ਬੇਹੱਦ ਪ੍ਰਭਾਵਸ਼ਾਲੀ ਰਚਨਾ ਹੈ। 'ਮਿੱਤਾ ਢੰਗੀ' ਲੇਖ ਵਿੱਚ ਪੁਰਾਣੇ ਪੰਜਾਬ ਵਿੱਚ ਆਮ ਤੌਰ 'ਤੇ ਕੁਝ ਵਿਲੱਖਣਤਾਵਾਂ ਕਾਰਨ ਚਰਚਾ ਵਿੱਚ ਰਹਿਣ ਵਾਲੇ ਵਿਅਕਤੀਆਂ ਵਰਗੇ ਮਿੱਤੇ ਦੇ ਜੁਗਤੀ ਕਿਰਦਾਰ ਨੂੰ ਪ੍ਰਤੀਬਿੰਬਤ ਕੀਤਾ ਗਿਆ ਹੈ, ਜੋ ਚੌਕੀਦਾਰਾ ਕਰਦਿਆਂ ਪਿੰਡ ਵਾਸੀਆਂ ਨੂੰ ਪੁਲਸ ਦੇ ਪ੍ਰਕੋਪ ਤੋਂ ਬਚਾਉਣ ਲਈ ਜੁਗਤਾਂ ਘੜਨ ਦੀ ਮੁਹਾਰਤ ਰੱਖਦਾ, ਘਾਟੇਵੰਦੇ ਸੌਦੇ 'ਚੋਂ ਮੁਨਾਫ਼ਾ ਕਮਾਉਂਦਾ ਅਤੇ ਅੜੇ/ ਉਲਝੇ ਕੰਮ ਸੁਆਰਨ ਦੀਆਂ ਤਰਕੀਬਾਂ ਬਣਾ ਲੈਂਦਾ ਸੀ। ਪਿੰਡਾਂ ਵਿੱਚ ਇਹੋ ਜਿਹੇ ਪਾਤਰ ਪਿੰਡ ਦੀ ਰੂਹ ਅਤੇ ਮਨੋਰੰਜਨ ਦੇ ਵਸੀਲੇ ਵਜੋਂ ਪਹਿਚਾਣੇ ਜਾਂਦੇ ਹਨ। ?

ਉਪਰੋਕਤ ਵਿਚਾਰ-ਚਰਚਾ ਤੋਂ ਕਿਹਾ ਜਾ ਸਕਦਾ ਹੈ ਕਿ ਪ੍ਰਵਾਸੀ ਪੰਜਾਬੀ ਲੇਖਕ ਗੁਰਦੇਵ ਸਿੰਘ ਬਰਾੜ ਇਸ ਵਾਰਤਕ ਪੁਸਤਕ 'ਮੇਰੇ ਪਿੰਡ ਦੀ ਮਿੱਟੀ' ਵਿੱਚ ਪੁਰਾਣੇ ਪੰਜਾਬ ਦੀ ਰਹਿਤਲ ਨਾਲ ਸੰਬੰਧਤ ਜਾਣੇ-ਪਹਿਚਾਣੇ ਵਸਤੂ ਵਰਤਾਰਿਆਂ ਦੇ ਅਲੋਪ ਹੋ ਜਾਣ ਜਾਂ ਪ੍ਰਵਾਸੀ ਹੋਣ ਉਪਰੰਤ ਉਨ੍ਹਾਂ ਤੋਂ ਪੈ ਗਏ ਵਿਛੋੜੇ ਕਾਰਨ ਉਤਪੰਨ ਹੋਏ ਉਦਰੇਵੇਂ ਦੀ ਕਸਕ ਤਹਿਤ ਨਵੀਂਆਂ ਵਿਕਾਸ ਦਿਸ਼ਾਵਾਂ ਕਾਰਨ ਹੋਂਦ ਵਿੱਚ ਆਈਆਂ ਤਬਦੀਲੀਆਂ ਨੂੰ ਆਪਣੀ ਰਚਨਾਤਮਕ ਮੁਹਾਰਤ ਨਾਲ ਬਾਖ਼ੂਬੀ ਰੂਪਾਂਤ੍ਰਤ ਕਰਦਾ ਹੈ ।ਇਸ ਤਰ੍ਹਾਂ ਲੇਖਕ ਆਪਣੀ ਮਾਂ ਬੋਲੀ ਪੰਜਾਬੀ ਨੂੰ ਜਿਸ ਵਿੱਚ ਉੱਚ ਪਾਏ ਦੀ ਵਾਰਤਕ ਹੋਰ ਸਾਹਿਤਕ ਵਿਧਾਵਾਂ ਦੀ ਨਿਸਬਤਨ ਘੱਟ ਲਿਖੀ ਜਾ ਰਹੀ ਹੈ, ਦੇ ਸਾਹਿਤ ਜਗਤ ਨੂੰ ਉੱਚ ਕੋਟੀ ਦੀ ਵਾਰਤਕ ਪੁਸਤਕ ਪ੍ਰਦਾਨ ਕਰਦਾ ਹੈ। ਇਸ ਮਿਆਰੀ ਪੁਸਤਕ ਦੇ ਅਧਿਐਨ ਉਪਰੰਤ ਇਸ ਪ੍ਰਤਿਭਾਵਾਨ ਬਹੁਪੱਖੀ ਲੇਖਕ ਪਾਸੋਂ ਹੋਰ ਸਸ਼ਕਤ ਸਾਹਿਤਕ ਰਚਨਾਵਾਂ ਦੀ ਪੁਖਤਾ ਉਮੀਦ ਬੱਝਦੀ ਹੈ।

*ਮੋਬਾਇਲ 99150-05814*

ਸਫ਼ਾ 1 ਦੀ ਬਾਕੀ

## ਮਹਿਤਾਬੀ ਡੱਬੀ ਦਾ ਚਾਨਣ...

ਪੀਣ ਲੱਗੇ।ਗੁਰਚਰਨ ਕਹਿੰਦਾ, ਦਾਰੂ ਤਾਂ ਮੈਨੂੰ ਹੁਣ ਚੜ੍ਹਦੀ ਹੀ ਨਹੀਂ।ਕੋਈ ਅਜਿਹਾ ਨਸ਼ਾ ਲਿਆ ਕੇ ਦਿਓ ਜਿਹੜਾ ਮੈਨੂੰ ਚੜ੍ਹੇ, ਬਿਮਾਰੀ ਕਾਰਨ ਉਹ ਬਰਾਤ ਨਹੀਂ ਗਿਆ। ਗੁਰਚਰਨ ਬਗੈਰ ਬਰਾਤ ਫਿੱਕੀ-ਫਿੱਕੀ ਲੱਗ ਰਹੀ ਸੀ। ਅਸੀਂ ਉਹਦੀਆਂ ਗੱਲਾਂ ਹੀ ਕਰਦੇ ਰਹੇ। ਕਦੇ ਹੱਸਦੇ, ਕਦੇ ਉਦਾਸ ਹੋ ਜਾਂਦੇ।ਸਿੱਧੂ ਦਮਦਮੀ ਵਿਚੋਲਾ ਸੀ।ਮੈਨੂੰ ਬਹੁਤ ਯਾਦ ਹੈ ਕਿ ਮੈਂ ਤੇ ਗੱਜਾ ਸਿੰਘ ਪਿੰਡ ਵਿਚ ਕਿਸੇ ਦੇ ਘਰ ਜਾ ਕੇ ਦਾਰੂ ਪੀਂਦੇ ਰਹੇ ਸੀ।ਉਹ ਬੜਾ ਮਹਾਨ ਬੰਦਾ ਸੀ।ਮੁੜ ਕੇ ਕਦੇ ਨਾ ਮਿਲਿਆ।ਸੁਣਿਆ, ਅੱਤਵਾਦ ਦੇ ਦਿਨਾਂ ਵਿਚ ਉਹ ਮਾਰਿਆ ਗਿਆ ਸੀ ।

ਗੁਰਚਰਨ ਦਾ ਗੁਪਤ-ਰੋਗ ਦਿਨੋ-ਦਿਨ ਵਧਦਾ ਜਾ ਰਿਹਾ ਸੀ।ਇਕ ਵਾਰ ਉਹ ਪਟਿਆਲੇ ਸਰਕਾਰੀ ਹਸਪਤਾਲ ਵਿਚ ਦਾਖ਼ਲ ਵੀ ਹੋ ਗਿਆ ਸੀ।ਨਾਲ ਉਹਦਾ ਸੇਵਕ ਹਨੂੰਮਾਨ ਸੀ। ਡਾਕਟਰਾਂ ਨੇ ਗੁਪਤ ਅੰਗ ਦਾ ਅੱਧਾ ਹਿੱਸਾ ਕੱਟ ਦੇਣ ਦਾ ਫੈਸਲਾ ਕੀਤਾ, ਪਰ ਉਹ ਚੋਰੀਓਂ ਬੈਂਡ ਛੱਡ ਕੇ ਭੱਜ ਆਇਆ ਸੀ।ਹਨੂੰਮਾਨ ਮਗਰੋਂ ਪਿੰਡ ਵੜਿਆ।

ਉਨ੍ਹਾਂ ਦਿਨਾਂ ਵਿਚ ਹੀ ਉਹ ਮੇਰੇ ਕੋਲ ਬਰਨਾਲੇ ਆਇਆ। ਉਹਦੀ ਜੇਬ੍ਹ ਵਿਚ ਇਕ ਹਜ਼ਾਰ ਰੁਪਿਆ ਸੀ। ਟੈਲੀਵਿਜ਼ਨ ਛੱਤੀ ਸੌ ਰੁਪਏ ਦਾ ਸੀ।ਬਾਕੀ ਪੈਸੇ ਕਿਸ਼ਤਾਂ ਉਤੇ ਦੇਣੇ ਹੁੰਦੇ।ਦੋ ਸੌ ਰੁਪਿਆ ਮਹੀਨਾ।ਉਹਨੂੰ ਇਸ ਸਕੀਮ ਦਾ ਪਤਾ ਸੀ।ਕਹਿੰਦਾ, 'ਬਾਈ ਮੈਨੂੰ ਆਵਦੀ ਜ਼ਿੰਮੇਵਾਰੀ 'ਤੇ ਟੈਲੀਵਿਜ਼ਨ ਦਿਵਾ ਦੇ।ਮੈਂ ਕਿਸ਼ਤਾਂ ਭੇਜਦਾ ਰਹੂੰ । ਇਹਦਾ ਤੂੰ ਫਿਕਰ ਨਾ ਕਰੀਂ'। ਮੈਂ ਉਹਨੂੰ ਬਾਣੀਏ ਦੀ ਹੱਟ ਤੋਂ ਟੈਲੀਵਿਜ਼ਨ ਚੁਕਵਾ ਦਿੱਤਾ। ਉਹ ਖੁਸ਼ ਸੀ । ਬੱਸ ਵਿਚ ਪੱਟਾਂ ਉਤੇ ਰੱਖ ਕੇ ਹੀ ਲੈ ਗਿਆ। ਆਖਦਾ ਸੀ, 'ਘਰੋਂ ਬਾਹਰ ਤਾਂ ਕਿਧਰੇ ਜਾਇਆ ਨ੍ਹੀਂ ਜਾਂਦਾ ਹੁਣ, ਇਹ ਦੇਖਦਾ ਰਿਹਾ ਕਰੂੰ।ਜੀਅ ਲੱਗਿਆ ਰਹੂਗਾ।'

ਜੂਨ 1984 ਦੇ ਦਿਨ ਉਹਦੇ ਲਈ ਬੜੇ ਕਹਿਰ ਭਰੇ ਦਿਨ ਸੀ।ਉਹਨੂੰ ਸੰਗਰੂਰ ਲੈ ਗਏ।ਬਲਿਊ ਸਟਾਰ ਵਾਪਰ ਚੁੱਕਿਆ ਸੀ।ਕਰਫਿਊ ਭੋਗ ਰਹੇ ਸੀ ਸ਼ਹਿਰ ਦੇ ਲੋਕ । ਹਸਪਤਾਲਾਂ ਵਿਚ ਡਾਕਟਰਾਂ ਦੀ ਹਾਜ਼ਰੀ ਨਾ-ਬਰਾਬਰ ਸੀ, ਪਰ ਗੁਰਚਰਨ ਦਾ ਅਪਰੇਸ਼ਨ ਕਰ ਦਿੱਤਾ ਗਿਆ । ਉਹਦਾ ਸਭ ਕੁਝ ਸਾਫ ਹੋ ਗਿਆ।ਪਿਸ਼ਾਬ ਕਰਨ ਲਈ ਇਕ ਨਾਲੀ ਫਿੱਟ ਕਰ ਦਿੱਤੀ ਗਈ ਸੀ।

ਜਦੋਂ ਹਾਲਾਤ ਕੁਝ ਠੀਕ ਹੋਏ, ਮੈਂ ਭੀਖੀ ਉਹਦਾ ਪਤਾ ਲੈਣ ਗਿਆ।ਹਾਏ! ਮੈਨੂੰ ਉਹ ਦਿਨ ਭੁੱਲਦਾ ਨਹੀਂ। ਪਹਿਲਾਂ ਤਾਂ ਅਸੀਂ ਵਰਾਂਡੇ ਵਿਚ ਬੈਠੇ ਸਾਧਾਰਨ ਗੱਲਾਂ ਕਰਦੇ ਰਹੇ।ਚਾਹ ਪੀ ਲਈ।ਫੇਰ ਉਹ ਮੈਨੂੰ ਬੈਠਕ ਵਿਚ ਲੈ ਗਿਆ।ਚਾਦਰੇ ਦਾ ਲੜ ਪਰ੍ਹਾਂ ਕਰਕੇ ਮੈਨੂੰ ਦਿਖਾਇਆ। 'ਦੇਖ ਬਾਈ ਮੈਂ ਮਰਦ ਤਾਂ ਰਿਹਾ ਨ੍ਹੀ।' ਬਹੁਤ ਰੋਇਆ ਉਹ! ਮੈਂ ਉਹਦੀਆਂ ਅੱਖਾਂ ਪੂੰਝੀਆਂ ਅਤੇ ਦਿਲਾਸਾ ਦੇਣ ਲੱਗਿਆ। ਦੂਜੀ ਗੱਲ ਇਹ ਆਖ ਕੇ ਉਹ ਫੇਰ ਰੋਇਆ ਸੀ, "ਮੈਨੂੰ ਮੌਤ ਦਾ ਡਰ ਨ੍ਹੀ ਬਾਈ।ਅਫਸੋਸ ਇਸ ਗੱਲ ਦਾ ਐ ਕਿ ਤੁਸੀਂ ਮੇਰੇ ਮਿੱਤਰ ਇੱਥੇ ਹੋਓਗੇ, ਬੱਸ ਥੋੜੇ 'ਚ ਮੈਂ ਨ੍ਹੀ ਹੋਣਾ।"

ਉਹਦੀ ਮੌਤ ਬਾਅਦ ਬਾਰਾਂ ਸੌ ਰੁਪਈਆ ਟੈਲੀਵਿਜ਼ਨ ਦੀਆਂ ਕਿਸ਼ਤਾਂ ਦਾ ਬਾਕੀ ਰਹਿੰਦਾ ਸੀ । ਮੈਂ ਦਿੱਲੀ ਗਿਆ ਤਾਂ ਭਾਪਾ ਪ੍ਰੀਤਮ ਸਿੰਘ ਨੇ ਆਪਣੇ ਲੇਖਕ-ਫੰਡ ਵਿੱਚੋਂ ਮੈਨੂੰ ਗੁਰਚਰਨ ਦੀ ਪਤਨੀ ਗੁਰਮੇਲ ਕੌਰ ਦੇ ਨਾਂਅ ਦੋ ਹਜ਼ਾਰ ਰੁਪਏ ਦਾ ਚੈੱਕ ਦੇ ਦਿੱਤਾ । ਮੈਂ ਅੱਠ ਸੌ ਰੁਪਿਆ ਬਾਕੀ ਦਾ ਭੀਖੀ ਜਾ ਕੇ ਮੇਲੋ ਨੂੰ ਦੇ ਆਇਆ। ਉਹ ਦੱਸ ਰਹੀ ਸੀ ਕਿ ਮਰਨ ਤੋਂ ਪਹਿਲਾਂ ਆਖਦਾ ਹੁੰਦਾ, 'ਮੇਰੇ ਭੋਗ 'ਤੇ ਜਿਹੜੇ ਪੈਸੇ 'ਕੱਠੇ ਹੋਣਗੇ, ਉਨ੍ਹਾਂ 'ਚੋਂ ਟੈਲੀਵਿਜ਼ਨ ਦੀਆਂ ਕਿਸ਼ਤਾਂ ਅਣਖੀ ਬਾਈ ਨੂੰ ਭੇਜ ਦੀਂ' । ਕਿਤੇ ਮੈਂ ਯਾਰ ਕੰਨੀਂਓ ਝੂਠਾ ਨਾ ਪੈ ਜਾਂ।'


ਮੇਰੀ ਇਹੀ ਸ਼ਰਧਾਂਜਲੀ ਕਿ 'ਆਰਸੀ' ਵਿਚ ਉਹਦੀ ਕਹਾਣੀ 'ਰਾਜ਼ੀਬੰਦਾ' ਪੁਨਰ-ਪ੍ਰਕਾਸ਼ਿਤ ਕਰਾਈ ਅਤੇ ਕਹਾਣੀ ਨਾਲ ਆਪਣਾ ਨੋਟ ਲਿਖਿਆ ।

ਮੈਂ ਕਦੇ ਮੁੜ ਕੇ ਉਹਦੇ ਪਿੰਡ ਨਹੀਂ ਗਿਆ ਸਾਂ । ਭੀਖੀ ਵੱਲ ਮੂੰਹ ਵੀ ਨਹੀਂ ਕੀਤਾ । ਸੋਚਦਾ, ਜਾਵਾਂਗਾ ਤਾਂ ਰੋਣਾ ਪੱਲੇ ਪਵਾ ਕੇ ਹੀ ਮੁੜਾਂਗਾ । ਅਮਰਜੀਤ ਚੰਦਨ ਦੇ ਕਹਿਣ 'ਤੇ ਉਹਦੇ ਪਿੰਡ ਗਿਆ ਸਾਂ । ਬਹੁਤ ਸਾਲਾਂ ਬਾਅਦ । ਮੇਲੋ ਨੇ ਮੈਨੂੰ ਇੱਕ ਗੱਟਾ ਦਿੱਤਾ ਸੀ, ਜਿਸ ਵਿਚ ਗੁਰਚਰਨ ਨੂੰ ਆਈਆਂ ਪੰਜ ਸੌ ਤੋਂ ਵੱਧ ਚਿੱਠੀਆਂ ਸਨ । ਮੈਂ ਤੇ ਗੁਰਚਰਨ ਦੀ ਧੀ ਨੇ ਛੇ ਚਿੱਠੀਆਂ ਪਾਸ਼ ਦੀਆਂ ਕੱਢ ਲਈਆਂ ਸਨ ਅਤੇ ਉਹ ਮੈਂ ਅਮਰਜੀਤ ਚੰਦਨ ਨੂੰ ਇੰਗਲੈਂਡ ਭੇਜ ਦਿੱਤੀਆਂ ਸਨ ।

# ਭਾਈ ਬਾਲਾ ਤੇ ਬਾਲੇ ਵਾਲੀ ਜਨਮ ਸਾਖੀ ਦਾ ਅਸਲ ਨਿਸਤਾਰਾ

ਕਿਸ਼ਤ-1

ਡਾ. ਜਸਵਿੰਦਰ ਸਿੰਘ ਭੁੱਲਰ



ਗੁਰ ਇਤਿਹਾਸ 'ਚ ਸਿੱਖ ਮੱਤ ਦੇ ਪ੍ਰਚਾਰ-ਪ੍ਰਸਾਰ ਵਿੱਚ ਜਨਮ ਸਾਖੀਆਂ ਦੀ ਵੱਡੀ ਤੇ ਅਹਿਮ ਭੂਮਿਕਾ ਰਹੀ ਹੈ, ਜੋ ਪਹਿਲਾਂ-ਪਹਿਲ ਮੌਖਿਕ ਰੂਪ ਵਿੱਚ ਵਿਦਮਾਨ ਸੀ। ਚਿਰਾਂ ਤੋਂ ਚੱਲ ਰਹੀਆਂ ਮੌਖਿਕ ਜਨਮ ਸਾਖੀਆਂ ਨੂੰ ਹੱਥ ਲਿਖਤ ਖਰੜਿਆਂ ਦੇ ਰੂਪ ਵਿੱਚ ਸੰਭਾਲਣ ਤੋਂ ਬਾਅਦ ਇਨ੍ਹਾਂ ਵਿਚਲੀ ਸਾਖੀ ਨੂੰ ਅਸਾਨੀ ਨਾਲ ਸਮਝਾਉਣ ਲਈ ਸਾਖੀਕਾਰਾਂ ਨੇ ਸਚਿੱਤਰ ਕਰਨਾ ਸ਼ੁਰੂ ਕਰ ਦਿੱਤਾ। ਸਾਖੀਆਂ ਨੂੰ ਸਚਿੱਤਰ ਕਰਨ ਦੀ ਇਹ ਪਰੰਪਰਾ ਸਮੇਂ ਬਾਅਦ ਸਿੱਖ ਰਾਜ ਦੌਰਾਨ ਆਪਣੇ ਸੁਨਹਿਰੀ ਕਾਲ ਵਿੱਚ ਪ੍ਰਵੇਸ਼ ਕਰਦੀ ਹੈ, ਜਦੋਂ ਜਨਮ ਸਾਖੀਆਂ ਦਾ ਚਿਤਰਣ ਕੰਧਾਂ ਉੱਪਰ ਸ਼ਾਹੀ ਰਾਜ ਘਰਾਣਿਆਂ ਵਾਂਗ ਹੋਣਾ ਸ਼ੁਰੂ ਹੋ ਗਿਆ। ਚਿੱਤਰਾਂ ਦਾ ਪ੍ਰਮੁੱਖ ਵਿਸ਼ਾ ਗੁਰੂ ਨਾਨਕ ਦੇਵ ਜੀ ਦੀ ਜੀਵਨ ਕਹਾਣੀ ਬਣਨ ਲੱਗਾ। ਚਿੱਤਰਾਂ ਵਿੱਚ ਗੁਰੂ ਨਾਨਕ ਦੇਵ ਜੀ ਦੇ ਨਾਲ ਭਾਈ ਮਰਦਾਨਾ ਤਾਂ ਸੀ ਪਰ ਨਾਲ ਹੀ ਇਕ ਟਹਿਲੀਏ ਨੂੰ ਵੀ ਚਿੱਤਰਿਆ ਗਿਆ, ਜਿਸ ਨੂੰ ਬਾਲੇ ਦਾ ਨਾਂਅ ਦੇ ਦਿੱਤਾ ਗਿਆ। ਜਨ ਸਾਧਾਰਨ ਇਸੇ ਟਹਿਲੀਏ ਨੂੰ ਭਾਈ ਬਾਲਾ ਜਾਣ ਕੇ ਗੁਰੂ ਸਾਹਿਬ ਦਾ ਹਮਸਫਰ ਸਮਝਣ ਲੱਗ ਪਿਆ, ਕਿਉਂਕਿ ਹੁਣ ਉਨ੍ਹਾਂ ਬਾਲੇ ਵਾਲੀ ਜਨਮ ਸਾਖੀ ਜੁ ਪੜ੍ਹ ਲਈ ਸੀ। ਚਿੱਤਰਕਾਰਾਂ ਨੇ ਮਕਬੂਲ ਹੋ ਚੁੱਕੀ ਬਾਲੇ ਵਾਲੀ ਜਨਮ ਸਾਖੀ ਵਿੱਚੋਂ ਕੰਧ ਚਿੱਤਰਾਂ ਦਾ ਖਾਸਾ ਲੈ ਲਿਆ ਤੇ ਨਤੀਜਤਨ ਹਰ ਚਿੱਤਰ ਵਿੱਚ ਗੁਰੂ ਸਾਹਿਬ ਦੇ ਪਿਛਾਂਹ ਭਾਈ ਬਾਲਾ ਚਉਰ ਕਰਦਾ ਨਜ਼ਰ ਆਉਣ ਲੱਗਾ। ਜਗ੍ਹਾ-ਜਗ੍ਹਾ ਚਿੱਤਰਕਾਰਾਂ ਵੱਲੋਂ ਸਿਰਜਿਆ ਇਹ ਬਿਰਤਾਂਤ ਕਿਵੇਂ ਲੋਕ ਮਨਾਂ ਵਿੱਚ ਘਰ ਕਰ ਗਿਆ? ਕੀ ਇਹ ਕਿਸੇ ਸਾਜ਼ਿਸ਼ ਦੇ ਤਹਿਤ ਰਚਿਆ ਗਿਆ ਬਿਰਤਾਂਤ ਹੈ? ਜਾਂ ਫਿਰ ਭਾਈ ਬਾਲਾ ਅਸਲ ਵਿੱਚ ਗੁਰੂ ਸਾਹਿਬ ਦਾ ਸਾਥੀ ਸੀ ਅਤੇ ਉਸ ਨੇ ਹੀ ਬਾਲੇ ਵਾਲੀ ਜਨਮ ਸਾਖੀ ਬੋਲ ਕੇ ਪੈੜੇ ਮੋਖੇ ਕੋਲੋਂ ਲਿਖਵਾਈ ਸੀ? ਇਸ ਬਾਰੇ ਅਕਾਦਮਿਕ ਦਾਇਰਿਆਂ ਵਿੱਚ ਅਕਸਰ ਇਹ ਗੱਲ ਉੱਠਦੀ ਹੈ ਕਿ ਆਖਿਰ ਭਾਈ ਬਾਲੇ ਬਾਰੇ ਹਕੀਕਤ ਕੀ ਹੈ? ਉਸ ਦੀ ਹੋਂਦ-ਅਣਹੋਂਦ ਦਾ ਅਸਲ ਨਿਸਤਾਰਾ ਹਥਲੇ ਲੇਖ ਵਿੱਚ ਉਸ ਵੱਲੋਂ ਲਿਖਵਾਈ ਹੱਥ ਲਿਖਤ ਜਨਮ ਸਾਖੀ ਦੇ ਖਰੜੇ, ਗ੍ਰੰਥਾਂ, ਹੋਰਨਾਂ ਪੋਥੀਆਂ ਅਤੇ ਜਨਮ ਸਾਖੀਆਂ ਵਿੱਚੋਂ ਤੱਥਾਂ ਦੇ ਆਧਾਰ 'ਤੇ ਕਰਾਂਗੇ। ਸਭ ਤੋਂ ਪਹਿਲਾਂ ਦੇਖਦੇ ਹਾਂ ਕਿ ਭਾਈ ਬਾਲਾ ਕੌਣ ਹੈ? ਉਹ ਆਪਣੇ ਬਾਰੇ ਆਪਣੀ ਸਾਖੀ ਵਿੱਚ ਕੀ ਲਿਖਵਾਉਂਦਾ ਹੈ? 'ਨਾਨਕ ਪ੍ਰਕਾਸ਼' ਅਨੁਸਾਰ ਭਾਈ ਬਾਲਾ (1466-1544 ਈ.) ਰਾਏ ਭੋਇ ਦੀ ਤਲਵੰਡੀ, ਜ਼ਿਲ੍ਹਾ ਸ਼ੇਖ਼ੂਪੁਰਾ ਦੇ ਹਿੰਦੂ ਸੰਧੂ ਜੱਟ ਪਰਵਾਰ ਦੇ ਚੰਦਰਭਾਨ ਦਾ ਪੁੱਤਰ ਸੀ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨਾਲੋਂ ਤਿੰਨ ਸਾਲ ਵੱਡਾ ਸੀ। ਬਾਲਾ ਵੀ ਮਰਦਾਨੇ ਵਾਂਗ ਭੱਟੀਆਂ ਦੀ ਤਲਵੰਡੀ (ਨਾਨਕਿਆਣੇ) ਵਿੱਚ ਗੁਰੂ ਸਾਹਿਬ ਦੇ ਬਚਪਨ ਦਾ ਦੋਸਤ ਦੱਸਿਆ ਜਾਂਦਾ ਹੈ। ਬਾਲੇ ਵਾਲੀ ਜਨਮ ਸਾਖੀ ਵਿੱਚ ਦਰਜ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਲੋਕ ਗਮਨ ਤੋਂ ਬਾਅਦ ਗੁਰੂ ਅੰਗਦ ਜੀ ਨੇ ਭਾਈ ਬਾਲੇ ਨੂੰ ਤਲਵੰਡੀ ਤੋਂ ਖਡੂਰ ਵਿਖੇ ਬੁਲਾਇਆ ਤਾਂ ਜੋ ਉਹ ਗੁਰੂ ਸਾਹਿਬ ਦੇ ਸੰਪੂਰਨ ਜੀਵਨ ਬਿਰਤਾਂਤ ਬਾਰੇ ਦੱਸ ਸਕੇ। 'ਮਹਿਮਾ ਪ੍ਰਕਾਸ਼' ਵਿੱਚ ਲਿਖਿਆ ਹੈ ਕਿ ਇਕ ਦਿਨ ਗੁਰੂ ਅੰਗਦ ਦੇਵ ਜੀ ਨੇ ਭਾਈ ਬੁੱਢਾ ਜੀ ਨੂੰ ਕਿਹਾ ਕਿ ਉਹ ਗੁਰੂ ਨਾਨਕ ਸਾਹਿਬ ਦੇ ਉਸ ਸਾਥੀ ਨੂੰ ਲੱਭ ਲਿਆਵੇ, ਜੋ ਦੂਰ-ਦਰਾਜ ਦੀਆਂ ਉਦਾਸੀਆਂ ਦੌਰਾਨ ਉਨ੍ਹਾਂ ਦੇ ਨਾਲ ਰਿਹਾ ਹੋਵੇ। ਜਿਸ ਨੇ ਗੁਰੂ ਸਾਹਿਬ ਦੇ ਉਪਦੇਸ਼ ਸੁਣੇ ਹੋਣ, ਜਿਸ ਨੇ ਉਨ੍ਹਾਂ ਦੇ ਜੀਵਨ ਕਾਲ ਦੇ ਕੌਤਕੀ ਵਰਤਾਰੇ ਤੇ ਅਦਭੁੱਤ ਘਟਨਾਵਾਂ ਆਪ ਦੇਖੀਆਂ ਹੋਣ। ਉਸ ਕੋਲੋਂ ਉਹ ਸਾਰੀਆਂ ਘਟਨਾਵਾਂ/ਉਪਦੇਸ਼ਾਂ ਨੂੰ ਸੁਣ ਕੇ ਇਕ ਪੋਥੀ ਰੂਪ ਵਿੱਚ ਅੰਕਿਤ ਕਰ ਲਿਆ ਜਾਵੇ। 'ਮਹਿਮਾ ਪ੍ਰਕਾਸ਼' ਅਨੁਸਾਰ ਬਾਬਾ ਬੁੱਢਾ ਜੀ ਭਾਈ ਬਾਲੇ ਨੂੰ ਲੱਭ ਲਿਆਏ, ਜਿਸ ਨੇ ਗੁਰੂ ਸਾਹਿਬ ਦੀਆਂ ਸਾਖੀਆਂ ਵਿਸਥਾਰ ਵਿੱਚ ਸੁਣਾਈਆਂ। ਭਾਈ ਬਾਲਾ ਲਿਖਵਾਉਂਦਾ ਹੈ ਕਿ ਸਾਖੀਆਂ ਨੂੰ ਸੁਲਤਾਨਪੁਰ ਦੇ ਇਕ ਖੱਤਰੀ ਸਿੱਖ ਪੈੜਾ ਜਾਤ ਮੋਖਾ ਨੇ ਗੁਰੂ ਅੰਗਦ ਦੇਵ ਜੀ ਦੀ ਹਾਜ਼ਰੀ ਵਿੱਚ ਗੁਰਮੁਖੀ ਅੱਖਰਾਂ ਵਿੱਚ ਦਰਜ ਕਰਾਇਆ:-

ਬਾਲਾ ਜੋ ਅਲਾਇ ਪੈੜਾ ਲਿਖਤ ਬਨਾਇ,
ਗੁਰੂ ਅੰਗਦ ਸੁਨਾਇ ਸੋਊ ਭੂਮ ਸੁਨ ਲੀਜਿਯੇ॥ (ਨਾਨਕ ਪ੍ਰਕਾਸ਼)

ਨਤੀਜਤਨ ਪੈੜੇ ਮੋਖੇ ਦੀ ਲਿਖੀ 'ਭਾਈ ਬਾਲੇ ਵਾਲੀ ਜਨਮ ਸਾਖੀ' ਪ੍ਰਮਾਣ ਰੂਪ ਵਿੱਚ ਸਾਹਮਣੇ ਆਉਂਦੀ ਹੈ, ਜੋ ਦੋ ਮਹੀਨੇ ਸਤਾਰਾਂ ਦਿਨਾਂ ਵਿੱਚ ਪੂਰੀ ਹੁੰਦੀ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਅਨੁਸਾਰ ਉਦਾਸੀਆਂ ਸਮਾਪਤ ਕਰਨ ਪਿੱਛੋਂ ਗੁਰੂ ਸਾਹਿਬ ਜਦੋਂ ਕਰਤਾਰਪੁਰ ਆ ਗਏ ਤਾਂ ਭਾਈ ਬਾਲਾ ਵਾਪਸ ਤਲਵੰਡੀ ਆ ਗਿਆ। ਬਾਬਾ ਬੁੱਢਾ ਜੀ ਭਾਈ ਬਾਲਾ ਨੂੰ ਲੱਭ ਕੇ ਖਡੂਰ ਲਿਆਏ। ਕਿਹਾ ਜਾਂਦਾ ਹੈ ਕਿ ਭਾਈ ਬਾਲਾ ਸਾਖੀ ਦੀ ਸੰਪੂਰਨਤਾ ਤੋਂ ਬਾਅਦ ਖਡੂਰ ਸਾਹਿਬ ਵਿਖੇ ਹੀ ਰਹੇ, ਇਥੇ ਸੰਮਤ 1601 (1544 ਈ.) ਨੂੰ ਉਨ੍ਹਾਂ ਨੇ ਆਖਰੀ ਸਾਹ ਲਿਆ। ਜਿਥੇ ਗੁਰੂ ਅੰਗਦ ਦੇਵ ਜੀ ਨੇ ਭਾਈ ਬਾਲੇ ਦੀ ਦੇਹ ਦਾ ਅੰਤਿਮ ਸੰਸਕਾਰ ਆਪ ਕੀਤਾ, ਉਹ ਸਥਾਨ ਗੁਰਦੁਆਰਾ ਤਪਿਆਣਾ ਸਾਹਿਬ ਦੀ ਹਦੂਦ ਅੰਦਰ ਬਣਿਆ ਹੈ। ਉੱਪਰ ਵਰਣਿਤ ਇਹ ਵਿੱਥਿਆ ਅਸਾਂ ਬਾਲੇ ਵਾਲੀ ਜਨਮ ਸਾਖੀ ਦੇ ਆਧਾਰ 'ਤੇ ਬਿਆਨੀ ਹੈ। ਭਾਈ ਬਾਲੇ ਦੀ ਹੋਂਦ ਨੂੰ ਲੈ ਕੇ ਵਿਦਵਾਨਾਂ ਵਿੱਚ ਕਾਫੀ ਮਤਭੇਦ ਹਨ। ਭਾਈ ਬਾਲੇ ਵਾਲੀ ਜਨਮ ਸਾਖੀ ਤੋਂ ਬਿਨਾਂ ਘੱਟ ਹੀ ਬਾਲੇ ਦਾ ਜ਼ਿਕਰ ਆਇਆ ਹੈ। ਸੋ ਪਹਿਲਾਂ ਇਹ ਦੇਖੀਏ ਕਿ ਬਾਲੇ ਵਾਲੀ ਜਨਮ ਸਾਖੀ ਹੈ ਕੀ? ਇਸ ਦਾ ਕਰਤਾ ਕੌਣ ਹੈ? ਸਾਖੀ ਪ੍ਰਮਾਣ ਕਿਹੜੇ-ਕਿਹੜੇ ਹਨ? ਇਸ ਦਾ ਰਚਨਾ ਕਾਲ ਕੀ ਹੈ? ਉਸ ਦੀ ਲਿਖਤ ਦੀ ਸੁਰ ਜਾਂ ਮੰਨਸ਼ਾ ਕੀ ਹੈ? ਇਹ ਹੀ ਨਹੀਂ ਅਸੀਂ ਉਸ ਦੀ ਲਿਖਤ ਦੇ ਆਧਾਰ 'ਤੇ ਬਾਲੇ ਦੇ ਚਰਿੱਤਰ, ਕਾਰਜਸ਼ੈਲੀ, ਸੋਚ ਅਤੇ ਜ਼ਿਹਨੀਅਤ ਤੋਂ ਵੀ ਪਰਦਾ ਉਠਾਵਾਂਗੇ। ਇਨ੍ਹਾਂ ਨੁਕਤਿਆਂ ਤੋਂ ਬਾਲੇ ਦੀ ਹੋਂਦ-ਅਣਹੋਂਦ ਅਤੇ ਜਨਮ ਸਾਖੀ ਵਿੱਚ ਕੀਤੇ ਦਾਅਵਿਆਂ ਬਾਰੇ ਸਭ ਕੁਝ ਸਪੱਸ਼ਟ ਹੋ ਜਾਵੇਗਾ। ਇਸ ਸਪੱਸ਼ਟਤਾ ਲਈ ਜ਼ਰੂਰੀ ਹੈ ਕਿ ਸਾਰੀਆਂ ਸਾਖੀਆਂ ਦੀ ਪੜਚੋਲ ਕਰੀਏ ਕਿ ਕਿਹੜੀ ਸਾਖੀ ਵਿੱਚ ਬਾਲਾ ਹੈ ਜਾਂ ਨਹੀਂ। ਸੁਲਤਾਨਪੁਰ ਦੇ ਰਹਿਣ ਵਾਲੇ ਸੀਹੇ ਉਪਲ ਦੀ 1570-74 ਈ. ਦਰਮਿਆਨ ਰਚੀ 'ਸਾਖੀ ਮਹਲੁ ਪਹਿਲੇ ਕੀ' ਹੁਣ ਤੱਕ ਦੀ ਸਭ ਤੋਂ ਪੁਰਾਣੀ ਸਾਖੀ ਸਾਬਿਤ ਹੁੰਦੀ ਹੈ। ਸੀਹੇਂ ਉਪਲ ਦੀ ਇਸ ਕਿਰਤ ਨਾਲ ਜਨਮ ਸਾਖੀ ਪਰੰਪਰਾ ਦਾ ਲਿਖਤੀ ਉਦੈ ਹੁੰਦਾ ਹੈ, ਕਿਉਂਕਿ ਇਸ ਤੋਂ ਪਹਿਲਾਂ ਸਾਖੀਆਂ ਸਿਰਫ ਮੌਖਿਕ ਰੂਪ ਵਿੱਚ ਹੀ ਵਿਦਮਾਨ ਸਨ। 'ਸਾਖੀ ਮਹਲੁ ਪਹਿਲੇ ਕੀ' ਵਿੱਚ ਬਾਬਾ ਫਰੀਦ ਤੋਂ ਇਲਾਵਾ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੀ ਬਾਣੀ ਦੀ ਉਪਲੱਬਧਤਾ ਇਸ ਦੇ ਰਚਨਾ ਕਾਲ ਦੀ ਪੁਸ਼ਟੀ ਕਰਦੀ ਹੈ ਕਿ ਇਹ ਗੁਰੂ ਅਮਰਦਾਸ ਜੀ ਵੇਲੇ ਹੀ ਰਚੀ ਗਈ। ਸਾਖੀ ਵਿੱਚ ਆਏ ਵੈਰੋਵਾਲ, ਗੋਇੰਦਵਾਲ ਸ਼ਬਦ ਗੁਰੂ ਅਮਰਦਾਸ ਜੀ ਦੇ ਵੇਲੇ ਤੱਕ ਲੈ ਜਾਂਦੇ ਹਨ। ੧੯੪੬ ਈ. ਤੱਕ ਉਸਾਰੀ ਮੁਕੰਮਲ ਹੋਣ 'ਤੇ ਗੋਇੰਦਵਾਲ ਵੱਸ ਚੁੱਕਾ ਸੀ। ਇਥੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਸਾਖੀ ਗੁਰੂ ਅੰਗਦ ਸਾਹਿਬ ਵੇਲੇ ਨਹੀਂ ਲਿਖੀ ਗਈ, ਜਦਕਿ ਗੁਰੂ ਅਮਰਦਾਸ ਜੀ ਦੇ ਵੇਲੇ ਰਚੀ ਗਈ ਹੈ। ਜੇ ਰਚਨਾ ਕਾਲ (1570-74 ਈ.) ਪੱਖੋਂ ਸਭ ਤੋਂ ਪੁਰਾਣੀ ਸਾਖੀ ਹੁੰਦੀ ਇਸ ਸਾਖੀ ਵਿੱਚ ਕਿਤੇ ਬਾਲੇ ਬਾਰੇ ਜ਼ਿਕਰ ਨਹੀਂ। ਅਗਲੀ ਸਾਖੀ 'ਜਨਮ ਪਤ੍ਰੀ ਬਾਬੇ ਜੀ ਕੀ' ਡੱਲਾ ਨਿਵਾਸੀ ਭਾਈ ਬੂਲੇ ਨੇ 1597-1600 ਈ. ਦਰਮਿਆਨ ਲਿਖੀ। 'ਆਦਿ ਸਾਖੀਆਂ' ਦੇ ਨਾਂਅ ਨਾਲ ਜਾਣੀ ਜਾਂਦੀ ਇਸ ਸਾਖੀ ਵਿੱਚ ਵੀ ਕਿਧਰੇ ਬਾਲਾ ਨਹੀਂ। ਸੀਹੇਂ ਉਪਲ ਦੀ ਵਫ਼ਾਤ ਤੋਂ ਬਾਅਦ ਸੈਦੋ ਘੇਹੋ ਨੇ 1657-58 ਈ. ਦੌਰਾਨ ਸੀਹੇਂ ਦੀ ਅਧੂਰੀ ਰਹਿ ਗਈ ਸਾਖੀ ਨੂੰ 'ਸਾਖੀ ਬਾਬੇ ਨਾਨਕ ਜੀ ਕੀ' ਲਿਖ ਕੇ ਪੂਰਿਆਂ ਕੀਤਾ। ਸੈਦੋ ਦੀ ਇਸ ਸਾਖੀ ਨੂੰ ਵਿਦਵਾਨਾਂ ਨੇ 'ਪੁਰਾਤਨ ਜਨਮ ਸਾਖੀ' ਦਾ ਨਾਂਅ ਦਿੱਤਾ ਹੈ। ਇਸ ਜਨਮ ਸਾਖੀ ਵਿੱਚ ਕਿਤੇ-ਕਿਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸ਼ਬਦ ਹਨ। ਇੱਥੋਂ ਪੱਕਾ ਹੋ ਜਾਂਦਾ ਹੈ ਕਿ ਇਹ ਸਾਖੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਬਾਅਦ ਜਾਂ ਫਿਰ ਗੁਰੂ ਹਰਿਗੋਬਿੰਦ ਜੀ ਵੇਲੇ ਲਿਖੀ ਗਈ। ਬਹੁ ਗਿਣਤੀ ਵਿਦਵਾਨਾਂ ਦਾ ਮਤ ਹੈ ਕਿ ਸੈਦੋ ਘੇਹੋ ਦੀ ਪੁਰਾਤਨ ਜਨਮ ਸਾਖੀ 1657-58 ਈ. ਵਿੱਚ ਲਿਖੀ ਗਈ, ਪਰ ਭਾਈ ਵੀਰ ਸਿੰਘ ਪੁਰਾਤਨ ਜਨਮ ਸਾਖੀ ਨੂੰ 1635 ਈ. ਵਿੱਚ ਰਚਿਆ ਮੰਨਦਾ ਹੈ। ਕਰਮ ਸਿੰਘ ਹਿਸਟੋਰੀਅਨ ਨੇ ਕਲਜੁਗ ਦੇ ਬੀਤੇ ਵਰ੍ਹਿਆਂ ਦਾ ਹਿਸਾਬ ਲਗਾ ਕੇ ਇਸ ਸਾਖੀ ਦਾ ਰਚਨਾ ਕਾਲ 1635 ਈ. ਮਿੱਥਿਆ ਹੈ। ਸ.ਸ. ਪਦਮ ਨੇ ਸੈਦੋ ਦੀ ਸਾਖੀ ਦਾ ਰਚਨਾ ਕਾਲ 1657 ਈ. ਤੇ ਲਿਖਣ ਦਾ ਸਥਾਨ ਪਿਸ਼ਾਵਰ ਦਾ ਚਰਣ ਮਝਾਰਕੇ ਮੰਨਿਆ ਹੈ। ਅਗਰ ਸੈਦੋ ਨੇ ਸਮਕਾਲ ਵਿੱਚ ਗੋਰਖ ਦਾਸ ਦੀ ਰਚੀ ਸੌੜੀ ਹੰਦਾਲੀਅਤ ਦੀ ਚੁਣੌਤੀ ਦਾ ਸਾਖੀ ਰਚ ਕੇ ਟਾਕਰਾ ਨਾ ਕੀਤਾ ਹੁੰਦਾ ਤਾਂ ਬਾਲੇ ਵਾਲੀ ਜਨਮ ਸਾਖੀ ਨੂੰ ਹੋਰ ਲੋੜੋਂ ਵੱਧ ਮਕਬੂਲੀਅਤ ਮਿਲਣੀ ਸੀ।

ਉਕਤ ਤਿੰਨਾਂ ਸਾਖੀਆਂ ਵਿੱਚ ਭਾਈ ਬਾਲੇ ਦੀ ਮੁਸ਼ਕ ਤੱਕ ਨਹੀਂ ਆਉਂਦੀ। ਜਨਮ ਸਾਖੀਆਂ ਵਿੱਚ ਸੀਹੇਂ ਦੇ ਨਾਂਅ ਦਾ ਜ਼ਿਕਰ ਗੁਰੂ ਸਾਹਿਬਾਂ ਦੇ ਨਾਲ ਉਦਾਸੀਆਂ ਦੌਰਾਨ ਕਿਤੇ-ਕਿਤੇ ਆਉਂਦਾ ਹੈ। ਇਸ ਦੀ ਸਾਖੀ ਵੀ ਲਿਖਾਰੀ ਤਾਜੂਦੀਨ ਦੀ ਤਰ੍ਹਾਂ ਪੱਕੇ ਸਮਕਾਲੀ ਪ੍ਰਮਾਣ ਹਨ ਕਿ ਨਾ ਤਾਂ ਕੋਈ ਬਾਲਾ ਨਾਂਅ ਦਾ ਵਿਅਕਤੀ ਹੋਇਆ ਹੈ ਤੇ ਨਾ ਕੋਈ ਬਾਲਾ ਗੁਰੂ ਨਾਨਕ ਦੇਵ ਜੀ ਦਾ ਹਮਸਫਰ ਸੀ। ਮੱਕਾ ਫੇਰੀ ਦੌਰਾਨ ਉਨ੍ਹਾਂ ਦੇ ਡੇਢ-ਦੋ ਸਾਲ ਹਮਸਫਰ ਰਹੇ ਤਾਜੂਦੀਨ ਦੀ ਵੀ ਇਹੀ ਲਿਖਤੀ ਰਾਇ ਹੈ, ਜਿਸ ਬਾਰੇ ਅੱਗੇ ਜਾ ਕੇ ਚਰਚਾ ਕਰਾਂਗੇ। ਮਨੋਹਰ ਦਾਸ ਮਿਹਰਬਾਨ ਸੋਢੀ (1581 ਈ. ਮਾਘ ਸੁਦੀ ਪੰਚਮੀ-1639 ਈ.) ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਬਾਣੀ ਨੂੰ ਕਲਮਬੱਧ ਕਰਦੀ 'ਸਚਖੰਡ' ਪੋਥੀ 1640 ਈ. ਵਿੱਚ ਲਿਖੀ। ਮਿਹਰਬਾਨ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਪਿਰਥੀ ਚੰਦ ਦੇ ਪਲੇਠੇ ਪੁੱਤਰ ਅਤੇ ਗੁਰੂ ਅਰਜਨ ਦੇਵ ਜੀ ਦੇ ਭਤੀਜੇ ਸਨ। 'ਸਚਖੰਡ' ਪੋਥੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਲਿਖੀ ਗਈ। ਉਸ ਦੀ ਦੂਜੀ ਪੋਥੀ 'ਹਰਿਜੀ' ਦਾ ਰਚਨਾ ਕਾਲ 1650 ਈ. ਹੈ। ਤੱਥਾਂ ਨੂੰ ਵਾਚੀਏ ਤਾਂ ਇਸ ਵਿੱਚ ਕਈ ਅਯੋਗ ਪ੍ਰਸੰਗ ਹਨ, ਜੋ ਬਾਅਦ ਵਿੱਚ ਵਾੜੇ ਗਏ। ਮਿਹਰਬਾਨ ਦੀ ਤੀਜੀ 'ਚਤੁਰਭੁਜ' ਪੋਥੀ 1651 ਈ. ਵਿੱਚ ਲਿਖੀ ਗਈ। ਕਿਹਾ ਜਾਂਦਾ ਹੈ ਕਿ ਮਿਹਰਬਾਨ ਆਪਣੇ ਪੁੱਤਰਾਂ ਹਰਿ ਜੀ ਅਤੇ ਚਤੁਰਭੁਜ ਦੇ ਨਾਂਅ 'ਤੇ ਇਹ ਦੋਵੇਂ ਪੋਥੀਆਂ ਆਪਣੇ ਚਲਾਣੇ ਤੋਂ ਪਹਿਲਾਂ ਹੀ ਰਚ ਗਿਆ ਸੀ, ਜੋ ਬਾਅਦ ਵਿੱਚ ਕੇਸੋ ਦਾਸ ਬ੍ਰਾਹਮਣ ਨੇ ਲਿਖੀਆਂ।

ਗੌਰ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ 'ਸਾਖੀ ਮਹਲੁ ਪਹਿਲੇ ਕੀ' ਤੇ ਪੋਥੀ 'ਸਚਖੰਡ' ਵਿੱਚ ਆਪਸੀ ਕਈ ਸਮਾਨਤਾਵਾਂ ਹਨ। ਮਿਹਰਬਾਨ ਨੇ 'ਸਚਖੰਡ' ਲਿਖਦਿਆਂ ਉਸ ਨੇ 'ਸਾਖੀ ਮਹਲੁ ਪਹਿਲੇ ਕੀ' ਨੂੰ ਹੀ ਆਧਾਰ ਬਣਾਇਆ। ਉਸ ਦੀ ਪੋਥੀ ਵੀ 'ਸਾਖੀ ਮਹਲੁ ਪਹਿਲੇ ਕੀ' ਵਾਂਗ ਕਰੋੜੀਏ ਉੱਤੇ ਆ ਸਮਾਪਤ ਹੁੰਦੀ ਹੈ, ਕਿਉਂ ਜੋ ਸੀਹਾਂ ਸਵਰਗ ਸਿਧਾਰ ਜਾਣ ਕਾਰਨ ਅਗਾਂਹ ਸਾਖੀਆਂ ਨਹੀਂ ਸੀ ਰਚ ਸਕਿਆ। ਰਚਨਾ ਕਾਲ ਤੋਂ ਪਤਾ ਲੱਗਦਾ ਹੈ ਕਿ ਵਲਾਇਤ ਵਾਲੀ ਜਨਮ ਸਾਖੀ ਇਸ ਦੀ ਸਮਕਾਲੀ ਹੈ। ਸੀਹੇਂ ਦੀ ਸਾਖੀ ਦੀ ਆਧਾਰ ਸਮੱਗਰੀ ਹੋਣ ਕਰਕੇ 'ਸਚਖੰਡ' ਪੋਥੀ ਦੀਆਂ ਜਨਮ ਸਾਖੀਆਂ ਵਿੱਚ ਵੀ ਕਿਤੇ ਬਾਲਾ ਨਾਂਅ ਦਾ ਸ਼ਖਸ ਨਹੀਂ। ਅਗਰ ਭਾਈ ਬਾਲਾ ਨਾਂਅ ਦਾ ਪਾਤਰ ਹੋਂਦ ਰੱਖਦਾ ਸੀ, ਗੁਰੂ ਸਾਹਿਬ ਦਾ ਏਨਾ ਨਜ਼ਦੀਕੀ ਸਾਥੀ ਸੀ, ਜੋ ਬਚਪਨ ਤੋਂ ਲੈ ਕੇ ਉਦਾਸੀਆਂ ਤੱਕ ਉਨ੍ਹਾਂ ਦੇ ਨਾਲ ਰਿਹਾ ਪ੍ਰਚਾਰਿਆ ਜਾਂਦਾ ਰਿਹਾ ਹੈ ਤਾਂ ਮਿਹਰਬਾਨ ਅਤੇ

ਪੂਰਵਵਰਤੀਆਂ ਨੂੰ ਕੀ ਗ਼ਰਜ਼ ਸੀ ਕਿ ਬਾਲੇ ਦਾ ਜ਼ਿਕਰ ਨਾ ਕਰਦੇ? ਓਧਰ ਬਿਧੀ ਚੰਦ ਨੇ ਪਹਿਲਾਂ 'ਜਨਮ ਪਤ੍ਰੀ ਨਾਨਕ ਵੇਦੀ ਕੀ' ਗੋਰਖ ਦਾਸ ਕੋਲੋਂ ਲਿਖਵਾਈ। ਇਸ ਤੋਂ ਬਾਅਦ ਜਨਮ ਪਤ੍ਰੀ ਵਿੱਚ ਕਈ ਅਯੋਗ ਪ੍ਰਸੰਗ ਜੋੜ ਕੇ ਜਨਮ ਸਾਖੀ ਭਾਈ ਬਾਲਾ ਲਿਖਵਾਈ। ਕੁਝ ਵਿਦਵਾਨਾਂ ਅਨੁਸਾਰ ਇਸ ਦੇ ਲਿਖਣ ਦਾ ਕਾਲ 1648 ਤੋਂ 1658 ਈ. ਵਿਚਕਾਰ ਬਣਦਾ ਹੈ। ਹੁਣ ਤੱਕ ਦੀ ਸਭ ਤੋਂ ਪੁਰਾਣੀ ਬਾਲੇ ਵਾਲੀ ਜਨਮ ਸਾਖੀ 1658 ਈਸਵੀ ਦੀ ਮਿਲੀ ਹੈ। ਸਾਡੀ ਜਾਚੇ 1658 ਈ. ਵਾਲਾ ਖਰੜਾ ਮੂਲ ਨਹੀਂ, ਉਤਾਰਾ ਹੈ ਕਿਉਂਕਿ ਇਸ ਵਿੱਚ ਕਾਫੀ ਰਲਾਅ ਹੈ। ਇੱਥੋਂ ਇਹ ਸਿੱਧ ਹੁੰਦਾ ਹੈ ਕਿ ਇਸ ਦੀ ਮੂਲ ਪੋਥੀ 1658 ਈ. ਤੋਂ ਪਹਿਲਾਂ ਦੀ ਹੋਵੇਗੀ, ਜੋ ਸਾਡੀ ਜਾਚੇ 1657 ਈ. ਦੌਰਾਨ ਲਿਖੀ ਗਈ। 1658 ਈ. ਦੇ ਪਿਆਰੇ ਲਾਲ ਕਪੂਰ ਵਾਲੇ ਉਤਾਰੇ ਦੀ ਫੋਟੋ ਸਟੇਟ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੋਲ ਹੈ। ਗੋਰਖ ਦਾਸ, ਜਿਸ ਨੇ ਇਹ ਉਤਾਰਾ ਕੀਤਾ, ਉਸ ਵੇਲੇ ਗੁਰੂ ਹਰਿਰਾਏ ਜੀ ਦਾ ਸਮਕਾਲੀ ਸੀ। ਇਸ ਤੋਂ ਇਹ ਤਾਂ ਪਤਾ ਲੱਗਾ ਕਿ ਬਾਲੇ ਵਾਲੀ ਜਨਮ ਸਾਖੀ 17ਵੀਂ ਸਦੀ ਦੇ ਅੱਧ ਦੀ ਹੈ। ਪੜਚੋਲ ਕਰਨ 'ਤੇ ਪਤਾ ਲੱਗਦਾ ਹੈ ਕਿ ਪੁਰਾਤਨ ਜਨਮ ਸਾਖੀ ਵਿਚਲੀਆਂ ਕੁਝ ਸਾਖੀਆਂ ਦੀ ਇਬਾਰਤ ਇਨ-ਬਿਨ ਉਠਾ ਕੇ ਬਾਲੇ ਨੇ ਆਪਣੀ ਜਨਮ ਸਾਖੀ ਵਿੱਚ ਲਿਖਵਾ ਧਰੀਆਂ ਹਨ। ਇੱਥੋਂ ਸਪੱਸ਼ਟ ਹੋ ਜਾਂਦਾ ਹੈ ਕਿ ਬਾਲੇ ਵਾਲੀ ਜਨਮ ਸਾਖੀ, ਪੁਰਾਤਨ ਜਨਮ ਸਾਖੀ ਤੋਂ ਬਾਅਦ ਹੀ ਲਿਖੀ ਗਈ। ਓਧਰ ਮੈਕਾਲਿਫ ਬਾਲੇ ਵਾਲੀ ਜਨਮ ਸਾਖੀ ਨੂੰ ਹੰਦਾਲੀਆਂ ਦੇ ਪੁੱਤਰਾਂ ਦੀ ਕਿਰਤ ਮੰਨਦਾ ਇਸ ਦਾ ਰਚਨਾ ਕਾਲ 1640 ਈ. ਲਿਖਦਾ ਹੈ। ਮੈਕਲਾਉਡ ਵੀ ਇਸ ਦਾ ਰਚਨਾ ਕਾਲ ਸਤਾਰ੍ਹਵੀਂ ਸਦੀ ਦੱਸਦਾ ਹੈ। ਕਰਮ ਸਿੰਘ ਹਿਸਟੋਰੀਅਨ ਇਸ ਨੂੰ ਗੁਰੂ ਗੋਬਿੰਦ ਸਿੰਘ ਵੇਲੇ ਦੀ ਮੰਨਦਾ ਹੈ, ਜੋ ਤੱਥਾਂ ਆਧਾਰਿਤ ਠੀਕ ਨਹੀਂ ਬੈਠਦਾ। ਉਹ ਇਸ ਲਈ ਕਿ 1658 ਈ. ਵਾਲਾ ਉਤਾਰਾ ਤਾਂ ਸਾਡੇ ਸਾਹਮਣੇ ਹੈ। ਸੰਮਤ 1756 (1699 ਈ.) ਦੇ ਆਸ ਪਾਸ 81 ਜਨਮ ਸਾਖੀਆਂ ਵਾਲੀ 'ਪ੍ਰਾਚੀਨ ਜਨਮ ਸਾਖੀ' ਲਿਖੀ ਗਈ, ਜਿਸ ਨੂੰ ਸੇਵਾ ਸਿੰਘ ਵਿਰਕ ਨੇ ਸੰਪਾਦਿਤ ਕੀਤਾ। 1733 ਈ. ਵਿੱਚ ਦਇਆ ਰਾਮ ਅਬਰੋਲ ਦੀ ਭਾਈ ਸੰਗੂ ਦੀ ਸਰਪ੍ਰਸਤੀ ਵਿੱਚ ਰਚੀ ਸਚਿੱਤਰ 'ਜਨਮ ਸਾਖੀ ਗੁਰੂ ਬਾਬਾ ਨਾਨਕ' ਆਈ। ਇਸ ਜਨਮ ਸਾਖੀ ਦੇ ਸਾਰੇ 57 ਚਿੱਤਰ ਆਲਮ ਚੰਦ ਰਾਜ ਨੇ ਚਿੱਤਰੇ ਹਨ। ਆਲਮ ਚੰਦ ਦੇ ਉਸਤਾਦ ਭਾਈ ਫਕੀਰਾ ਨੇ ਵੀ 40 ਤੋਂ ਪਹਿਲਾਂ ਜਨਮ ਸਾਖੀ ਲਿਖੀ, ਜਿਸ ਵਿੱਚ 64 ਚਿੱਤਰ ਹਨ। ਇਸ ਦਾ ਜ਼ਿਕਰ ਤਾਂ ਮਿਲਦਾ ਹੈ, ਉਪਲੱਬਧਤਾ ਨਹੀਂ। ਸੰਤ ਦਾਸ ਛਿੱਬਰ ਦੀ ਲਿਖੀ 'ਜਨਮ ਸਾਖੀ ਬਾਬਾ ਨਾਨਕ ਸਾਹ ਕੀ' 1834 ਬਿਕਰਮੀ (ਸੰਨ 1777 ਈਸਵੀ) ਵਿੱਚ ਰਚੇ ਜਾਣ ਦਾ ਪ੍ਰਮਾਣ ਮਿਲਦਾ ਹੈ। ਇਸ ਤਰ੍ਹਾਂ ਵਿਭਿੰਨ ਕਾਲ ਖੰਡਾਂ ਵਿੱਚ ਰਚੀਆਂ ਜਨਮ ਸਾਖੀਆਂ ਦੇ ਵਿਕਾਸ ਦੀ ਅਵਸਥਾ ਨੂੰ ਅਸੀਂ 'ਜਨਮ ਸਾਖੀ ਪਰੰਪਰਾ' ਕਹਿ ਸਕਦੇ ਹਾਂ। ਉਕਤ ਸਮਸਤ ਸਾਖੀਆਂ ਵਿੱਚੋਂ ਛਿੱਬਰ ਤੇ ਬਾਲੇਵਾਲੀ ਸਾਖੀ ਨੂੰ ਛੱਡ ਕੇ ਕਿਸੇ ਵਿੱਚ ਬਾਲਾ ਨਾਂਅ ਦਾ ਕੋਈ ਪਾਤਰ ਨਹੀਂ ਮਿਲਦਾ। ਹੋਰ ਕਈ ਸਾਖੀਆਂ ਦੇ ਸਮਾਵੇਸ਼ ਨਾਲ ਵੱਡ ਆਕਾਰੀ ਹੋਈਆਂ ਜਨਮ ਸਾਖੀਆਂ ਵਿੱਚ ਵੀਕਿਤੇ ਬਾਲੇ ਦਾ ਜ਼ਿਕਰ ਨਹੀਂ। ਸਰੂਪ ਦਾਸ ਭੱਲਾ ਨੇ ਖਡੂਰ ਸਾਹਿਬ ਬੈਠ ਕੇ 1776 ਈਸਵੀ ਵਿੱਚ 'ਮਹਿਮਾ ਪ੍ਰਕਾਸ਼' ਦੀ ਰਚਨਾ ਕੀਤੀ। ਉਸ ਨੇ ਗੁਰੂ ਨਾਨਕ ਸਾਹਿਬ ਦੀ ਮਹਿਮਾ ਦਾ ਗੁਣਗਾਨ ਤਾਂ ਕੀਤਾ, ਪਰ ਬਾਲੇ ਦਾ ਇਕੋ ਥਾਈਂ ਜ਼ਿਕਰ ਕੀਤਾ ਹੈ। 'ਮਹਿਮਾ ਪ੍ਰਕਾਸ਼' ਦੇ ਰਚਨਾ ਕਾਲ ਤੱਕ ਬਾਲੇ ਵਾਲੀ ਜਨਮ ਸਾਖੀ ਦੇ ਤਾਂ ਕਈ ਉਤਾਰੇ ਵੀ ਆ ਚੁੱਕੇ ਸਨ। ਪੂਰਵ ਵਰਤੀ ਸਾਖੀਆਂ ਵਿੱਚ ਬਾਲੇ ਦਾ ਨਾ ਹੋਣਾ ਹੀ ਕਾਰਨ ਹੈ ਕਿ 'ਮਹਿਮਾ ਪ੍ਰਕਾਸ਼' ਵਿੱਚ ਉਸ ਦਾ ਇਕ ਥਾਂ ਇਸ਼ਾਰੇ ਮਾਤਰ ਜ਼ਿਕਰ ਆਇਆ ਹੈ। ਬਾਲੇ ਦੀ ਜਨਮ ਸਾਖੀ ਰਚੇ ਜਾਣ ਤੋਂ ਪਹਿਲਾਂ ਕਿਸੇ ਵੀ ਸਾਖੀ ਵਿੱਚ ਬਾਲੇ ਦਾ ਜ਼ਿਕਰ ਨਹੀਂ, ਕਿਉਂਕਿ ਬਾਲਾ ਸੀ ਹੀ ਨਹੀਂ ਤਾਂ ਜ਼ਿਕਰ ਵੀ ਕਿਵੇਂ ਹੁੰਦਾ? ਉਸ ਦੀ ਅਣਹੋਂਦ ਨੂੰ ਦਰਸਾਉਂਦਾ ਸਭ ਤੋਂ ਵੱਡਾ ਤੱਥ ਭਾਈ ਗੁਰਦਾਸ ਜੀ ਦੀਆਂ ਵਾਰਾਂ ਹਨ। ਉਹ ਲਿਖਦੇ ਹਨ ਕਿ ਉਦਾਸੀਆਂ 'ਤੇ ਸਿਰਫ ਮਰਦਾਨਾ ਹੀ ਗੁਰੂ ਸਾਹਿਬ ਦਾ ਸਾਥੀ ਰਿਹਾ ਹੈ, ਜੋ ਅੰਤ ਤੱਕ ਨਿਭਿਆ। ਉਹਨਾਂ ਦੀਆਂ ਵਾਰਾਂ ਵਿੱਚ ਬਾਲੇ ਦਾ ਰਤੀ ਭਰ ਵੀ ਜ਼ਿਕਰ ਨਹੀਂ। ਬਾਲੇ ਵਾਲੀ ਜਨਮ ਸਾਖੀ ਦੇ ਵੱਖ-ਵੱਖ ਲਿਖਾਰੀਆਂ ਦੇ ਅਨੇਕਾਂ ਹੱਥ ਲਿਖਤ ਉਤਾਰੇ ਗੁਰੂ

ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਪਾਸ ਉਪਲੱਬਧ ਹਨ। ਇਸ ਤੋਂ ਇਲਾਵਾ ਯੂਨੀਵਰਸਿਟੀ ਦੀ ਭਾਈ ਗੁਰਦਾਸ ਲਾਇਬ੍ਰੇਰੀ ਵਿੱਚ ਪ੍ਰੋ. ਪ੍ਰੀਤਮ ਸਿੰਘ ਦੇ ਸੰਗ੍ਰਹਿ ਵਿੱਚ 10-12 ਬਾਲੇ ਦੀ ਜਨਮ ਸਾਖੀ ਦੇ ਹੱਥ ਲਿਖਤ ਖਰੜੇ ਪਏ ਹਨ। ਉਕਤ ਸਾਖੀਆਂ ਦੇ ਅਨੇਕਾਂ ਉਤਾਰਿਆਂ ਤੋਂ ਇਹ ਅੰਦਾਜ਼ਾ ਤਾਂ ਭਲੀਭਾਂਤ ਹੋ ਗਿਆ ਹੋਵੇਗਾ ਕਿ ਇਹ ਸਾਖੀ ਕਿੰਨੀ ਮਕਬੂਲ ਹੋਈ। ਇਨ੍ਹਾਂ ਤੋਂ ਇਲਾਵਾ ਪੰਜਾਬ ਯੂਨੀ. ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੋਲ ਕਿੰਨੇ ਹੋਰ ਹੱਥ ਲਿਖਤ ਖਰੜੇ ਮੌਜੂਦ ਹਨ, ਦੀ ਗਿਣਤੀ ਨਹੀਂ। ਕਈ ਡੇਰਿਆਂ, ਗੁਰਦੁਆਰਿਆਂ ਅਤੇ ਨਿੱਜੀ ਸੰਗ੍ਰਹਿ ਵਿੱਚ ਵੀ ਇਸ ਸਾਖੀ ਦੇ ਖਰੜੇ ਹੋਣਗੇ।

ਬਾਲੇ ਵਾਲੀ ਜਨਮ ਸਾਖੀ ਦਾ ਇਕ ਹੋਰ 260 ਪੰਨਿਆਂ ਦਾ ਹੱਥ ਲਿਖਤ ਖਰੜਾ ਨੰਬਰ 1542 ਖਾਲਸਾ ਕਾਲਜ, ਅੰਮ੍ਰਿਤਸਰ ਦੇ ਸਿੱਖ ਹਿਸਟਰੀ ਰਿਸਰਚ ਬੋਰਡ ਦੇ ਕੋਲ ਉਤਾਰੇ ਦੇ ਰੂਪ ਵਿੱਚ ਪਿਆ ਹੈ, ਜਿਸ ਨੂੰ ਜੀਵਨ ਦਾਸ ਨੇ 1868 ਈ. ਵਿੱਚ ਲਿਖਿਆ। ਇਸ ਵਿੱਚ ਏਨਾ ਕੂੜ ਕਬਾੜ ਭਰਿਆ ਹੋਇਆ ਹੈ, ਜੋ ਪੜ੍ਹਨ, ਸੁਣਨ ਦੇ ਲਾਇਕ ਹੀ ਨਹੀਂ ਹੈ। ਇਹੀ ਹਾਲ ਪਿਆਰੇ ਲਾਲ ਕਪੂਰ ਦੇ ਵੰਸ਼ਜਾਂ ਕੋਲ ਪਈ ਸਾਖੀ ਦਾ ਹੈ। ਇਹ ਸਭ ਤੋਂ ਪੁਰਾਣਾ ਸਚਿੱਤਰ ਖਰੜਾ ਹੈ, ਜੋ ਸੰਮਤ 1715 (1658 ਈਸਵੀ) ਵਿੱਚ ਲਿਖਿਆ ਗਿਆ। ਕਪੂਰ ਖ਼ਾਨਦਾਨ ਲਾਹੌਰ ਦਾ ਨਿਵਾਸੀ ਸੀ, ਜੋ 18ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿੱਚ ਦਿੱਲੀ ਆ ਵੱਸਿਆ। ਕਪੂਰ ਵਾਲੀ ਇਸ ਸਾਖੀ ਵਿੱਚ 28 ਚਿੱਤਰ ਹਨ। ਇਹ ਮੂਲ ਖਰੜਾ ਨਹੀਂ, ਬਲਕਿ ਪਹਿਲੇ ਪੂਰ ਦੇ ਉਤਾਰਿਆਂ 'ਚੋਂ ਹੈ, ਜੋ ਲਾਹੌਰ ਦੇ ਲਿਖਾਰੀ ਗੋਰਖ ਦਾਸ ਨੇ ਪੂਰਿਆਂ ਕੀਤਾ:-

ਸੰਮਤੁ॥1715॥ ਮਾਘ ਸੁਦੀ॥6॥ ਪੋਥੀ ਲਿਖੀ ਗੁਰ ਪ੍ਰਸਾਦਿ॥
ਗੋਰਖ ਦਾਸ ਸੰਗਤ ਗੁਰੂ ਕਾ ਜਾਚਕ॥ਵਾਹਗੁਰੂ ਸਤਿਗੁਰੂ ਜੀ॥

ਇਸ ਸਾਖੀ ਦੇ 1624 ਈ. ਵਿੱਚ ਲਿਖੇ ਖਰੜੇ ਦੀ ਕੰਨਸੋਅ ਤਾਂ ਮਿਲਦੀ ਹੈ ਪਰ ਉਪਲੱਬਧਤਾ ਨਹੀਂ। ਅਗਰ 1624 ਈ. ਵਾਲਾ ਖਰੜਾ ਮਿਲ ਜਾਂਦਾ ਤਾਂ ਕਈ ਕਾਰਨਾਂ/ਪ੍ਰਸ਼ਨਾਂ ਦਾ ਹੱਲ ਮਿਲ ਜਾਣਾ ਸੀ। ਇਥੇ ਅਸੀਂ ਜੀਵਨ ਦਾਸ ਅਤੇ ਪਿਆਰੇ ਲਾਲ ਕਪੂਰ ਵਾਲੇ 1658 ਈ. ਦੇ ਬਾਲੇ ਵਾਲੀ ਸਾਖੀ ਦੇ ਪੁਰਾਤਨ ਖਰੜੇ ਦੇ ਆਧਾਰ 'ਤੇ ਹੀ ਭਾਈ ਬਾਲੇ ਦੀ ਪਛਾਣ, ਹੋਂਦ-ਅਣਹੋਂਦ ਅਤੇ ਉਸ ਦਾ ਚਰਿੱਤਰ ਚਿੱਤਰਣ ਕਰਾਂਗੇ, ਕਿਉਂਕਿ ਇਨ੍ਹਾਂ ਵਿੱਚੋਂ ਅਯੋਗ ਪ੍ਰਸੰਗ ਨਹੀਂ ਕੱਢੇ ਗਏ। ਇਸ ਕਰਕੇ ਇਹ ਅਸਲ ਮੂਲ ਸਾਖੀ ਖਰੜੇ ਦੇ ਜ਼ਿਆਦਾ ਨੇੜੇ ਹੋਣਗੇ। ਇੱਥੇ ਇਹ ਵੀ ਕਹਿਣਾ ਵਾਜਿਬ ਹੋਵੇਗਾ ਕਿ ਹੱਥ ਲਿਖਤ ਖਰੜਿਆਂ ਦੇ ਉਤਾਰਿਆਂ ਵਿੱਚ ਵੀ ਲਿਖਾਰੀਆਂ ਨੇ ਮਨਮਰਜ਼ੀ ਨਾਲ ਫਰਕ ਪਾਇਆ ਹੈ। ਉਤਾਰਿਆਂ ਦੇ ਦੌਰ ਤੋਂ ਬਾਅਦ ਪੱਥਰ ਛਾਪੇ ਰਾਹੀਂ ਸਾਖੀਆਂ ਸ਼ਰਧਾਵਾਨਾਂ ਤੱਕ ਪਹੁੰਚਣੀਆਂ ਸ਼ੁਰੂ ਹੋ ਗਈਆਂ। ਛਾਪਾਖ਼ਾਨਾ ਆਉਣ ਨਾਲ ਵੱਖ-ਵੱਖ ਪ੍ਰਕਾਸ਼ਕਾਂ ਨੇ ਧੜਾਧੜ ਐਡੀਸ਼ਨ ਛਾਪੇ। ਉਨ੍ਹਾਂ ਨੇ ਆਪਣੇ ਵਿੱਤੀ ਮੁਫ਼ਾਦਾਂ ਖ਼ਾਤਿਰ ਸਾਖੀਆਂ ਨੂੰ ਵਧਾ ਕੇ ਏਨਾ ਰਲਾਅ ਭਰ ਦਿੱਤਾ ਕਿ ਬਾਲੇ ਦੀ ਸਾਖੀ ਦਾ ਅਸਲ ਬੁਨਿਆਦੀ ਰੂਪ ਪਛਾਨਣਾ ਔਖਾ ਹੋ ਗਿਆ। ਬਾਲੇ ਵਾਲੀ ਜਨਮ ਸਾਖੀ ਦੇ ਉਤਾਰਿਆਂ ਦੇ ਵਖਰੇਵਿਆਂ ਤੋਂ ਵੀ ਸਪੱਸ਼ਟ ਹੈ ਕਿ ਇਹ ਇਕ ਲਿਖਾਰੀ ਦੀ ਕਿਰਤ ਨਹੀਂ। ਪਿਆਰੇ ਲਾਲ ਵਾਲੀ ਬਾਲੇ ਦੀ ਜਨਮ ਸਾਖੀ, ਉਸ ਵਿਚਲੀ ਲਿਖਤ ਮੁਤਾਬਿਕ ਮੂਲ ਸਾਖੀ ਸੰਮਤ 1582 (1525 ਈ.) ਦੀ ਲਿਖੀ ਹੈ, ਜਦਕਿ ਪਿਛਲੀ ਸਦੀ ਵਿੱਚ ਛਪ ਕੇ ਆਈਆਂ ਪੁਸਤਕਾਂ ਵਿੱਚ ਇਹ ਸੰਮਤ 1597 ਵੈਸਾਖ ਪੰਚਮੀ ਲਿਖ ਦਿੱਤੀ ਗਈ ਹੈ। ਇਸ ਵੱਖਰਤਾ ਦਾ ਆਧਾਰ ਵੀ ਕੋਈ ਉਤਾਰਾ ਰਿਹਾ ਹੋਵੇਗਾ, ਜਾਂ ਫਿਰ ਸੰਮਤ 1582 ਠੀਕ ਨਾ ਬੈਠਦੀ ਵੇਖ ਕੇ ਬਾਲਾ ਪ੍ਰਸਤਾਂ ਨੇ ਸੰਮਤ ਨੂੰ 1597 ਕਰ ਦਿੱਤਾ। ਹੁਣ ਭਾਈ ਬਾਲੇ ਵਾਲੀ ਜਨਮ ਸਾਖੀ ਦੇ ਰਚਨਾ ਕਾਲ, ਸਾਖੀ ਪਾਠ, ਗੁਰੂ ਸਾਹਿਬ ਪ੍ਰਤੀ ਵਰਤੀ ਗਈ ਸ਼ਬਦਾਵਲੀ ਬਾਰੇ ਵਿਚਾਰ ਕਰਾਂਗੇ, ਜਿਥੋਂ ਇਸ ਜਨਮ ਸਾਖੀ ਦੇ ਪ੍ਰਮਾਣਿਕ ਹੋਣ 'ਤੇ ਸੁਆਲੀਆ ਨਿਸ਼ਾਨ ਲੱਗਦੇ ਹਨ। ਪਹਿਲੀ ਗੱਲ ਹੈ ਕਿ ਬਾਲੇ ਵਾਲੀ ਜਨਮ ਸਾਖੀ ਦੇ ਰਚਨਾ ਕਾਲ ਵਿੱਚ ਸਪੱਸ਼ਟ ਅਤੇ ਸਾਫ਼ ਤੌਖਲੇ ਹਨ, ਜਿਵੇਂ ਕਿ ਉੱਪਰ ਕਿਹਾ ਗਿਆ ਹੈ ਕਿ ਇਸ ਦਾ ਰਚਨਾ ਕਾਲ 1582 ਬਿਕਰਮੀ ਯਾਨਿ 1525 ਈਸਵੀ ਲਿਖਿਆ ਹੈ:-

"ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ॥ ਸੰਮਤ 1582॥
ਪੰਦ੍ਹ ਸੈ ਬੈਆਸੀਆ ਮਿਤੀ ਵੈਸਾਖ ਸੁਦੀ ਪੰਚਮੀ ਪੋਥੀ ਲਿਖੀ॥
ਪੈੜੇ ਮੋਖੇ ਸੁਲਤਾਨ ਪੁਰ ਕੇ ਖਤਰੀ॥ ਗੁਰੂ ਅੰਗਦਿ ਲਿਖਵਾਈ॥ ਪੈੜੇ ਲਿਖੀ॥

ਅਗਰ ਇਸ ਨੂੰ 1582 ਬਿਕਰਮੀ ਵਿੱਚ ਲਿਖੀ ਮੰਨੀਏ ਤਾਂ ਫਿਰ ਇਸ ਵਿੱਚ ਬਾਬੇ ਹੰਦਾਲ ਦੀ ਉਸਤਤਿ ਕਿਵੇਂ ਆ ਗਈ? ਅਸਲ ਵਿੱਚ ਹੰਦਾਲ ਦਾ ਕਾਲ ਤਾਂ 1630 ਬਿਕਰਮੀ ਤੋਂ 1705 ਬਿਕਰਮੀ ਦਾ ਹੈ। ਦੂਜਾ 1582 ਬਿਕਰਮੀ (1525 ਈ.) ਵਿੱਚ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਨੂੰ ਪਹਿਲੀ ਵਾਰ ਵੀ ਨਹੀਂ ਮਿਲੇ ਸਨ। ਦਰਅਸਲ ਗੁਰੂ ਅੰਗਦ ਦੇਵ ਜੀ 1532 ਈਸਵੀ ਵਿੱਚ (ਭਾਈ ਲਹਿਣਾ ਜੀ) ਗੁਰੂ ਨਾਨਕ ਦੇਵ ਜੀ ਨੂੰ ਪਹਿਲੀ ਵਾਰ ਮਿਲਦੇ ਹਨ। ਫਿਰ ਕਿਵੇਂ ਕਹੀਏ ਕਿ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ 1539 ਈ. ਵਿੱਚ ਜੋਤੀ ਜੋਤਿ ਸਮਾਉਣ ਤੋਂ ਕਾਫ਼ੀ ਸਮਾਂ ਬਾਅਦ ਬਾਬਾ ਬੁੱਢਾ ਜੀ ਰਾਹੀਂ ਭਾਈ ਬਾਲੇ ਨੂੰ ਬੁਲਵਾਇਆ, ਜਿਵੇਂ ਕਿ ਸਾਖੀ ਦੇ ਸ਼ੁਰੂ ਵਿੱਚ ਲਿਖਿਆ ਹੈ। ਇਹ ਵੀ ਨੁਕਤਾ ਵਿਚਾਰਨ ਵਾਲਾ ਹੈ ਕਿ ਅਗਰ ਭਾਈ ਬਾਲਾ ਨਾਂਅ ਦਾ ਪਾਤਰ ਹੋਂਦ ਰੱਖਦਾ ਸੀ, ਬਾਬਾ ਬੁੱਢਾ ਜੀ ਨੂੰ ਉਸ ਬਾਰੇ ਪਤਾ ਸੀ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਉਸ ਤੋਂ ਜ਼ਰੂਰ ਵਾਕਿਫ਼ ਹੁੰਦੇ, ਕਿਉਂ ਜੋ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਲੱਗਭੱਗ ਸੱਤ ਸਾਲ ਗੁਜ਼ਾਰੇ ਸਨ। ਜਿਵੇਂ ਕਿ ਉੱਪਰ ਕਿਹਾ ਗਿਆ ਹੈ ਕਿ ਭਾਈ ਲਹਿਣਾ ਜੀ ੧੫੩੨ ਈ. ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਦੱਸੇ ਜਾਂਦੇ ਹਨ। ਕੀ ਇਹਨਾਂ ਸੱਤਾਂ ਸਾਲਾਂ ਵਿੱਚ ਗੁਰੂ ਅੰਗਦ ਦੇਵ ਜੀ ਨੂੰ ਪਤਾ ਨਹੀਂ ਲੱਗਾ ਕਿ ਭਾਈ ਬਾਲਾ ਵੀ ਗੁਰੂ ਨਾਨਕ ਦੇਵ ਜੀ ਦੇ ਨਾਲ ਉਦਾਸੀਆਂ 'ਤੇ ਅਨੇਕਾਂ ਵਰ੍ਹੇ ਇਕੱਠੇ ਰਹੇ ਸਨ? ਕੀ ਭਾਈ ਬਾਲਾ ਇਨ੍ਹਾਂ ਸੱਤਾਂ ਵਰ੍ਹਿਆਂ ਦੌਰਾਨ ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਵਿੱਚ ਕਰਤਾਰਪੁਰ ਵੀ ਨਹੀਂ ਆਏ? ਕੀ ਉਨ੍ਹਾਂ ਦਾ ਸਾਥ ਸਿਰਫ ਉਦਾਸੀਆਂ ਤੱਕ ਹੀ ਸੀ? ਸਾਥ ਛੱਡ ਕੇ ਕੀ ਉਨ੍ਹਾਂ ਗੁਰਮਤਿ ਦਾ ਪ੍ਰਚਾਰ ਕੀਤਾ, ਜਿਸ ਮਿਸ਼ਨ ਲਈ ਉਹ ਉਨ੍ਹਾਂ ਨਾਲ ਉਦਾਸੀਆਂ 'ਤੇ ਗਏ ਸਨ? ਉਕਤ ਹਰ ਸੁਆਲ ਦੇ ਜਵਾਬ ਵਿੱਚ ਨਕਾਰਾਤਮਿਕਤਾ ਹੀ ਹਾਸਿਲ ਹੁੰਦੀ ਹੈ। ਪਰ ਪਿਆਰੇ ਲਾਲ ਕਪੂਰ ਵਾਲੇ ਖਰੜੇ ਵਿੱਚ ਕਿਤੇ ਵੀ ਜ਼ਿਕਰ ਨਹੀਂ ਕਿ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿੱਚ ਬਾਬਾ ਬੁੱਢਾ ਜੀ ਬੈਠੇ ਸਨ ਤੇ ਉਹਨਾਂ ਨੇ ਗੁਰੂ ਨਾਨਕ ਦੇ ਕਿਸੇ ਕਰੀਬੀ ਨੂੰ, ਉਹਨਾਂ ਦੇ ਜੀਵਨ ਦੀਆਂ ਘਟਨਾਵਾਂ ਨੂੰ ਪੋਥੀ ਰੂਪ ਵਿੱਚ ਸੰਭਾਲਣ ਲਈ ਕਿਹਾ ਹੋਵੇ। ਇਸੇ ਖਰੜੇ ਵਿੱਚ ਉਹ (ਬਾਲਾ) ਲਿਖਵਾਉਂਦਾ ਹੈ ਕਿ ਗੁਰੂ ਅੰਗਦ ਦੇਵ ਜੀ ਨੂੰ ਉਸ ਨੇ ਢੂੰਢਿ ਕੇ ਲੱਭਿਆ, ਜੋ ਛਿਪਿਆ ਰਹਿੰਦਾ ਸੀ। ਉਹ ਕਹਿੰਦਾ ਹੈ ਕਿ ਮੈਨੂੰ ਚਾਅ ਸੀ ਕਿ ਜੇ ਗੁਰੂ ਪ੍ਰਗਟ ਹੋਏ ਤਾਂ ਦਰਸ਼ਨਾਂ ਲਈ ਜਾਵਾਂ। ਫਿਰ ਉਸ ਨੇ ਖ਼ਬਰ ਸੁਣੀ ਕਿ ਗੁਰੂ ਖਹਿਰਿਆਂ ਦੀ ਖਡੂਰ ਵਿੱਚ ਬੈਠਾ ਹੈ। ਕੱਤਕ ਮਾਹ ਉਹ ਦਰਸ਼ਨਾਂ ਲਈ ਆਉਂਦਾ ਹੈ। ਢੂੰਢਿ ਲੈਂਦਾ ਹੈ, ਅੱਗੇ ਗੁਰੂ ਅੰਗਦ ਬੈਠਾ ਬਾਣੁ ਵੱਟਦਾ ਹੈ। ਬਾਲੇ ਸੰਧੂ ਜਾਇ ਮਥਾ ਟੇਕਿਆ। ਜਦਕਿ ਛਪੀ ਸਾਖੀ ਪੁਸਤਕ ਵਿੱਚ ਲਿਖਿਆ ਹੈ ਕਿ ਗੁਰੂ ਅੰਗਦ ਜੀ ਇਕ ਦਿਨ ਗੁਰੂ ਨਾਨਕ ਦੇਵ ਜੀ ਦੇ ਪ੍ਰੇਮ ਵਿਜੋਗ ਵਿੱਚ ਬੈਠੇ ਸਨ ਤੇ ਉਹਨਾਂ ਕਿਹਾ ਕਿ ਕੋਈ ਐਸਾ ਸਿੱਖ ਹੋਵੇ ਜੋ ਗੁਰੂ ਕੀ ਕਥਾ ਸੁਣਾਵੇ। ਤਾਂ ਬਾਬਾ ਬੁੱਢਾ ਜੀ ਬੋਲਿਆ ਐਸਾ ਸਿਖ ਤੋ ਬਾਲਾ ਸੰਧੂ ਹੈ ਤਲਵੰਡੀ ਰਾਇ ਭੋਇ ਦੀ ਰਹਿੰਦਾ ਹੈ ਉਸ ਨੂੰ ਆਪ ਬੁਲਾਵੋ ਉਹ ਸਭ ਕਥਾ ਸੁਣਾਵੇਗਾ। ਗੁਰੂ ਨੇ ਮੈਨੂੰ (ਬਾਲਾ) ਮਨ ਵਿੱਚ ਯਾਦ ਕੀਤਾ ਤਾਂ ਤਲਵੰਡੀ ਬੈਠਾ ਬਾਲਾ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਲਈ ਖਡੂਰ ਪਹੁੰਚਦਾ ਹੈ ਤਾਂ ਅੱਗੇ ਗੁਰੂ ਅੰਗਦ ਜੀ ਬੈਠੇ ਸਨ, ਬਾਣੁ ਨਹੀਂ ਵੱਟ ਰਹੇ। ਸੋ ਦੋਵੇਂ ਸਾਖੀਆਂ ਦੀ ਸ਼ੁਰੂਆਤ ਵਿੱਚ ਹੀ ਕਾਫੀ ਫਰਕ ਹੈ। ਬਾਲਾ ਲਿਖਵਾਉਂਦਾ ਹੈ ਕਿ ਗੁਰੂ ਅੰਗਦ ਦੇਵ ਜੀ ਜਦੋਂ ਪੁੱਛਦੇ ਹਨ, "ਭਾਈ ਬਾਲਾ! ਗੁਰੂ ਤੁਹਿ ਡਿਠਾ ਸੀ।" ਤਾਂ ਬਾਲਾ ਕਹਿੰਦਾ ਹੈ, "ਮੈ ਗੁਰੂ ਨਾਨਕ ਨਾਲਿ ਪਿਛੇ ਲਗਾ ਫਿਰਦਾ ਸੀ। ਪਰ ਜੀ ਤਦਾ ਅਸਾਨੂ ਏਨੀ 'ਮਤਿ ਨਾਹ' ਸੀ। ਜੋ ਏਵਡੁ ਗੁਰੂ ਹੈ। ਸਲਾਮੀ ਰਹਦੇ ਸੇ।" ਜੇ ਬਾਲਾ ਗੁਰੂ ਸਾਹਿਬ ਦੇ ਨਾਲ ਅਨੇਕਾਂ ਵਰ੍ਹੇ ਉਦਾਸੀਆਂ 'ਤੇ ਨਾਲ ਸੀ, ਉਸ ਵਿੱਚ ਏਨੀ ਮਤਿ/ਬੁੱਧੀ ਨਹੀਂ ਸੀ ਕਿ ਉਹ ਗੁਰੂ ਨੂੰ ਪਛਾਣ ਸਕਦਾ? ਫਿਰ ਏਨੇ ਵਰ੍ਹੇ ਉਹਨਾਂ ਦੇ ਨਾਲਿ ਪਿੱਛੇ ਲੱਗਾ ਕਿਉਂ ਫਿਰਦਾ ਸੀ? ਜੇ ਉਹ ਏਵਡੁ ਗੁਰੂ ਨੂੰ ਪਛਾਣ ਹੀ ਨਹੀਂ ਸਕਿਆ ਤਾਂ ਉਸ ਦੀ ਮਤਿ ਬੁੱਧੀ 'ਤੇ ਕਿਵੇਂ ਇਤਬਾਰ ਕਰੀਏ ਕਿ ਉਸ ਨੇ ਜੋ ਕੁਝ ਪੈੜੇ ਮੋਖੇ ਨੂੰ ਲਿਖਵਾਇਆ ਹੈ, ਉਹ ਸ਼ਬਦ-ਬ-ਸ਼ਬਦ ਦਰੁਸਤ ਹੋਵੇਗਾ? ਕੀ ਏਨੀ ਮਤਿ/ਬੁੱਧੀ ਵਾਲੇ ਨੂੰ ਗੁਰੂ ਨਾਨਕ ਦੀ ਜ਼ਿੰਦਗੀ ਦੇ ਸਾਰੇ ਵਾਕਿਆਤ ਮੂੰਹ ਜ਼ਬਾਨੀ ਯਾਦ ਹੋਣਗੇ? ਉਸ ਵਕਤ ਦੇ ਵੀ, ਜਦੋਂ ਉਹ ਉਦਾਸੀਆਂ 'ਤੇ ਨਾਲ ਨਹੀਂ ਵੀ ਸੀ। ਕੁਝ ਸਾਖੀਆਂ ਵਿੱਚ ਬਾਲੇ ਨੂੰ ਗੁਰੂ ਨਾਨਕ ਤੋਂ ਤਿੰਨ ਵਰ੍ਹੇ ਵੱਡਾ ਦੱਸਿਆ ਗਿਆ ਹੈ ਪਰ ਬਾਲੇ ਦੀ ਆਪਣੀ ਲਿਖਾਈ ਜਨਮ ਸਾਖੀ ਵਿੱਚ ਬਕੌਲ ਬਾਲਾ, "ਜੀ ਮੇਥੀ ਤ੍ਰੈ ਵਰ੍ਹੇ ਗੁਰੂ ਨਾਨਕ ਵਡਾ ਸੀ।" ਅਰਥਾਤ ਗੁਰੂ ਨਾਨਕ ਦੇ ਜਨਮ ਤੋਂ ਤਿੰਨ ਵਰ੍ਹੇ ਬਾਅਦ ਬਾਲਾ ਪੈਦਾ ਹੁੰਦਾ ਹੈ। ਸ਼ੁਰੂਆਤੀ ਜਨਮ ਸਾਖੀ 'ਜਨਮ ਪਤਰੀ ਢੂੰਢਣਾ ਤੇ ਲਿਖਵਾਉਣਾ' ਵਿੱਚ ਗੁਰੂ ਅੰਗਦ ਦੇਵ ਜੀ ਬਾਲੇ ਨੂੰ ਪੁੱਛਦੇ ਹਨ, "ਭਾਈ ਬਾਲਾ ਕੁਝ ਤੈਨੂ ਏਹ ਭੀ ਮਲੂਮ ਹੈ॥ ਗੁਰੂ ਨਾਨਕ ਜਨਮਿਆ ਸੋ ਕਿਕੂੰ ਜਨਮਿਆ ਸੀ॥" ਬਾਲੇ ਕਹਿਆ, "ਜੀ ਅਹਿ ਮੈਨੂ ਮਲੂਮ ਨਾਹੀ॥ ਪਰ ਜੀ ਇਤਨੀ ਮੈ ਸੁਣੀ ਸੀ ਲੋਕਾ ਦੇ ਮੁਹਹੁ॥ ਹਰਿਦਿਆਲੁ ਮਿਸਰੁ ਆਖਦਾ ਸੀ॥ ਜੋ ਭਾਈ ਇਨੇ ਮਹੂਰਤੇ ਅਤੇ ਸਤਾਈਸ ਨਛਤ੍ਰ ਅਤੇ ਕਤਕ ਦੀ ਪੂਰਨਮਾਸੀ ਮੇ ਇਤ ਨਿਛਤ੍ਰ ਕੋਈ ਨਾਹੀ ਜਨਮਿਆ॥" ਸੋ ਬਾਲਾ ਗੁਰੂ ਅੰਗਦ ਜੀ ਨੂੰ ਕਹਿੰਦਾ ਹੈ ਕਿ ਨਾਨਕ ਦੇ ਜਨਮ ਬਾਰੇ ਮੈਨੂੰ ਮਲੂਮ ਨਹੀਂ ਪਰ ਇਸ ਦੇ ਉਲਟ ਦੂਜੀ ਸਾਖੀ 'ਜਨਮ' ਵਿੱਚ ਉਹ ਨਾਨਕ ਦੀ ਪੂਰੀ ਜਨਮਪਤ੍ਰੀ, ਬਾਲਕ ਨੂੰ ਵੇਖ ਕੇ ਪੰਡਤ ਹਰਦਿਆਲ ਦੀ ਹੈਰਾਨਗੀ, ਉਸ ਦਾ ਹੱਥ ਜੋੜ ਕੇ ਨਮਸਕਾਰ ਕਰਨਾ, ਤੇਰਾਂ ਦਿਨ ਬਾਅਦ ਬਾਲਕ ਦਾ ਨਾਮਕਰਨ ਕਰਨਾ ਅਤੇ ਘਰ ਦੇ ਮਾਹੌਲ ਦਾ ਇੰਜ ਚਿੱਤਰਣ ਕਰਦਾ ਹੈ ਜਿਵੇਂ ਉਹ ਮੌਕੇ 'ਤੇ ਮੌਜੂਦ ਹੋਵੇ ਜਦਕਿ ਉਸ ਵੇਲੇ ਤਾਂ ਉਹ ਆਪ ਜਨਮਿਆ ਵੀ ਨਹੀਂ ਸੀ। ਜਦੋਂ ਬਾਲ ਨਾਨਕ ਬਰਸਾਂ ਸੱਤਾਂ ਦਾ ਹੋਇਆ ਤਾਂ ਪਾਂਧੇ ਪਾਸ ਪੜ੍ਹਨ ਲਿਜਾਇਆ ਜਾਂਦਾ ਹੈ, ਬਾਲਾ ਨਾ ਤਾਂ ਆਪ ਪਾਠਸ਼ਾਲਾ ਗਿਆ ਤੇ ਨਾ ਹੀ ਉਹ ਜਮਾਤੀ ਸੀ, ਤਿੰਨ ਵਰ੍ਹੇ ਛੋਟਾ ਹੋ ਕੇ ਵੀ ਪਾਂਧੇ ਨਾਲ ਬਾਲ ਨਾਨਕ ਦੇ ਵਾਰਤਾਲਾਪ, ਉੱਚਾਰੀ ਬਾਣੀ ਕਿਵੇਂ ਲਿਖਵਾ ਰਿਹਾ ਹੈ? ਸਮਝ ਤੋਂ ਪਰ੍ਹੇ ਹੈ। ਇਹ ਹੀ ਨਹੀਂ, ਜਦੋਂ ਗੁਰੂ ਸਾਹਿਬ ਬਾਲੇ ਨੂੰ ਸੁਲਤਾਨਪੁਰ ਛੱਡ ਤਲਵੰਡੀ ਚਲੇ ਜਾਂਦੇ ਹਨ, ਉਦੋਂ ਤਲਵੰਡੀ ਵਿੱਚ ਗੁਰੂ ਸਾਹਿਬ ਦੇ ਨਾਲ ਉਸ ਘਰ ਵਿੱਚ ਕੀ ਹੋ ਰਿਹਾ ਹੈ, ਅੰਤਰਯਾਮੀ ਬਾਲਾ ਜੀ ਸਭੈ ਕੁਝ ਵਿਸਥਾਰ ਵਿੱਚ ਲਿਖਵਾ ਰਹੇ ਹਨ। ਇੱਥੋਂ ਸਪੱਸ਼ਟ ਹੁੰਦਾ ਹੈ ਕਿ ਬਾਲੇ ਕੋਲ ਕੋਈ ਹੋਰ ਸਰੋਤ ਸਾਮੱਗਰੀ ਸੀ, ਜਿਥੋਂ ਉਹ ਕੁਝ ਬਦਲਾਅ ਕਰਕੇ ਨਕਲ ਮਾਰ ਰਿਹਾ ਸੀ। ਬਾਲਾ ਜਨਮ ਸਾਖੀ ਵਿੱਚ ਗੁਰੂ ਨਾਨਕ ਦੇ ਜੀਵਨ ਦੀਆਂ ਬੇਇੰਤਹਾ ਘਟਨਾਵਾਂ ਨੂੰ ਸਿਰਫ ਦੱਸਦਾ ਦਰਜ ਹੀ ਨਹੀਂ ਕਰਾਉਂਦਾ ਬਲਕਿ ਗੁਰਬਾਣੀ/ਵਧੀਕ ਬਾਣੀ, ਜੋ ਥਾਂ-ਪੁਰ-ਥਾਂ ਗੁਰੂ ਸਾਹਿਬ ਨੇ ਉੱਚਾਰੀ ਸੀ, ਕਈ ਦਹਾਕਿਆਂ ਬਾਅਦ ਵੀ ਉਸ ਨੂੰ ਯਾਦ ਰਹੀ? ਕੀ ਉਹ ਨਾਨਕ ਦਾ ਪਰਛਾਵਾਂ ਸੀ ਜਾਂ ਫਿਰ ਇਕ ਲੇਖਕ? ਆਪਣੇ ਵੰਸ਼ਜਾਂ ਬਾਰੇ ਉਸ ਨੇ ਕੋਈ ਖੁਰਾ ਖੋਜ ਨਹੀਂ ਦੱਸਿਆ ਕਿ ਉਸ ਦਾ ਬਾਪ ਚੰਦਰਭਾਨ ਕੀ ਕਰਦਾ ਸੀ? ਕਿਹੜਾ ਧਨਾਢ ਸੀ, ਜਿਸ ਨੇ ਪਿੰਡ ਵਿੱਚ ਖੂਹ ਖੁਦਵਾਇਆ ਸੀ? ਉਸ ਦੀ ਮਾਂ ਕੌਣ ਸੀ? ਪਰਵਾਰ 'ਚ ਕਿੰਨੇ ਭੈਣ-ਭਰਾ ਸਨ? ਪੜ੍ਹਿਆ ਕਿੰਨਾ ਸੀ? ਆਪ ਕੁਆਰਾ ਸੀ ਜਾਂ ਵਿਆਹਿਆ ਸੀ? ਜੇ ਵਿਆਹਿਆ ਸੀ ਤਾਂ ਪਤਨੀ ਕੌਣ ਸੀ? ਕਿੰਨੇ ਬਾਲ-ਬੱਚੇ ਸਨ? ਉਸ ਦੇ ਵੰਸ਼ਜਾਂ ਦਾ ਕੀ ਕਿੱਤਾ ਸੀ? ਆਪ ਕੰਮ-ਕਾਰ ਕੀ ਕਰਦਾ ਸੀ? ਉਸ ਕੋਲ ਕਿਹੜਾ ਪਿਤਾ-ਪੁਰਖੀ ਹੁਨਰ ਸੀ? ਬਕੌਲ ਬਾਲਾ ਜਦੋਂ ਗੁਰੂ ਅੰਗਦ ਦੇਵ ਜੀ ਕਹਿੰਦੇ ਹਨ; "ਭਾਈ ਬਾਲਾ ਦੁਇ ਮਹੀਨੇ ਤੁਸਾਡੀ ਦੇਹ ਛੁਟਣ ਵਿਚਿ ਰਹਦੇ ਹੈਨਿ ਪਰ ਦੁਇ ਮਹੀਨੇ ਅਸਾਥੇ ਰਹੋ।" ਭਾਈ ਬਾਲਾ ਨੂੰ ਪਤਾ ਲੱਗ ਜਾਂਦਾ ਹੈ ਕਿ ਹੁਣ ਹਯਾਤੀ ਦੇ ਸਿਰਫ ਦੋ ਮਹੀਨੇ ਬਚੇ ਹਨ ਤਾਂ ਉਸ ਨੇ ਆਪਣੇ ਪਰਵਾਰ ਵਿੱਚੋਂ, ਨੇੜਲੇ ਰਿਸ਼ਤੇਦਾਰਾਂ ਵਿੱਚੋਂ ਕਿਸੇ ਨੂੰ ਵੀ ਅੰਤਿਮ ਸਮੇਂ ਆਪਣੇ ਕੋਲ ਕਿਉਂ ਨਹੀਂ ਸੱਦਿਆ? ਕਿਸੇ ਧੀਅ-ਪੁੱਤ ਨੂੰ ਵੀ ਨਹੀਂ। ਕੀ ਉਹ ਯਤੀਮ ਸੀ? ਇਨ੍ਹਾਂ ਵਰਤਾਰਿਆਂ ਬਾਰੇ ਉਹ ਬਿਲਕੁੱਲ ਚੁੱਪ ਹੈ। ਵਾਰ-ਵਾਰ ਬੜੇ ਮਾਣ ਨਾਲ ਇਹ ਜ਼ਰੂਰ ਦੱਸਦਾ ਹੈ ਕਿ ਉਹ ਸੰਧੂ ਜੱਟ ਹੈ ਤੇ ਚਿੱਤਰਕਾਰ ਸਿਰਫ ਇਹ ਦਰਸਾਉਂਦੇ ਹਨ ਕਿ ਉਹ ਗੁਰੂ ਸਾਹਿਬ ਦਾ ਚਉਰ ਬਰਦਾਰ ਸੀ। ਇਥੇ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਇਹ ਇਸ ਦੀ ਲਿਖਾਈ ਹੋਈ ਨਹੀਂ ਬਲਕਿ ਕਿਸੇ ਮਾਹਿਰ ਲਿਖਾਰੀ ਦੀ ਰਚਨਾਤਮਿਕਤਾ ਦਾ ਕਮਾਲ ਹੈ, ਜਿਸ ਦੀ ਉਹ ਖ਼ੁਦ ਵਾਹ-ਵਾਹੀ ਖੱਟ ਰਿਹਾ ਹੈ। ਉਦਾਸੀਆਂ ਦੌਰਾਨ ਮਰਦਾਨੇ ਨੂੰ ਭੁੱਖ ਲੱਗਦੀ ਹੈ, ਪਿਆਸ ਲੱਗਦੀ ਹੈ, ਉਸ ਨੂੰ ਘਰ ਦੀ ਯਾਦ ਸਤਾਉਂਦੀ ਹੈ, ਇਹ ਹੀ ਨਹੀਂ, ਉਸ ਨੂੰ ਮਰਨ ਉਪਰੰਤ ਅਗਮ ਨਿਗਮ ਵਿੱਚ ਆਪਣੇ ਗੁਰੂ-ਸਾਥੀ ਦੇ ਨਾਲ ਨਿਭਣ ਦੀ ਫਿਕਰ ਹੈ ਪਰ ਇਸ ਦੇ ਉਲਟ ਬਾਲੇ ਨੂੰ ਇਹਨਾਂ ਵਿੱਚੋਂ ਕਿਸੇ ਗੱਲ ਦੀ ਲੋੜ ਨਹੀਂ ਭਾਸਦੀ। ਬਲਕਿ ਸਾਖੀਆਂ ਵਿੱਚ ਉਹ ਤਾਂ ਗੁਰੂ 'ਚ ਗੜੁੱਚ ਆਪਣੇ ਆਪ ਨੂੰ ਗੁਰੂ ਤੋਂ ਵੀ ਉੱਚਾ ਸਮਝਦਾ ਹੈ। ਇਕ ਚਉਰ ਕਰਨ ਵਾਲਾ ਏਨਾ ਵੱਡਾ ਕਿਹੜਾ ਆਲਮ ਫਾਜ਼ਿਲ ਸੀ ਕਿ ਉਹ ਗੁਰੂ ਸਾਹਿਬ ਦੇ ਅਵਤਾਰ ਧਾਰਨ ਤੋਂ ਲੈ ਕੇ ਜੋਤੀ ਜੋਤਿ ਸਮਾਉਣ ਤੱਕ ਦੇ ਪੂਰੇ ਜੀਵਨ ਸਫਰ ਨੂੰ ਵਿਸਥਾਰ ਵਿੱਚ ਯਾਦ ਰੱਖ ਸਕਿਆ? ਬਾਲਾ ਗੁਰੂ ਸਾਹਿਬ ਦੇ ਜੀਵਨ ਦੀਆਂ ਵੱਖ-ਵੱਖ ਘਟਨਾਵਾਂ, ਪੂਰਬਲੇ ਜਨਮਾਂ ਦੇ ਲੇਖੇ, ਰਿਸ਼ਤੇਦਾਰਾਂ, ਉਦਾਸੀਆਂ ਦੌਰਾਨ ਵੱਖ-ਵੱਖ ਭਗਤਾਂ, ਦੇਵਤਿਆਂ, ਸਿੱਧਾਂ, ਰਿਖੀਆਂ, ਧਰਮਾਂ ਦੇ ਮੁਖੀਆਂ ਨਾਲ ਹੋਈਆਂ ਮੁਲਾਕਾਤਾਂ ਦੇ ਵੇਰਵੇ, ਮੌਕੇ 'ਤੇ ਉੱਚਾਰੀ ਬਾਣੀ ਦੀ ਤਫਸੀਲ ਇੰਜ ਲਿਖਵਾਉਂਦਾ ਹੈ, ਜਿਵੇਂ ਹਰ ਪਲ ਉਹ ਨਾਲ ਹੀ ਹੋਵੇ, ਪਰ ਉਸ ਨੂੰ ਆਪਣੇ ਪਰਵਾਰ ਬਾਰੇ ਕੁਝ ਚਿੱਤ-ਚੇਤਾ ਨਹੀਂ। ਹੈਰਾਨਗੀ ਦੀ ਗੱਲ ਹੈ ਕਿ ਵੱਖ-ਵੱਖ ਸਮੇਂ ਨਿਰੰਕਾਰ ਨਾਲ ਹੋਈਆਂ ਮੁਲਾਕਾਤਾਂ ਦੇ ਵੇਰਵੇ ਸ਼ਬਦ-ਬ-ਸ਼ਬਦ ਲਿਖਵਾਉਂਦਾ ਹੈ, ਜਿਵੇਂ ਕਿ ਉਹ ਉਹਨਾਂ ਦੇ ਨਾਲ ਨਿਰੰਕਾਰ ਨੂੰ ਮਿਲਣ ਗਿਆ ਹੋਵੇ। ਹਾਲਾਂਕਿ ਧ੍ਰੂ ਭਗਤ ਦੀ ਮਿਲਣੀ ਵੇਲੇ ਆਪ ਹੀ ਲਿਖਵਾਉਂਦਾ ਹੈ ਕਿ ਗੁਰੂ ਸਾਹਿਬ ਧ੍ਰੂ ਭਗਤ ਨੂੰ ਮਿਲ ਕੇ ਜਦੋਂ ਸੱਚਖੰਡ ਵਿਖੇ ਨਿਰੰਕਾਰ ਨੂੰ ਮਿਲਣ ਜਾਂਦੇ ਹਨ ਤਾਂ ਉਹ ਮਰਦਾਨੇ ਨੂੰ ਵੀ ਨਾਲ ਲੈ ਕੇ ਨਹੀਂ ਜਾਂਦੇ। ਫਿਰ ਕਿਸ ਤਰ੍ਹਾਂ ਉਹਨਾਂ ਦੇ ਨਾਲ ਉਹ ਆਪ ਚਲਾ ਗਿਆ ਤੇ ਨਿਰੰਕਾਰ ਨਾਲ ਹੋਈ ਮੁਲਾਕਾਤ ਦੇ ਸਾਰੇ ਵੇਰਵੇ ਵਾਰਤਾਲਾਪ ਆਪ ਲਿਖਵਾ ਰਿਹਾ ਹੈ। ਆਪ ਲਿਖਵਾਉਂਦਾ, ਆਪ ਹੀ ਝੂਠਾ ਹੋ ਜਾਂਦਾ ਹੈ।

ਅਗਰ ਭਾਈ ਬਾਲਾ ਗੁਰੂ ਨਾਨਕ ਦੇਵ ਜੀ ਨਾਲ ਉਦਾਸੀਆਂ 'ਤੇ ਸਿੱਖ ਮੱਤ ਦੇ ਪ੍ਰਚਾਰ-ਪ੍ਰਸਾਰ ਲਈ ਗਿਆ ਵੀ ਸੀ ਤਾਂ ਫਿਰ ਗੁਰੂ ਨਾਨਕ ਦੇਵ ਜੀ ਵੱਲੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪਣ ਅਤੇ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਸਿੱਖ ਮੱਤ ਦੇ ਪ੍ਰਚਾਰ-ਪ੍ਰਸਾਰ ਲਈ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿੱਚ ਖ਼ੁਦ ਕਿਉਂ ਨਹੀਂ ਆਇਆ? ਅਗਰ ਬਾਲਾ ਤਲਵੰਡੀ ਵਿੱਚ ਸੀ ਤਾਂ ਕੀ ਉਨ੍ਹਾਂ ਨੂੰ ਗੁਰੂ ਅੰਗਦ ਦੇਵ ਜੀ ਦੀ ਗੁਰਗੱਦੀ ਅਤੇ ਬਾਅਦ ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੍ਰਲੋਕ ਗਮਨ ਬਾਰੇ ਪਤਾ ਨਹੀਂ ਲੱਗਾ? ਸਭ ਨੁਕਤੇ ਗਹੁ ਨਾਲ ਵਿਚਾਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਅਗਰ ਭਾਈ ਬਾਲੇ ਨਾਮ ਦਾ ਅਸਲ ਪਾਤਰ ਹੁੰਦਾ ਤਾਂ ਗੁਰੂ ਨਾਨਕ ਦੇਵ ਜੀ ਉਸ ਬਾਰੇ ਗੁਰੂ ਅੰਗਦ ਦੇਵ ਜੀ ਨੂੰ ਜ਼ਰੂਰ ਦੱਸਦੇ। ਉਹ ਉਦਾਸੀਆਂ ਤੋਂ ਬਾਅਦ ੧੫ ਵਰ੍ਹੇ ਕਰਤਾਰਪੁਰ ਵਿਖੇ ਵੀ ਉਨ੍ਹਾਂ ਦੀ ਸੇਵਕੀ ਵਿੱਚ ਹੁੰਦਾ ਤੇ ਕਦੀ ਛੱਡ ਕੇ ਨਾ ਜਾਂਦਾ। ਉਦੋਂ ਜਦੋਂ ਗੁਰੂ ਸਾਹਿਬ ਕਿਰਤ ਕਰਨ ਦੇ ਨਾਲ-ਨਾਲ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ। ਅਗਰ ਭਾਈ ਬਾਲਾ ਸੀ ਤਾਂ ਉਸ ਨੂੰ ਗੁਰੂ ਸਾਹਿਬ ਨੂੰ ਛੱਡ ਕੇ ਤਲਵੰਡੀ ਜਾਣਾ ਹੀ ਨਹੀਂ ਸੀ ਚਾਹੀਦਾ ਕਿਉਂਕਿ ਭਾਈ ਮਰਦਾਨਾ ਤਾਂ ਖੁੱਰਮ (ਕੁੱਰਮ) ਵਿੱਚ ਉਦਾਸੀਆਂ ਦੌਰਾਨ ਹੀ ਗੁਰੂ ਸਾਹਿਬ ਦਾ ਸਦਾ ਲਈ ਸਾਥ ਛੱਡ ਗਏ ਸਨ। ਅਜਿਹੇ ਵਿੱਚ ਤਾਂ ਭਾਈ ਬਾਲੇ ਨੂੰ ਹੋਰ ਵੀ ਜ਼ਿਮੇਂਦਾਰੀ, ਸਮਰਪਣ ਅਤੇ ਪ੍ਰਤੀਬੱਧਤਾ ਦਿਖਾਉਣੀ ਚਾਹੀਦੀ ਸੀ। ਪਰ ਅਫਸੋਸ ਇਤਿਹਾਸ ਵਿੱਚ ਕੀ, ਮਿਥਿਹਾਸ ਵਿੱਚ ਵੀ ਅਜਿਹਾ ਕੁਝ ਨਹੀਂ ਮਿਲਦਾ।

ਮੋਬਾ. 98106-02915

(● ਬਾਕੀ ਅਗਲੇ ਐਤਵਾਰਤਾ 'ਚ)

## ਬਾਲ ਕੋਨਾ



ਅਰਮਾਨ ਸਿੰਘ, ਚੌਥੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ



ਮਨਰਾਜ ਸਿੰਘ ਗਰੇਵਾਲ, ਸੱਤਵੀਂ, ਸੀਤਾ ਗਰਾਮਰ ਸਕੂਲ, ਮਲੇਰਕੋਟਲਾ




ਭੁਪਿੰਦਰ ਸਿੰਘ, ਪੰਜਵੀਂ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ

### ਨਵੀਆਂ ਤੀਆਂ

ਨਾ ਹੀ ਰਾਹੀਆਂ ਪੀਂਘਾ ਤੇ ਨਾ ਹੀ ਰਹੇ ਚਰਖੇ
ਸਾਉਣ ਵਾਲੀ ਘਟਾ ਭਾਵੇਂ ਆਉਂਦੇ ਰਹੇ ਚੜ੍ਹ ਕੇ
ਪੀਂਘ ਦੇ ਹੁਲਾਰੇ ਹੁਣ ਝੂਲਿਆਂ ਜੋਗੇ ਰਹਿ ਗਏ
ਗਲੀਆਂ ਦੇ ਵਣਜਾਰੇ ਖੌਰੇ ਕਿੱਥੇ ਜਾ ਕੇ ਬਹਿ ਗਏ
ਕਿੱਥੇ ਗਏ ਮੇਲੇ, ਖੀਰ ਪੂੜੇ, ਬੰਗਾਂ ਚੂੜੀਆਂ
ਭੈਣਾਂ ਤੇ ਭਰਾਵਾਂ ਦੀਆਂ ਪ੍ਰੀਤਾਂ ਸਨ ਗੂੜ੍ਹੀਆਂ
ਭੁੱਲ ਗਿਆ ਸੰਧਾਰਾ ਨਾ ਹੀ ਪੱਗਾਂ ਸੰਧੂਰੀ ਗੂੜ੍ਹੀਆਂ
ਫੇਸਬੁੱਕ ਤੇ ਤੀਆਂ ਹੁਣ ਹੁੰਦੀਆਂ ਨੇ ਪੂਰੀਆਂ
ਬੋਹੜਾਂ ਵਾਲੀਆਂ ਥਾਵਾਂ ਹੋਟਲਾਂ ਨੇ ਮੱਲੀਆਂ
ਪੇਕਿਆਂ ਦੀਆਂ ਗਲੀਆਂ ਰਹਿ ਗਈਆਂ ਇਕੱਲੀਆਂ
ਹੁਣ ਨਾ ਨਣਾਨਾਂ ਤੇ ਭਰਜਾਈਆਂ ਕਦੇ ਰਲੀਆਂ
ਸਾਉਣ ਦੇ ਮਹੀਨੇ ਵਾਲੀ ਬਾਰਸ਼ਾਂ ਵੀ ਸੱਲੀਆਂ
ਦੇਖਦਾ ਪੰਜਾਬ ਹੁਣ ਕੋਠੇ ਚੜ੍ਹ ਕੇ
ਪਾਉਂਦੀਆਂ ਸੀ ਗਿੱਧਾ, ਲੋਕ ਦੇਖਦੇ ਸੀ ਖੜ੍ਹ ਕੇ
ਭੁੱਲ ਸੱਭਿਆਚਾਰ ਰੂਪ ਕਿਹੋ ਜਿਹਾ ਧਾਰਿਆ
ਰੁਲ ਹੀ ਨਾ ਜਾਵੇ ਰਾਜਦੀਪ ਜੇ ਹਾਲੇ ਵੀ ਨਾ ਵਿਚਾਰਿਆ

- ਰਾਜਦੀਪ